ਸੰਪਾਦਕੀ ਟਿੱਪਣੀ

# ਜਨਮ-ਸ਼ਤਾਬਦੀ ਵਿਸ਼ੇਸ਼ ਅੰਕ

ਫ਼ੈਜ਼ ਦੀ ਸ਼ਾਇਰੀ ਦਾ ਜ਼ਿਕਰ ਕਰਦਿਆਂ, ਅਚੇਤ ਹੀ ਉਹ ਸਾਰੀਆਂ ਘਟਨਾਵਾਂ, ਹਾਦਸਿਆਂ ਤੇ ਘੱਲੂ-ਘਾਰਿਆਂ ਦਾ ਜ਼ਿਕਰ ਸ਼ੁਰੂ ਹੋ ਜਾਣਾ ਕੁਦਰਤੀ ਹੈ, ਜਿਨ੍ਹਾਂ ਵਿਚ ਦੀ ਲੰਘਦਿਆਂ ਇਸਦੀ ਸਿਰਜਣਾ ਸੰਭਵ ਹੋਈ ਸੀ। ਸਮੇਂ ਦੀਆਂ ਪੇਸ਼ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ ਹੀ, ਸ਼ਖ਼ਸੀਅਤ ਦੀ ਬੁਲੰਦੀ ਤੇ ਅਜ਼ਮਤ ਪ੍ਰਕਾਸ਼ਮਾਨ ਹੁੰਦੀ ਹੈ। ਇਹਨਾਂ ਤੋਂ ਪਾਸਾ ਵੱਟਦਿਆਂ, ਜਾਂ ਇਹਨਾਂ ਨੂੰ ਅਣਡਿੱਠ ਕਰਨ ਨਾਲ, ਮਹਾਨ ਸਾਹਿਤ ਦੀ ਸਿਰਜਣਾ ਸੰਭਵ ਨਹੀਂ ਹੁੰਦੀ।

ਸਾਡੇ ਗਵਾਂਢੀ ਦੇਸ਼ ਪਾਕਿਸਤਾਨ ਵਿਚ ਪਿਛਲੀ ਅੱਧੀ ਸਦੀ ਵਿਚ ਅਨੇਕਾਂ ਸ਼ਾਇਰ ਹੋ ਗੁਜ਼ਰੇ ਹਨ, ਪਰ ਜੋ ਵਡਿਆਈ, ਮਾਨਤਾ ਤੇ ਹਰਮਨ-ਪਿਆਰਤਾ ਫ਼ੈਜ਼ ਨੂੰ ਨਸੀਬ ਹੋਈ, ਉਹ ਹੋਰ ਕਿਸੇ ਸ਼ਾਇਰ ਨੂੰ ਨਹੀਂ ਹੋ ਸਕੀ। ਜ਼ਮਾਨੇ ਭਰ ਦੀਆਂ ਤਲਖ਼ੀਆਂ ਤੇ ਦੁਸ਼ਵਾਰੀਆਂ ਨੂੰ ਸਵੀਕਾਰ ਕਰਨਾ, ਇਹਨਾਂ ਨਾਲ ਰਚਨਾਤਮਿਕ ਤੌਰ ਤੇ ਜੂਝਣਾ ਤੇ ਇਸ ਤੋਂ ਉਪਜੇ ਦਰਜ ਨੂੰ ਕਿਸੇ ਅਛੂਤੇ ਅੰਦਾਜ਼ ਵਿਚ ਬਿਆਨ ਕਰਨ ਨਾਲ ਹੀ ਇਹ ਸਾਰਾ ਕੁਝ ਸੰਭਵ ਹੋਇਆ ਹੈ, ਜੋ ਫ਼ੈਜ਼ ਨੂੰ ਪ੍ਰਾਪਤ ਹੋਇਆ ਸੀ।

ਫ਼ੈਜ਼ ਦੀ ਜਨਮ-ਸ਼ਤਾਬਦੀ ਦੇ ਪ੍ਰਸੰਗ ਵਿਚ ਇਕ ਵਾਰ ਫਿਰ ਉਰਦੂ ਸ਼ਾਇਰੀ ਦੇ ਪ੍ਰਸ਼ੰਸਕਾਂ ਨੇ ਫ਼ੈਜ਼ ਦੇ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਉਸਦੀ ਸ਼ਾਇਰੀ ਤੇ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਨੂੰ ਫਰੋਲਿਆ ਹੈ। ਇਸ ਕਾਰਜ ਲਈ ਅਸੀਂ ਵਾਹਗੇ ਪਾਰ ਦੇ ਅਦੀਬਾਂ ਦੀਆਂ ਲਿਖਤਾਂ ਤੀਕ ਵੀ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਸੀ। ਸਾਡੇ ਇਸ ਕਾਰਜ ਵਿਚ ਨੌਜਵਾਨ ਕਵੀ ਹਰਮੀਤ ਵਿਦਿਆਰਥੀ ਨੇ ਫ਼ੈਜ਼ ਬਾਰੇ ਕਰਾਚੀ ਯੂਨੀਵਰਸਿਟੀ ਵਲੋਂ ਛਾਪੀ ਫ਼ੈਜ਼ ਦੀ ਸ਼ਖ਼ਸੀਅਤ, ਫਲਸਫੇ ਤੇ ਸ਼ਾਇਰੀ ਬਾਰੇ ਵੱਡ-ਆਕਾਰੀ ਪੁਸਤਕ ਲਿਆ ਕੇ ਸਾਨੂੰ ਦਿੱਤੀ ਹੈ, ਜਿਸ ਲਈ ਅਦਾਰਾ ਚਿਰਾਗ਼ ਹਰਮੀਤ ਦਾ ਹਾਰਦਿਕ ਧੰਨਵਾਦੀ ਹੈ।

ਚਿਰਾਗ਼ ਦੀ ਪ੍ਰਕਾਸ਼ਨਾ ਦੇ ਆਰੰਭ ਤੋਂ ਹੀ ਅਸੀਂ ਵਿਸ਼ਵ ਦੀ ਕ੍ਰਾਂਤੀਕਾਰੀ / ਪ੍ਰਗਤੀਵਾਦੀ ਕਾਵਿ-ਵਿਰਾਸਤ ਦੇ ਪ੍ਰਮੁੱਖ ਕਵੀਆਂ, ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ ਤੇ ਮਹਿਮੂਦ ਦਰਵੇਸ਼ ਦੀਆਂ ਕਾਵਿ-ਰਚਨਾਵਾਂ ਪੇਸ਼ ਕਰਨ ਦੀ ਕੋਸ਼ਿਸ਼ ਜਾਰੀ ਰੱਖੀ ਹੈ। ਫ਼ੈਜ਼ ਵੀ ਇਸੇ ਹੀ ਲੜੀ ਦਾ ਵਿਸ਼ਵ ਕਵੀ ਹੈ ਤੇ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਉਹ ਸਾਡਾ 'ਘਰ ਦਾ ਬੰਦਾ' ਹੈ। ਫ਼ੈਜ਼ ਦੇ ਨਾਂ ਨੂੰ ਉਕਤ ਵਿਸ਼ਵ ਕਵੀਆਂ ਦੀ ਕਤਾਰ ਵਿਚ ਸ਼ਾਮਿਲ ਹੋਇਆ ਵੇਖ ਸਾਨੂੰ ਫ਼ਖ਼ਰ ਹੁੰਦਾ ਹੈ। ਅਸਾਂ ਕੋਸ਼ਿਸ਼ ਕੀਤੀ ਹੈ ਕਿ ਫ਼ੈਜ਼ ਦੀ ਸ਼ਾਇਰੀ ਤੇ ਸ਼ਖ਼ਸੀਅਤ ਨੂੰ ਉਜਾਗਰ ਕਰਨ ਵਾਲੀਆਂ ਲਿਖਤਾਂ ਨੂੰ ਪੰਜਾਬੀ ਪਾਠਕਾਂ ਤੇ ਫ਼ੈਜ਼ ਦੀ ਸ਼ਾਇਰੀ ਦੇ ਪ੍ਰਸ਼ੰਸਕਾਂ ਸਾਹਵੇਂ ਪੇਸ਼ ਕੀਤਾ ਜਾਵੇ। ਆਸ ਹੈ, ਸਾਡਾ ਇਹ ਯਤਨ ਪਸੰਦ ਕੀਤਾ ਜਾਵੇਗਾ। ਫ਼ੈਜ਼ ਦਾ ਪੇਸ਼ ਹੇਠਲਾ ਸ਼ਿਅਰ ਉਸਦੀ ਸ਼ਖ਼ਸੀਅਤ ਦੀ ਵੀ ਤਰਜਮਾਨੀ ਕਰਦਾ ਹੈ।

**ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ,**
**ਵੋਹ ਸ਼ਾਨ ਸਲਾਮਤ ਰਹਿਤੀ ਹੈ,**
**ਯਿਹ ਜਾਨ ਤੋ ਆਨੀ ਜਾਨੀ ਹੈ,**
**ਇਸ ਜਾਨ ਕੀ ਕੋਈ ਬਾਤ ਨਹੀਂ।**

ਫ਼ੈਜ਼ ਦੀ ਸ਼ਾਨ ਸਲਾਮਤ ਹੈ ਤੇ ਇਹ ਵਕਤ ਤੇ ਬੀਤਣ ਨਾਲ ਹੋਰ ਵਧੇਰੇ ਦੂਰੀਆਂ ਤੈਅ ਕਰੇਗੀ। ਇਕ ਵਾਰ ਫਿਰ ਉਸਦੀ ਸ਼ਾਇਰੀ ਦੇ ਨਵੇਂ-ਨਵੇਂ ਅਨੁਵਾਦ ਤੇ ਲਿੱਪੀ ਬਦਲਾਵ ਆਰੰਭ ਹੋਏ ਹਨ। ਇਸ ਅਜ਼ੀਮ ਸ਼ਾਇਰ ਨੂੰ ਸਾਡਾ ਸਲਾਮ ਪੇਸ਼ ਹੈ। ●

– ਸੰਪਾਦਕੀ ਮੰਡਲ



# ਸੁਹਜ ਤੇ ਸੰਘਰਸ਼ ਦਾ ਸੁਮੇਲ ਫ਼ੈਜ਼ ਅਹਿਮਦ ਫ਼ੈਜ਼

– ਹਰਭਜਨ ਸਿੰਘ ਹੁੰਦਲ

ਦੋ ਢਾਈ ਦਹਾਕੇ ਪਹਿਲਾਂ ਅਥਵਾ ਜੁਲਾਈ 1985 ਵਿਚ ਮੱਧਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਜਨਵਾਦੀ ਲੇਖਕ ਸੰਘ ਦੇ ਕੌਮੀ ਸੰਮੇਲਨ ਵਿਚ ਭਾਗ ਲੈਣ ਤੇ ਲੇਖਕਾਂ ਦੇ ਵਿਚਾਰ ਸੁਣਨ ਦਾ ਮੌਕਾ ਸੀ। "ਲੇਖਕਾਂ ਦੀਆਂ ਚੁਣੌਤੀਆਂ" ਦੇ ਵਿਸ਼ੇ ਉੱਤੇ ਗਿਆਨ-ਗੋਸ਼ਟੀ ਹੋ ਰਹੀ ਸੀ। ਪੰਜਾਬ ਵਲੋਂ ਮੈਨੂੰ ਬੋਲਣ ਲਈ ਆਖਿਆ ਗਿਆ। ਹਾਜ਼ਰ ਲੇਖਕ ਪੰਜਾਬ ਬਾਰੇ ਕੁਝ ਸੁਣਨਾ ਚਾਹ ਰਹੇ ਸਨ। ਇਹ ਪੰਜਾਬ ਵਿਚ ਅੱਤਵਾਦ ਦੀ ਚੜ੍ਹਤ ਦੇ ਦਿਨ ਸਨ। ਇਥੇ ਲੇਖਕਾਂ ਸਾਹਮਣੇ ਕੀ ਚੁਣੌਤੀਆਂ ਸਨ ਤੇ ਉਹ ਇਹਨਾਂ ਨੂੰ ਕਿਵੇਂ ਨਜਿੱਠ ਰਹੇ ਸਨ। ਆਪਣੇ ਭਾਸ਼ਣ ਵਿਚ ਮੈਂ ਐਮਰਜੈਂਸੀ, ਨਕਸਲਵਾਦ ਤੇ ਅੱਤਵਾਦ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਿਹੜਾ ਲੇਖਕ ਇਹਨਾਂ ਪੇਸ਼ ਚੁਣੌਤੀਆਂ ਨੂੰ ਪ੍ਰਵਾਨ ਕਰਕੇ ਰਚਨਾ ਕਰਦਾ ਹੈ, ਉਹ ਲੋਕਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਂਦਾ ਹੈ ਤੇ ਜਿਹੜਾ ਡਰਦਾ ਚੁੱਪ ਵੱਟੀ ਰੱਖੇ, ਉਸਨੂੰ ਕੋਈ ਨਹੀਂ ਪੁੱਛਦਾ। ਨਾਲ ਹੀ ਮੈਂ ਅਖ਼ੀਰ ਉੱਤੇ ਫ਼ੈਜ਼ ਅਹਿਮਦ ਫ਼ੈਜ਼ ਦਾ ਸ਼ਿਅਰ ਸੁਣਾ ਕੇ ਗੱਲ ਖ਼ਤਮ ਕੀਤੀ। ਸ਼ਿਅਰ ਸੀ –

ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ
ਵੋਹ ਸ਼ਾਨ ਸਲਾਮਤ ਰਹਿਤੀ ਹੈ,
ਯਿਹ ਜਾਨ ਤੋਂ ਆਨੀ ਜਾਨੀ ਹੈ,
ਇਸ ਜਾਨ ਕੀ ਕੋਈ ਬਾਤ ਨਹੀਂ।

ਹਾਲ ਵਿਚ ਦੇਰ ਤੀਕ ਤਾੜੀਆਂ ਵੱਜਦੀਆਂ ਰਹੀਆਂ। ਫ਼ੈਜ਼ ਦੇ ਇੱਕੋ ਹੀ ਸ਼ਿਅਰ ਨੇ, ਜਿਵੇਂ ਸਾਰੇ ਸ਼ੰਕੇ ਤੇ ਭਰਮ ਦੂਰ ਕਰ ਦਿੱਤੇ ਸਨ। ਐਸੀ ਸ਼ਕਤੀ ਤੇ ਸੱਚਾਈ ਸੀ ਫ਼ੈਜ਼ ਦੇ ਕਲਾਮ ਵਿਚ! ਫ਼ੈਜ਼ ਦੀ ਸ਼ਾਇਰੀ ਅਵਾਮ ਦੀ ਜ਼ੁਬਾਨ ਤੇ ਚੜ੍ਹ ਕੇ ਉਹਨਾਂ ਦੀ ਸੋਚ ਨੂੰ ਬਦਲਣ ਦੀ ਸ਼ਕਤੀ ਰੱਖਦੀ ਸੀ।

ਅੱਜ ਵੀ ਜਦੋਂ ਕਦੇ ਕਿਸੇ ਮਹਿਫ਼ਿਲ, ਕਿਸੇ ਮੁਸ਼ਹਿਰੇ ਜਾਂ ਕਿਸੇ ਰਾਜਸੀ ਇਕੱਠ ਵਿਚ ਕਿਸੇ ਬੁਲਾਰੇ ਵਲੋਂ ਫ਼ੈਜ਼ ਦਾ ਕੋਈ ਸ਼ਿਅਰ ਬੋਲਿਆ ਜਾਂਦਾ ਹੈ ਤਾਂ ਸਾਰਾ ਮਾਹੌਲ ਹੀ ਬਦਲ ਜਾਂਦਾ ਹੈ।

ਫ਼ੈਜ਼ ਅਹਿਮਦ ਫ਼ੈਜ਼ ਬਾਰੇ ਵਰਤਿਆ ਕੋਈ ਵੀ ਪ੍ਰਸ਼ੰਸਾਮਈ ਵਿਸ਼ੇਸ਼ਣ ਅਧੂਰਾ ਤੇ ਅਪੂਰਨ ਪ੍ਰਤੀਤ ਹੁੰਦਾ ਹੈ। ਉਸਦੀ ਅਜ਼ਮਤ ਨੂੰ ਪ੍ਰੀਭਾਸ਼ਤ ਕਰਨਾ ਆਸਾਨ ਨਹੀਂ ਹੈ। ਉਸਨੂੰ ਪਾਕਿਸਤਾਨੀ ਕਵੀ ਆਖਣਾ ਵੀ ਬਹੁਤ ਨਿੱਕੀ ਨਿਗੂਣੀ ਗੱਲ ਲੱਗਦੀ ਹੈ। ਹਾਲਾਤ ਦਾ ਦੁਖਾਂਤ ਹੀ ਸਮਝੋ ਕਿ 1947 ਦੀ ਭੂਗੋਲਿਕ ਤੇ ਰਾਜਸੀ ਵੰਡ ਵੇਲੇ ਉਸਨੇ ਪਾਕਿਸਤਾਨ ਜਾਣ ਦਾ ਫੈਸਲਾ ਕਰ ਲਿਆ। ਉਹ ਸਾਡੇ ਭਾਰਤੀਆਂ ਦਾ ਵੀ ਓਨਾ ਹੀ ਘਰ ਦਾ ਕਵੀ ਹੈ, ਜਿਵੇਂ ਪਾਕਿਸਤਾਨੀਆਂ ਦਾ। ਅਸਲ ਵਿਚ ਉਸਨੂੰ ਉਰਦੂ ਦਾ ਮਹਾਨਤਮ ਕਵੀ ਆਖਣਾ ਵਧੇਰੇ ਦਰੁੱਸਤ ਪ੍ਰਤੀਤ ਹੁੰਦਾ ਹੈ। ਇਹ ਪੰਜਾਬ ਤੇ ਪੰਜਾਬੀ ਬੋਲੀ ਦਾ ਵੀ ਦੁਖਾਂਤ ਹੀ ਸਮਝੋ ਕਿ ਉਸ ਨੇ ਪੰਜਾਬੀ ਦੀ ਥਾਂ ਉਰਦੂ ਵਿਚ ਆਪਣਾ ਕਲਾਮ ਕਹਿਣ ਦਾ ਫੈਸਲਾ ਕਰ ਲਿਆ। ਉਮਰ ਭਰ ਉਸਨੂੰ ਇਸ ਗੱਲ ਦਾ ਕੁਝ-ਕੁਝ ਪਛਤਾਵਾ ਰਿਹਾ ਕਿ ਉਸਨੇ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਲਈ ਪੰਜਾਬੀ ਦੀ ਥਾਂ

ਉਰਦੂ ਨੂੰ ਕਿਉਂ ਚੁਣ ਲਿਆ ਸੀ।

ਉਮਰ ਦੇ ਆਖਰੀ ਸਾਲਾਂ ਵਿਚ ਦੋਸਤਾਂ ਦੇ ਕਹਿਣ ਉੱਤੇ, ਉਸਨੇ ਆਪਣੀ ਜੰਮਣ-ਭੋਂ ਤੇ ਮਾਂ-ਬੋਲੀ ਦਾ ਰਿਣ ਉਤਾਰਨ ਲਈ ਕੁਝ ਕਵਿਤਾਵਾਂ ਪੰਜਾਬੀ ਵਿਚ ਵੀ ਲਿਖੀਆਂ। ਪ੍ਰਸ਼ੰਸਕਾਂ ਦੇ ਪੁੱਛਣ ਉੱਤੇ ਕਿ ਉਸਨੇ ਉਰਦੂ ਦੀ ਥਾਂ ਪੰਜਾਬੀ ਨੂੰ ਕਿਉਂ ਸ਼ਾਇਰੀ ਦਾ ਮਾਧਿਅਮ ਨਾ ਚੁਣਿਆ, ਉਹ ਆਖਦਾ ਹੁੰਦਾ ਸੀ ਕਿ ਵਾਰਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਦੇ ਕਲਾਮ ਨੂੰ ਪੜ੍ਹ ਕੇ ਮੈਂ ਅਨੁਭਵ ਕੀਤਾ ਕਿ ਮੈਂ ਉਮਰ-ਭਰ ਇਹਨਾਂ ਪੰਜਾਬ ਦੇ ਦੋ ਨਾਮਵਰ ਸ਼ਾਇਰਾਂ ਦੇ ਪੱਧਰ ਦੀ ਸ਼ਾਇਰੀ ਨਹੀਂ ਸੀ ਕਰ ਸਕਣੀ। ਜ਼ਰਾ ਫ਼ੈਜ਼ ਦੀ ਪੰਜਾਬੀ ਵਿਚ ਕੀਤੀ ਸ਼ਾਇਰੀ ਦੇ ਰੰਗ, ਲਹਿਜੇ ਤੇ ਮੁਹਾਵਰੇ ਦਾ ਮੁਲਾਹਜ਼ਾ ਫੁਰਮਾਓ। ਤੁਹਾਨੂੰ ਖ਼ੁਦ ਹੀ ਅਨੁਭਵ ਹੋ ਜਾਵੇਗਾ ਕਿ ਸਾਡੀ ਪੰਜਾਬੀ ਜ਼ੁਬਾਨ ਨੂੰ ਉਸਦੀ ਗੈਰਹਾਜ਼ਰੀ ਦਾ ਕਿੰਨਾ ਨੁਕਸਾਨ ਝੱਲਣਾ ਪਿਆ ਹੈ।

**ਅੱਜ ਲਾਹ ਉਲ੍ਹਾਮੇ ਮਿੱਠੜੇ ਯਾਰ ਮੇਰੇ**
**ਅੱਜ ਆ ਵਿਹੜੇ ਵਿਛੜੇ ਯਾਰ ਮੇਰੇ।**
**ਫਜਰ ਹੋਵੇ ਤੇ ਆਖੀਏ ਬਿੱਸਮਿੱਲਾ,**
**ਅੱਜ ਦੌਲਤਾਂ ਸਾਡੇ ਘਰ ਆਈਆਂ ਨੇ।**
**ਜਿਹਦੇ ਕੌਲ ਤੇ ਅਸਾਂ ਵਸਾਹ ਕੀਤਾ,**
**ਉਹਨੇ ਓੜਕ ਤੋੜ ਨਿਭਾਈਆਂ ਨੇ।**

ਜਾਂ ਫਿਰ

**ਸ਼ਾਮ ਉਡੀਕਾਂ, ਫਜਰ ਉਡੀਕਾਂ,**
**ਆਖੇਂ ਤਾਂ ਸਾਰੀ ਉਮਰ ਉਡੀਕਾਂ।**
**ਕਿਧਰੇ ਨਾ ਪੈਂਦੀਆਂ ਦੱਸਾਂ,**
**ਕਿਧਰੇ ਨਾ ਪੈਂਦੀਆਂ ਦੱਸਾਂ,**
**ਵੇ ਪ੍ਰਦੇਸੀਆ ਤੇਰੀਆਂ।**

ਵਾਹਗੇ ਪਾਰ ਦੇ ਪੰਜਾਬੀ ਕਵੀਆਂ ਦੇ ਪ੍ਰਸੰਗ ਵਿਚ ਗੱਲ ਚੱਲ ਰਹੀ ਸੀ ਤਾਂ ਮੈਨੂੰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਪੰਜਾਬੀ ਕਵਿਤਾਵਾਂ ਚੇਤੇ ਆਉਣ ਲੱਗੀਆਂ। ਉਸਨੇ ਇਹ ਪੰਜ-ਸੱਤ ਕਵਿਤਾਵਾਂ ਲਿਖ ਕੇ ਮੇਰੇ ਵਰਗੇ ਪ੍ਰਸ਼ੰਸਕਾਂ ਨੂੰ ਦੁਬਿਧਾ ਵਿਚ ਪਾ ਦਿੱਤਾ ਸੀ ਕਿ ਉਹ ਉਰਦੂ ਦਾ ਕਵੀ ਹੈ ਜਾਂ ਕਿ ਪੰਜਾਬੀ ਦਾ। ਤੇ ਇਹ ਵੀ ਕਿ ਕੀ ਉਹ ਭਾਰਤ ਜਾਂ ਪਾਕਿਸਤਾਨ ਦਾ ਕਵੀ ਹੈ ਕਿ ਸਮੁੱਚੇ ਵਿਸ਼ਵ ਦਾ। ਵਿਸ਼ਵ ਦੇ ਹਰ ਕੋਨੇ ਵਿਚ ਬੈਠਾ ਕੋਈ ਵੀ ਉਸਦਾ ਪਾਠਕ, ਫ਼ੈਜ਼ ਦਾ ਕੋਈ ਸ਼ਿਅਰ, ਕੋਈ ਗ਼ਜ਼ਲ ਜਾਂ ਕੋਈ ਨਜ਼ਮ ਸੁਣੇ, ਉਸਨੂੰ ਆਪਣਾ ਕਵੀ ਕਹਿ ਕੇ ਉਸ ਉੱਤੇ ਹੱਕ ਜਮ੍ਹਾਂ ਸਕਦਾ ਹੈ।

ਅਜਿਹੀ ਵਡਿਆਈ, ਮਹਾਨਤਾ ਤੇ ਅਜਿਹੀ ਪ੍ਰਵਾਨਗੀ ਹਰ ਕਵੀ ਨੂੰ ਨਹੀਂ ਮਿਲਦੀ ਹੁੰਦੀ। ਅੱਜ ਜਦੋਂ ਵਿਸ਼ਵ ਦੇ ਮਹਾਨ ਕਵੀਆਂ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼, ਬ੍ਰੈਖ਼ਤ ਤੇ ਜਾਂ ਫਿਰ ਮਾਇਕੋਵਸਕੀ ਦੀ ਕਵਿਤਾ ਦੀ ਗੱਲ ਕੀਤੀ ਜਾਂਦੀ ਹੈ ਤਾਂ ਫ਼ੈਜ਼ ਦਾ ਨਾਂ ਇਹਨਾਂ ਵਿਸ਼ਵ ਕਵੀਆਂ ਦੀ ਸੂਚੀ ਵਿਚ ਸ਼ਾਮਿਲ ਕਰਕੇ ਸਾਡਾ ਸਿਰ ਉੱਚਾ ਹੋ ਜਾਂਦਾ ਹੈ। ਆਖ਼ਰ ਅਜਿਹੀ ਸਵੀਕ੍ਰਿਤੀ ਦੇ ਪਿੱਛੇ ਬਾਤ ਕਿਆ ਹੈ ? ਆਓ ਪਿਛਲੀ ਬੀਤੀ ਸਦੀ ਦੇ ਉਹਨਾਂ ਵਰਕਿਆਂ ਨੂੰ ਫਰੋਲ ਤੇ ਉੱਥਲ ਕੇ ਵੇਖੀਏ, ਜਦੋਂ ਫ਼ੈਜ਼ ਬੜੇ ਬਿਖੜੇ ਰਾਹਾਂ ਤੇ ਤੁਰ ਕੇ ਸ਼ਾਇਰੀ ਕਰ ਰਿਹਾ ਸੀ।



**2.**

ਪਹਿਲਾਂ ਪ੍ਰਸ਼ਨ ਉੱਠਦਾ ਹੈ ਕਿ ਫ਼ੈਜ਼ ਅਹਿਮਦ ਫ਼ੈਜ਼ ਕਿਸ ਖਾਨਦਾਨ ਦਾ ਰੌਸ਼ਨ ਚਿਰਾਗ਼ ਸੀ ? ਕਿਹਾ ਜਾਂਦਾ ਹੈ ਕਿ ਫ਼ੈਜ਼ ਦਾ ਪਿਤਾ ਵਿਸ਼ਵ ਪ੍ਰਸਿੱਧ ਕਵੀ ਇਕਬਾਲ ਦਾ ਨਿੱਘਾ ਯਾਰ ਸੀ। ਪਿਤਾ ਇੱਕ ਬੜੀ ਦਿਲਚਸਪ ਤੇ ਵੱਖਰੀ ਸ਼ਖ਼ਸੀਅਤ ਸੀ। ਉਸ ਬਾਰੇ ਜੇ ਵਿਸਥਾਰ ਵਿਚ ਪੜ੍ਹਨਾ ਹੋਵੇ ਤਾਂ ਤੁਹਾਨੂੰ ਡਾ. ਅਯੂਬ ਮਿਰਜ਼ਾ ਦੀ ਕਿਤਾਬ, "ਹਮ ਕਿ ਠਹਿਰੇ ਅਜਨਬੀ" ਪੜ੍ਹਨੀ ਪਵੇਗੀ। ਮੈਂ ਤੇ ਇਸ ਦਿਲਚਸਪ, ਪਰ ਲੰਬੀ ਕਹਾਣੀ ਨੂੰ ਅਤਿ ਸੰਖੇਪ ਕਰਕੇ ਦੱਸ ਸਕਦਾ ਹਾਂ।

ਗੱਲ ਇਹ ਸੀ ਕਿ ਸ਼ੁਰੂ ਵਿਚ ਫ਼ੈਜ਼ ਦਾ ਖਾਨਦਾਨ ਬਹੁਤ ਗਰੀਬ ਸੀ। ਉਸਦਾ ਪਿਤਾ ਛੋਟੀ ਉਮਰੇ ਪਿੰਡ ਦੇ ਡੰਗਰ ਚਾਰਦਾ ਹੁੰਦਾ ਸੀ ਤੇ ਉਸਨੂੰ ਸਕੂਲ ਭੇਜਣ ਦੀ ਸਮਰੱਥਾ ਘਰ ਦਿਆਂ ਕੋਲ ਨਹੀਂ ਸੀ। ਅਖ਼ੀਰ ਇੱਕ ਦਿਨ ਡੰਗਰ ਚਾਰਦਾ-ਚਾਰਦਾ ਉਸਦਾ ਪਿਤਾ ਪਿੰਡ ਦੇ ਸਕੂਲ ਗੇੜਾ ਮਾਰਨ ਚਲਾ ਗਿਆ ਤੇ ਟੀਚਰ ਨੇ ਉਸਨੂੰ ਪੜ੍ਹਨ ਦੀ ਆਗਿਆ ਦੇ ਦਿੱਤੀ। ਪ੍ਰਾਇਮਰੀ ਪਿੰਡੋਂ ਪਾਸ ਕਰਕੇ ਉਸਦਾ ਪਿਤਾ ਤਿੰਨ ਮੀਲ ਦੂਰ ਇੱਕ ਮਿਡਲ ਸਕੂਲ ਵਿਚ ਜਾ ਦਾਖਲ ਹੋਇਆ। ਮੈਟ੍ਰਿਕ ਕਰਨ ਲਈ ਲਾਹੌਰ ਚਲਾ ਗਿਆ, ਜਿਥੇ ਮੋਚੀ ਦਰਵਾਜ਼ੇ ਦੀ ਇੱਕ ਮਸੀਤ ਵਿਚ ਰੋਟੀ ਮੁਫ਼ਤ ਮਿਲ ਜਾਂਦੀ ਸੀ। ਉਹ ਮਸਜਿਦ ਵਿਚ ਬੜੀ ਲਗਨ ਨਾਲ ਕੰਮ ਕਰਦਾ ਮੈਟ੍ਰਿਕ ਕਰ ਗਿਆ। ਕੁਰਾਨ ਦਾ ਪਾਠ ਕਰਦਾ-ਕਰਦਾ ਉਹ ਬਹੁਤ ਹਰਮਨ ਪਿਆਰਾ ਹੋ ਗਿਆ। ਉਥੋਂ ਅਫਗਾਨਿਸਤਾਨ ਦਾ ਸਫੀਰ ਅਮੀਰ ਮੁਹੰਮਦ ਖਾਨ ਉਸਨੂੰ ਕਾਬਿਲ ਲੈ ਗਿਆ। ਉਹ ਫਾਰਸੀ ਤੇ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਸੀ। ਉੱਥੇ ਉਸਨੂੰ ਸ਼ਾਹੀ ਦਰਬਾਰ ਵਿਚ ਤਰਜਮਾਕਾਰ ਦੀ ਪਦਵੀ ਮਿਲ ਗਈ। ਅਖ਼ੀਰ ਉਸ ਦੇ ਪਿਤਾ ਨੂੰ ਚੀਫ਼ ਸੈਕਟਰੀ ਬਣਾ ਦਿੱਤਾ ਗਿਆ ਤੇ ਚੰਗੀ ਤਨਖਾਹ ਮਿਲਣ ਲੱਗੀ। ਉਸ ਦਰਬਾਰ ਵਿਚ ਇੱਕ ਅੰਗਰੇਜ਼ ਔਰਤ ਵੀ ਕੰਮ ਕਰਦੀ ਸੀ। ਦਰਬਾਰ ਦੀਆਂ ਸਾਜਿਸ਼ਾਂ ਤੋਂ ਡਰਦਾ ਪਿਤਾ, ਰਾਤ ਚੋਰੀਂ ਕਾਬਿਲ ਤੋਂ ਭੱਜ ਆਇਆ ਤੇ ਉਸ ਔਰਤ ਦੀ ਸਹਾਇਤਾ ਨਾਲ ਇੰਗਲੈਂਡ ਚਲਾ ਗਿਆ। ਉਥੋਂ ਬੈਰਿਸਟਰੀ ਕੀਤੀ ਤੇ ਅਫਗਾਨਿਸਤਾਨ ਵਾਲਿਆਂ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਉਸਨੂੰ ਆਪਣੇ ਦੇਸ਼ ਦਾ ਸਫੀਰ ਬਣਾ ਦਿੱਤਾ। ਇਥੇ ਹੀ ਪੜ੍ਹਾਈ ਸਮੇਂ ਉਹ ਇਕਬਾਲ ਦੇ ਮਿੱਤਰ ਬਣੇ। ਆਖ਼ਰ ਸਾਰੇ ਅਹੁਦੇ ਤਿਆਗ ਉਹ ਭਾਰਤ ਵਾਪਸ ਮੁੜ ਆਏ ਤੇ ਰਾਵਲਪਿੰਡੀ ਆ ਕੇ ਵਕਾਲਤ ਸ਼ੁਰੂ ਕਰ ਦਿੱਤੀ। ਅਜਿਹੀ ਸ਼ਖ਼ਸੀਅਤ ਸੀ ਉਸਦਾ ਪਿਤਾ, ਜਿਸਦਾ ਨਾਂ ਸੀ ਚੌਧਰੀ ਸੁਲਤਾਨ ਮੁਹੰਮਦ ਖਾਨ!!

**3.**

ਫ਼ੈਜ਼ ਦਾ ਜਨਮ-ਸਥਾਨ ਸੀ ਪਿੰਡ ਕਾਦਰ ਜ਼ਿਲ੍ਹਾ ਸਿਆਲਕੋਟ, ਜਿੱਥੇ 13 ਫਰਵਰੀ 1911 ਨੂੰ ਉਸਦਾ ਜਨਮ ਹੋਇਆ। (ਹੁਣ ਇਸ ਸਾਲ ਉਸਦਾ ਜਨਮ ਦਿਨ ਵੱਡੇ ਪੱਧਰ ਉੱਤੇ ਮਨਾਏ ਜਾਣ ਬਾਰੇ ਵਿਚਾਰਾਂ ਸ਼ੁਰੂ ਹੋ ਗਈਆਂ ਹਨ) ਮੁੱਢਲੀ ਪ੍ਰਾਇਮਰੀ ਤਾਲੀਮ ਤੋਂ ਬਾਅਦ ਫ਼ੈਜ਼ ਲਾਹੌਰ ਦੇ ਮਿਸ਼ਨ ਹਾਈ ਸਕੂਲ ਵਿਚ ਦਾਖਲ ਹੋਇਆ। 1929 ਵਿਚ ਸਿਆਲਕੋਟ ਨੇ ਮਰੇ ਕਾਲਜ ਤੋਂ ਐਫ. ਏ. ਕਰਨ ਤੋਂ ਬਾਅਦ 1931 ਵਿਚ ਗੋ. ਕਾਲਜ ਲਾਹੌਰ ਤੋਂ ਬੀ. ਏ. ਤੇ 1933 ਵਿਚ ਇਥੋਂ ਹੀ ਐਮ. ਏ. ਅੰਗਰੇਜ਼ੀ ਕੀਤੀ। ਔਰੀਐਂਟਲ ਕਾਲਜ ਲਾਹੌਰ ਤੋਂ ਅਰਬੀ ਦੀ ਐਮ. ਏ. ਪਾਸ ਕੀਤੀ। 1935 ਵਿਚ ਅੰਮ੍ਰਿਤਸਰ ਵਿਚ ਲੈਕਚਰਾਰ ਲੱਗ ਗਏ ਤੇ 1940 ਵਿਚ ਲਾਹੌਰ ਅੰਗਰੇਜ਼ੀ ਲੈਕਚਰਾਰ ਲੱਗ ਗਏ। ਦੂਸਰੀ ਜੰਗ ਸ਼ੁਰੂ ਹੋ ਚੁੱਕੀ ਸੀ। ਅੰਗਰੇਜ਼ਾਂ ਨੂੰ ਪੜ੍ਹੇ ਲਿਖੇ ਅਫਸਰਾਂ ਦੀ ਲੋੜ ਸੀ। ਫ਼ੈਜ਼ ਦਿੱਲੀ ਚਲੇ

ਗਏ ਤੇ ਫੌਜ ਵਿਚ ਭਰਤੀ ਲਈ ਪੇਸ਼ ਹੋਏ। ਇੰਟਰਵਿਊ ਵੇਲੇ ਅੰਗਰੇਜ਼ ਅਫਸਰ ਨੇ ਸੀ. ਆਈ. ਡੀ. ਦੀ ਫਾਈਲ ਕੱਢ ਕੇ ਮੇਜ਼ ਤੇ ਰੱਖ ਲਈ ਤੇ ਪੁੱਛਿਆ, “ re you an advanced communist?”

ਫ਼ੈਜ਼ ਨੇ ਉਲਟਾ ਪ੍ਰਸ਼ਨ ਪੁੱਛਿਆ “ re there retarded communists?”

ਥੋੜ੍ਹੀ ਦੇਰ ਪਿੱਛੋਂ ਅੰਗਰੇਜ਼ ਅਫਸਰ ਨੇ ਕਿਹਾ, “You are enlisted ਤੇ ਇੱਕ ਹੋਰ ਪ੍ਰਸ਼ਨ ਕੀਤਾ “ re you advanced communist?” ਫੈਜ਼ ਨੇ ਕਿਹਾ, “ I am not member ਤਸੱਲੀ ਹੋਣ ਉੱਤੇ ਅੰਗਰੇਜ਼ ਅਫਸਰ ਨੇ ਕਿਹਾ, “ਕੱਲ੍ਹ ਤੋਂ ਡਿਊਟੀ ਉੱਤੇ ਹਾਜ਼ਰ ਹੋ ਜਾਓ” ਅੰਗਰੇਜ਼ਾਂ ਨੂੰ ਪੜ੍ਹੇ-ਲਿਖੇ ਭਾਰਤੀ ਅਫਸਰਾਂ ਦੀ ਬੜੀ ਲੋੜ ਸੀ। ਇੰਞ ਫ਼ੈਜ਼ ਸਾਹਿਬ ਪ੍ਰੋਫੈਸਰੀ ਤਿਆਗ ਕਪਤਾਨ ਬਣ ਗਏ। 1945 ਵਿਚ ਜੰਗ ਮੁੱਕੀ ਤਾਂ ਅਸਤੀਫਾ ਦੇ ਕੇ ਵਾਪਿਸ ਲਾਹੌਰ ਆ ਟਿਕੇ। ਉਥੋਂ ਕਰਨਲ ਦੇ ਅਹੁੱਦੇ ਤੋਂ ਅਸਤੀਫਾ ਦੇ ਕੇ ਬੜੀ ਤਸੱਲੀ ਨਾਲ ਘਰ ਪਰਤੇ।

**4.**

ਫ਼ੈਜ਼ ਦਾ ਸਾਰਾ ਜੀਵਨ ਹਾਦਸਿਆਂ ਤੇ ਚੁਣੌਤੀਆਂ ਭਰਪੂਰ ਰਿਹਾ। ਪਰ ਉਸਨੇ ਹਰ ਹਾਲਾਤ ਵਿਚ ਆਪਣੀ ਵਚਨ-ਬੱਧਤਾ ਨੂੰ ਠੇਸ ਨਹੀਂ ਪਹੁੰਚਣ ਦਿੱਤੀ। 1947 ਵਿਚ ਦੇਸ਼ ਦੀ ਤਕਸੀਮ ਹੋ ਗਈ ਤਾਂ ਉਹਨਾਂ ਨੇ ਪਾਕਿਸਤਾਨ ਵਿਚ ਰਹਿਣ ਦਾ ਫੈਸਲਾ ਕੀਤਾ। ਵੰਡ ਬਾਰੇ ਉਹਨਾਂ ਦੀ ਇਤਿਹਾਸਕ ਨਜ਼ਮ ਦੋਹੀਂ ਪਾਸੀਂ ਗੁਣਗੁਣਾਈ ਜਾਂਦੀ ਰਹੀ

**ਯੇ ਦਾਗ਼ ਦਾਗ਼ ਉਜਾਲਾ, ਯੇ ਸ਼ਬ ਗਜ਼ੀਦਾ ਸਹਿਰ**
**ਵੋਹ ਇੰਤਜ਼ਾਰ ਥਾਂ ਜਿਸ ਕਾ, ਯਹਿ ਵੋਹ ਸਹਿਰ ਤੋਂ ਨਹੀਂ**
**ਚਲੋ ਚਲੋ ਕਿ ਵਹਿ ਮੰਜ਼ਿਲ ਅਭੀ ਨਹੀਂ ਆਈ।**

ਇਸੇ ਮੰਜ਼ਿਲ ਦੀ ਤਲਾਸ਼ ਕਰ ਰਹੇ ਸਨ ਕਿ 1951 ਵਿਚ ਲਿਆਕਤ ਅਲੀ ਖਾਂ ਦੇ ਰਾਜ ਸਮੇਂ, ਸਰਕਾਰ ਦਾ ਤਖਤਾ ਪਲਟਣ ਦੇ ਝੂਠੇ ਇਲਜ਼ਾਮ ਵਿਚ ਗ੍ਰਿਫਤਾਰ ਕਰ ਲਏ ਗਏ। ਨਾਲ ਕੁਝ ਵੱਡੇ ਫੌਜੀ ਅਫਸਰ ਤੇ ਅਦੀਬ ਵੀ ਸਨ। ਇਸ ਮੁਕੱਦਮੇ ਨੂੰ “ਰਾਵਲਪਿੰਡੀ ਸਾਜਿਸ਼ ਕੇਸ” ਆਖਿਆ ਜਾਂਦਾ ਹੈ। ਇਥੇ ਚਾਰ ਸਾਲ ਤੋਂ ਵੱਧ ਸਮੇਂ ਤੀਕਰ ਕੈਦ ਰਹੇ। ਪਹਿਲੇ ਤਿੰਨ ਮਹੀਨੇ ਕੈਦੇ-ਤਨਹਾਈ ਵਿਚ ਕੱਟੇ ਸਰਗੋਧਾ ਤੇ ਲਾਇਲਪੁਰ ਦੀਆਂ ਜੇਲ੍ਹਾਂ ਵਿਚ। ਕਿਸੇ ਨੂੰ ਵੀ ਮੁਲਾਕਾਤ ਕਰਨ ਦੀ ਆਗਿਆ ਨਹੀਂ ਸੀ। “ਜ਼ਿੰਦਾਨਾਮਾ” ਕਾਵਿ-ਸੰਗ੍ਰਹਿ ਦੀਆਂ ਨਜ਼ਮਾਂ ਇਥੇ ਹੀ ਲਿਖੀਆਂ ਗਈਆਂ। ਉਨ੍ਹਾਂ ਨੂੰ 30 ਅਪ੍ਰੈਲ 1955 ਵਿਚ ਰਿਹਾ ਕੀਤਾ ਗਿਆ। ਇਹ ਪੰਗਤੀਆਂ ਜੇਲ੍ਹ ਸਮੇਂ ਹੀ ਲਿਖੀਆਂ ਗਈਆਂ।

**ਮਤਾਹੇ-ਲੋਹ ਵਾ ਕਲਮ ਛਿਨ ਗਈ ਤੋ ਕਿਆ ਗ਼ਮ ਹੈ**
**ਕਿ ਖ਼ੂਨੇ-ਜਿਗਰ ਮੇਂ ਡੁਬੋ ਲੀਂ ਹੈਂ ਉਂਗਲੀਆਂ ਮੈਂਨੇ**
**ਜ਼ਬਾਂ ਪਰ ਮੋਹਰ ਲਗੀ ਹੈ ਤੋ ਕਿਆ ਹੈ,**
**ਕਿ ਰੱਖ ਦੀ ਹੈ, ਹਰ ਇੱਕ ਹਲਕਾ ਏ ਜ਼ੰਜੀਰ ਮੇਂ ਜ਼ੁਬਾਂ ਮੈਂ ਨੇ।**

ਦੂਸਰੀ ਵਾਰ 1958 ਵਿਚ ਸੇਫਟੀ-ਐਕਟ ਅਧੀਨ ਗ੍ਰਿਫਤਾਰ ਹੋਏ ਤੇ 1959 ਵਿਚ ਰਿਹਾ ਹੋਏ। ਇਹਨਾਂ ਹੀ ਸਾਲਾਂ ਵਿਚ ਉਹਨਾਂ ਨੇ ਕਈ ਅਖ਼ਬਾਰਾਂ ਤੇ ਰਿਸਾਲਿਆਂ ਦੀ ਸੰਪਾਦਕੀ ਦੇ ਫਰਜ਼ ਨਿਭਾਏ। ‘ਅਦਬੇ-ਲਤੀਫ’ ਪੱਤ੍ਰਿਕਾ, ਰੋਜ਼ਨਾਮਾ ਇਮਰੋਜ਼ ਅਤੇ ‘ਪਾਕਿਸਤਾਨ ਟਾਈਮਜ਼’ ਦੀ ਐਡੀਟਰੀ ਕੀਤੀ। ਆਖਰੀ ਸਾਲਾਂ ਵਿਚ ਬੈਰੂਤ ਵਿਚ



ਰਹਿੰਦਿਆਂ ਏਸ਼ੀਆ ਅਫ਼ਰੀਕਾ ਲੇਖਕ ਫੈਡਰੇਸ਼ਨ ਦੀ ਵਿਸ਼ਵ-ਪ੍ਰਸਿੱਧ ਸਾਹਿਤਕ ਪੱਤ੍ਰਿਕਾ ‘ਲੋਟਸ’ ਦੀ ਸੰਪਾਦਕ ਮੰਡਲੀ ਵਿਚ ਸ਼ਾਮਿਲ ਰਹੇ। ‘ਕਾਬਿਲ ਦੇ ਜੰਮੇ ਨੂੰ, ਨਿੱਤ ਮੁਹਿੰਮਾਂ’ ਵਰਗੀ ਜ਼ਿੰਦਗੀ ਰਹੇ ਹੈ ਫ਼ੈਜ਼ ਦੀ। ਆਸਮਾਨ ਤੋਂ ਡਿੱਗਾ ਤੇ ਖਜੂਰ ਤੇ ਅਟਕਿਆ ਵਰਗੀ ਹਾਲਤ।

ਜ਼ਿੰਦਗੀ ਵਿਚ ਜਿੱਥੇ ਗ੍ਰਿਫਤਾਰੀਆਂ ਤੇ ਨਜ਼ਰਬੰਦੀਆਂ ਦੇ ਨਾਲ-ਨਾਲ ਦੇਸ਼ ਨਿਕਾਲੇ ਦੀ ਖੱਜਲ-ਖ਼ੁਆਰੀ ਵੀ ਝੱਲਣੀ ਪਈ। ਫੌਜ ਵਿਚ ਵੀ ਪੁਰਸਕਾਰ ਮਿਲਿਆ ਤੇ 1962 ਵਿਚ ਸੋਵੀਅਤ ਸਰਕਾਰ ਵਲੋਂ ਲੈਨਿਨ ਸ਼ਾਂਤੀ ਪੁਰਸਕਾਰ ਮਿਲਿਆ। ਇਸ ਪੁਰਸਕਾਰ ਦੀ ਪ੍ਰਾਪਤੀ ਨਾਲ ਉਹ ਵਿਸ਼ਵ ਦੀ ਵੱਡੀ ਸਾਹਿਤਕ ਹਸਤੀ ਬਣ ਗਏ। ਉਹ ਏਸ਼ੀਆ ਅਫਰੀਕਾ ਦੇ ਲੇਖਕਾਂ ਦੀ ਤਾਸ਼ਕੰਦ ਕਾਨਫਰੰਸ ਵਿਚ ਵੀ ਹਿੱਸਾ ਲੈਣ ਲਈ ਰੂਸ ਗਏ।

**5.**

ਦੁਸ਼ਵਾਰੀਆਂ ਤੇ ਪ੍ਰੇਸ਼ਾਨੀਆਂ ਦੇ ਨਾਲ-ਨਾਲ ਫ਼ੈਜ਼ ਸਾਹਿਬ ਸੰਸਾਰ ਦੇ ਕਈ ਦੇਸ਼ਾਂ ਦੀ ਯਾਤਰਾ ਉੱਤੇ ਵੀ ਗਏ। ਉਹ ਜਿੱਥੇ ਵੀ ਗਏ, ਲੋਕੀਂ ਹੱਥਾਂ ਉੱਤੇ ਚੁੱਕ ਲੈਂਦੇ ਸਨ ਤੇ ਭੀੜਾਂ ਇਕੱਠੀਆਂ ਹੋ ਜਾਂਦੀਆਂ ਸਨ। ਉਹ ਯੂਰਪ ਤੇ ਏਸ਼ੀਆ ਦੇ ਕਈ ਦੇਸ਼ਾਂ ਦੇ ਮਹਿਮਾਨ ਬਣੇ ਤੇ ਕਵਿਤਾ ਦੇ ਸਫੀਰ ਵਾਂਗ ਵਿਚਰਦੇ ਰਹੇ। ਫ਼ੈਜ਼ ਸਾਹਿਬ ਇਲਮ ਦੋਸਤ ਸਨ। ਅਧਿਐਨ ਦਾ ਸ਼ੌਂਕ ਉਹਨਾਂ ਨੂੰ ਵਿਰਸੇ ਵਿਚ ਮਿਲਿਆ ਸੀ। ਵਿਦਿਆਰਥੀ ਜੀਵਨ ਤੋਂ ਆਰੰਭ ਹੋ ਕੇ, ਅੰਤਲੇ ਦਿਨਾਂ ਤੀਕ ਉਹਨਾਂ ਦੇ ਇਹ ਸ਼ੌਂਕ ਬਰਕਰਾਰ ਰਹੇ। ਅਦਬ, ਸਾਇੰਸ, ਫਲਸਫਾ, ਮਨੋ-ਵਿਗਿਆਨ, ਧਰਮ, ਇਤਿਹਾਸ, ਗੱਲ ਕੀ ਹਰ ਵਿਸ਼ੇ ਬਾਰੇ ਉਹਨਾਂ ਦਾ ਗਿਆਨ ਬੜਾ ਵਿਸ਼ਾਲ ਸੀ।

ਫ਼ੈਜ਼ ਨੇ ਰੇਡੀਓ ਲਈ ਕੁਝ ਡਰਾਮੇ ਵੀ ਲਿਖੇ। ਉਹਨਾਂ ਨੇ ਇੱਕ ਦੋ ਫਿਲਮਾਂ ਦੇ ਵਾਰਤਾਲਾਪ ਤੇ ਗਾਣੇ ਵੀ ਲਿਖੇ ਸਨ। ਉਹਨਾਂ ਤਰੱਕੀ-ਪਸੰਦ ਅਦੀਬਾਂ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਵੀ ਉੱਦਮ ਕੀਤਾ ਤੇ ਇੰਞ ਹੀ ਏਸ਼ੀਆ, ਅਫਰੀਕਾ ਦੀ ਲੇਖਕ ਫੈਡਰੇਸ਼ਨ ਲਈ ਕਈ ਵਰ੍ਹੇ ਕੰਮ ਕਰਦੇ ਰਹੇ।

ਫ਼ੈਜ਼ ਸਾਹਿਬ ਦੀ ਸ਼ਾਦੀ ਇੱਕ ਅੰਗਰੇਜ਼ ਔਰਤ ਨਾਲ, ਜਿਸਦਾ ਨਾਂ ਐਲਸ ਜਾਰਜ ਸੀ, 1941 ਵਿਚ ਹੋਈ। ਇਸ ਮੌਕੇ ਤੇ ਸ਼ੇਖ਼ ਅਬਦੁੱਲਾ ਨੇ ਉਹਨਾਂ ਦਾ ਨਿਕਾਹ ਪੜ੍ਹਿਆ। ਫ਼ੈਜ਼ ਦੀਆਂ ਦੋ ਬੇਟੀਆਂ ਹਨ, ਸਲੀਮਾ ਤੇ ਮੁਨੀਜ਼ਾ।

**6.**

ਫ਼ੈਜ਼ ਨੇ ਜੋ ਵੀ ਲਿਖਿਆ, ਉਸ ਬਾਰੇ ਕਦੇ ਵੀ ਕਿਸੇ ਨੂੰ ਇਹ ਸ਼ਿਕਾਇਤ ਨਹੀਂ ਸੀ ਹੋਈ ਕਿ ਉਸਦੀ ਪੱਧਰ ਨੀਵੀਂ ਹੈ। ਪਾਠਕ ਤੇ ਲੋਕ ਉਸਦੇ ਅੱਖਰ-ਅੱਖਰ ਨੂੰ ਸਿਰ ਮੱਥੇ ਤੇ ਰੱਖ ਕੇ ਨਤ-ਮਸਤਕ ਹੁੰਦੇ ਰਹੇ। ਅੱਜ ਵੀ, ਏਨੇ ਵਰ੍ਹਿਆਂ ਬਾਅਦ ਉਨ੍ਹਾਂ ਦੇ ਕਲਾਮ ਦੀ ਖਿੱਚ ਤੇ ਤਲਾਸ਼ ਖਤਮ ਨਹੀਂ ਹੋਈ। ਉਨ੍ਹਾਂ ਦੀਆਂ ਲਿਖਤਾਂ ਦਾ ਵੇਰਵਾ ਕੁਝ ਇੰਞ ਹੈ।

ਨਕਸ਼ੇ ਫਰਿਆਦੀ 1941, ਦਸਤੇ-ਸਬਾ 1952, ਜ਼ਿੰਦਾਨਾਮਾ-1956, ਦਸਤ-ਤਹਿ-ਸੰਗ 1964, ਸਰੇ-ਵਾਦੀਏ ਸੈਨਾ 1971, ਸ਼ਾਮੇ ਸ਼ਹਿਰੇ ਯਾਰਾਂ-1978, ਮੇਰੇ ਦਿਲ ਮੇਰੇ ਮੁਸਾਫਰ-1981, ਕਲਾਮੇ ਫ਼ੈਜ਼- 1982 ਇਸ ਤੋਂ ਬਿਨਾਂ ਵਾਰਤਕ ਸੰਗ੍ਰਹਿ ਤੇ ਫੁਟਕਲ ਲਿਖਤਾਂ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ। ਮੀਜ਼ਾਨ (ਆਲੋਚਨਾ) 1962, ਸਲੀਬੇਂ ਮੇਰੇ ਦਰੀਦੇ ਮੈਂ (ਖ਼ਤ) 1971, ਮਤਾਹੇ-ਲੋਹ-ਕਲਮ 1973, ਹਮਾਰੀ ਕੌਮੀ ਸਕਾਫਤ 1976, ਮਹਿ-ਵਾ-ਸਾਲ ਆਸ਼ਨਾਈ 1980, ਸਫਰਨਾਮਾ ਕਿਊਬਾ-1974, ਸਮੁੱਚਾ

ਕਲਾਮ – 'ਸਾਰੇ ਸੁਖ਼ਨ ਹਮੇਰੇ' (ਉਰਦੂ ਤੇ ਹਿੰਦੀ ਵਿਚ) ਆਦਿ। ਫ਼ੈਜ਼ ਦੀ ਆਰੰਭਿਕ ਦੌਰ ਦੀ ਕਵਿਤਾ ਹੋਰ ਨਵੇਂ ਉੱਠਦੇ ਸਿਖਾਂਦਰੂ ਕਵੀਆਂ ਵਾਂਗ ਹੁਸਨ-ਇਸ਼ਕ ਦੀ ਸ਼ਾਇਰੀ ਸੀ। ਕਾਲਜ ਵਿਚ ਪੜ੍ਹਦੇ, ਖਾਂਦੇ-ਪੀਂਦੇ ਘਰ ਦੇ ਨੌਜਵਾਨ ਦੀ ਸ਼ਾਇਰੀ। ਜਦੋਂ ਉਹ ਲਿਖਦੇ ਹਨ

**ਥੱਕ ਜਾਏਂਗੀ ਤਰਸੀ ਹੁਈ ਨਾਕਾਮ ਨਿਗਾਹੇਂ**
**ਛਿਨ ਜਾਏਂਗੇ ਮੁਝ ਸੇ ਮੇਰੇ ਆਂਸੂ ਮੇਰੀ ਆਹੇਂ,**
**ਛਿਨ ਜਾਏਗੀ ਮੁਝ ਸੇ ਮੇਰੀ ਬੇਕਾਰ ਜਵਾਨੀ,**
**ਸ਼ਾਇਦ ਮੇਰੀ ਉਲਫ਼ਤ ਕੋ ਬਹੁਤ ਯਾਦ ਕਰੋਗੀ।**
**ਆਓਗੀ ਮੇਰੀ ਗੋਰ (ਕਬਰ) ਪੇ ਤੁਮ ਅਸ਼ਕ ਬਹਾਨੇ,**
**ਨੌਖੇਜ਼ ਬਹਾਰੋਂ ਕੇ ਹੁਸੀਂ ਫੂਲ ਚੜ੍ਹਾਨੇ।**

**(ਆਖਰੀ ਖ਼ਤ – ਨਕਸ਼ੇ ਫਰਿਯਾਦੀ) ਸਾਰੇ ਸੁਖ਼ਨ ਹਮਾਰੇ ਪੰਨਾ 131)**

ਪਰ ਇਹ ਦੌਰ ਬਹੁਤੀ ਦੇਰ ਤੀਕ ਨਹੀਂ ਰਿਹਾ। ਇਸ ਸਮੇਂ ਤੀਕ ਪ੍ਰਗਤੀਸ਼ੀਲ ਲੇਖਕ ਸੰਘ ਬਣ ਚੁੱਕੀ ਸੀ ਤੇ ਇਸ ਦੀਆਂ ਮੀਟਿੰਗਾਂ ਵਿਚ ਫ਼ੈਜ਼ ਵੀ ਹਾਜ਼ਰੀ ਭਰਨ ਲੱਗ ਪਿਆ ਸੀ। ਅੰਮ੍ਰਿਤਸਰ ਰਹਿੰਦੇ ਹੋਏ ਉਹ ਸਮਾਜਵਾਦੀ ਵਿਚਾਰਾਂ ਵਾਲੇ ਲੇਖਕਾਂ ਤੇ ਰਾਜਸੀ ਵਿਚਾਰਾਂ ਵਾਲੇ ਬੁੱਧੀਜੀਵੀਆਂ ਦੇ ਸੰਪਰਕ ਵਿਚ ਆ ਚੁੱਕੇ ਸਨ। ਆਜ਼ਾਦੀ ਦੀ ਲਹਿਰ ਵਿਚ ਵੀ ਉਭਾਰ ਸਾਫ ਪਿਆ ਦਿਸਦਾ ਸੀ। ਸਿੱਟੇ ਵਜੋਂ ਫ਼ੈਜ਼ ਦੀ ਇਸ਼ਕੀਆ ਸ਼ਾਇਰੀ ਦਾ ਰੁਮਾਂਟਿਕ ਦੌਰ ਬਹੁਤ ਦੇਰ ਤੀਕ ਨਹੀਂ ਰਿਹਾ। ਉਸਨੂੰ ਨਿਜੀ ਗ਼ਮ ਨਾਲੋਂ, ਲੋਕਾਂ ਦੇ ਗ਼ਮ ਵਧੇਰੇ ਮਹੱਤਵਪੂਰਨ ਅਨੁਭਵ ਹੋਣ ਲੱਗ ਪਏ ਸਨ। ਇਸੇ ਕਾਰਨ ਉਹਨਾਂ ਨੇ ਲਿਖਿਆ ਸੀ

**ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ**
**ਔਰ ਭੀ ਦੁੱਖ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ**
**ਰਾਹਤੇਂ ਔਰ ਭੀ ਹੈ, ਵਸਲ ਕੀ ਰਾਹਤ ਕੇ ਸਿਵਾ**
**ਲੌਟ ਜਾਤੀ ਹੈ ਉਧਰ ਭੀ ਨਜ਼ਰ ਕਿਆ ਕੀਜੀਏ**
**ਅਬ ਭੀ ਦਿਲਕਸ਼ ਹੈ ਤੇਰਾ ਹੁਸਨ, ਮਗਰ ਕਿਆ ਕੀਜੀਏ**

**(ਮੁਝ ਸੇ ਪਹਿਲੀ ਸੀ– ਪੰਨਾ 147, ਸਾਰੇ ਸੁਖ਼ਨ ਹਮਾਰੇ)**

ਹੈਰਾਨੀ ਹੈ ਕਿ ਆਪਣੀ ਸ਼ਾਇਰੀ ਦੇ ਰੋਮਾਂਟਿਕ ਦੌਰ ਵਿਚ ਵੀ ਫ਼ੈਜ਼ ਨੂੰ ਵਿਸ਼ਵਾਸ ਸੀ ਕਿ ਜ਼ੁਲਮ-ਜਬਰ ਦੇ ਇਹ ਦਿਨ ਮੁੱਕਣ ਵਾਲੇ ਹਨ। ਆਸ-ਉਮੀਦ ਦਾ ਇਹ ਰੰਗ, ਉਸਦੀ ਬਾਅਦ ਦੀ ਸਮੁੱਚੀ ਕਾਵਿ-ਰਚਨਾ ਵਿਚ, ਔਖੇ, ਹਨ੍ਹੇਰੇ ਤੇ ਭਿਆਨਕ ਸਮਿਆਂ ਵਿਚ ਵੀ, ਮੱਧਮ ਨਹੀਂ ਪਿਆ। ਸੋਹਣੇ ਭਵਿੱਖ ਵਿਚ ਇਹ ਵਿਸ਼ਵਾਸ ਉਸਦੀ ਸ਼ਾਇਰੀ ਦਾ ਉਘੜਵਾਂ ਰੰਗ ਹੈ, ਜੋ ਉਸਨੂੰ ਬਾਕੀ ਸਮਕਾਲੀ ਕਵੀਆਂ ਨਾਲੋਂ ਨਿਖੇੜਦਾ ਹੈ।

**7.**

ਫ਼ੈਜ਼ ਦੀ ਕਵਿਤਾ ਵਿਚ ਦੂਜਾ ਮੋੜ, ਉਸ ਸਮੇਂ ਆਇਆ ਜਦੋਂ ਸਰਕਾਰੀ ਤੌਰ ਉੱਤੇ ਉਸ ਉੱਤੇ ਦੇਸ਼-ਧਰੋਹੀ ਦਾ ਇਲਜ਼ਾਮ ਲਾ ਕੇ ਉਨ੍ਹਾਂ ਨੂੰ ਰਾਵਲਪਿੰਡੀ ਸਾਜਿਸ਼ ਕੇਸ ਵਿਚ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਸਾਜਿਸ਼ ਦੇ ਇਸ ਕੇਸ ਵਿਚ ਕਈ ਹੋਰ ਵੀ ਦਾਨਸ਼ਵਰ, ਲੇਖਕ ਤੇ ਫੌਜੀ ਅਫਸਰ, ਸ਼ਾਮਿਲ ਕਰ ਲਏ ਗਏ ਤੇ ਚਾਰ ਸਾਲ ਤੀਕ ਇਹ ਝੂਠਾ ਮੁਕੱਦਮਾ ਚੱਲਦਾ ਰਿਹਾ। ਗ੍ਰਿਫਤਾਰੀ ਦੇ ਸ਼ੁਰੂ ਤੇ ਕੁਝ ਮਹੀਨਿਆਂ ਵਿਚ, ਉਸਨੂੰ



ਬੱਚਿਆਂ ਤੇ ਬੀਵੀ ਨੂੰ ਮੁਲਾਕਾਤ ਕਰਨ ਦੀ ਵੀ ਇਜ਼ਾਜਤ ਨਹੀਂ ਸੀ। ਇਸ ਮੁਕੱਦਮੇ ਦੇ ਚੱਲਣ ਨਾਲ ਫ਼ੈਜ਼ ਦੀ ਸ਼ਾਇਰੀ ਵਿਚ ਇੱਕ ਵੱਡਾ ਮੋੜ ਆਉਂਦਾ ਹੈ। ਜੇਲ੍ਹ-ਜੀਵਨ ਦੀਆਂ ਤਲਖੀਆਂ ਝੱਲਦੇ ਹੋਏ ਉਨ੍ਹਾਂ ਦੇ ਅਨੁਭਵ ਵਿਚ ਇੱਕ ਵੱਖਰੀ ਤਰ੍ਹਾਂ ਦੀ ਡੂੰਘਾਈ ਤੇ ਸੰਵੇਦਨਸ਼ੀਲਤਾ ਆਉਂਦੀ ਹੈ ਅਤੇ ਉਹ ਸ਼ਾਇਰੀ ਦੀਆਂ ਅਜਿਹੀਆਂ ਕਲਾਤਮਿਕ ਬੁਲੰਦੀਆਂ ਨੂੰ ਛੋਂਹਦੇ ਹਨ, ਜੋ ਵਿਸ਼ਵ ਦੀ ਸਮੁੱਚੀ ਸ਼ਾਇਰੀ ਵਿਚ ਵੀ ਦੁਰਲੱਭ ਹਨ। ਮੈਂ ਅਨੁਭਵ ਕੀਤਾ ਹੈ ਕਿ ਤੁਰਕੀ ਦੇ ਮਹਾਨ-ਕਵੀ ਤੇ ਫ਼ੈਜ਼ ਦੇ ਸਮਕਾਲੀ ਨਾਜ਼ਿਮ ਹਿਕਮਤ ਨੂੰ ਫ਼ੈਜ਼ ਦੇ ਮੁਕਾਬਲੇ ਉੱਤੇ 25 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜਿਸ ਵਿਚੋਂ ਨਾਜ਼ਿਮ ਨੇ 10 ਸਾਲ ਕੈਦ ਭੁਗਤੀ ਸੀ ਤੇ ਫਿਰ ਲੋਕ-ਰਾਏ ਦੇ ਵਿਸ਼ਵੀ ਦਬਾਅ ਕਾਰਨ ਉਸਦੀ ਰਿਹਾਈ ਹੋਈ ਸੀ। ਪਰ ਨਾਜ਼ਿਮ ਹਿਕਮਤ ਦੀ ਸ਼ਾਇਰੀ ਵਿਚ ਉਹ ਕਲਾਤਮਿਕ ਪਰਪੱਕਤਾ, ਕਲਪਨਾ ਦੀ ਉਚਾਈ ਤੇ ਵਿਚਾਰਧਾਰਕ ਡੂੰਘਾਈ ਦੇ ਨਾਲ-ਨਾਲ ਉਹ ਸੰਵੇਦਨ-ਸ਼ੀਲਤਾ ਨਹੀਂ ਆਈ, ਜੋ ਫ਼ੈਜ਼ ਦੀ ਸਮੁੱਚੀ ਸ਼ਾਇਰੀ ਵਿਚ ਪ੍ਰਗਟ ਹੋਈ ਸੀ।

ਉਸਦੀ ਇਸ ਦੌਰ ਦੀ ਸ਼ਾਇਰੀ ਨੂੰ ਪੜ੍ਹ ਕੇ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਪਾਕਿਸਤਾਨ ਦੇ ਅਵਾਮ ਦੇ ਸਾਰੇ ਹੀ ਦਰਦ, ਦਮ-ਘੁੱਟਵੇਂ ਮਾਹੌਲ ਤੇ ਸ਼ਹਿਰੀ ਆਜ਼ਾਦੀਆਂ ਖੁੱਸਣ ਦੀ ਸਾਰੀ ਵੇਦਨਾ ਨੂੰ ਪ੍ਰਗਟ ਕਰਨ ਦੀ ਜ਼ਿੰਮੇਵਾਰੀ ਫ਼ੈਜ਼ ਦੀ ਸ਼ਾਇਰੀ ਦੇ ਸਿਰ ਆਣ ਪਈ ਹੋਵੇ। ਜਿੱਥੇ ਕਿਤੇ ਵੀ ਵਿਸ਼ਵ ਦੇ ਕਿਸੇ ਦੇਸ਼ ਵਿਚ, ਨਾਗਰਿਕ ਆਜ਼ਾਦੀਆਂ ਅਥਵਾ, ਲਿਖਣ ਬੋਲਣ ਤੇ ਸੰਘਰਸ਼ ਕਰਨ ਉੱਤੇ ਪਾਬੰਦੀਆਂ ਲੱਗਦੀਆਂ ਹਨ ਜਾਂ ਭਵਿੱਖ ਵਿਚ ਲੱਗੀਆਂ, ਉੱਥੇ-ਉੱਥੇ ਹੀ ਫ਼ੈਜ਼ ਦਾ ਕਲਾਮ, ਉਨ੍ਹਾਂ ਲੋਕਾਂ ਦੇ ਦਰਦ ਤੇ ਪੀੜਾਂ ਨੂੰ ਪ੍ਰਗਟ ਕਰਨ ਦਾ ਮਾਧਿਅਮ ਬਣਦਾ ਹੈ। ਅਜਿਹੀ ਅਜ਼ਮਤ ਅਤੇ ਮਾਣ ਕਿਸੇ ਵਿਰਲੇ ਟਾਵੇਂ ਸ਼ਾਇਰ ਨੂੰ ਮਿਲਦਾ ਹੈ। ਕਿਉਂਕਿ ਇਸ ਕਲਾਤਮਿਕ ਉਚਾਈ ਉੱਤੇ ਪਹੁੰਚਣ ਲਈ, ਖ਼ੁਦ ਕਵੀ ਅਕਹਿ ਕਸ਼ਟ ਝੱਲਣੇ ਪੈਂਦੇ ਹਨ। ਫ਼ੈਜ਼ ਦੀ ਇਸ ਦੌਰ ਦੀ ਗ਼ਜ਼ਲ ਅਤੇ ਨਜ਼ਮ, ਦੋਵਾਂ ਨੇ ਐਸੀ ਮਹਾਨਤਾ ਪ੍ਰਾਪਤ ਕੀਤੀ ਕਿ ਉਹ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਕੇ, ਉਨ੍ਹਾਂ ਦੀ ਆਵਾਜ਼ ਬਣ ਗਈ ਅਤੇ ਉਸਦੇ ਥਾਂ-ਥਾਂ ਉੱਤੇ ਹਰ ਔਖੀ ਘੜੀ ਵਿਚ ਹਵਾਲੇ ਦਿੱਤੇ ਜਾਣ ਲੱਗੇ।

**ਵੁਹ ਬਾਤ ਸਾਰੇ ਫਸਾਨੇ ਮੇਂ ਜਿਸਕਾ ਜ਼ਿਕਰ ਨਾ ਥਾ**
**ਵੁਹ ਬਾਤ ਉਨਕੋ ਬਹੁਤ ਨਾਗਵਾਰ ਗੁਜ਼ਰੀ ਹੈ।**

ਇਥੇ ਆ ਕੇ ਕਵੀ ਨੇ ਆਪਣੇ ਦੇਸ਼ ਨੂੰ ਸੰਬੋਧਨ ਹੁੰਦਿਆ ਲਿਖਿਆ ਸੀ

**ਨਿਸਾਰ ਹੈਂ ਤਿਰੀ ਗਲੀਆਂ ਪੇ ਐ ਵਤਨ ਕਿ ਜਹਾਂ**
**ਚਲੀ ਹੈ ਰਸਮ ਕਿ, ਕੋਈ ਨਾ ਸਰ ਉਠਾ ਕੇ ਚਲੇ**
**ਜੋ ਕੋਈ ਚਾਹਨੇ ਵਾਲਾ ਤਵਾਫ ਕੋ ਨਿਕਲੇ**
**ਨਜ਼ਰ ਚੁਰਾ ਕੇ ਚਲੇ, ਜਿਸਮ-ਓ-ਜਾਂ ਬਚਾ ਕੇ ਚਲੇ।**

**(ਸਾਰੇ ਸੁਖ਼ਨ ਪੰਨਾ 183)**

ਇਹ ਉਹੀ ਵਤਨ ਹੈ, ਜਿਸਦਾ ਸੌਦਾ ਕਰਨ ਤੇ ਇਸਦੀ ਇੱਜ਼ਤ, ਮਾਣ, ਸਨਮਾਨ ਵੇਚਣ ਵਾਲਿਆਂ ਦੇ ਵਿਰੁੱਧ ਕਵੀ ਅਵਾਮ ਨੂੰ ਖ਼ਬਰਦਾਰ ਕਰਦਾ ਲਿਖਦਾ ਹੈ –

**ਤੇਰੇ ਗੱਦਾਰ ਗ਼ੈਰਤ ਸੇ ਮੂੰਹ ਮੋੜ ਕਰ**
**ਆਜ ਫਿਰ ਐਰੋਂ-ਗੈਰੋਂ ਸੇ ਸਰ ਜੋੜ ਕਰ**
**ਤੇਰੀ ਇੱਜ਼ਤ ਕਾ ਭਾਵ ਲਗਾਨੇ ਚਲੇ**

**ਤੇਰੀ ਅਸਮਤ ਕਾ ਸੌਦਾ ਚੁਕਾਨੇ ਲੱਗੇ।**

**(ਪੰਨਾ – 234)**

ਇਸ ਦੌਰ ਦੀ ਕਵਿਤਾ ਵਿਚ ਪਹਿਲੀ ਵਾਰ ਕਵੀ ਦਾ ਲਹਿਜਾ, ਬਿੰਬ ਤੇ ਪ੍ਰਤੀਕ ਅਥਵਾ ਸਮੁੱਚਾ ਕਾਵਿ-ਮੁਹਾਵਰਾ ਤੇ ਚਿਹਨ-ਪ੍ਰਬੰਧ ਬਦਲਦਾ ਹੈ। ਪਰ ਹੈਰਾਨੀ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਏਨੀ ਤਲਖੀ ਦੇ ਹੁੰਦੇ ਹੋਏ ਵੀ ਕਵੀ ਦੇ ਬੋਲ ਸਪਾਟ ਨਹੀਂ ਹੁੰਦੇ। ਕੋਈ ਵੀ ਪਾਠਕ ਇਹ ਨਹੀਂ ਕਹਿ ਸਕਦਾ ਕਿ ਫ਼ੈਜ਼ ਦੀ ਇਸ ਨਵੇਂ ਦੌਰ ਦੀ ਸ਼ਾਇਰੀ ਪ੍ਰਾਪੇਗੰਡਾ ਸ਼ਾਇਰੀ ਬਣ ਗਈ ਹੈ। ਸਗੋਂ ਇਸਦੇ ਉਲਟ ਗੱਲ ਵੇਖਣ ਨੂੰ ਆਉਂਦੀ ਹੈ ਕਿ ਉਹ ਹੋਰ ਵਧੇਰੇ ਡੂੰਘਾ, ਸੰਵੇਦਨਾਤਮਿਕ ਤੇ ਸੁਹਜਾਤਮਿਕ ਹੁੰਦਾ ਗਿਆ ਤੇ ਨਾਲ ਦੀ ਨਾਲ ਸਹਿਜ-ਸੁਭਾਵਕ ਵੀ। ਇਸ ਪੜਾਅ ਦੀ ਸ਼ਾਇਰੀ ਵਿਚ ਨਵੀਂ ਸ਼ਬਦਾਵਲੀ ਦਾ ਪ੍ਰਵੇਸ਼ ਹੁੰਦਾ ਹੈ। ਜ਼ੰਜੀਰ, ਕਫਸ, ਦਾਰੋ ਰਸਨ ਸੱਯਾਦ, ਮਕਤਲ ਆਦਿ। ਇਸੇ ਦੌਰ ਵਿਚ ਫ਼ੈਜ਼ ਦੀ ਗ਼ਜ਼ਲ ਕਲਾਤਮਿਕ ਬੁਲੰਦੀਆਂ ਨੂੰ ਛੂਹਣ ਲੱਗਦੀ ਹੈ।

**ਕਬ ਯਾਦ ਮੇਂ ਤੇਰਾ ਸਾਥ ਨਹੀਂ, ਕਬ ਹਾਥ ਮੇਂ ਤੇਰਾ ਹਾਥ ਨਹੀਂ।**
**ਸਦ ਸ਼ੁਕਰ ਕੇ, ਅਪਨੀ ਰਾਤੋਂ ਮੇਂ, ਅਬ ਹਿਜਰ ਕੀ ਕੋਈ ਰਾਤ ਨਹੀਂ।**

**ਮੁਸ਼ਕਿਲ ਹੈ ਅਗਰ ਹਾਲਾਤ ਵਹਾਂ, ਦਿਲ ਬੇਚ ਆਏਂ ਜਾਂ ਦੇ ਆਏਂ**
**ਦਿਲ ਵਾਲੋ ਕੂਚ-ਏ-ਜਾਨਾਂ ਮੇਂ, ਕਿਆ ਐਸੇ ਭੀ ਹਾਲਾਤ ਨਹੀਂ।**

**ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ, ਵੋਹ ਸ਼ਾਨ ਸਲਾਮਤ ਰਹਿਤੀ ਹੈ,**
**ਯੇ ਜਾਨ ਤੋਂ ਆਨੀ ਜਾਨੀ ਹੈ, ਇਸ ਜਾਂ ਕੀ ਕੋਈ ਬਾਤ ਨਹੀਂ।**

**ਮੈਦਾਨੇ-ਵਫ਼ਾ, ਦਰਬਾਰ ਨਹੀਂ, ਯਾਂ ਨਾਮੋ-ਨਸਬ ਕੀ ਪੂਛ ਕਹਾਂ,**
**ਆਸ਼ਕ ਤੋਂ ਕਿਸੀ ਕਾ ਨਾਮ ਨਹੀਂ, ਕੁਝ ਇਸ਼ਕ ਕਿਸੀ ਕੀ ਜ਼ਾਤ ਨਹੀਂ।**

**ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ, ਜੋ ਚਾਹੋ ਲਗਾ ਦੋ, ਡਰ ਕੈਸਾ,**
**ਗਰ ਜੀਤ ਗਏ ਤੋ ਕਿਆ ਕਹਿਨਾ ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।**

**(ਮਿੰਟਗੁਮਰੀ ਜੇਲ੍ਹ ਸਾਰੇ ਸੁਖ਼ਨ ਪੰਨਾ-64)**

ਚਾਰ ਸਾਲ ਦੀ ਇਹ ਲੰਬੀ ਨਜ਼ਰਬੰਦੀ, ਜਿਸ ਬਾਰੇ ਇਹ ਅਫ਼ਵਾਹਾਂ ਵੀ ਫੈਲਾਈਆਂ ਜਾ ਰਹੀਆਂ ਸਨ ਕਿ ਕੈਦੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ, ਵਿਚ ਆਪਣੇ ਮਨੋਬਲ ਨੂੰ ਕਾਇਮ ਰੱਖ ਕੇ, ਡੂੰਘੇ ਆਤਮ-ਵਿਸ਼ਵਾਸ ਨਾਲ ਫੁੱਲਾਂ-ਭਰੀ ਬਹਾਰ ਦੇ ਗੀਤ ਗਾਉਣੇ ਤੇ ਉਮੀਦ ਦੇ ਚਿਰਾਗ਼ਾਂ ਨੂੰ ਜਗਾਈ ਰੱਖਣਾ। ਇਹ ਕੌਤਕ ਤੇ ਕ੍ਰਿਸ਼ਮੇ ਫ਼ੈਜ਼ ਦੀ ਇਸ ਦੌਰ ਦੀ ਸ਼ਾਇਰੀ ਵਿਚ ਵਿਖਾਲੀ ਦਿੰਦੇ ਹਨ।

**ਅਬ ਕਤਲ ਹੋ ਕੇ, ਤੇਰੇ ਮੁਕਾਬਿਲ ਸੇ ਆਏ ਹੈਂ**
**ਹਮ ਲੋਕ ਸੁਰਖ਼ਰੂ ਹੈ ਕਿ ਮੰਜ਼ਿਲ ਸੇ ਆਏ ਹੈਂ।**
**ਉਠ ਕਰ ਤੋ ਆ ਗਏ ਹੈਂ ਤਿਰੀ ਬਜ਼ਮ ਸੇ ਮਗਰ,**
**ਕੁਝ ਦਿਲ ਹੀ ਜਾਨਤਾ ਹੈ, ਕਿਸ ਦਿਲ ਸੇ ਆਏ ਹੈਂ।**
**ਹਰ ਇਕ ਕਦਮ ਅਜ਼ਲ ਥਾ, ਹਰ ਇਕ ਗਾਮ ਜ਼ਿੰਦਗੀ,**



**ਹਮ ਘੂੰਮ ਫਿਰ ਕੇ ਕੂਚਾ-ਏ ਕਾਤਲ ਸੇ ਆਏ ਹੈਂ।**

**(ਸਾਰੇ ਸੁਖ਼ਨ ਪੰਨਾ 58)**

ਮੌਤ ਦੇ ਕਾਲੇ ਪ੍ਰਛਾਵਿਆਂ ਹੇਠ, ਜੱਲਾਦ ਦੀ ਤਲਵਾਰ ਦੀ ਜ਼ੱਦ ਵਿਚ ਆਏ ਹੋਏ ਵੀ, ਗੁਲਸ਼ਨ, ਗੁਲਾਬ ਤੇ ਬਹਾਰ ਦੇ ਗੀਤ ਗਾਉਣੇ ਕੇਵਲ ਫ਼ੈਜ਼ ਦੇ ਹਿੱਸੇ ਹੀ ਆਇਆ ਸੀ।

**ਗੁਲੋਂ ਮੇਂ ਰੰਗ ਭਰੇ, ਬਾਦੇ-ਨੌ-ਬਹਾਰ ਚਲੇ**
**ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ।**
**ਜੋ ਹਮ ਪੇ ਗੁਜ਼ਰੀ, ਸੋ ਗੁਜ਼ਰੀ, ਮਗਰ ਸਬੇ-ਹਿਜਰਾਂ,**
**ਹਮਾਰੇ ਅਸ਼ਕ ਤਿਰੀ ਆਕਬਤ ਸੰਵਾਰ ਚਲੇ।**
**ਮੁਕਾਮ, ਫ਼ੈਜ਼ ਕੋਈ ਰਾਹ ਮੇਂ ਜਚਾ ਹੀ ਨਹੀਂ,**
**ਜੋ ਕੂ-ਏ-ਯਾਰ ਸੇ ਨਿਕਲੇ, ਤੋ ਸੂ-ਏ-ਦਾਰ ਚਲੇ।**

**(ਮਿੰਟਗੁਮਰੀ ਜੇਲ੍ਹ 29 ਜਨਵਰੀ, 1954 ਸਾਰੇ ਸੁਖ਼ਨ ਹਮਾਰੇ)**

**8 .**

ਚਾਰ ਸਾਲ ਦੀ ਕੈਦ ਵਿਚੋਂ ਰਿਹਾਈ ਤੋਂ ਬਾਅਦ ਫ਼ੈਜ਼ ਦੀ ਸ਼ਾਇਰੀ ਦਾ ਇੱਕ ਨਵਾਂ ਦੌਰ ਆਰੰਭ ਹੁੰਦਾ ਹੈ। ਪਿਛਲੇ ਚਾਰ ਸਾਲਾਂ ਵਿਚ ਬਾਹਰ ਦੇਸ਼ ਤੇ ਸੰਸਾਰ ਵਿਚ ਕਿੰਨਾ ਕੁਝ ਬਦਲ ਚੁੱਕਾ ਸੀ। ਪਾਕਿਸਤਾਨ ਦੀ ਹਾਕਮ ਜਮਾਤ ਅਮਰੀਕੀ ਸਾਮਰਾਜੀ ਲੁਟੇਰਿਆਂ ਨਾਲ ਸਾਂਝਾਂ ਪੱਕੀਆਂ ਕਰ ਚੁੱਕੀ ਸੀ। ਮੁਲਕ ਵਿਚ ਵਿਰੋਧ ਦੀ ਹਰ ਆਵਾਜ਼ ਨੂੰ ਬੁਰੀ ਤਰ੍ਹਾਂ ਕੁਚਲਿਆ ਜਾ ਰਿਹਾ ਸੀ। ਵਿਰੋਧੀ ਅਖ਼ਬਾਰਾਂ ਬੰਦ ਹੋ ਰਹੀਆਂ ਸਨ ਤੇ ਮਜ਼ਦੂਰ ਜਥੇਬੰਦੀਆਂ ਉੱਤੇ ਵੰਨ-ਸਵੰਨੀਆਂ ਪਾਬੰਦੀਆਂ ਲੱਗ ਰਹੀਆਂ ਸਨ। ਅਜਿਹੀ ਸਥਿਤੀ ਵਿਚ ਫ਼ੈਜ਼ ਲਈ ਕੋਈ ਸਰਗਰਮੀ ਕਰਨੀ ਮੁਸ਼ਕਿਲ ਨਜ਼ਰ ਆ ਰਹੀ ਸੀ। 1956 ਵਿਚ ਏਸ਼ੀਆ-ਅਫਰੀਕੀ ਲੇਖਕ-ਸੰਮੇਲਨ ਵਿਚ ਸ਼ਾਮਿਲ ਹੋਣ ਲਈ ਉਹ ਦਿੱਲੀ ਆਏ ਤੇ ਆਪਣੇ ਪੁਰਾਣੇ ਅਦਬੀ ਦੋਸਤਾਂ ਤੇ ਆਪਣੀ ਕਵਿਤਾ ਦੇ ਉਪਾਸ਼ਕਾਂ ਨੂੰ ਮਿਲਣ ਦੇ ਨਾਲ-ਨਾਲ ਵਿਸ਼ਵ ਦੀਆਂ ਹੋਰ ਸਾਹਿਤਕ ਹਸਤੀਆਂ ਨੂੰ ਮਿਲੇ। ਇਸੇ ਹੀ ਲੜੀ ਦੀ ਅਗਲੀ ਕਾਨਫਰੰਸ ਵਿਚ 1958 ਵਿਚ ਤਾਸ਼ਕੰਦ ਵਿਚ ਹੋਈ, ਜਿੱਥੇ ਦਿੱਲੀ ਸੰਮੇਲਨ ਦੇ ਬਣੇ ਸੰਪਰਕ ਹੋਰ ਵੀ ਵਧੇ।

ਪਰ ਇਹਨਾਂ ਹੀ ਦਿਨਾਂ ਵਿਚ ਉਸਦੇ ਆਪਣੇ ਦੇਸ਼ ਵਿਚ ਫੌਜੀ ਰਾਜ-ਪਲਟ ਹੋ ਚੁੱਕਾ ਸੀ। ਵਾਪਸ ਆਉਂਦੇ ਹੀ ਫ਼ੈਜ਼ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਉਸਦੀ ਦੂਜੀ ਗ੍ਰਿਫ਼ਤਾਰੀ ਸੀ। ਇਹ 1958 ਤੋਂ ਅਪ੍ਰੈਲ 1959 ਤੀਕ ਰਹੀ। ਇਹਨਾਂ ਸਾਲਾਂ ਵਿਚ ਲਿਖੀਆਂ ਨਜ਼ਮਾਂ 1965 ਵਿਚ 'ਦਸਤ-ਤਹਿ-ਸੰਗ' ਸੰਗ੍ਰਹਿ ਵਿਚ ਛਪਦੀਆਂ ਹਨ। ਰਿਹਾ ਹੁੰਦੇ ਹੀ ਫ਼ੈਜ਼ ਮਜ਼ਦੂਰਾਂ, ਮੁਲਾਜਮਾਂ ਦੀਆਂ ਜਥੇਬੰਦੀਆਂ ਵਿਚ ਸਰਗਰਮੀ ਨਾਲ ਕੰਮ ਕਰਨ ਲੱਗ ਪਏ। ਨਾਲ ਦੀ ਨਾਲ ਕਦੇ-ਕਦੇ ਨਜ਼ਮ ਵੀ ਲਿਖਦੇ ਰਹੇ। ਉਨ੍ਹਾਂ ਨੂੰ 1962 ਵਿਚ ਲੈਨਿਨ ਸ਼ਾਂਤੀ ਪੁਰਸਕਾਰ ਮਿਲਦਾ ਹੈ। ਉਸਦੀ ਪ੍ਰਾਪਤੀ ਤੋਂ ਬਾਅਦ ਉਹ ਦੋ ਸਾਲ ਜਲਾਵਤਨੀ ਦਾ ਦਰਦ ਹੰਢਾਉਂਦੇ ਹਨ ਤੇ ਉਹ 1964 ਵਿਚ ਵਾਪਸ ਵਤਨ ਪਰਤਦੇ ਹਨ।

ਚੋਣਾਂ ਵਿਚ ਜ਼ੁਲਫਕਾਰ ਅਲੀ ਭੁੱਟੋ ਦੀ ਸਰਕਾਰ ਬਣਦੀ ਹੈ। ਇਹ ਸਰਕਾਰ ਜ਼ਮੀਨੀ ਸੁਧਾਰਾਂ, ਟਰੇਡ ਯੂਨੀਅਨ ਸਰਗਰਮੀਆਂ ਤੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਤੇ ਹੱਕਾਂ ਦੀ

ਰਾਖੀ ਦਾ ਇਕਰਾਰ ਕਰਕੇ ਤਾਕਤ ਵਿਚ ਆਉਂਦੀ ਹੈ। ਫ਼ੈਜ਼ ਨੂੰ 'ਲੋਕ-ਵਿਰਸਾ' ਨੈਸ਼ਨਲ ਇਨਸਟੀਚਿਊਟ ਦਾ ਮੁਖੀ ਬਣਾਇਆ ਜਾਂਦਾ ਹੈ। ਪਰ ਸੁੱਖ ਦੇ ਦਿਨ ਥੋੜ੍ਹੇ ਹੀ ਹਨ। ਛੇਤੀ ਹੀ ਅਰਥਾਤ 1977 ਵਿਚ ਦੂਸਰਾ ਫੌਜੀ ਰਾਜ-ਪਲਟਾ ਹੁੰਦਾ ਹੈ। ਇਸ ਤੋਂ ਬਾਅਦ ਫ਼ੈਜ਼ ਦੀ ਜਲਾਵਤਨੀ ਦਾ ਦੌਰ ਸ਼ੁਰੂ ਹੁੰਦਾ ਹੈ ਜੋ 1982 ਤੀਕ ਚੱਲਦਾ ਹੈ।

9.

ਫ਼ੈਜ਼ ਦੀ ਜ਼ਿੰਦਗੀ ਵੱਡੇ ਘੱਲੂਘਾਰਿਆਂ ਵਿਚ ਦੀ ਲੰਘੀ ਹੈ। ਉਹ ਲਿਖਦਾ ਹੈ ਕਿ ਸਿਆਹੀ ਦੀ ਥਾਂ ਮੈਂ ਜਿਗਰ ਦੇ ਲਹੂ ਵਿਚ ਉਂਗਲਾਂ ਡੁਬੋ ਕਿ ਨਜ਼ਮ ਲਿਖ ਰਿਹਾ ਹਾਂ ਕਿ ਮੈਂ ਹੱਥਕੜੀ ਦੀ ਹਰ ਘੁੰਡੀ ਨੂੰ ਜੀਭ ਲਾ ਦਿੱਤੀ ਹੈ। ਹਾਕਮਾਂ ਦੀ ਕੋਸ਼ਿਸ਼ ਸੀ ਕਿ ਲੋਕਾਂ ਦਾ ਸ਼ਾਇਰ ਚੁੱਪ ਹੋ ਜਾਵੇ, ਤੇ ਲੋਕਾਂ ਦੇ, ਦੇਸ਼ ਦੇ ਦਰਦ ਨੂੰ ਬਿਆਨ ਕਰਨ ਵਾਲਾ ਕੋਈ ਨਾ ਰਹੇ ਤਾਂ ਕਿ ਇਸ ਦੌਰ ਦੇ ਨਕਸ਼-ਨੁਹਾਰ ਦਾ ਕੋਈ ਲਿਖਤੀ ਰਿਕਾਰਡ ਹੀ ਨਾ ਰਹੇ। ਪਰ ਉਨ੍ਹਾਂ ਮੋਟੀ ਬੁੱਧੀ ਵਾਲੇ ਹਾਕਮਾਂ ਤੇ ਫੌਜੀਆਂ ਨੂੰ ਕੀ ਪਤਾ ਸੀ ਕਿ ਫ਼ੈਜ਼ ਦੀਆਂ ਜੇਲ੍ਹ ਵਿਚ ਲਿਖੀਆਂ ਗ਼ਜ਼ਲਾਂ ਤੇ ਨਜ਼ਮਾਂ ਇਸ ਦੌਰ ਦੇ ਕਲੰਕ ਨੂੰ ਸਾਹਿਤਕ ਦਸਤਾਵੇਜ਼ ਬਣਾ ਕੇ ਸਦੀਵੀਂ ਪ੍ਰਮਾਣ ਬਣਾ ਦੇਣਗੀਆਂ।

ਆਓ ਇਸ ਦੂਜੇ ਦੌਰ ਦੀ ਫ਼ੈਜ਼ ਦੀ ਸ਼ਾਇਰੀ ਦਾ ਜ਼ਿਕਰ ਉਸ ਤਰਾਨੇ ਦੇ ਹਵਾਲੇ ਨਾਲ ਕਰੀਏ, ਜਿਹੜਾ ਯੂਜੀਨ- ਪੋਤੀਏ ਦੇ ਕੌਮਾਂਤਰੀ ਗੀਤ ਵਾਂਗ, ਵਿਸ਼ਵ ਦੇ ਲਿਤਾੜੇ, ਜ਼ੁਲਮ ਸਹਿੰਦੇ ਤੇ ਗੁਲਾਮੀ ਦਾ ਜੀਵਨ ਬਤੀਤ ਕਰਦੇ, ਆਜ਼ਾਦੀ ਲਈ ਜੂਝਦੇ ਅਵਾਮ ਦਾ ਕੌਮੀ-ਤਰਾਨਾ ਬਣਨ ਦੇ ਕਾਬਿਲ ਹੈ।

ਦਰਬਾਰੇ ਵਤਨ ਮੇਂ ਜਬ ਇੱਕ ਸਬ ਜਾਨੇ ਵਾਲੇ ਜਾਏਂਗੇ,
ਕੁਛ ਅਪਨੀ ਸਜ਼ਾ ਕੋ ਪਹੁੰਚੇਂਗੇ, ਕੁਛ ਅਪਨੀ ਜਜ਼ਾ ਲੇ ਜਾਏਂਗੇ।

ਐ ਖ਼ਾਕ ਨਸ਼ੀਨੋਂ ਉੱਠ ਬੈਠੋ, ਵੁਹ ਵਕਤ ਕਰੀਬ ਆ ਪਹੁੰਚਾ ਹੈ,
ਜਬ ਤਖਤ ਗਿਰਾਏ ਜਾਏਂਗੇ, ਜਬ ਤਾਜ ਉਛਾਲੇ ਜਾਏਂਗੇ।

ਅਬ ਟੂਟ ਗਿਰੇਂਗੀ ਜ਼ੰਜੀਰੇਂ, ਅਬ ਜ਼ਿੰਦਾਨੋ ਕੀ ਖ਼ੈਰ ਨਹੀਂ,
ਜੋ ਦਰਿਆ ਝੂੰਮ ਕੇ ਉੱਠੇ ਹੈਂ, ਤਿਨਕੋਂ ਸੇ ਨਾ ਟਾਲੇ ਜਾਏਂਗੇ।

ਕਟਤੇ ਭੀ ਚਲੋ, ਬੜਤੇ ਭੀ ਚਲੋ, ਬਾਜੂ ਭੀ ਬਹੁਤ ਹੈ, ਸਰ ਭੀ ਬਹੁਤ,
ਚਲਤੇ ਭੀ ਚਲੋ ਕਿ ਅਬ ਡੇਰੇ ਮੰਜ਼ਿਲ ਪੇ ਹੀ ਡਾਲੇ ਜਾਏਂਗੇ।

ਐ ਜ਼ੁਲਮ ਕੇ ਮਾਤੋ, ਲਬ ਖੋਲ੍ਹੋ, ਚੁੱਪ ਰਹਿਨੇ ਵਾਲੋ, ਚੁੱਪ ਕਬ ਤੱਕ,
ਕੁਛ ਹਸ਼ਰ ਤੋਂ ਉਨਸੇ ਉੱਠੇਗਾ, ਕੁਝ ਦੂਰ ਤੋਂ ਨਾਲੇ ਜਾਏਂਗਾ।
(1. ਜਜ਼ਾ - ਪੁਰਸਕਾਰ, 2. ਜ਼ਿੰਦਾਨੋ - ਜੇਲ੍ਹਖਾਨੇ, 3. ਨਾਲੇ -ਸ਼ੌਰ)

ਇਸ ਦੌਰ ਵਿਚ ਕਵੀ ਦੀ ਦ੍ਰਿਸ਼ਟੀ ਏਨੀ ਵਿਸ਼ਾਲ ਹੋ ਜਾਂਦੀ ਹੈ ਕਿ ਜਿੱਥੇ ਕਿਤੇ ਵੀ ਅਵਾਮ ਉੱਤੇ ਜ਼ੁਲਮ ਹੁੰਦਾ ਹੈ, ਜਿੱਥੇ-ਜਿੱਥੇ ਤੀਸਰੇ ਜਗਤ ਦੇ ਲੋਕ, ਆਜ਼ਾਦੀ ਇਨਸਾਫ ਤੇ ਅਮਨ ਲਈ ਲੜ ਰਹੇ ਹਨ, ਕਵੀ ਉਹਨਾਂ ਦੇ ਨਾਲ ਤੇ ਕੋਲ ਖੜਾ ਹੈ। ਕੀ ਅਫ਼ਰੀਕਾ, ਕੀ ਇਰਾਨ ਤੇ ਕੀ ਫਲਸਤੀਨ, ਉਸ ਲਈ ਇਹ ਜੂਝਦੇ ਹੋਏ ਅਵਾਮ ਮਾਂ-ਪਿਉ ਜਾਏ



ਪ੍ਰਤੀਤ ਹੁੰਦੇ ਹਨ। ਈਰਾਨ ਵਿਚ ਤਾਨਾਸ਼ਾਹਾਂ ਦੀ ਗੋਲੀਆਂ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਬਾਰੇ ਲਿਖਦਿਆਂ

**ਯੇ ਕੌਨ ਜਵਾਂ ਹੈ ਅਰਜ਼ੇ ਜਨਮ (ਈਰਾਨ ਦੀ ਧਰਤੀ)**
**ਯੇ ਲਖਲੁਟ ਜਿਨਕੇ ਜਿਸਮੋਂ ਕੀ**
**ਭਰਪੂਰ ਜਵਾਨੀ ਕਾ ਕੁੰਦਨ**
**ਯੂੰ ਖ਼ਾਕ ਮੇਂ ਰੇਜ਼ਾ ਰੇਜ਼ਾ ਹੈ**
**ਯੂੰ ਕੂਚਾ ਕੂਚਾ ਬਿਖਰਾ ਹੈ।**
**(ਈਰਾਨੀ ਤੁਲਬਾ ਕੇ ਨਾਮ ਪੰਨਾ 179, ਸਾਰੇ ਸੁਖ਼ਨ ਹਮਾਰੇ)**

ਇੰਝ ਹੀ ਦੋ ਅਮਰੀਕੀ ਸਾਇੰਸਦਾਨਾਂ ਈਥਲ ਤੇ ਜੂਲੀਅਸ ਰੋਜ਼ਨਬਰਗ ਦੀ ਫਾਂਸੀ ਦੇ ਬਾਰੇ ਲਿਖੀ ਨਜ਼ਮ

ਤੇਰੇ ਹੋਠੋਂ ਕੇ ਫੂਲੋਂ ਕੀ ਚਾਹਤ ਮੇਂ ਹਮ,
ਦਾਰ ਕੀ ਖੁਸ਼ਕ ਟਹਿਨੀ ਪੇ ਵਾਰੇ ਗਏ
ਤੇਰੇ ਹਾਥੋਂ ਕੀ ਸ਼ਮੋਂਹ ਕੀ ਹਸਰਤ ਮੇਂ ਹਮ
ਨੀਮ-ਤਾਰੀਕ ਰਾਹੋਂ ਮੇਂ ਮਾਰੇ ਗਏ।

ਉਸ ਲਈ ਫਲਸਤੀਨੀ ਲੋਕਾਂ ਦਾ ਕਈ ਦਹਾਕੇ ਚੱਲਿਆ ਸੰਘਰਸ਼ ਤੇ ਬੈਰੂਤ ਉੱਤੇ ਹੋਏ, ਅਮਰੀਕਾ ਦੇ ਸ਼ਿਸ਼ਕਾਰੇ, ਅਜ਼ਰਾਈਲੀਆਂ ਵਲੋਂ ਹੋਏ ਧੱਕੜਸ਼ਾਹ ਹਮਲੇ, ਨਜ਼ਰਅੰਦਾਜ ਨਹੀਂ ਸੀ ਹੋ ਸਕਦੇ। ਫ਼ੈਜ਼ ਨੂੰ ਲੈਨਿਨ ਗਰਾਡ ਦੀ ਰਾਖੀ ਲਈ ਲੜਦੇ ਅਵਾਮ ਦਾ ਚੇਤਾ ਨਹੀਂ ਭੁੱਲਦਾ ਤੇ ਨਾ ਹੀ ਦੱਖਣੀ ਅਫਰੀਕਾ ਦੇ ਆਜ਼ਾਦੀ ਦੇ ਪ੍ਰਵਾਨਿਆਂ ਦਾ ਹੀ।

**ਆ ਜਾਓ! ਮੈਂਨੇ ਸੁਨ ਲੀ ਤਿਰੇ ਢੋਲ ਕੀ ਤਰੰਗ,**
**ਆ ਜਾਓ! ਮਸਤ ਹੋ ਗਈ ਮੇਰੇ ਲਹੂ ਕੀ ਤਾਲ।**
**ਆ ਜਾਓ! ਅਫਰੀਕਾ।**

10.

ਪਰ ਸਭ ਤੋਂ ਔਖੇ ਸਨ, ਉਹ ਸਾਲ ਜਿਹੜੇ ਫ਼ੈਜ਼ ਨੇ, ਮਜ਼ਬੂਰੀ ਵੱਸ ਦੇਸ਼ ਤੋਂ ਬਾਹਰ ਦੇਸ਼-ਨਿਕਾਲੇ ਦੇ ਰੂਪ ਵਿਚ ਕੱਟੇ। ਇੱਕ ਸੰਵੇਦਨਸ਼ੀਲ ਕਵੀ ਲਈ ਆਪਣੇ ਦੇਸ਼ ਦੇ ਅਵਾਮ ਤੇ ਉਹਨਾਂ ਦੇ ਨਿਤਾ-ਪ੍ਰਤੀ ਸੰਘਰਸ਼ਾਂ ਜਿੱਤਾਂ, ਹਾਰਾਂ ਤੇ ਦੁਸ਼ਵਾਰੀਆਂ ਤੋਂ ਮਜ਼ਬੂਰੀ ਵੱਸ ਦੂਰ ਰਹਿਣਾ ਬਹੁਤ ਮੁਸ਼ਕਿਲ ਹੁੰਦਾ ਹੈ। ਸੈਰ-ਸਪਾਟੇ ਲਈ ਮਿੱਤਰਾਂ ਤੇ ਸ਼ੁਭਚਿੰਤਕਾਂ ਦੇ ਸੱਦੇ ਉੱਤੇ ਵਿਦੇਸ਼ ਜਾਣਾ, ਖੁਸ਼ੀਆਂ ਭਰਿਆ ਮੌਕਾ ਹੁੰਦਾ ਹੈ, ਪਰ ਸਰਕਾਰੀ ਜਬਰ ਦਾ ਸ਼ਿਕਾਰ ਹੋ ਕੇ ਬਾਹਰ ਦਿਨ ਕੱਟਣੇ, ਔਖੇ ਹੁੰਦੇ ਹਨ। ਇਹੀ ਕਾਰਨ ਹੈ ਕਿ ਪ੍ਰਵਾਸ ਸਮੇਂ ਫ਼ੈਜ਼ ਨੇ ਘੱਟ ਲਿਖਿਆ ਹੈ ਤੇ ਜੋ ਲਿਖਿਆ ਵੀ ਹੈ, ਉਹ ਆਪਣੇ ਦੇਸ਼ ਵਿਚ ਰਹਿੰਦਿਆਂ, ਜੇਲ੍ਹ ਸਮੇਂ, ਜਾਂ ਜੇਲ੍ਹ ਤੋਂ ਬਾਹਰ ਦੇ ਸਮੇਂ ਨਾਲੋਂ ਵੱਖਰੀ ਤਰ੍ਹਾਂ ਦਾ ਹੈ ਤੇ ਉਸ ਪੱਧਰ ਦਾ ਵੀ ਨਹੀਂ। ਪਾਕਿਸਤਾਨ ਵਿਚ ਇਹ ਮਖੌਲ ਵੀ ਚੱਲਦਾ ਸੀ ਕਿ "ਜੇ ਫ਼ੈਜ਼ ਕੋਲੋਂ ਸ਼ਾਇਰੀ ਕਰਵਾਉਣੀ ਹੈ ਤਾਂ ਉਸ ਨੂੰ ਜੇਲ੍ਹ ਭੇਜ ਦਿਓ।" ਜੇਲ੍ਹ-ਜੀਵਨ ਦਾ ਕਲਾਮ ਤੇ ਦੇਸ਼-ਨਿਕਾਲੇ ਵੇਲੇ ਦਾ ਕਲਾਮ, ਦੋਹਾਂ ਵਿਚ ਕਾਵਿ-ਮੁਹਾਵਰਾ ਹੀ ਨਹੀਂ ਬਦਲਦਾ, ਸਗੋਂ ਜਜ਼ਬੇ ਦੀ ਸ਼ਿੱਦਤ ਵਿਚ ਵੀ ਢੇਰ ਫਰਕ ਪੈ ਗਿਆ ਸੀ। ਪ੍ਰਵਾਸ ਸਮੇਂ ਕੀਤੀ ਸ਼ਾਇਰੀ ਵਿਚ ਉਦਾਸੀ ਦਾ ਰੰਗ ਘਣੇਰਾ ਹੈ। ਕਵੀ ਨੂੰ ਇਕੱਲਤਾ ਤੰਗ ਕਰਦੀ ਹੈ।

**ਇਸ ਘੜੀ ਕੋਈ ਕਿਸੀ ਕਾ ਭੀ ਨਹੀਂ, ਰਹਿਨੇ ਦੋ**

**ਕੋਈ ਇਸ ਵਕਤ ਮਿਲੇਗਾ ਭੀ ਨਹੀਂ, ਰਹਿਨੇ ਦੋ**
**ਔਰ ਮਿਲੇਗਾ ਭੀ ਤੋਂ ਇਸ ਤੌਰ ਕਿ ਪਛਤਾਓਗੇ**
**ਇਸ ਘੜੀ ਐ ਦਿਲੇ-ਅਵਾਰਾ ਕਹਾਂ ਜਾਓਗੇ ?**

ਸੰਭਵ ਹੈ ਇਸਦਾ ਕਾਰਨ ਉਮਰ ਦਾ ਢਲ ਜਾਣਾ, ਜਾਂ ਚਿੰਤਨ ਦੀ ਗਹਿਰਾਈ ਹੋਵੇ, ਪਰ ਮੇਰੇ ਖ਼ਿਆਲ ਵਿਚ ਇਸਦਾ ਮੁੱਖ ਕਾਰਨ ਆਪਣੇ ਲੋਕਾਂ, ਦੋਸਤਾਂ, ਸਨੇਹੀਆਂ ਅਥਵਾ ਸ਼ੁੱਭ-ਚਿੰਤਕਾਂ ਤੋਂ ਦੂਰੀ ਤੇ ਵਿਛੋੜਾ ਹੈ। ਇਹ ਵੀ ਸੰਭਵ ਹੈ ਕਿ ਸਾਰੇ ਸੰਸਾਰ ਦੇ ਲਿਤਾੜੇ ਤੇ ਆਜ਼ਾਦੀ ਅਮਨ ਤੇ ਇਨਸਾਫ ਲਈ ਲੜਦੇ ਲੋਕਾਂ ਨੂੰ ਵੇਖ ਤੇ ਅਨੁਭਵ ਕਰਕੇ ਉਨ੍ਹਾਂ ਨੂੰ ਆਪਣੇ ਦੁੱਖ ਛੋਟੇ ਜਾਂ ਜ਼ਿਕਰਯੋਗ ਨਾ ਲੱਗਦੇ ਹੋਣ। ਪਰ ਇਹ ਵੀ ਫਖ਼ਰ ਦੀ ਗੱਲ ਹੈ ਕਿ ਇਸ ਸਟੇਜ ਉੱਤੇ ਪਹੁੰਚ ਕੇ ਫ਼ੈਜ਼ ਹੁਣ ਕੌਮਾਂਤਰੀ ਹਸਤੀ ਤੇ ਵਿਸ਼ਵ ਕਵੀ ਪ੍ਰਵਾਨ ਹੋ ਚੁੱਕਾ ਸੀ। ਅਮਨ ਕਾਨਫਰੰਸਾਂ ਸਮੇਂ ਉਸਨੂੰ ਵਿਸ਼ਵ ਦੀਆਂ ਹਸਤੀਆਂ ਨਾਲ ਮਿਲਣ ਤੇ ਗੁਫ਼ਤਗੂ ਕਰਨ ਦਾ ਅਕਸਰ ਹੀ ਅਵਸਰ ਮਿਲਦਾ ਰਹਿੰਦਾ ਸੀ। ਰੂਸ ਵਿਚ ਬਣਵਾਸ ਦਾ ਸੰਤਾਪ ਭੋਗਦੇ ਤੁਰਕੀ ਦੇ ਮਹਾਨ ਕਵੀ ਨਾਜ਼ਮ ਨਾਲ ਉਸ ਦੀ ਹੋਈ ਖੁੱਲੀ ਮੁਲਾਕਾਤ ਇਸ ਦਾ ਪ੍ਰਮਾਣ ਹੈ।

ਇਸ ਪੜਾਅ ਅਥਵਾ ਮੁਕਾਮ ਉੱਤੇ ਪਹੁੰਚ ਕੇ ਉਸ ਦੀ ਭਾਸ਼ਾ ਕਾਫ਼ੀ ਹੱਦ ਤੀਕ ਬਦਲ ਜਾਂਦੀ ਹੈ। ਅਰਬੀ-ਫਾਰਸੀ ਦੇ ਹਵਾਲੇ, ਪ੍ਰਤੀਕ ਤੇ ਲਫਜ਼ ਘੱਟ ਹੁੰਦੇ ਜਾਂਦੇ ਹਨ ਅਤੇ ਉਹਨਾਂ ਦੀ ਕਾਵਿ-ਸ਼ੈਲੀ ਵਿਚ 'ਮੇਰੇ ਯਾਰੋ, ਮੇਰੇ ਦੋਸਤੋ' ਵਰਗੇ ਸੰਬੋਧਨ ਆਮ ਹੁੰਦੇ ਜਾਂਦੇ ਹਨ। ਇਹਨਾਂ ਹੀ ਵੇਲਿਆਂ ਦਾ ਇੱਕ ਹਰ ਤਰਾਨਾ ਇਸ ਪ੍ਰਸੰਗ ਵਿਚ ਵੇਖਣ ਵਾਲਾ ਹੈ। ਕਵੀ ਇੰਝ ਬੋਲਦਾ ਹੈ, ਜਿਵੇਂ ਆਪਣੇ ਦੇਸ਼ ਦਾ ਕੌਮੀ ਗੀਤ ਲਿਖ ਰਿਹਾ ਹੋਵੇ,

**ਹਮ ਮਿਹਨਤਕਸ਼ ਜੱਗ ਵਾਲੋਂ ਸੇ, ਜਬ ਅਪਨਾ ਹਿੱਸਾ ਮਾਂਗੇਂਗੇ,**
**ਇੱਕ ਖੇਤ ਨਹੀਂ, ਇੱਕ ਦੇਸ਼ ਨਹੀਂ, ਹਮ ਸਾਰੀ ਦੁਨੀਆਂ ਮਾਗੇਂਗੇ।**

**ਯਾਂ ਸਾਗਰ ਸਾਗਰ ਮੋਤੀ ਹੈ, ਯਾਂ ਪਰਬਤ ਪਰਬਤ ਹੀਰੇ ਹੈਂ,**
**ਯੇ ਸਾਰਾ ਮਾਲ ਹਮਾਰਾ ਹੈ, ਹਮ ਸਾਰਾ ਖਜ਼ਾਨਾ ਮਾਗੇਂਗੇ।**

**ਜੋ ਖੂਨ ਬਹਾ, ਜੋ ਬਾਗ ਉਜੜੇ, ਜੋ ਗੀਤ ਦਿਲੋਂ ਮੇਂ ਕਤਲ ਹੁਏ,**
**ਹਰ ਕਤਰੇ ਕਾ, ਹਰ ਗੁੰਚੇ ਕਾ, ਹਰ ਗੀਤ ਕਾ ਬਦਲਾ ਮਾਗੇਂਗੇ।**

**ਸੇ ਸੇਠ ਵਿਉਪਾਰੀ ਰਜਵਾੜੇ ਦਸ ਲਾਖ, ਤੋ ਹਮ ਦਸ ਲਾਖ ਕਰੋੜ,**
**ਯੇ ਕਿਤਨੇ ਦਿਨ ਅਮਰੀਕਾ ਸੇ, ਜੀਨੇ ਕਾ ਸਹਾਰਾ ਮਾਗੇਂਗੇ।**
**ਜਬ ਸਫ਼ ਸੀਧੀ ਹੋ ਜਾਏਗੀ, ਜਬ ਸਭ ਝਗੜੇ ਮਿਟ ਜਾਏਂਗੇ,**
**ਹਰ ਇੱਕ ਦੇਸ਼ ਦੇ ਝੰਡੇ ਪਰ, ਇਕ ਲਾਲ ਸਿਤਾਰਾ ਮਾਗੇਂਗੇ।**

**(ਸਾਰੇ ਸੁਖ਼ਨ ਹਮਾਰੇ ਪੰਨਾ 252)**

ਅਜਿਹੇ ਗੀਤ ਦੀ ਮਿਸਾਲ ਕੇਵਲ ਸਰ ਮੁਹੰਮਦ ਇਕਬਾਲ ਦੇ ਗੀਤ "ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਂ ਹਮਾਰਾ" ਦੀ ਹੀ ਦਿੱਤੀ ਜਾ ਸਕਦੀ ਹੈ। ਪਰ ਉਸ ਗੀਤ ਦਾ ਘੇਰਾ ਕੇਵਲ ਭਾਰਤ ਤੀਕ ਹੀ ਸੀਮਤ ਸੀ ਤੇ ਬਾਅਦ ਵਿਚ ਤਾਂ ਉਸਦਾ ਪ੍ਰਸੰਗ ਤੇ ਭਾਵਨਾ ਹੀ ਬਦਲ ਦਿੱਤੀ ਗਈ ਸੀ।



**11.**

ਫ਼ੈਜ਼ ਸਾਹਿਬ ਨੇ ਲੰਮੇ ਸਮੇਂ ਲਈ ਦੇਸ਼-ਨਿਕਾਲੇ ਦੀਆਂ ਦੁਸ਼ਵਾਰੀਆਂ ਝੱਲੀਆਂ ਸਨ, ਐਪਰ ਇਸ ਅਨੁਭਵ ਬਾਰੇ ਬੜਾ ਥੋੜ੍ਹਾ ਲਿਖਿਆ ਹੈ। ਇਸ ਅਨੁਭਵ ਦੀ ਪ੍ਰਤੀਨਿਧ ਨਜ਼ਮ ਹੈ, "ਦਿਲੇ-ਮਨ ਮੁਸਾਫਿਰੇ ਮਨ"

**ਮਿਰੇ ਦਿਲ, ਮਿਰੇ ਮੁਸਾਫਿਰ**
**ਹੂਆ ਫਿਰ ਸੇ ਹੁਕਮ ਸਾਦਿਰ**
**ਕਿ ਵਤਨ-ਬਦਰ ਹੋਂ ਹਮ ਤੁੰਮ**
**ਦੇਂ ਗਲੀ ਗਲੀ ਸਦਾਏਂ**
**ਕਰੇਂ ਰੁਖ਼ ਨਗਰ ਨਗਰ ਕਾ**
**ਕਿ ਸੁਰਾਗ਼ ਕੋਈ ਪਾਏਂ**
**ਕਿਸੀ ਯਾਰ-ਏ-ਨਾਮਾ-ਬਰ ਕਾ**
**ਹਰ ਏਕ ਅਜਨਬੀ ਸੇ ਪੂਛੇਂ**
**ਜੋ ਪਤਾ ਥਾ ਅਪਨੇ ਘਰ ਕਾ**
**ਸਰ-ਏ-ਕੂ-ਏ-ਨਾਆਸ਼ਨਾਯਾ**
**ਹਮੇਂ ਦਿਨ ਸੇ ਰਾਤ ਕਰਨਾ**
**ਕਭੀ ਉਸ ਸੇ ਬਾਤ ਕਰਨਾ**
**ਤੁਮੇਂ ਕਿਆ ਕਹੂੰ ਕਿ ਕਿਆ ਹੈ**
**ਸ਼ਬੇ-ਏ-ਗ਼ਮ ਬੁਰੀ ਬਲਾ ਹੈ**
**ਹਮੇਂ ਯੇਹ ਭੀ ਥਾ ਗ਼ਨੀਮਤ**
**ਜੋ ਕੋਈ ਸ਼ੁਮਾਰ ਹੋਤਾ।**
**ਹਮੇਂ ਕਿਆ ਬੁਰਾ ਥਾ ਮਰਨਾ**
**ਅਗਰ ਏਕ ਬਾਰ ਹੋਤਾ। (ਲੰਡਨ 1978)**

**(1. ਐਲਾਨ, 2. ਦੇਸ਼ ਨਿਕਾਲਾ, 3. ਡਾਕੀਆ, 4. ਬਗਾਨੀਆਂ ਗਲੀਆਂ)**

ਕਵੀ ਦੀ ਇਹ ਪੀੜ ਹੋਰ ਵੀ ਕਈ ਨਜ਼ਮਾਂ ਵਿਚ ਪ੍ਰਗਟ ਹੋਈ ਹੈ। ਭਾਵੇਂ ਕਵੀ ਫਲਸਤੀਨੀ ਅਵਾਮ ਦੇ ਦੇਸ਼-ਨਿਕਾਲੇ ਦੀ ਗੱਲ ਕਰਨ ਲੱਗਦਾ ਹੈ, ਪਰ ਬਦੋ-ਬਦੀ ਉਸਦੀ ਆਪਣੀ ਜਲਾਵਤਨੀ ਦਾ ਜ਼ਿਕਰ ਆਣ ਛਿੜਦਾ ਹੈ। ਉਸਦਾ ਨਿੱਜੀ ਦਰਦ ਫਲਸਤੀਨੀਆਂ ਦੇ ਦਰਦ ਨਾਲ ਘੁਲ-ਮਿਲ ਜਾਂਦਾ ਹੈ। "ਫੂਲ ਮੁਰਝਾ ਗਏ ਹੈ ਸਾਰੇ" "ਫਲਸਤੀਨ ਕੇ ਲੀਏ", "ਮੇਰੇ ਮਿਲਨੇ ਵਾਲੇ", 'ਗਾਂਵ ਕੀ ਸੜਕ" ਆਦਿ ਨਜ਼ਮਾਂ ਇਸੇ ਹੀ ਪੀੜ ਦੀ ਤਰਜਮਾਨੀ ਕਰਦੀਆਂ ਹਨ।

"ਸਾਰੇ ਸੁਖ਼ਨ ਹਮਾਰੇ" ਕਾਵਿ-ਗ੍ਰੰਥ ਦੇ ਵਰਕੇ ਉਥੱਲਦਿਆਂ ਇਕ ਹੋਰ ਨਜ਼ਮ ਮੇਰੀਆਂ ਨਜ਼ਰਾਂ ਨੂੰ ਰੋਕ ਲੈਂਦੀ ਹੈ। ਇਸ ਦਰਦਨਾਕ ਨਜ਼ਮ ਦਾ ਨਾਂ ਹੈ "ਹਮ ਤੋਂ ਮਜਬੂਰੇ ਵਫ਼ਾ ਹੈ"। ਇਸ ਨਜ਼ਮ ਵਿਚ ਕਵੀ ਆਪਣੇ ਮੁਲਕ ਨੂੰ ਸੰਬੋਧਨ ਹੋ ਕੇ ਪੁੱਛਦਾ ਹੈ ਕਿ

**ਤੁਝ ਕੋ ਕਿਤਨੋਂ ਕਾ ਲਹੂ ਚਾਹੀਏ ਐ ਅਰਜ਼ੇ-ਵਤਨ**
**ਜੋ ਤਿਰੇ ਆਰਿਜ਼ੇ-ਬੇਰੰਗ ਕੋ ਗੁਲਨਾਰ ਕਰੇ।**
**ਕਿਤਨੀ ਆਹੋਂ ਸੇ ਕਲੇਜਾ ਤੇਰਾ ਠੰਢਾ ਹੋਗਾ,**
**ਕਿਤਨੇ ਆਂਸੂ ਤਿਰੇ ਸਹਿਰਾਓਂ ਕੋ ਗੁਲਜ਼ਾਰ ਕਰੇ।**

**(ਸਾਰੇ ਸੁਖ਼ਨ ਹਮਾਰੇ ਪੰਨਾ 297)**

ਫ਼ੈਜ਼ ਦੀ ਸਮੁੱਚੀ ਸ਼ਾਇਰੀ ਦੇ ਪ੍ਰਸੰਗ ਵਿਚ ਅਕਸਰ ਹੀ ਇਹ ਸਵਾਲ ਕੀਤਾ ਜਾਂਦਾ ਹੈ ਕਿ ਆਖ਼ਰ ਉਸ ਵਿਚ ਕਿਹੜਾ ਐਸਾ ਗੁਣ ਹੈ ਕਿ ਲੋਕ, ਹੋਰਨਾਂ ਸ਼ਾਇਰਾਂ ਦੇ ਟਾਕਰੇ ਉੱਤੇ ਉਸਦੀ ਸ਼ਾਇਰੀ ਵੱਲ ਖਿੱਚੇ ਆਉਂਦੇ ਹਨ ? ਫ਼ੈਜ਼ ਨੇ ਵੇਲੇ ਦੇ ਹਾਕਮਾਂ ਹੱਥੋਂ ਹਰ ਤਰ੍ਹਾਂ ਦੀਆਂ ਤਕਲੀਫਾਂ ਤੇ ਪ੍ਰੇਸ਼ਾਨੀਆਂ ਬਰਦਾਸ਼ਤ ਕੀਤੀਆਂ ਸਨ, ਪਰ ਉਸ ਦੀ ਸਮੁੱਚੀ ਸ਼ਾਇਰੀ, ਪੜ੍ਹਨ ਵਾਲਿਆਂ ਦੇ, ਹੌਂਸਲੇ ਨੂੰ ਬੁਲੰਦ ਕਰਦੀ ਹੈ। ਇਹ ਅਤਿ ਦੇ ਔਖੇ ਹਾਲਾਤ ਵਿਚ ਬੰਦੇ ਨੂੰ ਡੋਲਣ ਨਹੀਂ ਦਿੰਦੀ, ਇਹ ਪਾਠਕ ਦੇ ਹਿਰਦੇ ਵਿਚ ਆਤਮ-ਵਿਸ਼ਵਾਸ ਪੈਦਾ ਕਰਦੀ ਤੇ ਕਦੇ ਵੀ ਆਸ-ਉਮੀਦ ਦੇ ਚਿਰਾਗਾਂ ਨੂੰ ਬੁੱਝਣ ਨਹੀਂ ਦਿੰਦੀ। ਸੰਖੇਪ ਵਿਚ ਇਹ ਫਾਸਿਜ਼ਮ ਤੇ ਤਾਨਾਸ਼ਾਹੀ ਦੇ ਕਾਲੇ ਘਿਨਾਉਣੇ ਵੇਲਿਆਂ ਵਿਚ ਮਨੁੱਖ ਨੂੰ ਲੜਦੇ ਤੇ ਅੜਦੇ ਰਹਿਣ ਲਈ, ਇਨਸਾਨੀ ਹੱਕਾਂ ਤੇ ਆਜ਼ਾਦੀ ਲਈ ਮਨੁੱਖ ਦੇ ਸਵੈਮਾਣ ਲਈ ਜੂਝਣਾ ਸਿਖਾਉਂਦੀ ਹੈ। ਇਹ ਜ਼ੁਲਮ ਦੇ ਖਾਤਮੇ ਅਤੇ ਚੰਗੇਰੇ ਦਿਨਾਂ ਦੀ ਆਮਦ ਵਿਚ ਪਾਠਕ ਦੇ ਵਿਸ਼ਵਾਸ ਨੂੰ ਕਾਇਮ ਰੱਖਦੀ ਹੈ। ਅਜਿਹੀ ਸ਼ਾਇਰੀ ਜ਼ਿੰਦਗੀ ਦੀ ਸੁੰਦਰਤਾ ਨੂੰ ਮਾਨਣ ਲਈ ਪ੍ਰੇਰਿਤ ਕਰਦੀ ਹੈ। ਧਰਤੀ ਦੇ ਕਾਤਲਾਂ, ਅਮਨ ਦੇ ਵੈਰੀਆਂ ਵਿਰੁੱਧ, ਮਨਾਂ ਵਿਚ ਘਿਰਣਾ ਪੈਦਾ ਕਰਦੀ ਹੈ। ਫ਼ੈਜ਼ ਦੀ ਸ਼ਾਇਰੀ ਭਵਿੱਖ ਵਿਚ ਬੰਦੇ ਦੇ ਵਿਸ਼ਵਾਸ ਨੂੰ ਪੱਕਾ ਕਰਦੀ ਹੈ। ਇਸ ਪ੍ਰਸੰਗ ਵਿਚ ਕੇਵਲ ਇੱਕ ਨਜ਼ਮ ਦਾ ਹਵਾਲਾ ਦੇਣਾ ਆਵੱਸ਼ਕ ਪ੍ਰਤੀਤ ਹੁੰਦਾ ਹੈ। ਇਸ ਨਜ਼ਮ ਦਾ ਨਾਂ "ਤਰਾਨਾ-2"

**ਹਮ ਦੇਖੇਂਗੇ**
**ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ**
**ਵੋਹ ਦਿਨ ਕਿ ਜਿਨ ਕਾ ਵਾਅਦਾ ਹੈ**
**ਜੋ ਲੋਹੇ-ਅਜ਼ਲ[1] ਮੇਂ ਲਿਖਾ ਹੈ**
**ਜਬ ਜ਼ੁਲਮੋਂ-ਸਿਤਮ ਕੇ ਕੋਹੇ-ਗਰਾਂ[2]**
**ਰੂਈ ਕੀ ਤਰ੍ਹਾਂ ਉੜ ਜਾਏਂਗੇ**
**ਹਮ ਮਹਿਕੂਮੋਂ[3] ਕੇ ਪਾਵ ਤਲੇ**
**ਜਬ ਧਰਤੀ ਧੜ ਧੜ ਧੜਕੇਗੀ**
**ਔਰ ਅਹਿਲੇ-ਹਿਕਮ[4] ਕੇ ਸਰ ਊਪਰ**
**ਜਬ ਬਿਜਲੀ ਕੜ-ਕੜ ਕੜਕੇਗੀ**
**ਜਬ ਅਰਜ਼-ਏ-ਖ਼ੁਦਾ[5] ਕੇ ਕਾਹਬੇ ਸੇ**
**ਸਭ ਬੁੱਤ ਉਠਵਾਏ ਜਾਏਂਗੇ**
**ਹਮ ਅਹਿਲੇ-ਸਫ਼ਾ,[6] ਮਰਦੂਦ-ਏ-ਹਰਮ[7]**
**ਮਸਨਦ ਪੇ ਬਿਠਾਏ ਜਾਏਂਗੇ**
**ਸਭ ਤਾਜ ਉਛਾਲੇ ਜਾਏਂਗੇ**
**ਜਬ ਤਖਤ ਗਿਰਾਏ ਜਾਏਂਗੇ**
**ਬਸ ਨਾਮ ਰਹੇਗਾ ਅੱਲਾ ਕਾ**
**ਜੋ ਗਾਇਬ ਭੀ ਹੈ, ਹਾਜ਼ਿਰ ਭੀ**
**ਜੋ ਮੰਜ਼ਰ[8] ਭੀ ਹੈ, ਨਾਜ਼ਿਰ[9] ਭੀ**
**ਉੱਠੇਗਾ ਅਨ-ਉੱਲ-ਹੱਕ[10] ਕਾ ਨਾਰ੍ਹਾ**
**ਜੋ ਮੈਂ ਭੀ ਹੂੰ ਔਰ ਤੁਮ ਭੀ ਹੋ**



**ਔਰ ਰਾਜ ਕਰੇਗੀ ਖ਼ਲਕੇ-ਖ਼ੁਦਾ[11]**
**ਜੋ ਮੈਂ ਭੀ ਹੂੰ ਔਰ ਤੁਮ ਭੀ ਹੋ।**

**(ਸਾਰੇ ਸੁਖ਼ਨ ਹਮਾਰੇ ਪੰਨਾ 322)**

(1. ਕਿਸਮਤ, 2. ਭਾਰੀ ਪਹਾੜ, 3. ਦੱਬੇ ਕੁਚਲੇ, 4. ਹਾਕਮ, 5. ਖ਼ੁਦਾ ਦੀ ਧਰਤੀ, 6. ਸੱਚੇ ਲੋਕ, 7. ਕੱਟੜ ਪੰਥੀਆਂ ਵਲੋਂ ਦਬਾਏ ਲੋਕ 8. ਦ੍ਰਿਸ਼, 9. ਦਰਸ਼ਨ, 10. ਮੈਂ ਸੱਚ ਹਾਂ, 11 ਅਵਾਮ)

ਪੁੱਛਿਆ ਜਾਂਦਾ ਹੈ ਕਿ ਫ਼ੈਜ਼ ਦੀ ਸ਼ਾਇਰੀ ਵਿਚ ਏਨੀ ਤਾਕਤ, ਏਨਾ ਹੌਂਸਲਾ, ਏਨਾ ਆਤਮ-ਵਿਸ਼ਵਾਸ ਕਿੱਥੇ ਤੇ ਕਿਵੇਂ ਆਉਂਦਾ ਸੀ। ਫ਼ੈਜ਼ ਨੂੰ ਜਨ-ਸਮੂਹ ਵਿਚ ਭਰੋਸਾ ਸੀ। ਉਹ ਆਮ ਲੋਕਾਂ ਦੀ ਸ਼ਕਤੀ ਨੂੰ ਜਾਣਦਾ, ਪਛਾਣਦਾ ਸੀ। ਉੱਪਰ ਪੇਸ਼ ਕਵਿਤਾ ਇਸਦਾ ਸਪੱਸ਼ਟ ਪ੍ਰਮਾਣ ਪੇਸ਼ ਕਰਦੀ ਹੈ। ਫ਼ੈਜ਼ ਦਾ ਕਲਾਮ ਸਾਨੂੰ ਮਨੁੱਖ ਦੇ ਉੱਜਲੇ ਭਵਿੱਖ ਵਿਚ ਵਿਸ਼ਵਾਸ ਨੂੰ ਦ੍ਰਿੜ ਕਰਾਉਂਦਾ ਹੈ। ਉਹ ਆਪਣੀ ਸਾਰੀ ਹੱਯਾਤੀ ਮਨੁੱਖ ਦੇ ਕਲਿਆਣ, ਆਜ਼ਾਦੀ, ਇਨਸਾਫ ਤੇ ਚੰਗੇਰੇ ਭਵਿੱਖ ਲਈ ਜੂਝਿਆ ਤੇ ਜੀਵਿਆ ਸੀ।

ਇਹ ਅਜ਼ੀਮ ਤੇ ਹਰਮਨ ਪਿਆਰਾ ਕਵੀ 20 ਨਵੰਬਰ 1984 ਮੰਗਲਵਾਰ ਨੂੰ ਮੇਓ ਹਸਪਤਾਲ ਲਾਹੌਰ ਵਿਚ ਚਲਾਣਾ ਕਰ ਗਿਆ।

"ਸਾਰੇ ਸੁਖ਼ਨ ਹਮਾਰੇ" ਦਾ ਪਾਠ ਸਾਨੂੰ ਮਨੁੱਖੀ ਹੱਕਾਂ-ਹਿੱਤਾਂ ਲਈ ਜੂਝਣ ਦਾ ਸੰਦੇਸ਼ ਦੇਣ ਵਾਲਾ ਪਾਕ-ਗ੍ਰੰਥ ਹੈ। ਅਜਿਹਾ ਦਸਤਾਵੇਜ਼ੀ ਕਲਾਮ ਮਨੁੱਖਤਾ ਦੀ ਮਹਾਨ ਪ੍ਰਾਪਤੀ ਹੈ। ਉਹ ਪਾਕਿਸਤਾਨ ਜਾਂ ਹਿੰਦੁਸਤਾਨ ਦਾ, ਉਰਦੂ ਦਾ ਜਾਂ ਪੰਜਾਬੀ ਦਾ ਹੀ ਕਵੀ ਨਹੀਂ ਸੀ, ਉਹ ਵਿਸ਼ਵ ਦਾ ਸਰਬ-ਸਾਂਝਾ ਅਜ਼ੀਮ ਸ਼ਾਇਰ ਹੈ। ਅਜਿਹੇ ਸ਼ਾਇਰ ਰੋਜ਼-ਰੋਜ਼ ਪੈਦਾ ਨਹੀਂ ਹੁੰਦੇ।

(21-12-2010)

**ਸਹਾਇਕ ਪੁਸਤਕ ਸੂਚੀ**


1. ਸਾਰੇ ਸੁਖ਼ਨ ਹਮਾਰੇ (ਸਮੁੱਚੀਆਂ ਕਵਿਤਾਵਾਂ) ਫ਼ੈਜ਼ ਅਹਿਮਦ ਫ਼ੈਜ਼, ਰਾਜ ਕਮਲ ਪ੍ਰਕਾਸ਼ਨ, ਨਵੀਂ ਦਿੱਲੀ 2004
2. ਪ੍ਰਤੀਨਿਧ ਕਵਿਤਾਵਾਂ, ਫ਼ੈਜ਼ ਅਹਿਮਦ ਫ਼ੈਜ਼, ਰਾਜ ਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1998
3. ਸ਼ਬਸਤਾਨ (ਉਰਦੂ) ਵਿਸ਼ੇਸ਼ ਫ਼ੈਜ਼ ਨੰਬਰ ਨਵੀ ਦਿੱਲੀ 1985
4. ਵਰਕ ਵਰਕ (ਚੋਣਵੀਂ ਕਵਿਤਾ) ਫ਼ੈਜ਼ ਅਹਿਮਦ ਫ਼ੈਜ਼ (ਉਰਦੂ ਵਿਚ) ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ 1969
5. ਫ਼ੈਜ਼ ਅਹਿਮਦ ਫ਼ੈਜ਼ ਔਰ ਉਸ ਕੀ ਸ਼ਾਇਰੀ (ਉਰਦੂ) ਸੰਪਾਦਕ ਸ਼ਕੀਉਲ ਰਹਿਮਾਨ, ਸਟਾਰ ਪਬਲਿਸ਼ਰਜ਼, ਦਿੱਲੀ 1967
6. ਹਮ ਕਿ ਠਹਿਰੇ ਅਜਨਬੀ (ਉਰਦੂ) ਡਾ. ਅਯੂਬ ਮਿਰਜ਼ਾ (1976) ਰਾਵਲਪਿੰਡੀ


**(ਪਿੰ. ਫੱਤੂ ਚੱਕ, ਡਾਕ. ਢਿਲਵਾਂ ਜ਼ਿਲ੍ਹਾ ਕਪੂਰਥਲਾ-144804)**
**ਫੋਨ-01822-273188, ਮੋਬਾ. 99150-42242**

# ਭਾਗ– 1
# ਮੌਲਿਕ ਪੰਜਾਬੀ ਕਵਿਤਾਵਾਂ

## ਲੰਮੀ ਰਾਤ ਸੀ ਦਰਦ ਫ਼ਿਰਾਕ ਵਾਲੀ

ਲੰਮੀ ਰਾਤ ਸੀ ਦਰਦ ਫ਼ਿਰਾਕ ਵਾਲੀ
ਤੇਰੇ ਕੌਲ ਤੇ ਅਸਾਂ ਵਿਸਾਹ ਕਰਕੇ,
ਕੌੜਾ ਘੁੱਟ ਕੀਤਾ, ਮਿੱਠੜੇ ਯਾਰ ਮੇਰੇ
ਮਿੱਠੜੇ ਯਾਰ ਮੇਰੇ, ਜਾਨੀ ਯਾਰ ਮੇਰੇ
ਤੇਰੇ ਕੌਲ ਤੇ ਅਸਾਂ ਵਿਸਾਹ ਕਰਕੇ।

ਝਾਂਜਰਾਂ ਵਾਂਗ, ਜ਼ੰਜੀਰਾਂ ਛਣਕਾਈਆਂ ਨੇ,
ਕਦੀਂ ਪੈਰੀਂ ਬੇੜੀਆਂ ਪਾਈਆਂ ਨੇ
ਕਦੀਂ ਕੰਨੀਂ ਮੁੰਦਰਾਂ ਪਾਈਆਂ ਨੇ।
ਤੇਰੀ ਤਾਂਘ ਵਿਚ ਪੱਟ ਦਾ ਮਾਸ ਦੇ ਕੇ,
ਅਸਾਂ ਕਾਂਗ ਸੱਦੇ, ਅਸੀਂ ਸ਼ੀਂਹ ਘੱਲੇ।

ਰਾਤ ਮੁੱਕਦੀ ਨਾ ਯਾਰ ਆਂਵਦਾ ਨਾ,
ਅਸੀਂ ਤੱਕਦੇ ਰਹੇ ਹਜ਼ਾਰ ਵੱਲੇ
ਕੋਈ ਆਇਆ ਨਾ ਬਿਨਾਂ ਖੁਨਾਮੀਆਂ ਦੇ,
ਕੋਈ ਪੁੱਜਾ ਨਾ ਸਿਵਾ ਉਲਾਮ੍ਹਿਆਂ ਦੇ
ਅੱਜ ਲਾਹ ਉਲ੍ਹਾਮੇਂ ਮਿਠੜੇ ਯਾਰ ਮੇਰੇ,
ਅੱਜ ਆ ਵਿਹੜੇ, ਵਿਛੜੇ ਯਾਰ ਮੇਰੇ।

ਫਜ਼ਰ ਹੋਵੇ ਤੇ ਆਖੀਏ ਬਿਸਮਿੱਲਾ,
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ,
ਜਿਹਦੇ ਕੌਲ ਤੇ ਅਸਾਂ ਵਿਸਾਹ ਕੀਤਾ,
ਉਹਨੇ ਓੜਕ ਤੋੜ ਨਿਭਾਈਆਂ ਨੇ। •

## ਗੀਤ

ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆਂ।
ਕਾਂਗ ਉਡਾਵਾਂ ਸ਼ਗਨ ਮਨਾਵਾਂ
ਵਗਦੀ 'ਵਾ ਦੇ ਤਰਲੇ ਪਾਵਾਂ
ਤੇਰੀ ਯਾਦ ਆਵੇ ਤੇ ਰੋਵਾਂ
ਤੇਰਾ ਜ਼ਿਕਰ ਕਰਾਂ ਤੇ ਹੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆਂ।

ਦਰਦ ਨਾ ਦੱਸਾਂ ਘੁਲਦੀ ਜਾਵਾਂ
ਰਾਜ਼ ਨਾ ਖੋਲ੍ਹਾਂ, ਰੁਲਦੀ ਜਾਵਾਂ
ਕਿਸ ਨੂੰ ਦਿਲ ਦੇ ਦਾਗ਼ ਦਿਖਾਵਾਂ
ਕਿਸ ਦਰ ਅੱਗੇ ਝੋਲੀ ਡਾਹਵਾਂ
ਵੇ ਮੈਂ ਕਿਸ ਦਾ ਦਾਮਨ ਖੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆਂ।

ਸ਼ਾਮ ਉਡੀਕਾਂ ਤੇ ਫਜ਼ਰ ਉਡੀਕਾਂ,
ਆਖੇਂ ਤੇ ਸਾਰੀ ਉਮਰ ਉਡੀਕਾਂ,
ਆਂਡ-ਗਵਾਂਢੀ ਦੀਵੇ ਬਲਦੇ,
ਰੱਬਾ ਸਾਡਾ ਚਾਨਣ ਘੱਲ ਦੇ
ਜੱਗ ਵੱਸਦਾ ਏ, ਮੈਂ ਵੀ ਵੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆਂ। •



## ਮੇਰੀ ਡੋਲੀ ਸ਼ਹੁ ਦਰਿਆ

**(1974 ਦੇ ਹੜ੍ਹ-ਪੀੜਤਾਂ ਦੇ ਸਹਾਇਤਾ ਫੰਡ ਲਈ ਲਿਖੀ)**

ਕੱਲ੍ਹ ਤਾਈਂ ਸਾਨੂੰ ਬਾਬਲਾ
ਤੂੰ ਰੱਖਿਆ ਹਿੱਕ ਨਾਲ ਲਾ
ਸੱਤ ਖ਼ੈਰਾਂ ਸਾਡੀਆਂ ਮੰਗੀਆਂ
ਜਦ ਝੁੱਲੀ ਤੱਤੀ 'ਵਾ।
ਅੱਜ ਕੀਕਣ ਵਿਹੜਿਓਂ ਟੋਰਿਆ
ਕਿਵੇਂ ਲਾਹੇ ਨੀ ਮੇਰੇ ਚਾਅ
ਮੇਰੇ ਗਹਿਣੇ ਨੀਲ ਹੱਥ ਪੈਰ ਦੇ
ਮੇਰੀ ਡੋਲੀ ਸ਼ਹੁ ਦਰਿਆ
ਅੱਜ ਲੱਥੇ ਸਾਰੇ ਚਾਅ
ਮੇਰੀ ਡੋਲੀ ਸ਼ਹੁ ਦਰਿਆ।
ਨਾਲ ਰੁੜ੍ਹਦਿਆਂ ਰੁੜ੍ਹ ਗਈਆਂ ਸੱਧਰਾਂ,
ਨਾਲ ਰੋਂਦਿਆਂ ਰੁਲ ਗਏ ਨੀਰ
ਨਾਲ ਹੂੰਝ ਹੂੰਝ ਕੇ ਲੈ ਗਏ
ਮੇਰੇ ਹੱਥ ਦੀ ਲੇਖ-ਲਕੀਰ
ਮੇਰੀ ਚੁੰਨੀ ਬੁੱਕ ਸਵਾਹ ਦੀ
ਮੇਰਾ ਚੋਲਾ ਲੀਰੋ ਲੀਰ
ਲੱਜ ਪਾਲਣ ਬਹੁੜੇ ਭੈਣ ਦੀ
ਕੋਈ ਕਰਮਾਂ ਵਾਲਾ ਵੀਰ
ਮੇਰਾ ਚੋਲਾ ਲੀਰੋ ਲੀਰ
ਮੇਰੇ ਲੱਥੇ ਸਾਰੇ ਚਾਅ
ਮੇਰੀ ਡੋਲੀ ਸ਼ਹੁ ਦਰਿਆ।
ਸੱਸੀ ਮਰ ਕੇ ਜੰਨਤ ਹੋ ਗਈ
ਮੈਂ ਤਰ ਕੇ ਔਤਰ ਹਾਲ
ਸੁਣ ਹਾੜੇ ਇਸ ਮਸਕੀਨ ਦੇ
ਰੱਬਾ ਪੂਰਾ ਕਰ ਸਵਾਲ
ਮੇਰੀ ਝੋਕ ਵੱਸੇ, ਮੇਰਾ ਵੀਰ ਵੱਸੇ
ਫਿਰ ਤੇਰੀ ਰਹਿਮਤ ਨਾਲ।
ਕੋਈ ਪੂਰਾ ਕਰੇ ਸਵਾਲ ਰੱਬਾ
ਤੇਰੀ ਰਹਿਮਤ ਨਾਲ
ਮੇਰੇ ਲੱਥੇ ਸਾਰੇ ਚਾਅ
ਮੇਰੀ ਡੋਲੀ ਸ਼ਹੁ ਦਰਿਆ। •

## ਰੱਬਾ ਸੱਚਿਆ

ਰੱਬਾ ਸੱਚਿਆ ਤੂੰ ਤੇ ਆਖਿਆ ਸੀ
ਜਾ ਓਏ ਬੰਦਿਆ ਜੱਗ ਦਾ ਸ਼ਾਹ ਏਂ ਤੂੰ।
ਸਾਡੀਆਂ ਨਿਹਮਤਾਂ ਤੇਰੀਆਂ ਦੌਲਤਾਂ ਨੇ,
ਸਾਡਾ ਨਾਇਬ ਤੇ ਆਲੀ ਜਾਹ ਏਂ ਤੂੰ।

ਏਸ ਲਾਰੇ ਤੇ ਟੋਰ ਕਦ ਪੁੱਛਿਆ ਈ,
ਕੀ ਇਸ ਨਿਮਾਣੇ ਤੇ ਬੀਤੀਆਂ ਨੇ,
ਕਦੀ ਸਾਰ ਵੀ ਲਈ ਓ ਰੱਬ ਸਾਈਆਂ
ਤੇਰੇ ਸ਼ਾਹ ਨਾਲ ਜੱਗ ਕੀ ਕੀਤੀਆਂ ਨੇ।

ਕਿਤੇ ਧੌਂਸ ਪੁਲਸ ਸਰਕਾਰ ਦੀ ਏ,
ਕਿਤੇ ਧਾਂਦਲੀ ਮਾਲ ਪਟਵਾਰ ਦੀ ਏ,
ਇਥੇ ਹੱਡਾਂ 'ਚ ਕਲਪੇ ਜਾਨ ਮੇਰੀ
ਜਿਵੇਂ ਫਾਹੀ 'ਚ ਕੂੰਜ ਕੁਰਲਾਂਵਦੀ ਏ

ਚੰਗਾ ਸ਼ਾਹ ਬਣਾਇਆ ਈ ਰੱਬ ਸਾਈਆਂ
ਪੌਲੇ ਖਾਂਦਿਆਂ ਵਾਰ ਨਾ ਆਂਵਦੀ ਏ
ਮੈਨੂੰ ਸ਼ਾਹੀ ਨਹੀਂ ਚਾਹੀਦੀ ਰੱਬ ਮੇਰੇ
ਮੈਂ ਤੇ ਇੱਜ਼ਤ ਦਾ ਟੁੱਕੜ ਮੰਗਨਾ ਵਾਂ

ਮੈਨੂੰ ਤਾਂਘ ਨਹੀਂ ਮਹਿਲਾਂ ਮਾੜੀਆਂ ਦੀ
ਮੈਂ ਤੇ ਜੀਵੇਂ ਦੀ ਨੁੱਕਰ ਮੰਗਨਾਂ ਵਾਂ।
ਮੇਰੀ ਮੰਨੇ ਤੇ ਤੇਰੀਆਂ ਮੈਂ ਮੰਨਾਂ,
ਤੇਰੀ ਸਹੁੰ ਜੇ ਇੱਕ ਵੀ ਗੱਲ ਮੋੜਾਂ,
ਜੇ ਇਹ ਮੰਗ ਨਹੀਂ ਪੁੱਜਦੀ ਤੈਂ ਰੱਬਾ,
ਫੇਰ ਮੈਂ ਜਾਵਾਂ ਤੇ ਰੱਬ ਕੋਈ ਹੋਰ ਲੋੜਾਂ। •

# ਇੱਕ ਤਰਾਨਾ ਪੰਜਾਬੀ ਕਿਸਾਨ ਦੇ ਲਈ

ਉੱਠ ਉਤਾਂਹ ਨੂੰ ਜੱਟਾ
ਮਰਦਾ ਕਿਓਂ ਜਾਨਾਂ।
ਭੋਲਿਆ ਤੂੰ ਜੱਗ ਦਾ ਅੰਨ-ਦਾਤਾ
ਤੇਰੀ ਬਾਂਦੀ ਧਰਤੀ ਮਾਤਾ
ਤੂੰ ਜੱਗ ਦਾ ਪਾਲਣਹਾਰਾ
ਤੇ ਮਰਦਾ ਕਿਉਂ ਜਾਨਾਂ।
ਉੱਠ ਉਤਾਂਹ ਨੂੰ ਜੱਟਾ
ਮਰਦਾ ਕਿਓਂ ਜਾਨਾਂ।

ਜਨਰਲ, ਕਰਨਲ, ਸੂਬੇਦਾਰ
ਡਿਪਟੀ, ਡੀ.ਸੀ., ਥਾਣੇਦਾਰ
ਸਾਰੇ ਤੇਰਾ ਦਿੱਤਾ ਖਾਵਣ
ਤੂੰ ਜੇ ਨਾ ਬੀਜੇਂ, ਤੂੰ ਜੇ ਨਾ ਗਾਹਵੇਂ
ਭੁੱਖੇ ਭਾਣੇ ਸਭ ਮਰ ਜਾਵਣ
ਇਹ ਚਾਕਰ, ਤੂੰ ਸਰਕਾਰ
ਮਰਦਾ ਕਿਓਂ ਜਾਨਾਂ।
ਉੱਠ ਉਤਾਂਹ ਨੂੰ ਜੱਟਾ
ਮਰਦਾ ਕਿਓਂ ਜਾਨਾਂ।

ਵਿਚ ਕਚਹਿਰੀ, ਚੁੰਗੀ ਥਾਣੇ,
ਕੀ ਅਨਭੋਲ ਤੇ ਕੀ ਸਿਆਣੇ
ਕੀ ਅਸ਼ਰਾਫ਼ ਤੇ ਕੀ ਨਿਆਣੇ
ਸਾਰੇ ਖੱਜਲ-ਖਵਾਰ
ਮਰਦਾ ਕਿਓਂ ਜਾਨਾਂ।
ਉੱਠ ਉਤਾਂਹ ਨੂੰ ਜੱਟਾ
ਏਕਾ ਕਰ ਲਓ ਹੋ ਜਾਓ 'ਕੱਠੇ
ਭੁੱਲ ਜਾਓ 'ਰੰਘੜ', 'ਚੀਮੇ', 'ਚੱਠੇ'
ਸਭ ਦਾ ਇੱਕ ਪਰਿਵਾਰ
ਮਰਦਾ ਕਿਓਂ ਜਾਨਾਂ।

ਜੇ ਚੜ੍ਹ ਆਵਣ ਫੌਜਾਂ ਵਾਲੇ
ਤੂੰ ਵੀ ਛਵ੍ਹੀਆਂ, ਲੰਬ ਕਰਾ ਲੈ
ਤੇਰਾ ਹੱਕ, ਤੇਰੀ ਤਲਵਾਰ
ਤੂੰ ਮਰਦਾ ਕਿਓਂ ਜਾਨਾਂ।
ਦੇ "ਅੱਲਾ ਹੂ" ਦੀ ਮਾਰ
ਤੂੰ ਮਰਦਾ ਕਿਓਂ ਜਾਨਾਂ।
ਉੱਠ ਉਤਾਂਹ ਨੂੰ ਜੱਟਾ। •

# ਇੱਕ ਨਗਮਾ ਤਾਰਕੀਨੇ- ਵਤਨ ਕੇ ਲੀਏ (ਨੀਲੀ ਬਾਰ ਦਾ ਪੁਰਾਣਾ ਗੀਤ)

"ਵਤਨੇ ਦੀਆਂ ਠੰਡੀਆਂ ਛਾਵਾਂ ਓ ਯਾਰ"
ਟਿਕ ਰਹੋ ਥਾਈਂ ਓ ਯਾਰ
ਰੋਜ਼ੀ ਦੇਵੇਗਾ ਸਾਈਂ ਓ ਯਾਰ
ਟਿਕ ਰਹੋ ਥਾਈਂ ਓ ਯਾਰ।

ਹੀਰ ਨੂੰ ਛੱਡ ਟੁਰ ਗਿਓਂ ਰਂਝੇਟੇ
ਖੇੜਿਆਂ ਦੇ ਘਰ ਪੈ ਗਏ ਹਾਸੇ
ਪਿੰਡ ਵਿਚ ਕੱਢੀ ਟੌਹਰ ਸ਼ਰੀਕਾਂ
ਯਾਰਾਂ ਦੇ ਢਹਿ ਪਏ ਮੰਡਾਸੇ,
ਵੀਰਾਂ ਦੀਆਂ ਟੁੱਟ ਗਈਆਂ ਬਾਹਾਂ
ਓ ਯਾਰਾ
ਟਿਕ ਰਹੋ ਥਾਈਂ ਓ ਯਾਰ,
ਰੋਜ਼ੀ ਦੇਵੇਗਾ ਸਾਈਂ ਓ ਯਾਰ।

ਕਾਂਗ ਉਡਾਵਣ ਮਾਵਾਂ ਭੈਣਾਂ
ਤਰਲੇ ਪਾਵਣ ਲੱਖ ਹਜ਼ਾਰਾਂ
ਖ਼ੈਰ ਮਨਾਵਣ ਸੰਗੀ ਸਾਥੀ
ਚਰਖੇ ਉਹਲੇ ਰੋਵਣ ਮੁਟਿਆਰਾਂ
ਹਾੜ੍ਹਾ ਕਰਦੀਆਂ ਸੁੰਞੀਆਂ ਰਾਹੀਂ
ਟਿਕ ਰਹੋ ਥਾਈਂ ਓ ਯਾਰ,
ਵਤਨੇ ਦੀਆਂ ਠੰਡੀਆਂ ਛਾਵਾਂ ਓ ਯਾਰ।
ਛੱਡ ਗ਼ੈਰਾਂ ਦੇ ਮਹਿਲ ਚੁ ਮਹੱਲੇ,
ਆਪਣੇ ਵਿਹੜੇ ਦੀ ਰੀਸ ਨਾ ਕਾਈ
ਆਪਣੀ ਝੋਕ ਦੀਆਂ ਸੱਤੇ ਖ਼ੈਰਾਂ
ਬੀਬਾ ਤੁਸ ਨੇ ਕਦਰ ਨਾ ਪਾਈ
ਮੋੜ ਮੁਹਾਰਾਂ ਤੇ ਆ ਘਰ ਬਾਰਾਂ
ਮੁੜ ਆ ਕੇ ਮੂਲ ਨਾ ਜਾਈਂ
ਓ ਯਾਰ,
ਟਿਕ ਰਹੋ ਥਾਈਂ ਓ ਯਾਰ। •



# ਭਾਗ- 2
# ਫ਼ੈਜ਼ ਦੀਆਂ ਚੋਣਵੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ

## ਸਮਰਪਣ

ਅੱਜ ਦੇ ਨਾਂ
ਤੇ ਅੱਜ ਦੇ ਗ਼ਮ ਦੇ ਨਾਂ
ਅੱਜ ਦਾ ਗ਼ਮ
ਕਿ ਜ਼ਿੰਦਗੀ ਦੇ ਭਰੇ ਬਾਗ਼ ਤੋਂ ਖ਼ਫ਼ਾ
ਪੀਲੇ ਪੱਤਿਆਂ ਦਾ ਜੰਗਲ
ਜ਼ਰਦ ਪੱਤਿਆਂ ਦਾ ਜੰਗਲ
ਜੋ ਮੇਰਾ ਦੇਸ਼ ਹੈ
ਦਰਦ ਦੀ ਮਹਿਫ਼ਿਲ ਜੋ ਮੇਰਾ ਦੇਸ਼ ਹੈ।

ਕਲਰਕਾਂ ਦੀਆਂ ਉਦਾਸ ਜਿੰਦਾਂ ਦੇ ਨਾਂ
ਕਿਰਮ-ਖਾਧੇ ਦਿਲਾਂ ਤੇ ਜ਼ੁਬਾਨਾਂ ਦੇ ਨਾਂ
ਪੋਸਟਮੈਨਾਂ ਦੇ ਨਾਂ
ਤਾਂਗੇ-ਵਾਲਿਆਂ ਦੇ ਨਾਂ
ਰੇਲਵਾਈਆਂ ਦੇ ਨਾਂ
ਕਾਰਖਾਨੇ ਦੇ ਭੋਲੇ ਮਜ਼ਦੂਰਾਂ ਦੇ ਨਾਂ
ਬਾਦਸ਼ਾਹੇ ਜਹਾਂ
ਵਾਲੀਏ, ਜਹਾਂ
ਧਰਤੀ ਤੇ ਰੱਬ ਦੇ ਸਫ਼ੀਰ
ਕਿਸਾਨਾਂ ਦੇ ਨਾਂ।

ਜਿਹਨਾਂ ਦੇ ਡੰਗਰ ਨੂੰ ਜ਼ਾਲਿਮ
ਹੱਕ ਕੇ ਲੈ ਗਏ
ਜਿਨ੍ਹਾਂ ਦੀਆਂ ਬੇਟੀਆਂ ਨੂੰ
ਜ਼ਾਲਿਮ ਉਠਾ ਕੇ ਲੈ ਗਏ।

ਹੱਥ-ਭਰੇ ਖੇਤ ਵਿਚ
ਇੱਕ ਪੋਟਾ ਭਰ ਜਿਨ੍ਹਾਂ ਦੀ ਭੋਂ
ਪਟਵਾਰੀ ਨੇ ਕੱਟ ਲਈ
ਜਿਨ੍ਹਾਂ ਦੀ ਪੱਗ
ਜ਼ੋਰ-ਵਾਲਿਆਂ ਦੇ ਪੈਰੀਂ
ਰੁਲ ਰੁਲ ਕੇ ਧੱਜੀਆਂ ਹੋ ਗਈ।

ਉਹਨਾਂ ਦੁਖੀ ਮਾਵਾਂ ਦੇ ਨਾਂ
ਰਾਤ ਨੂੰ ਜਿਨ੍ਹਾਂ ਦੇ ਬਾਲ ਵਿਲਕਦੇ
ਤੇ ਨੀਂਦ ਦੀ
ਮਾਰ-ਖਾਧੀਆਂ ਬਾਹਾਂ ਵਿਚਾਲੇ
ਸੰਭਾਲੇ ਨਹੀਂ ਸੰਭਲਦੇ
ਦੁੱਖ ਦੱਸਦੇ ਨਹੀਂ
ਲੋਰੀਆਂ ਤੇ ਮਿੰਨਤਾਂ ਤੋਂ ਵਰਚਦੇ ਨਹੀਂ।

ਉਹਨਾਂ ਸੁਹਣੀਆਂ ਸੁੰਦਰੀਆਂ ਦੇ ਨਾਂ
ਜਿਨ੍ਹਾਂ ਦੀਆਂ ਅੱਖਾਂ ਦੇ ਗੁਲਾਬ
ਪਰਦਿਆਂ ਤੇ ਬਾਰੀਆਂ ਦੀਆਂ
ਵੇਲਾਂ ਤੇ ਚੜ੍ਹੇ
ਬੇਕਾਰ ਖਿੜ-ਖਿੜ ਕੇ ਮੁਰਝਾ ਗਏ
ਉਹਨਾਂ ਵਿਆਹਦੜਾਂ ਦੇ ਨਾਂ
ਜਿਨ੍ਹਾਂ ਦੇ ਬਦਨ
ਬੇ-ਮੁਹੱਬਤ ਰਿਆਕਾਰ ਸੇਜਾਂ ਉੱਤੇ
ਸੱਜ, ਫੱਬ ਕੇ ਉਕਤਾ ਗਏ।

ਵਿਧਵਾਵਾਂ ਦੇ ਨਾਂ
ਮਹੱਲਿਆਂ, ਗਲੀਆਂ, ਕਟੜਿਆਂ ਦੇ ਨਾਂ
ਜਿਨ੍ਹਾਂ ਦੀਆਂ ਰੂੜੀਆਂ ਉੱਤੇ
ਚੰਦਰਮਾ ਆ ਕੇ ਰਾਤ ਨੂੰ
ਕਰਦਾ ਹੈ ਵੁਜ਼ੂ।
ਜਿਨ੍ਹਾਂ ਦੇ ਪ੍ਰਛਾਵਿਆਂ ਹੇਠ ਬੈਠ ਕੇ
ਵੈਣ ਪਾਉਂਦੀ ਹੈ

ਪੱਲੂਆਂ ਦੀ ਹਿਨਾ
ਚੂੜੀਆਂ ਦੀ ਖਨਕ
ਜ਼ੁਲਫਾਂ ਦੀ ਮਹਿਕ
ਉਡੀਕਵਾਨ ਹਿਰਦਿਆਂ ਵਿਚਾਲੇ
ਮੁੜ੍ਹਕੇ ਦੀ ਹੁਮਕ।

ਤਾਲਬ-ਇਲਮਾਂ ਦੇ ਨਾਂ
ਜੋ ਇਲਮ ਦੀ ਪ੍ਰਾਪਤੀ ਲਈ
ਕਲਮ ਤੇ ਕਿਤਾਬਾਂ ਫੜੀ
ਗਿਆਨ ਦੀ ਤ੍ਰਿਸ਼ਨਾ ਲਈ
ਪਹੁੰਚੇ ਸੀ, ਹੱਥ ਫੈਲਾਈ
ਪਰ ਪਰਤ ਕੇ ਨਾ ਆਏ
ਉਹ ਅਣਭੋਲ ਬੱਚੇ, ਜੋ ਪਹੁੰਚੇ
ਆਪਣੇ ਨੰਨੇ ਚਿਰਾਗ਼ਾਂ ਦੀ
ਲੋਅ ਦੀ ਲਗਨ
ਜਿੱਥੇ ਵੰਡੇ ਜਾ ਰਹੇ ਨੇ
ਘਟਾ-ਟੋਪ, ਬੇਅੰਤ ਰਾਤਾਂ ਦੇ ਪ੍ਰਛਾਵੇਂ।

ਉਨ੍ਹਾਂ ਨਜ਼ਰ-ਬੰਦਾਂ ਦੇ ਨਾਂ
ਜਿਨ੍ਹਾਂ ਦੇ ਹਿਰਦਿਆਂ ਵਿਚ
ਭਵਿੱਖ ਦੀ ਰਾਤ ਵਿਚ
ਚਮਕਣ ਵਾਲੇ ਮੋਤੀ ਸਨ
ਤੇ ਜਿਹੜੇ ਕੈਦ-ਖਾਨਿਆਂ ਦੀਆਂ
ਸ਼ੋਰ ਭਰੀਆਂ ਰਾਤਾਂ ਸਮੇਂ
ਸੜ-ਸੜ ਕੇ ਸਿਤਾਰੇ ਬਣ ਗਏ ਨੇ।

ਆਵਣ ਵਾਲੇ ਦਿਨਾਂ ਦੇ ਸਫੀਰਾਂ ਦੇ ਨਾਂ
ਉਹ ਜੋ ਫੁੱਲਾਂ ਦੀ ਖ਼ੁਸ਼ਬੂ ਦੀ ਤਰ੍ਹਾਂ
ਆਪਣੇ ਪੈਗ਼ਾਮ ਉੱਤੇ,
ਖ਼ੁਦ ਕੁਰਬਾਨ ਹੋ ਗਏ। •

(ਅਪੂਰਨ)

**(ਫੈਜ਼ ਨੇ ਇਹ ਕਵਿਤਾ ਆਪਣੇ ਕਾਵਿ-ਸੰਗ੍ਰਹਿ ਸਾਰੇ-ਵਾਦੀਏ-ਸੀਨਾ ਦੇ ਆਰੰਭ ਵਿਚ ਪੇਸ਼ ਕੀਤੀ ਸੀ, ਪਰ ਇਹ ਉਹਨਾਂ ਦੀ ਸਮੁੱਚੀ ਕਵਿਤਾ ਦੇ ਸਮਰਪਣ ਬਾਰੇ ਢੁੱਕਵੀਂ ਹੈ। ਸੋ ਇਹ ਆਰੰਭ ਵਿਚ ਪੇਸ਼ ਹੈ।)**

# ਅੱਜ ਦੀ ਰਾਤ

ਅੱਜ ਦੀ ਰਾਤ
ਦਰਦ ਦਾ ਸਾਜ਼ ਨਾ ਛੇੜ।
ਦੁੱਖਾਂ ਨਾਲ ਭਰੇ ਦਿਨ ਹੋ ਗਏ ਨੇ ਖ਼ਤਮ।

ਲੰਘ ਗਈ ਏ ਰਾਤ,
ਤੇ ਚੜ੍ਹਨ ਵਾਲੇ ਦਿਨ ਦੀ
ਮਿਟ ਗਈ ਏ ਲਕੀਰ।
ਸਵੇਰ ਹੋਵੇ, ਨਾ ਹੋਵੇ ਕੀ ਖ਼ਬਰ
ਜ਼ਿੰਦਗੀ ਹੇਜ!
ਪਰ ਅੱਜ ਦੀ ਰਾਤ
ਰੱਬੀ ਅਨੁਭਵ ਹੈ ਅੱਜ ਦੀ ਰਾਤ
ਅੱਜ ਦੀ ਰਾਤ ਦਰਦ ਦਾ ਸਾਜ਼ ਨਾ ਛੇੜ।

ਹੁਣ ਨਾ ਦੁਹਰਾਵੀਂ ਦੁੱਖਾਂ ਦੀ ਕਥਾ
ਆਪਣੀ ਹੋਣੀ ਤੇ ਸੋਗਵਾਰ ਨਾ ਹੋਵੀਂ
ਆਉਣ ਵਾਲੇ ਦਿਨਾਂ ਦੀ ਚਿੰਤਾ
ਉਤਾਰ ਦੇ ਦਿਲ ਤੋਂ
ਬੀਤੇ ਉੱਤੇ ਨਾ ਹੰਝੂ ਵਹਾ
ਦੁੱਖਾਂ-ਭਰੇ ਦਿਨਾਂ ਦੀਆਂ
ਕਥਾਵਾਂ ਨਾ ਪੁੱਛ
ਸੁਣ ਲਈਆਂ ਨੇ ਸਭ ਸ਼ਿਕਾਇਤਾਂ
ਹੋਰ ਨਾ ਪੁੱਛ।
ਅੱਜ ਦੀ ਰਾਤ ਕੇਵਲ
ਦਰਦ ਦਾ ਸਾਜ਼ ਨਾ ਛੇੜ।

•••

# ਕਤਾ (ਟੂਕ)

ਅੱਜ ਰਾਤ ਇਕ ਰਾਤ ਦੀ ਰਾਤ ਜੀ ਕੇ,
ਅਸਾਂ ਜੁਗ ਹਜ਼ਾਰਾਂ ਹੀ ਜੀ ਲਿਆ ਏ,
ਅੱਜ ਰਾਤ ਅੰਮ੍ਰਿਤ ਦੇ ਜਾਮ ਵਾਂਗੂੰ,
ਇਹਨਾਂ ਹੱਥਾਂ ਨੇ ਯਾਰ ਨੂੰ ਪੀ ਲਿਆ ਏ।



# ਪਹਿਲਾਂ ਵਰਗਾ ਪਿਆਰ ਨਾ ਮੈਥੋਂ ਮੰਗੀਂ

ਮੇਰੀ ਪਿਆਰੀ!
ਮੇਰੇ ਕੋਲੋਂ ਪਹਿਲਾਂ ਵਰਗਾ
ਪਿਆਰ ਨਾ ਹੁਣ ਤੂੰ ਮੰਗੀਂ

ਮੈਂ ਤੇ ਇਹੋ ਰਿਹਾ ਸਮਝਦਾ
ਤੂੰ ਹੈਂ ਮੇਰੇ ਨਾਲ ਤਾਂ
ਮੇਰਾ ਜੀਵਨ ਹੈ ਨੂਰਾਨੀ
ਤੇਰਾ ਗ਼ਮ ਹੈ ਕੋਲ, ਤਾਂ ਸਾਨੂੰ
ਹੋਰ ਕਿਸੇ ਦੇ ਗ਼ਮ ਨੂੰ
ਆਪਾਂ ਕੀ ਕਰਨਾ ਹੈ
ਤੇਰੀ ਸੂਰਤ ਵਿਚੋਂ ਦਿਸਦਾ
ਕੁਲ ਆਲਮ ਦਾ ਚਿਹਰਾ।

ਤੇਰੀਆਂ ਅੱਖਾਂ ਤੋਂ ਬਿਨ ਪਿਆਰੀ
ਹੋਰ ਕਿਸੇ ਨੇ ਕੀ ਲੈਣਾ ਸੀ
ਤੂੰ ਮਿਲ ਜਾਵੇਂ
ਤਾਂ ਮੇਰੀ ਤਕਦੀਰ ਬਦਲਦੀ
ਪਰ ਇਹ ਸਾਰੀ ਗੱਲ ਪਿਆਰੀ
ਇੰਝ ਨਹੀਂ ਸੀ
ਮੈਂ ਚਾਹੁੰਦਾ ਸੀ ਇੰਝ ਹੋ ਜਾਵੇ

ਹੋਰ ਵੀ ਦੁੱਖ ਬਥੇਰੇ ਨੇ ਇਸ ਪਿਆਰ ਬਿਨਾਂ
ਹੋਰ ਵੀ ਸੁਖ ਕਿੰਨੇ ਨੇ ਪਿਆਰੀ
ਮਿਲਣ-ਘੜੀ ਦੇ ਸੁੱਖਾਂ ਤੋਂ।

ਕਿੰਨੀਆਂ ਸਦੀਆਂ ਏਸ ਮਨੁੱਖ ਨੇ
ਰੇਸ਼ਮ, ਅਤਿਲਿਸ
ਕੀਮਖਾਬ ਦੇ ਵਸਤਰ ਸਿਰਜੇ
ਗਲੀ-ਗਲੀ ਵਿਚ
ਵਿਕਦੇ ਵੇਖੇ ਜੁੱਸੇ ਸੋਹਣੇ
ਘੱਟੇ-ਲਿੱਬੜੇ, ਰੱਤ-ਨਹਾਤੇ
ਦੁੱਖਾਂ ਤੇ ਦਰਦਾਂ ਦੇ ਫੋੜੇ ਰਿਸਦੇ
ਵੰਨ-ਸੁਵੰਨੇ ਰੋਗਾਂ ਮਾਰੇ
ਫਿਰਦੇ ਗਲੀ-ਗਲੀ ਨਿੱਤ ਤੱਕੇ।

ਕੀ ਦੱਸਾਂ ਮੈਂ
ਆਪ-ਮੁਹਾਰੇ ਮੇਰੀਆਂ ਨਜ਼ਰਾਂ
ਇਸ ਪਾਸੇ ਵੱਲ ਜਾਣ ਤਰਦੀਆਂ

ਸ਼ੱਕ ਨਹੀਂ ਕਿ
ਤੇਰਾ ਬਦਨ ਆਵਾਜ਼ਾਂ ਮਾਰੇ
ਪੈਂਦੇ ਹੁਸਨਾਂ ਦੇ ਲਿਸ਼ਕਾਰੇ।

ਹੋਰ ਬੜੇ ਨੇ ਦਰਦ ਹਜ਼ਾਰਾਂ
ਏਸ ਮੁਹੱਬਤ ਨਾਲੋਂ।
ਹੋਰ ਬੜੇ ਨੇ ਸੁੱਖ ਧਰਤੀ ਤੇ
ਤੇਰੀ ਮਿਲਣੀ ਨਾਲੋਂ।

ਹੁਣ ਤਾਂ ਗੱਲ ਅਖੀਰੀ ਇੱਕੋ
ਪਹਿਲਾਂ ਵਰਗਾ ਪਿਆਰ
ਮੇਰੇ ਤੋਂ ਮੰਗੀਂ ਨਾ
ਦੁਬਿਧਾ-ਸੂਲੀ ਟੰਗੀਂ ਨਾ।

•••

# ਇੱਕ ਸੋਚ

ਕਿਉਂ ਮੇਰਾ ਦਿਲ ਸ਼ਾਦ ਨਹੀਂ ਹੈ ?
ਕਿਉਂ ਖਾਮੋਸ਼ ਰਿਹਾ ਕਰਦਾ ਹਾਂ
ਛੱਡੋ ਮੇਰੀ ਰਾਮ-ਕਹਾਣੀ
ਮੈਂ ਜਿੱਦਾਂ ਦਾ ਹਾਂ ਚੰਗਾ ਹਾਂ।

ਮੇਰਾ ਦਿਲ ਗ਼ਮਗ਼ੀਨ ਹੈ ਤਾਂ ਕੀ
ਗ਼ਮਗ਼ੀਨ ਹੈ ਦੁਨੀਆਂ ਇਹ ਸਾਰੀ
ਦੁੱਖ ਇਹ ਤੇਰਾ, ਨਾ ਮੇਰਾ ਹੈ
ਸਭ ਦੀ ਹੈ ਜਾਗੀਰ ਪਿਆਰੀ।

ਤੂੰ ਜੇਕਰ ਮੇਰੀ ਹੋ ਜਾਵੇਂ,
ਦੁਨੀਆਂ ਦੇ ਗ਼ਮ ਕੀਕਣ ਰਹਿਣੇ,
ਪਾਪ ਦੇ ਫੰਦੇ, ਜ਼ੁਲਮ ਦੇ ਬੰਧਨ
ਸਾਡੇ ਕਹੇ, ਨਾ ਕੱਟੇ ਜਾਣੇਂ।

ਗ਼ਮ ਹਰ ਹਾਲਤ ਹੈ ਜ਼ਹਿਰੀਲਾ
ਆਪਣਾ ਹੋਵੇ ਜਾਂ ਬੇਗਾਨਾ
ਰੋਣਾ ਧੋਣਾ, ਚਿੱਤ ਜਲਾਉਣਾ
ਉਂਝ ਵੀ ਸਾਡਾ, ਇੰਝ ਵੀ ਸਾਡਾ।

ਕਿਉਂ ਨਾ ਜੱਗ ਦਾ ਦੁੱਖ ਅਪਣਾਈਏ,
ਪਿੱਛੋਂ ਬਹਿ ਵੀਚਾਰ ਕਰਾਂਗੇ
ਪਿੱਛੋਂ ਸੁੱਖ ਦੇ ਸੁਪਨੇ ਤੱਕੀਏ
ਫਿਰ ਸੁਪਨੇ ਸਾਕਾਰ ਕਰਾਂਗੇ।

ਬੇਫ਼ਿਕਰੇ ਧਨ ਦੌਲਤ ਵਾਲੇ,
ਉਹ ਆਖ਼ਰ ਕਿਉਂ ਖੁਸ਼ ਰਹਿੰਦੇ ਨੇ,
ਉਹਨਾਂ ਦਾ ਸੁੱਖ ਵੰਡ-ਵੰਡਾਈਏ
ਉਹ ਵੀ ਆਖ਼ਰ ਸਾਡੇ ਵਰਗੇ।

ਮੰਨਦੇ ਹਾਂ ਕਿ ਜੰਗ ਔਖੇਰੀ,
ਸਿਰ ਪਾਟਣਗੇ, ਲਹੂ ਵਗੇਗਾ,
ਲਹੂ 'ਚ ਗ਼ਮ ਵੀ ਵਹਿ ਜਾਵਣਗੇ,
ਅਸੀਂ ਰਹੇ ਨਾ ਗ਼ਮ ਵੀ ਰਹੇਗਾ। •

# ਇਕੱਲਤਾ

ਫਿਰ ਕੋਈ ਆਇਆ ਹੈ, ਰੋਂਦੇ-ਦਿਲ
ਨਹੀਂ ਕੋਈ ਨਹੀਂ।
ਰਾਹੀ ਹੋਵੇਗਾ ਕੋਈ
ਕਿਤੇ ਹੋਰ ਚਲਾ ਜਾਵੇਗਾ।
ਢਲ ਗਈ ਰਾਤ
ਖਿੰਡਣ ਲੱਗੀ ਤਾਰਿਆਂ ਦੀ ਧੂੜ
ਕੰਬਣ ਲੱਗੇ ਮਹੱਲਾਂ ਵਿਚ
ਉਂਘਲਾਉਂਦੇ ਹੋਏ ਚਿਰਾਗ਼
ਸੌਂ ਗਿਆ ਹੈ ਰਾਹ
ਤੱਕਦਾ ਤੱਕਦਾ ਹਰ ਲੰਘਣ ਵਾਲੇ ਨੂੰ।
ਕਿਸੇ ਓਪਰੀ ਮਿੱਟੀ ਨੇ,
ਧੁੰਦਲਾ ਕਰ ਦਿੱਤੇ ਨੇ ਪੈਰਾਂ ਦੇ ਨਿਸ਼ਾਨ
ਬੁਝਾ ਦਿਓ ਬੱਤੀਆਂ
ਵਧਾ ਦਿਓ
ਪਿਆਲਿਆਂ ਦੀ ਮਦ-ਭਰੀ ਖੜਕਾਰ

ਆਪਣੇ ਸੁਪਨਿਆਂ ਤੋਂ ਵਿਰਵੇ
ਦਰਵਾਜ਼ਿਆਂ ਨੂੰ
ਲਾ ਦਿਓ ਜੰਦਰੇ
ਹੁਣ ਇਥੇ ਕੋਈ ਨਹੀਂ
ਕੋਈ ਨਹੀਂ ਆਵੇਗਾ
ਕੋਈ ਨਹੀਂ ਆਵੇਗਾ ਹੁਣ ਏਧਰ।

•••



# ਕੇਵਲ ਕੁਝ ਦਿਨ ਹੋਰ ਪਿਆਰੀ

ਕੁਝ ਦਿਨ ਹੋਰ ਮੇਰੀ ਪਿਆਰੀ
ਕੇਵਲ ਕੁਝ ਦਿਨ ਹੋਰ।
ਜ਼ੁਲਮ ਦੇ ਪ੍ਰਛਾਵੇਂ ਹੇਠ ਸਾਹ ਲੈਣ ਲਈ
ਮਜ਼ਬੂਰ ਹਾਂ ਅਸੀਂ

ਹੋਰ ਕੁਝ ਦੇਰ ਸਹਿ ਲਈਏ ਜਬਰ
ਤੜਪ ਲਈਏ
ਰੋ ਲਈਏ
ਆਪਣੇ ਵਡੇਰਿਆਂ ਦੀ ਵਿਰਾਸਤ ਕਾਰਨ
ਮਜ਼ਬੂਰ ਹਾਂ ਅਸੀਂ।

ਕੈਦ ਹੈ ਜਿਸਮ
ਜ਼ਜਬਿਆਂ ਨੂੰ ਜ਼ੰਜੀਰਾਂ
ਚਿੰਤਨ ਕੈਦ
ਬੋਲਣ ਉੱਤੇ ਪਾਬੰਦੀਆਂ।

ਸਾਡੀ ਹਿੰਮਤ ਹੈ ਕਿ ਅਸੀਂ
ਫਿਰ ਵੀ ਜੀਵੀ ਜਾ ਰਹੇ ਹਾਂ।
ਕੀ ਜ਼ਿੰਦਗੀ ਕਿਸੇ ਗਰੀਬ ਦੇ ਲੀੜੇ ਹਨ
ਕਿ ਜਿਨ੍ਹਾਂ ਨੂੰ
ਹਰ ਪਲ ਦਰਦ ਦੀਆਂ ਟਾਕੀਆਂ
ਲਾਈਆਂ ਜਾਂਦੀਆਂ ਨੇ।

ਐਪਰ ਹੁਣ ਥੋੜ੍ਹੇ ਨੇ
ਜ਼ੁਲਮ ਦੀ ਮਿਆਦ ਦੇ ਦਿਨ
ਬੱਸ ਜ਼ਰਾ ਸਬਰ ਕਰੋ
ਕਿ ਫਰਿਆਦ ਦੇ
ਦਿਨ ਵੀ ਮੁੱਕਣ ਵਾਲੇ ਨੇ

ਦੁਨੀਆਂ ਦੀ ਝੁਲਸੀ ਹੋਈ ਵੀਰਾਨੀ ਵਿਚ
ਜੀਣਾ ਪੈ ਰਿਹਾ ਹੈ ਅਸਾਂ ਨੂੰ।

ਪਰ ਇੰਝ ਹੀ ਤੇ ਨਹੀਂ
ਜੀਵੀ ਜਾਣਾ ਅਸਾਂ ਹਮੇਸ਼ਾਂ
ਸਹਿਣੇ ਪੈ ਰਹੇ ਨੇ ਸਾਨੂੰ
ਗ਼ੈਰ ਹੱਥਾਂ ਦੇ ਜ਼ੁਲਮ
ਪਰ ਹਮੇਸ਼ਾਂ ਹੀ ਤੇ ਨਹੀਂ ਸਹਿੰਦੇ ਰਹਿਣਾ।

ਤੇਰੇ ਹੁਸਨ ਤੇ ਜੰਮੀ ਹੋਈ ਦੁੱਖਾਂ ਦੀ ਗਰਦ
ਇਹ ਸਾਡੀ ਦੋ ਦਿਨਾਂ ਦੀ
ਜਵਾਨੀ ਦੀਆਂ ਹਾਰਾਂ ਦੀ ਗਿਣਤੀ
ਚਾਨਣੀਆਂ ਰਾਤਾਂ ਵਿਚ
ਬੇਅਰਥ ਬਲਦਾ ਹੋਇਆ ਦਰਦ
ਦਿਲ ਦੀ ਅਕਾਰਥ ਤੜਪ
ਬਦਨ ਦੀ ਨਿਰਾਸ਼ਾ ਭਰੀ ਪੁਕਾਰ।

ਕੁਝ ਦਿਨ ਹੋਰ
ਮੇਰੀ ਪਿਆਰੀ
ਕੇਵਲ ਕੁਝ ਦਿਨ ਹੋਰ। •

# ਕੁੱਤੇ

ਇਹ ਗਲੀਆਂ ਦੇ ਬੇਕਾਰ ਤੇ ਅਵਾਰਾ ਕੁੱਤੇ
ਕਿ ਬਖਸ਼ੀ ਹੈ ਜਿਨ੍ਹਾਂ ਨੂੰ ਭੀਖ ਮੰਗਣ ਦੀ ਵਾਦੀ।
ਜ਼ਮਾਨੇ ਦੀ ਫਿਟਕਾਰ ਸਰਮਾਇਆ ਇਨ੍ਹਾਂ ਦਾ,
ਜਹਾਨ-ਭਰ ਦੀ ਧਿਰਕਾਰ ਕਮਾਈ ਇਨ੍ਹਾਂ ਦੀ।

ਨਾ ਰਾਤੀਂ ਆਰਾਮ ਤੇ ਨਾ ਸੁੱਖ ਸਵੇਰੇ,
ਗੰਦਗੀ ਦੇ ਘੁਰਨੇ, ਨਾਲੀਆਂ 'ਚ ਬਸੇਰੇ,
ਜੇ ਵਿਗੜਨ ਤਾਂ ਇਕ ਦੂਜੇ ਸੰਗ ਲੜਾਓ,
ਜ਼ਰਾ ਇਕ ਰੋਟੀ ਦਾ ਟੁਕੜਾ ਵਿਖਾਓ।

ਇਹ ਦਰ ਦਰ ਦੀਆਂ ਠੋਕਰਾਂ ਖਾਣ ਵਾਲੇ,
ਇਹ ਫਾਕਿਆਂ ਤੋਂ ਉਕਤਾ ਕੇ, ਮਰ ਜਾਣ ਵਾਲੇ,
ਇਹ ਵਿਚਾਰੇ ਜੀਵ-ਜੰਤੂ ਜੇ ਸਿਰ ਉਠਾਵਣ,
ਤਾਂ ਬੰਦੇ ਨੂੰ ਸਾਰੇ ਹੰਕਾਰ ਭੁੱਲ ਜਾਵਣ।

ਉਹ ਚਾਹਵਣ ਤਾਂ ਦੁਨੀਆਂ ਨੂੰ ਆਪਣਾ ਬਣਾਵਣ,
ਇਹ ਮਾਲਕਾਂ ਦੀਆਂ ਹੱਡੀਆਂ ਤੀਕ ਖਾ ਜਾਵਣ,
ਕੋਈ ਇਹਨਾਂ ਨੂੰ ਜ਼ਿੱਲਤ ਦਾ ਅਹਿਸਾਸ ਕਰਾਵੇ,
ਕੋਈ ਇਨ੍ਹਾਂ ਦੀ ਸੁੱਤੀ ਪੂਛ ਨੂੰ ਹਿਲਾਵੇ।

•••

# ਬੋਲ

ਬੋਲ ਕਿ ਬੁੱਲ ਆਜ਼ਾਦ ਨੇ ਤੇਰੇ
ਬੋਲ ਕਿ ਜ਼ੁਬਾਨ ਹੁਣ ਤੀਕ ਤੇਰੀ ਹੈ
ਤੇਰਾ ਸੁਡੌਲ ਜਿਸਮ ਵੀ ਤੇਰਾ ਹੈ
ਬੋਲ ਕਿ ਜਾਨ ਹੁਣ ਤੀਕ ਤੇਰੀ ਹੈ।

ਵੇਖ ਕਿ ਲੁਹਾਰ ਦੀ ਭੱਠੀ ਵਿਚ
ਤੇਜ਼ ਨੇ ਅੰਗਾਰ, ਤੇ ਲਾਲ ਹੈ ਲੋਹਾ
ਖੁੱਲਣ ਲੱਗੇ ਮੂੰਹ ਜੰਦਰਿਆਂ ਦੇ।

ਬੋਲ ਕਿ ਇਹ ਥੋੜ੍ਹਾ ਜਿਹਾ ਵਕਤ ਵੀ ਬਹੁਤ ਹੈ
ਜਿਸਮ ਦੀ ਤੇ ਜੀਭ ਦੀ ਮੌਤ ਤੋਂ ਪਹਿਲਾਂ
ਬੋਲ ਕਿ ਸੱਚ ਜ਼ਿੰਦਾ ਹੈ ਹੁਣ ਤੀਕ,
ਬੋਲ, ਜੋ ਕੁਝ ਕਹਿਣਾ ਹੈ, ਕਹਿ ਦੇ।

•••



# ਆਜ਼ਾਦੀ ਦੀ ਸਵੇਰ

**(ਅਗਸਤ 1947)**

ਇਹ ਦਾਗ਼ ਦਾਗ਼ ਉਜਾਲਾ
ਇਹ ਰਾਤ ਦੀ ਕਤਰੀ ਹੋਈ ਸਵੇਰ
ਉਹ ਉਡੀਕ ਸੀ ਜਿਸਦੀ,
ਇਹ ਉਹ ਸਵੇਰ ਤਾਂ ਨਹੀਂ ਹੈ।

ਇਹ ਉਹ ਸਵੇਰ ਤਾਂ ਨਹੀਂ,
ਕਿ ਜਿਸ ਦੀ ਤਾਂਘ ਲੈ ਕੇ
ਤੁਰੇ ਸੀ ਯਾਰ
ਕਿ ਮਿਲ ਜਾਵੇਗੀ ਕਿਤੇ ਨਾ ਕਿਤੇ
ਆਕਾਸ਼ ਦੇ ਜੰਗਲ ਵਿਚ
ਸਿਤਾਰਿਆਂ ਦੀ ਆਖ਼ਰੀ ਮੰਜ਼ਿਲ
ਕਿਤੇ ਤੇ ਹੋਵੇਗਾ ਸੁਸਤ ਜੇਹੀ
ਤੁਰਦੀ ਰਾਤ ਦਾ ਸਿਰਾ
ਕਿਤੇ ਤਾਂ ਜਾ ਕੇ ਅਟਕੇਗੀ
ਦਿਲ ਦੇ ਗ਼ਮਾਂ ਦੀ ਕਿਸ਼ਤੀ।

ਜਵਾਨ ਖ਼ੂਨ ਦੇ ਰਹੱਸ-ਭਰੇ ਰਾਹਾਂ ਵਿਚ,
ਚੱਲੇ ਸੀ ਯਾਰ-ਲੋਕ
ਤਾਂ ਦਾਮਨ ਫੜਨ ਲਈ
ਵਧੇ ਸਨ ਕਿੰਨੇ ਹੱਥ
ਹੁਸਨ ਦੇ ਵਿਹੜੇ ਦੇ
ਬੇਸਬਰ ਸੌਣ-ਕਮਰਿਆਂ ਚੋਂ
ਪੁਕਾਰਦੀਆਂ ਰਹੀਆਂ ਬਾਹਵਾਂ
ਵਾਜਾਂ ਮਾਰਦੇ ਰਹੇ ਬਦਨ।

ਐਪਰ ਬਹੁਤ ਪਿਆਰੀ ਸੀ
ਸਵੇਰ ਦੀ ਸੇਧ ਦੀ ਲਗਨ
ਬਹੁਤ ਕਰੀਬ ਸੀ ਸੁਹਣੀਆਂ ਸੂਰਤਾਂ
ਦੇ ਨੂਰ ਦਾ ਪੱਲੂ।
ਸੁਬਕ ਸੁਬਕ ਜੇਹੀ ਸੀ ਤਮੰਨਾ
ਦੱਬੀ ਦੱਬੀ ਜੇਹੀ ਲਗਨ।

ਸੁਣਿਆ ਹੈ ਕਿ ਹੋ ਚੁੱਕਾ ਹੈ
ਹਨੇਰੇ ਤੇ ਨੂਰ ਦਾ ਵਖਰੇਵਾਂ
ਸੁਣਿਆ ਕਿ ਹੋ ਵੀ ਚੁੱਕਾ ਹੈ
ਪੈਰਾਂ ਤੇ ਮੰਜ਼ਿਲ ਦਾ ਮਿਲਾਪ
ਬਦਲ ਚੁੱਕਾ ਹੈ ਦਰਦ ਦਾ ਦਸਤੂਰ
ਵਸਲ ਦਾ ਮੰਤਵ ਹਲਾਲ
ਤੇ ਹਿਜਰ ਦੇ ਦੁੱਖ ਹਾਰਾਮ ਹੋ ਚੁੱਕੇ ਨੇ।

ਜਿਗਰ ਦੀ ਅੱਗ
ਨਜ਼ਰ ਦੀ ਉਮੰਗ
ਦਿਲ ਦੀ ਜਲਨ
ਕਿਸੇ ਉੱਤੇ ਵਿਛੋੜੇ ਦੇ ਰੋਗ ਦਾ ਇਲਾਜ
ਕਰਨ ਦਾ ਕੋਈ ਅਸਰ ਹੀ ਨਹੀਂ ਹੈ
ਕਿਧਰੋਂ ਆਈ ਸੀ ਮਹਿਕੀ ਹੋਈ ਹਵਾ
ਤੇ ਕਿਧਰ ਚਲੀ ਗਈ?
ਤੇ ਰਾਹ ਵਿਚ ਜਗਦੇ ਚਿਰਾਗ਼ਾਂ ਨੂੰ
ਕੋਈ ਖ਼ਬਰ ਹੀ ਨਹੀਂ ਹੋਈ।
ਅਜੇ ਤੇ ਰਾਤ ਦੇ ਦਰਦ ਵਿਚ
ਕੋਈ ਕਮੀ ਨਹੀਂ ਆਈ
ਨਾ ਦਿਲ ਦੇ ਦਰਦ ਨੂੰ ਸ਼ਫ਼ਾ ਮਿਲੀ ਹੈ।

ਚਲੋ ਚਲੋ ਕਿ
ਅਜੇ ਉਹ ਮੰਜ਼ਿਲ ਨਹੀਂ ਆਈ।

•••

# ਤਰਾਨਾ

ਦਰਬਾਰ-ਵਤਨ ਦੇ ਵਿਚ ਇਕ ਦਿਨ, ਆਖ਼ਰ ਨੂੰ ਸਾਰੇ ਜਾਵਣਗੇ।
ਕੁਝ ਆਪਣੀ ਸਜ਼ਾ ਪਏ ਭੁਗਤਣਗੇ, ਕੁਝ ਪੁਰਸਕਾਰ ਲੈ ਜਾਵਣਗੇ।

ਐ ਘੱਟੇ ਰੁਲਦਿਓ ਉੱਠ ਬੈਠੋ, ਉਹ ਵਕਤ ਕਰੀਬ ਆ ਪੁੱਜਾ ਹੈ,
ਜਦ ਤਖਤ ਗਿਰਾਏ ਜਾਵਣਗੇ, ਜਦ ਤਾਜ ਉਛਾਲੇ ਜਾਵਣਗੇ।

ਹੁਣ ਟੁੱਟ ਡਿੱਗਣੀਆਂ ਜ਼ੰਜੀਰਾਂ, ਹੁਣ ਜੇਲ੍ਹਾਂ ਦੀ ਵੀ ਖ਼ੈਰ ਨਹੀਂ,
ਜੋ ਦਰਿਆ ਚੜ੍ਹ ਕੇ ਉੱਠੇ ਨੇ, ਉਹ ਕੀਕਣ ਟਾਲੇ ਜਾਵਣਗੇ।

ਕੱਟਦੇ ਵੀ ਚੱਲੋ, ਵਧਦੇ ਵੀ ਚਲੋ, ਸਿਰ ਕੱਟਿਆਂ ਮੁੱਕਣੇ ਨਹੀਂ ਏਦਾਂ,
ਤੁਰਦੇ ਵੀ ਚੱਲੋ ਕਿ ਹੁਣ ਡੇਰੇ, ਮੰਜ਼ਿਲ ਤੇ ਡਾਲੇ ਜਾਵਣਗੇ।

ਐ ਜਬਰ ਸਤਾਇਓ ਮੂੰਹ ਖੋਲੋ, ਚੁੱਪ ਵੱਟਣ ਵਾਲਿਓ ਚੁੱਪ ਕੀਕਰ,
ਕੁਝ ਉੱਪਰ ਥੱਲੀ ਹੋਵੇਗੀ, ਕੁਝ ਦੂਰ ਤੇ ਰੌਲੇ ਜਾਵਣਗੇ।

●●●

# ਵਾਹ ਮੇਰੇ ਵਤਨ

**(ਨਾਜ਼ਿਮ ਹਿਕਮਤ ਦੀ ਰਚਨਾ ਦਾ ਅਨੁਵਾਦ)**

ਓ ਮੇਰੇ ਵਤਨ, ਓ ਮੇਰੇ ਵਤਨ
ਓ ਮੇਰੇ ਵਤਨ।

ਮੇਰੇ ਸਿਰ ਤੇ ਟੋਪੀ ਉਹ ਨਾ ਰਹੀ,
ਜੋ ਤੇਰੇ ਦੇਸੋਂ ਲਿਆਇਆ ਸੀ,
ਪੈਰਾਂ ਵਿਚ ਜੁੱਤੀ ਉਹ ਵੀ ਨਹੀਂ
ਵਾਕਫ਼ ਜੋ ਤੇਰੇ ਰਾਹਾਂ ਦੀ
ਮੇਰਾ ਆਖ਼ਰੀ ਕੁੜਤਾ ਪਾਟ ਗਿਆ
ਤੇਰੇ ਸ਼ਹਿਰ ਤੋਂ ਜੋ ਸਿਲਵਾਇਆ ਸੀ।

ਹੁਣ ਤੇਰੀ ਝਲਕ
ਬੱਸ ਉੱਡਦੀ ਰੰਗਤ ਵਾਲਾਂ ਦੀ
ਇਹ ਝੁਰੜੀਆਂ ਮੇਰੇ ਮੱਥੇ ਤੇ
ਜਾਂ ਮੇਰਾ ਟੁੱਟਾ ਦਿਲ ਕੇਵਲ
ਵਾਹ! ਮੇਰੇ ਵਤਨ, ਵਾਹ ਮੇਰੇ ਵਤਨ!
ਵਾਹ ਮੇਰੇ ਵਤਨ!!

●●●



# ਸੋਗ ਗੀਤ

ਮੈਨੂੰ ਸ਼ਿਕਵਾ ਹੈ ਮੇਰੇ ਭਾਈ
ਕਿ ਜਾਂਦੇ ਹੋਏ ਤੁਸੀਂ ਲੈ ਗਏ ਨਾਲ
ਮੇਰੀ ਬੀਤੀ ਹੋਈ ਜ਼ਿੰਦਗੀ ਦੀ ਕਿਤਾਬ।

ਉਸ ਵਿਚ ਸਨ ਮੇਰੀਆਂ ਬਹੁਤ ਕੀਮਤੀ ਤਸਵੀਰਾਂ
ਇਸ ਵਿਚ ਬਚਪਨ ਸੀ ਮੇਰਾ,
ਤੇ ਸੀ ਜਵਾਨੀ ਦਾ ਸ਼ਬਾਬ
ਉਸਦੇ ਬਦਲੇ ਵਿਚ ਜਾਂਦੇ ਜਾਂਦੇ
ਮੈਨੂੰ ਦੇ ਗਏ ਤੁਸੀਂ ਮਹਿਕਦੇ ਹੋਏ
ਆਪਣਾ ਦੁੱਖਾਂ ਦਾ ਖ਼ੂਨ ਰੰਗਾ ਗੁਲਾਬ।

ਕੀ ਕਰਾਂ ਵੀਰਾ ਮੇਰਿਆ,
ਮੈਂ ਕਿਵੇਂ ਪਹਿਨਾਂ ਇਹ ਪੁਰਸਕਾਰ
ਮੇਰੇ ਕੋਲੋਂ ਲੈ ਲੈ
ਮੇਰੀਆਂ ਸਭ ਪਾਟੀਆਂ ਕਮੀਜ਼ਾਂ ਦਾ ਹਿਸਾਬ
ਆਖਰੀ ਵਾਰ ਹੈ,
ਲਉ ਮੰਨ ਲਉ ਇੱਕ ਇਹ ਵੀ ਸਵਾਲ।

ਅੱਜ ਤੱਕ ਮੈਂ ਪਰਤਿਆ ਨਹੀਂ ਕਦੇ,
ਤੇਰੇ ਕੋਲੋਂ ਲੈ ਕੇ ਉਦਾਸੀ ਭਰਿਆ ਜਵਾਬ
ਆ ਕੇ ਲੈ ਜਾਓ ਤੁਸੀਂ
ਆਪਣਾ ਇਹ ਮਹਿਕਦਾ ਹੋਇਆ ਗੁਲਾਬ
ਤੇ ਮੈਨੂੰ ਵਾਪਸ ਕਰ ਦਿਓ
ਮੇਰੀ ਬੀਤੀ ਹੋਈ ਉਮਰ ਦਾ ਹਿਸਾਬ।
(16 ਜੁਲਾਈ 1952)

●●●

# ਈਰਾਨੀ ਵਿਦਿਆਰਥੀਆਂ ਦੇ ਨਾਂ

**(ਜਿਹੜੇ ਅਮਨ ਅਤੇ ਆਜ਼ਾਦੀ ਦੇ ਸੰਘਰਸ਼ ਵਿਚ ਸ਼ਹੀਦ ਹੋਏ)**

ਇਹ ਕੌਣ ਸਖ਼ੀ ਨੇ
ਜਿਨ੍ਹਾਂ ਦੇ ਲਹੂ ਦੀਆਂ ਅਸ਼ਰਫੀਆਂ
ਛਣ ਛਣ ਛਣਕਦੀਆਂ ਨੇ
ਤੇ ਧਰਤੀ ਦੇ ਨਿਰੰਤਰ ਪਿਆਸੇ ਠੂਠੇ ਵਿਚ
ਢਲਦੀਆਂ ਜਾਂਦੀਆਂ ਨੇ
ਠੂਠੇ ਨੂੰ ਭਰਦੀਆਂ ਜਾਂਦੀਆਂ ਨੇ।

ਹੇ ਈਰਾਨ ਦੀ ਧਰਤੀ!
ਉਹ ਕਿਹੜੇ ਜਵਾਨ ਨੇ
ਲੱਖਾਂ ਹੀ ਲੁਟਾਉਣ ਵਾਲੇ
ਜਿਨ੍ਹਾਂ ਦੇ ਜਿਸਮਾਂ ਦੀ
ਭਰਪੂਰ ਜਵਾਨੀ ਦਾ ਕੁੰਦਨ
ਇੰਝ ਮਿੱਟੀ ਵਿਚ ਟੁਕੜੇ-ਟੁਕੜੇ ਹੋ ਕੇ
ਮਿਲਦਾ ਜਾਂਦਾ ਹੈ
ਤੇ ਗਲੀ-ਗਲੀ ਵਿਚ ਖਿੰਡਿਆ ਪਿਆ ਹੈ

ਹੇ ਈਰਾਨ ਦੀ ਧਰਤੀ!
ਕਿਉਂ ਤੋੜ ਤੋੜ ਕੇ
ਸੁੱਟ ਦਿੱਤੇ ਨੇ ਹੱਸ ਹੱਸ ਕੇ
ਇਹਨਾਂ ਅੱਖਾਂ ਨੇ ਆਪਣੇ ਨੀਲਮ
ਇਹਨਾਂ ਹੋਠਾਂ ਨੇ ਆਪਣੇ ਹੀਰੇ-ਮੋਤੀ
ਇਹਨਾਂ ਹੱਥਾਂ ਦੀ ਬੇਚੈਨ ਚਾਂਦੀ
ਕਿਸ ਕੰਮ ਆਏ
ਇਹ ਕਿਸ ਦੇ ਹੱਥ ਲੱਗੇ।

ਐ ਪੁੱਛਣ ਵਾਲੇ ਪ੍ਰਦੇਸੀ!
ਇਹ ਬੱਚੇ ਤੇ ਗੱਭਰੂ
ਉਸ ਨੂਰ ਦੇ ਮੋਤੀ ਨੇ
ਉਸ ਅੱਗ ਦੀਆਂ ਕੱਚੀਆਂ ਕਲੀਆਂ
ਜਿਸ ਮਿੱਠੇ ਨੂਰ ਤੇ ਕੜਵੀ ਅੱਗ ਤੋਂ
ਜ਼ੁਲਮ ਦੀ ਅੰਨ੍ਹੀ ਰਾਤ ਵਿਚ ਫੁੱਟਿਆ
ਬਗ਼ਾਵਤ ਦੀ ਸਵੇਰ ਦਾ ਬਾਗ
ਏਸੇ ਸਦਕਾ ਸਵੇਰ ਹੋਈ
ਮਨ ਮਨ, ਤਨ ਤਨ ਵਿਚ।

ਇਹਨਾਂ ਜਿਸਮਾਂ ਦਾ ਚਾਂਦੀ ਸੋਨਾ
ਇਹਨਾਂ ਚਿਹਰਿਆਂ ਦੇ ਨੀਲਮ
ਜਗਮਗ ਹੋਏ ਚਮਕਾਂ ਮਾਰਦੇ ਨੇ
ਐ ਵੇਖਣ ਵਾਲੇ ਪ੍ਰਦੇਸੀ!
ਇਹ ਹੈ ਜੀਵਨ ਦੀ ਰਾਣੀ ਦਾ ਝੂੰਮਰ,
ਇਹ ਹੈ ਅਮਨ ਦੀ ਦੇਵੀ ਦੇ ਕੰਗਣ। •

(ਖੁੱਲ੍ਹਾ ਅਨੁਵਾਦ)



# ਕੁਰਬਾਨ ਜਾਈਏ ਤੇਰੀਆਂ ਗਲੀਆਂ ਤੋਂ

ਕੁਰਬਾਨ ਜਾਈਏ ਤੇਰੀਆਂ ਗਲੀਆਂ ਤੋਂ
ਐ ਵਤਨ ਕਿ ਜਿੱਥੇ
ਕੋਈ ਸਿਰ ਉਠਾ ਕੇ ਨਾ ਚੱਲੇ
ਜੇ ਕੋਈ ਸਿਰਫਿਰਿਆ
ਗੇੜਾ ਮਾਰਨ ਲਈ ਨਿਕਲੇ
ਤਾਂ ਉਹ ਨਜ਼ਰ ਚੁਰਾ ਕੇ ਚੱਲੇ
ਤੇ ਜਿਸਮ-ਜਾਨ ਬਚਾ ਕੇ ਚੱਲੇ।

ਕਿ ਦਿਲ ਵਾਲਿਆਂ ਲਈ,
ਬੰਨ੍ਹਣ ਤੇ ਖੁੱਲ੍ਹਣ ਦਾ ਪ੍ਰਬੰਧ ਐਸਾ ਹੈ
ਕਿ ਇੱਟਾਂ ਰੋੜਿਆਂ ਉੱਤੇ ਪਾਬੰਦੀ ਹੈ
ਤੇ ਕੁੱਤਿਆਂ ਨੂੰ ਪੂਰੀ ਆਜ਼ਾਦੀ।

ਬਹੁਤ ਨੇ ਜ਼ੁਲਮ ਕਰਨ ਵਾਲਿਆਂ ਲਈ
ਆਨੇ-ਬਹਾਨੇ
ਕਿ ਜਿਹੜੇ ਚਾਰ ਕੁ ਜਣੇ ਨਾਮ-ਲੇਵਾ
ਜਾਂ ਦੀਵਾਨੇ ਸੀ
ਉਹ ਹੁਣ ਹਵਸ ਦਾ ਸ਼ਿਕਾਰ ਹੋ ਗਏ ਨੇ
ਉਹ ਖ਼ੁਦ ਮਦੱਈ ਵੀ ਨੇ ਤੇ ਜੱਜ ਵੀ
ਕਿਸ ਨੂੰ ਵਕੀਲ ਕਰੀਏ
ਤੇ ਕਿਸ ਤੋਂ ਇਨਸਾਫ ਦੀ ਮੰਗ ਕਰੀਏ।

ਐਪਰ ਗੁਜ਼ਾਰਨ ਵਾਲਿਆਂ ਦੇ
ਦਿਨ ਲੰਘਦੇ ਜਾਂਦੇ ਨੇ
ਬੁਝਿਆ ਜੇ ਜੇਲ੍ਹ ਦਾ ਰੌਸ਼ਨਦਾਨ
ਤਾਂ ਦਿਲ ਨੇ ਇਹ ਸਮਝਿਆ
ਕਿ ਤੇਰੀ ਮਾਂਗ ਸਿਤਾਰਿਆਂ ਨਾਲ
ਭਰ ਗਈ ਹੋਵੇਗੀ।
ਚਮਕ ਉੱਠੀਆਂ ਜ਼ੰਜੀਰਾਂ
ਤੇ ਸਾਨੂੰ ਲੱਗਿਆ
ਕਿ ਸਵੇਰ ਤੇਰੇ ਚਿਹਰੇ ਤੇ
ਫੈਲ ਗਈ ਹੋਵੇਗੀ।

ਗੱਲ ਕੀ ਸਵੇਰ ਤੋਂ ਸ਼ਾਮ ਤੀਕ
ਤੈਨੂੰ ਯਾਦ ਕਰਦੇ ਜੀਊਂਦੇ ਹਾਂ
ਦਰਾਂ ਤੇ ਦੀਵਾਰ ਦੇ ਪ੍ਰਛਾਵਿਆਂ
ਦੀ ਪਕੜ ਵਿਚ ਜੀਊਂਦੇ ਹਾਂ।

ਇੰਝ ਹੀ ਹਮੇਸ਼ਾਂ ਉਲਝਦੀ ਰਹੀ ਹੈ ਖਲਕਤ
ਜ਼ੁਲਮ ਦੇ ਨਾਲ
ਨਾ ਉਹਨਾਂ ਦੀ ਰਸਮ ਨਵੀਂ ਹੈ
ਨਾ ਸਾਡੀ ਰੀਤ ਨਵੀਂ
ਇੰਝ ਹੀ ਹਮੇਸ਼ਾਂ ਖਿੜਾਏ ਨੇ
ਅਸਾਂ ਅੱਗ ਦੇ ਫੁੱਲ
ਨਾ ਉਹਨਾਂ ਦੀ ਹਾਰ ਨਵੀਂ ਹੈ
ਨਾ ਸਾਡੀ ਜਿੱਤ ਨਵੀਂ।

ਇਹੀ ਕਾਰਨ ਹੈ ਕਿ ਅਸੀਂ
ਅਸਮਾਨ ਤੇ ਗ਼ਿਲਾ ਨਹੀਂ ਕਰਦੇ
ਤੇਰੇ ਵਿਛੋੜੇ ਕਾਰਨ
ਦਿਲ ਬੁਰਾ ਨਹੀਂ ਕਰਦੇ।

ਜੇ ਅੱਜ ਤੇਰੇ ਤੋਂ ਵਿਛੁੰਨੇ ਹੋਏ ਹਾਂ
ਤਾਂ ਕੱਲ੍ਹ ਨੂੰ ਮਿਲ ਵੀ ਪਵਾਂਗੇ।

ਇਹ ਰਾਤ ਭਰ ਦੀ
ਜੁਦਾਈ ਤਾਂ ਕੋਈ ਬਾਤ ਨਹੀਂ
ਜੇ ਅੱਜ ਚੜ੍ਹਤ ਵਿਚ ਹੈ
ਰਕੀਬਾਂ ਦੀ ਕਿਸਮਤ
ਤਾਂ ਕੀ ਹੋਇਆ?
ਇਹ ਚਾਰ ਦਿਨ ਦੀ
ਖ਼ੁਦਾਈ ਤਾਂ ਕੋਈ ਬਾਤ ਨਹੀਂ
ਜਿਹੜੇ ਅੱਜ ਤੇਰੇ ਨਾਲ ਵਫ਼ਾ ਦਾ
ਇਕਰਾਰ ਕਰਦੇ ਨੇ
ਉਹ ਰਾਤ ਦਿਨ ਦੀ
ਗਰਦਸ਼ ਨਾਲ ਬਦਲਦੇ ਨਹੀਂ ਹੁੰਦੇ। •

# ਜੇਲ੍ਹ ਦੀ ਇੱਕ ਸ਼ਾਮ

ਸ਼ਾਮ ਦੇ ਟੇਢੇ-ਮੇਢੇ ਸਿਤਾਰਿਆਂ ਵਿਚੋਂ
ਡੰਡਾ ਡੰਡਾ ਉਤਰ ਰਹੀ ਹੈ ਰਾਤ।
ਹਵਾ ਕੋਲ ਦੀ
ਇੰਝ ਲੰਘੀ ਹੈ
ਜਿਵੇਂ ਕਿਸੇ ਨੇ ਆਖੀ ਹੋਵੇ
ਪਿਆਰ ਦੀ ਬਾਤ
ਜੇਲ੍ਹ ਦੇ ਵਿਹੜੇ ਵਿਚਾਲੇ
ਬੇਵਤਨੇ ਬਿਰਖ
ਇੰਝ ਸਿਰ ਝੁਕਾਈ ਖਲੋਤੇ ਨੇ
ਜਿਵੇਂ ਉਹ ਅਸਮਾਨ ਉੱਤੇ
ਬਣਾ ਰਹੇ ਨੇ ਕੋਈ ਵੰਨ-ਸੁਵੰਨੇ ਨਕਸ਼।
ਬੈਰਕ ਦੀ ਛੱਤ ਉੱਤੇ ਚਮਕਦਾ ਹੈ
ਕ੍ਰਿਪਾਲੂ ਚਾਨਣੀ ਦਾ ਸੁੰਦਰ ਹੱਥ
ਖ਼ਾਕ ਵਿਚ ਘੁਲ ਗਿਆ ਹੈ
ਸਿਤਾਰਿਆਂ ਦਾ ਜਾਦੂ
ਨੂਰ ਵਿਚ ਘੁਲ-ਮਿਲ ਗਈ ਹੈ
ਅਰਸ਼ ਦੀ ਨਿਲੱਤਣ।
ਤੇ ਨੁੱਕਰਾਂ ਵਿਚ ਨੀਲੇ ਜਿਹੇ ਪ੍ਰਛਾਵੇਂ
ਜਿਵੇਂ ਦਿਲ ਵਿਚ ਲਹਿਲਹਾਉਂਦੀ ਹੈ
ਪ੍ਰੇਮਿਕਾ ਦੇ ਵਿਛੋੜੇ ਦੀ ਪੀੜ।
ਦਿਲ ਵਿਚ ਲਗਾਤਾਰ
ਇਹ ਖ਼ਿਆਲ ਆਉਂਦਾ ਹੈ
ਕਿ ਇਸ ਪਲ ਜ਼ਿੰਦਗੀ ਕਿੰਨੀ ਮਿੱਠੀ ਹੈ
ਜ਼ੁਲਮ ਦਾ ਜ਼ਹਿਰ ਘੋਲਣ ਵਾਲੇ
ਸਫਲ ਨਹੀਂ ਹੋਣਗੇ, ਅੱਜ ਜਾਂ ਕੱਲ੍ਹ
ਪਿਆਰ ਦੀਆਂ ਸ਼ਮ੍ਹਾਂ
ਬੁਝਾ ਵੀ ਚੁੱਕੇ ਨੇ ਉਹ ਭਾਵੇਂ
ਚੰਨ ਨੂੰ ਬੁਝਾ ਦੇਣ
ਤਾਂ ਮੰਨੀਏ ਅਸੀਂ। •

# ਐ ਰੋਸ਼ਨੀਆਂ ਦੇ ਸ਼ਹਿਰ

ਹਰੀ ਭਰੀ ਹੈ ਸੁੱਕਦੀ ਜਾਂਦੀ,
ਫਿੱਕੀ ਜ਼ਰਦ ਦੁਪਹਿਰ
ਦੀਵਾਰਾਂ ਨੂੰ ਚੱਟ ਰਿਹਾ ਹੈ,
ਤਨਹਾਈ ਦਾ ਜ਼ਹਿਰ।
ਦਿਸਹੱਦੇ ਤੇ ਘਟਦੀ, ਵਧਦੀ,
ਉੱਠਦੀ ਡਿਗਦੀ ਹੈ ਰਹਿੰਦੀ
ਕੁਹਰੇ ਹਾਲਤ ਵਿਚ,
ਬੇਰੌਣਕ ਦਰਦ ਦੀ ਗਦਲੀ ਲਹਿਰ
ਵੱਸਦਾ ਹੈ ਉਸ ਕੁਹਰੇ ਪਿੱਛੇ,
ਰੌਸ਼ਨੀਆਂ ਦਾ ਸ਼ਹਿਰ
ਐ ਰੌਸ਼ਨੀਆਂ ਦੇ ਸ਼ਹਿਰ।

ਕੌਣ ਕਹੇ ਕਿਸ ਪਾਸੇ ਤੇਰੀਆਂ
ਰੌਸ਼ਨੀਆਂ ਦੀ ਰਾਹ
ਹਰ ਪਾਸੇ ਬੇਨੂਰ ਖੜ੍ਹੀ ਹੈ, ਹਿਜਰ ਦੀ ਸ਼ਹਿਰ-
ਪਨਾਹ
ਅੱਜ ਮੇਰਾ ਦਿਲ ਫਿਕਰਾਂ ਅੰਦਰ
ਰੌਸ਼ਨੀਆਂ ਦੇ ਸ਼ਹਿਰ।

ਰਾਤਰੀ ਛਾਪੇ ਮੂੰਹ ਨਾ ਫੇਰੀਂ
ਅਰਮਾਨਾਂ ਦੀ ਰੌਅ
ਖ਼ੈਰ ਹੋਵੇ ਫਿਰ ਲੈਲਾਵਾਂ ਦੀ
ਮਿਲ ਕੇ ਆਖ ਦਿਓ
ਅੱਜ ਦੀ ਰਾਤ ਜਾਂ ਦੀਵੇ ਬਾਲਣ
ਉੱਚੀ ਰੱਖਣ ਲੋਅ। •

ਲਾਹੌਰ ਜੇਲ੍ਹ, 15 ਅਪ੍ਰੈਲ, 1954



# ਮੁਲਾਕਾਤ

ਇਹ ਰਾਤ ਉਸ ਦਰਦ ਦਾ ਬਿਰਖ ਹੈ
ਜੋ ਮੈਥੋਂ ਤੈਥੋਂ ਮਹਾਨਤਰ ਹੈ।

ਮਹਾਨ ਕਿ ਉਸਦੀਆਂ ਟਾਹਣੀਆਂ ਵਿਚ
ਲੱਖਾਂ ਮਸ਼ਾਲਾਂ ਹੱਥ ਵਿਚ ਪਕੜੀ
ਸਿਤਾਰਿਆਂ ਦੇ ਕਾਫਲੇ
ਘਿਰ ਕੇ ਗਵਾਚ ਗਏ ਨੇ
ਹਜ਼ਾਰ ਚੰਦ ਇਸ ਦੀ ਛਾਂ ਹੇਠ
ਆਪਣਾ ਸਭ ਨੂਰ ਰੋ ਰਹੇ ਨੇ।

ਇਹ ਰਾਤ ਉਸ ਦਰਦ ਦਾ ਬਿਰਖ ਹੈ
ਜੋ ਮੈਥੋਂ-ਤੈਥੋਂ ਅਜ਼ੀਮਤਰ ਹੈ
ਪਰ ਇਸੇ ਹੀ ਰਾਤ ਦੇ ਬਿਰਖ ਨਾਲੋਂ
ਇਹ ਕੁਝ ਘੜੀਆਂ ਦੇ ਜਰਦ ਪੱਤੇ
ਝੜੇ ਹਨ ਤੇ ਤੇਰੀਆਂ ਜ਼ੁਲਫਾਂ ਵਿਚ
ਉਲਝ ਕੇ ਅਨਾਰ ਦੇ ਫੁੱਲ ਬਣ ਗਏ ਹਨ
ਏਸੇ ਹੀ ਤਰੇਲ ਨਾਲ
ਚੁੱਪ ਦੇ ਇਹ ਕੁਝ ਕਤਰੇ
ਤੇਰੇ ਮੱਥੇ ਤੇ ਵਰ੍ਹ ਕੇ
ਮੋਤੀ ਪਰੋ ਗਏ ਨੇ। •

2.

ਬਹੁਤ ਹਨ੍ਹੇਰੀ ਹੈ ਇਹ ਰਾਤ
ਐਪਰ ਇਸੇ ਹੀ ਕਾਲਖ ਚੋਂ ਦਿਸਦੀ ਹੈ
ਉਹ ਲਹੂ ਹੀ ਨਹਿਰ
ਜੋ ਮੇਰੀ ਆਵਾਜ਼ ਹੈ
ਇਸੇ ਦੇ ਹੀ ਪ੍ਰਛਾਵੇਂ ਚੋਂ
ਚਾਨਣ-ਵੰਡਦੀ ਹੈ ਸੋਨੇ ਦੀ ਉਹ ਲਹਿਰ
ਜੋ ਤੇਰੀ ਨਜ਼ਰ ਵਿਚ ਹੈ
ਉਹ ਗ਼ਮ
ਜੋ ਇਸ ਵਕਤ ਤੇਰੀਆਂ ਬਾਹਾਂ ਦੇ
ਗੁਲਸ਼ਨ ਵਿਚ ਸੁਲਘ ਰਿਹਾ ਹੈ
ਉਹ ਗ਼ਮ ਜੋ ਇਸ ਰਾਤ ਦਾ ਫਲ ਹੈ
ਕੁਝ ਹੋਰ ਤਪ ਲੈਣ ਦਿਓ
ਆਪਣੀਆਂ ਆਹਵਾਂ
ਕੀ ਇਸ ਦੀ ਮਾਰ ਹੇਠ
ਇਹ ਚੰਗਿਆੜੀ ਹੈ
ਹਰ ਇਕ ਕਾਲੀ ਟਹਿਣੀ ਦੀ ਕਮਾਨ ਨਾਲ
ਜਿਗਰ ਵਿਚ ਟੁੱਟੇ ਨੇ ਤੀਰ ਕਿੰਨੇ
ਇਹ ਤੀਰ ਜਿਗਰ ਵਿਚੋਂ ਪੁੱਟ ਕੇ ਅਸਾਂ
ਹਰ ਇੱਕ ਦਾ ਤੇਸਾ ਬਣਾ ਲਿਆ ਹੈ। •

3.

ਦੁੱਖਾਂ ਮਾਰੇ, ਫੱਟੜ ਦਿਲ
ਵਾਲਿਆਂ ਦੀ ਸਵੇਰ
ਅਸਮਾਨ ਉੱਤੇ ਨਹੀਂ ਹੈ
ਜਿੱਥੇ ਮੈਂ ਤੇ ਤੂੰ ਖਲੋਤੇ ਹਾਂ ਦੋਵੇਂ
ਸਵੇਰ ਦਾ ਰੌਸ਼ਨ ਦਿਸਹੱਦਾ ਏਥੇ ਹੀ ਹੈ
ਏਥੋਂ ਹੀ ਗ਼ਮ ਦੀਆਂ
ਚਿੰਗਾਰੀਆਂ ਖਿੜ ਕੇ
ਊਸ਼ਾ ਦੇ ਫੁੱਲ ਬਣ ਗਏ ਨੇ
ਇਥੋਂ ਹੀ ਕਾਤਿਲ ਦੁੱਖਾਂ ਦੇ ਤੇਸੇ
ਕਤਾਰ ਅੰਦਰ ਕਤਾਰ ਕਿਰਨਾਂ ਦੇ
ਅੱਗ ਵਾਲੇ ਹਾਰ ਬਣ ਗਏ ਨੇ।
ਇਹ ਗ਼ਮ ਜੋ ਇਸ ਰਾਤ ਨੇ ਦਿੱਤਾ ਹੈ
ਇਹੀ ਗ਼ਮ ਸਵੇਰ ਦਾ
ਯਕੀਨ ਬਣ ਗਿਆ ਹੈ
ਯਕੀਨ ਜੋ ਗ਼ਮ ਨਾਲੋਂ ਵਧ ਦਿਆਲੂ ਹੈ
ਸਵੇਰ ਜੋ ਰਾਤ ਨਾਲੋਂ ਅਜ਼ੀਮਤਰ ਹੈ। •

(ਮਿੰਟਗੁਮਰੀ ਜੇਲ੍ਹ ਵਿਚੋਂ 3 ਨਵੰਬਰ 1953)

## ਦਰੀਚਾ (ਬਾਰੀ)

ਗੱਡੀਆਂ ਨੇ ਕਿੰਨੀਆਂ ਸੂਲੀਆਂ
ਮੇਰੀ ਬਾਰੀ ਵਿਚ
ਹਰੇਕ ਕੋਲ ਆਪਣੇ ਮਸੀਹੇ ਦੇ ਖ਼ੂਨ
ਦਾ ਰੰਗ ਹੈ
ਹਰ ਇਕ ਕੋਲ ਰੱਬ ਨੂੰ
ਮਿਲਣ ਦੀ ਤਾਂਘ ਹੈ
ਕਿਸੇ ਉੱਤੇ ਕਰਦੇ ਨੇ ਬਹਾਰ ਦੇ ਬੱਦਲ
ਦੀ ਕੁਰਬਾਨੀ
ਕਿਸੇ ਨੂੰ ਚਮਕਾਂ-ਮਾਰਦੇ ਚੰਦ ਉੱਤੇ
ਕਰਦੇ ਨੇ ਕੁਰਬਾਨ।
ਕਿਸੇ ਉੱਤੇ ਹੁੰਦੀ ਹੈ
ਸਰਮਸਤ ਟਹਿਣੀ ਦੀ
ਦੋ ਟੁਕੜਿਆਂ ਵਿਚ ਅਰਾਧਣਾ
ਕਿਸੇ ਉੱਤੇ ਸਵੇਰ ਦੀ ਪੌਣ ਨੂੰ
ਕਤਲ ਕਰਦੇ ਨੇ।

ਹਰ ਆਏ ਦਿਨ ਇਹ ਤਰਸ ਅਤੇ ਸੁੰਦਰਤਾ
ਦੇ ਖ਼ੂਨ ਵਿਚ ਗਰਕ ਹੋਏ
ਮੇਰੇ ਦੁੱਖਾਂ-ਭਰੇ ਘਰ ਵਿਚ ਆਉਂਦੇ ਨੇ
ਤੇ ਹਰ ਆਏ ਦਿਨ
ਮੇਰੀਆਂ ਨਜ਼ਰਾਂ ਦੇ ਸਾਹਮਣੇ
ਉਹਨਾਂ ਦੇ ਸ਼ਹੀਦ ਹੋਏ ਜਿਸਮ
ਸਹੀ ਸਲਾਮਤ ਉਠਾਏ ਜਾਂਦੇ ਨੇ। ●
(ਮਿੰਟਗੁਮਰੀ ਜੇਲ੍ਹ ਦਸੰਬਰ 1954)

## ਅਫਰੀਕਾ ! ਮੁੜ ਆਓ

**(ਅਫਰੀਕਾ ਦੇ ਆਜ਼ਾਦੀ ਪਸੰਦਾਂ ਦਾ ਨਾਹਰਾ)**

ਆ ਜਾਓ, ਮੈਂ ਸੁਣ ਲਈ ਹੈ
ਤੇਰੇ ਢੋਲ ਦੀ ਤਰੰਗ
ਆ ਜਾਓ, ਮਸਤ ਹੋ ਗਈ
ਮੇਰੇ ਲਹੂ ਦੀ ਤਾਲ
ਆ ਜਾਓ, ਅਫਰੀਕਾ।

ਆ ਜਾਓ, ਮੈਂ ਢੋਲ ਤੋਂ ਮੱਥਾ ਉਠਾ ਲਿਆ
ਆ ਜਾਓ, ਮੈਂ ਛਿੱਲ ਦਿੱਤੀ,
ਅੱਖਾਂ ਤੋਂ ਗ਼ਮ ਦੀ ਛਾਲ
ਆ ਜਾਓ, ਮੈਂ ਦਰਦ ਤੋਂ ਬਾਂਹ ਛੁਡਾ ਲਈ
ਆ ਜਾਓ, ਮੈਂ ਨੋਚ ਦਿੱਤਾ
ਬੇਬਸੀ ਦਾ ਜਾਲ
ਆ ਜਾਓ, ਅਫਰੀਕਾ।

ਪੰਜੇ ਵਿਚ ਹੱਥਕੜੀ ਦੀ ਕੜੀ
ਬਣ ਗਈ ਹੈ ਗੁਰਜ
ਗਰਦਨ ਦਾ ਤੌਕ ਤੋੜ ਕੇ
ਢਾਲ ਲਈ ਮੈਂ ਢਾਲ
ਆ ਜਾਓ, ਅਫਰੀਕਾ।

ਬਲਦੇ ਨੇ ਹਰ ਜੰਗਲ
ਵਿਚ ਹਥਿਆਰਾਂ ਦੇ ਮਿਰਗ ਨੈਣ
ਦੁਸ਼ਮਣ ਲਹੂ ਦੇ ਨਾਲ
ਰਾਤ ਦੀ ਕਾਲਖ਼ ਹੋਈ ਹੈ ਲਾਲ
ਆਓ ਜਾਓ, ਅਮਰੀਕਾ।

ਧਰਤੀ ਧੜਕ ਰਹੀ ਹੈ, ਮੇਰੇ ਸਾਥ ਅਫਰੀਕਾ
ਦਰਿਆ ਥਿਰਕ ਰਿਹਾ ਹੈ ਤੇ
ਜੰਗਲ ਦੇ ਰਿਹਾ ਹੈ ਤਾਲ
ਮੈਂ ਅਫਰੀਕਾ ਹਾਂ,
ਧਾਰ ਲਿਆ ਹੈ ਮੈਂ ਤੇਰਾ ਰੂਪ
ਮੈਂ ਤੂੰ ਹਾਂ, ਮੇਰੀ ਚਾਲ ਹੈ,
ਤੇਰੀ ਬੱਬਰ ਦੀ ਚਾਲ
ਆ ਜਾਓ, ਅਫਰੀਕਾ,
ਆ ਜਾਓ, ਅਫਰੀਕਾ। ●
(ਮਿੰਟਗੁਮਰੀ ਜੇਲ੍ਹ, 14 ਜਨਵਰੀ, 1955)



## ਇਹ ਫਸਲ ਉਮੀਦਾਂ ਦੀ ਹਮਦਮ

ਸਭ ਕੱਟ ਦਿਓ
ਮੁਰਦਾ ਬੂਟਿਆਂ ਨੂੰ
ਪਾਣੀ ਬਿਨ ਸਿਸਕਦੇ ਮੱਤ ਛੱਡੋ
ਸਭ ਤੋੜੋ ਨਿਕੰਮੇ ਫੁੱਲਾਂ ਨੂੰ
ਟਾਹਣੀਆਂ ਤੇ ਵਿਲਕਦੇ ਮੱਤ ਛੱਡੋ।

ਇਹ ਫਸਲ ਉਮੀਦਾਂ ਦੀ ਹਮਦਮ
ਇਸ ਵਾਰ ਵੀ ਐਵੇਂ ਜਾਵੇਗੀ
ਸਭ ਮਿਹਨਤ, ਸਵੇਰ ਤੇ ਸੰਧਿਆ ਦੀ
ਹੁਣ ਵੀ ਅਕਾਰਥ ਜਾਵੇਗੀ।

ਖੇਤੀ ਦੀਆਂ ਨੁੱਕਰਾਂ ਗੁੱਠਾਂ ਵਿਚ
ਫਿਰ ਆਪਣੇ ਲਹੂ ਦੀ ਖਾਦ ਭਰੋ
ਫਿਰ ਮਿੱਟੀ ਸਿੰਜੋ ਹੰਝੂਆਂ ਦੀ
ਫਿਰ ਅਸਲੀ ਰੁੱਤ ਦੀ ਫਿਕਰ ਕਰੋ।

ਫਿਰ ਅਗਲੀ ਰੁੱਤ ਦੀ ਫਿਕਰ ਕਰੋ,
ਜਦ ਫਿਰ ਇਕ ਵਾਰ ਉਜੜਨਾ ਹੈ
ਇਕ ਫਸਲ ਪੱਕੀ ਤੇ ਭਰ ਪਾਇਆ
ਹੁਣ ਤੱਕ ਤੇ ਇਹੋ ਕੁਝ ਕਰਨਾ ਹੈ। ●
(ਮਿੰਟਗੁਮਰੀ ਜੇਲ੍ਹ 30 ਮਾਰਚ, 1955)

## ਸ਼ਾਮ

ਇਸ ਤਰ੍ਹਾਂ ਹੈ ਕਿ
ਹਰ ਇੱਕ ਬਿਰਖ ਇੱਕ ਮੰਦਰ ਹੈ
ਕੋਈ ਉਜੜਿਆ ਹੋਇਆ
ਬੇਨੂਰ ਪੁਰਾਣਾ ਮੰਦਰ
ਲੱਭਦਾ ਹੈ ਜੋ ਖ਼ਰਾਬੀ ਦੇ ਬਹਾਨੇ ਚਿਰ ਤੋਂ
ਹਰ ਛੱਤ ਪਾਟੀ ਹੋਈ
ਤੇ ਹਰ ਦਰਵਾਜ਼ੇ ਦਾ ਆਖਰੀ-ਸਾਹ ਹੈ

ਅਸਮਾਨ ਕੋਈ ਪਰੋਹਤ ਹੈ
ਜੋ ਛੱਤ ਹੇਠਾਂ
ਜਿਸਮ ਉੱਤੇ ਰਾਖ਼ ਮਲੀ
ਮੱਥੇ ਉੱਤੇ ਸੰਧੂਰ ਲਾਈ
ਸਿਰ ਝੁਕਾਈ ਬੈਠਾ ਹੈ ਚੁੱਪ-ਚਾਪ
ਪਤਾ ਨਹੀਂ ਕਦੋਂ ਤੋਂ
ਇੰਝ ਲੱਗਦਾ ਹੈ ਕਿ ਪਰਦੇ ਪਿੱਛੇ
ਕੋਈ ਜਾਦੂਗਰ ਹੈ,
ਜਿਸ ਨੇ ਦੁਮੇਲ ਤੀਕਰ
ਫੈਲਾਇਆ ਹੈ ਕੋਈ ਜਾਦੂ ਦਾ ਜਾਲ।
ਤੇ ਵਕਤ ਦਾ ਪੱਲਾ ਜੁੜਿਆ ਹੋਇਆ ਹੈ
ਸ਼ਾਮ ਦੇ ਪੱਲੇ ਨਾਲ।

ਹੁਣ ਕਦੇ ਬੁਝੇਗੀ ਸ਼ਾਮ,
ਨਾ ਹਨ੍ਹੇਰਾ ਹੋਏਗਾ
ਹੁਣ ਕਦੇ ਰਾਤ ਢਲੇਗੀ,
ਨਾ ਸਵੇਰਾ ਹੋਵੇਗਾ
ਅਸਮਾਨ ਆਸ ਲਾਈ ਬੈਠਾ ਹੈ
ਕਿ ਜਾਦੂ ਟੁੱਟੇ
ਚੁੱਪ ਦੀ ਜ਼ੰਜੀਰ ਕੱਟੀ ਜਾਵੇ
ਤੇ ਵਕਤ ਦਾ ਦਾਮਨ ਮੁਕਤ ਹੋਵੇ
ਕੋਈ ਸੰਖ ਦੁਹਾਈ ਦੇਵੇ
ਕੋਈ ਪਾਇਲ ਬੋਲੇ
ਕੋਈ ਬੁੱਤ ਜਾਗੇ
ਕੋਈ ਸਉਲੀ ਔਰਤ ਘੁੰਡ ਚੁੱਕੇ। ●

# ਜਸ਼ਨ ਦਾ ਦਿਨ

ਪਾਗਲਪਨ ਦੀ ਯਾਦ ਮਨਾਓ ਕਿ ਜਸ਼ਨ ਦਾ ਦਿਨ ਹੈ।
ਸੂਲੀ, ਫਾਂਸੀ ਖ਼ੂਬ ਸਜਾਓ ਕਿ ਜਸ਼ਨ ਦਾ ਦਿਨ ਹੈ।

ਸਜੀ ਹੋਈ ਖੁਸ਼ੀਆਂ ਦੀ ਮਹਿਫ਼ਿਲ, ਬਦਲ ਲਵੋ ਹਿਰਦੇ ਦੇ ਵਸਤਰ,
ਫੱਟ ਜਿਗਰ ਦੇ ਟਾਂਕੇ ਲਾਓ ਕਿ ਜਸ਼ਨ ਦਾ ਦਿਨ ਹੈ।

ਸਾਕੀ ਹੈ ਵਜਦ ਵਿਚ ਆਇਆ, ਅੱਜ ਨਾ ਵੇਖੋ ਰੰਗ ਨਸ਼ੇ ਦਾ,
ਜਾਮ ਭਰੋ ਤੇ ਡੀਕਾਂ ਲਾਓ ਕਿ ਜਸ਼ਨ ਦਾ ਦਿਨ ਹੈ।

ਡਾਕੂ, ਆਗੂ, ਇਕ ਤਰ੍ਹਾਂ ਦੇ, ਅੱਜ ਨਾ ਕਰੋ ਨਿਖੇੜਾ ਕੋਈ,
ਸਭਨਾਂ ਦੇ ਸੰਗ ਹੱਥ ਮਿਲਾਓ ਕਿ ਜਸ਼ਨ ਦਾ ਦਿਨ ਹੈ।

ਸਾਨੂੰ ਫਿਟਕਾਂ ਪਾਵਣ ਵਾਲੀ, ਵੇਖੋ ਜੁੜੀ ਪਰਚਾਰਕ ਢਾਣੀ,
ਨਜ਼ਰਾਂ ਜ਼ਰਾ ਝੁਕਾ ਕੇ ਜਾਓ, ਕਿ ਜਸ਼ਨ ਦਾ ਦਿਨ ਹੈ।

ਦਿਲ-ਟੁੱਟੇ ਨੇ ਯਾਰ ਪਿਆਰੇ, ਤੁਸੀਂ ਪਿਆਰੇ ਜਿੰਦ ਨਾਲੋਂ ਵੀ,
ਅੱਜ ਦੇ ਦਿਨ ਸਭ ਰੰਜ ਭੁਲਾਓ, ਕਿ ਜਸ਼ਨ ਦਾ ਦਿਨ ਹੈ।

ਦੁਖੀ ਦਿਲਾਂ ਦੀ ਸੁਰ ਨਾ ਕੋਈ, ਨਾ ਧੁਨ ਹੁੰਦੀ, ਤਾਲ ਨਾ ਕੋਈ,
ਗ਼ਜ਼ਲ-ਸੁਰਾਂ ਨੂੰ ਰਲ ਕੇ ਗਾਓ, ਕਿ ਜਸ਼ਨ ਦਾ ਦਿਨ ਹੈ।

# ਮਖਦੂਮ ਦੀ ਯਾਦ

ਯਾਦ ਤੁਹਾਡੀ ਆਉਂਦੀ ਰਹੀ ਏ ਰਾਤ ਸਾਰੀ।
ਚਾਨਣੀ ਦਿਲ ਦੁਖਾਉਂਦੀ ਰਹੀ ਏ ਰਾਤ ਸਾਰੀ।

ਜਗਦੀ ਬੁਝਦੀ ਰਹੀ ਨਿਰੰਤਰ ਟਿਮ ਟਿਮ ਕਰਦੀ,
ਦਰਦਾਂ ਦੀ ਲੋਅ ਝਿਲਮਿਲਾਉਂਦੀ ਰਹੀ ਏ ਰਾਤ ਸਾਰੀ।

ਰਹੀ ਪੁਸ਼ਾਕਾਂ ਬਦਲਦੀ ਸੀ ਕੋਈ ਖ਼ੁਸ਼ਬੂ,
ਮੂਰਤ ਕੋਈ ਗਾਉਂਦੀ ਰਹੀ ਏ ਰਾਤ ਸਾਰੀ।

ਪੌਣ ਬੈਠ ਕੇ ਫੁੱਲ ਪੱਤੀਆਂ ਦੀ ਛਾਂ ਦੇ ਹੇਠ,
ਕੋਈ ਕਹਾਣੀ ਗੁਣ-ਗੁਣਾਉਂਦੀ ਰਹੀ ਏ ਰਾਤ ਸਾਰੀ।

ਆਸ ਇਕ ਵਰਚਾਇਆ ਸਾਨੂੰ ਸਾਰੀ ਰਾਤ,
ਤਾਂਘ ਕੋਈ ਤੜਪਾਉਂਦੀ ਰਹੀ ਏ ਰਾਤ ਸਾਰੀ।

(ਮਾਸਕੋ ਸਤੰਬਰ 1978)

(ਨੋਟ – ਮਖ਼ਦੂਮ ਮੁਹੱਈਉਦੀਨ ਆਂਧਰਾ ਦਾ ਪ੍ਰਮੁੱਖ ਉਰਦੂ ਕਵੀ ਸੀ)



# ਅੱਲਾ ਦਾ ਨਾਂ ਲੈ ਕੇ ਸ਼ੁਰੂ ਕਰੋ

ਕਿੰਝ ਸੰਭਵ ਹੈ ਯਾਰ ਮੇਰੇ
ਮਜਨੂੰ ਤਾਂ ਬਣੋ ਭਾਵੇਂ
ਕਿਸੇ ਪੱਥਰ ਨਾਲ ਦੋਸਤੀ ਨਾ ਹੋਵੇ
ਹੋਵੇ ਦਾਹਵਾ ਪਹਾੜ ਕੱਟਣ ਦਾ
ਐਪਰ ਸਿਰ ਪੜਵਾਉਣ ਦੀ
ਹਿੰਮਤ ਵੀ ਨਾ ਹੋਵੇ ਪੱਲੇ।

ਹਰ ਇੱਕ ਨੂੰ ਸੱਦੋ ਮਕਤਲ ਵਿਚ,
ਤੇ ਖ਼ੁਦ ਉਸ ਥਾਂ ਤੋਂ ਭੱਜ ਜਾਓ
ਬਿਹਤਰ ਤਾਂ ਇਹੀ ਹੈ ਜਾਨ ਮੇਰੀ
ਜਿਸ ਥਾਂ ਸਿਰ ਧੜ ਦੀ ਬਾਜ਼ੀ ਲੱਗੀ ਹੋਵੇ
ਇਹ ਇਸ਼ਕ ਦੀ ਹੋਵੇ ਜਾਂ ਜੰਗ ਦੀ
ਜੇ ਹਿੰਮਤ ਹੈ ਤਾਂ ਬਿੱਸਮਿਲਾਹ
(ਰੱਬ ਦਾ ਨਾਂ ਲੈ ਕੇ ਸ਼ੁਰੂ ਕਰੋ)
ਨਹੀਂ ਤੇ ਆਪਣੇ ਆਪ ਵਿਚ ਰਹੋ
ਲਾਜ਼ਮੀ ਤੇ ਨਹੀਂ ਹੈ ਹਰ ਕੋਈ
ਮਨਸੂਰ ਬਣੇ, ਫਰਿਹਾਦ ਬਣੇ
ਪਰ ਐਨੀ ਗੱਲ ਤਾਂ ਲਾਜ਼ਿਮ ਹੈ
ਕਿ ਸੱਚ ਮੰਨ ਕੇ ਜਿਹੜਾ ਰਾਹ ਚੁਣੋ
ਬੱਸ ਇਕ ਉਸੇ ਦੇ ਹੋ ਕੇ ਰਹੋ। •

# ਲਹੂ ਦਾ ਸੁਰਾਗ਼

**(ਗੋਲੀ ਕਾਂਡ ਦੀ ਪੜਤਾਲ ਬਾਰੇ)**

ਕਿਤੇ ਵੀ ਨਹੀਂ
ਕਿਤੇ ਵੀ ਨਹੀਂ ਹੈ ਲਹੂ ਦਾ ਸੁਰਾਗ਼
ਨਾ ਕਾਤਿਲ ਦੇ ਹੱਥਾਂ ਦੇ ਨਹੁੰਆਂ ਉੱਤੇ
ਨਾ ਕੱਪੜਿਆਂ ਉੱਤੇ ਨਿਸ਼ਾਨ।
ਨਾ ਖੰਜਰ ਦੀ ਨੋਕ ਦੀ ਲਾਲੀ ਉੱਤੇ,
ਨਾ ਤਲਵਾਰ ਦੀ ਧਾਰ ਦੇ ਰੰਗ ਉੱਤੇ।

ਨਾ ਮਿੱਟੀ ਉੱਤੇ ਕੋਈ ਧੱਬਾ
ਨਾ ਛੱਤ ਉੱਤੇ ਕੋਈ ਦਾਗ਼
ਕਿਤੇ ਵੀ ਨਹੀਂ
ਕਿਤੇ ਵੀ ਨਹੀਂ ਹੈ ਲਹੂ ਦੀ ਪੈੜ।

ਨਾ ਰਾਜਿਆਂ ਦੀ ਸੇਵਾ ਵਿਚ ਵਗਿਆ
ਕਿ ਖ਼ੂਨ ਦੀ ਕੀਮਤ ਅਦਾ ਕਰ ਦਿੰਦੇ
ਨਾ ਧਰਮ ਦੀ ਸੇਵਾ ਵਿਚ
ਕਿ ਪੇਸ਼ਗੀ ਭੁਗਤਾਨ ਹੋ ਜਾਂਦਾ
ਜਾਂ ਕਿਸੇ ਝੰਡੇ ਤੇ
ਲਿਖੇ ਜਾਣ ਉੱਤੇ ਚਰਚਿਤ ਹੋ ਜਾਂਦਾ।

ਚੀਕਦਾ ਰਿਹਾ ਬੇ-ਆਸਰਾ ਯਤੀਮ ਲਹੂ
ਕਿਤੇ ਸੁਣਵਾਈ ਨਹੀਂ ਹੋਈ ਇਸ ਦੀ
ਨਾ ਕਿਸੇ ਕੋਲ ਵਕਤ ਸੀ ਤੇ ਨਾ ਦਿਮਾਗ
ਨਾ ਕੋਈ ਮੁਦੱਈ ਸੀ ਨਾ ਗਵਾਹ
ਸਾਰਾ ਹਿਸਾਬ ਸਾਫ ਹੋ ਗਿਆ।

ਇਹ ਮਿੱਟੀ-ਘੱਟੇ ਵਿਚ
ਬਹਿਣ ਵਾਲਿਆਂ ਦਾ ਲਹੂ ਸੀ
ਜੋ ਮਿੱਟੀ ਦੀ ਖ਼ੁਰਾਕ ਬਣ ਗਿਆ। •

(ਅਪ੍ਰੈਲ 1965)

# ਬਲੈਕ ਆਊਟ

ਜਦ ਤੋਂ ਨੂਰ ਤੋਂ ਵਿਰਵੀਆਂ ਹੋਈਆਂ
ਮੇਰੀਆਂ ਅੱਖਾਂ
ਮਿੱਟੀ ਵਿਚੋਂ ਲੱਭਦਾ ਫਿਰਦਾ ਹਾਂ
ਕਿਸੇ ਥਾਂ ਤੋਂ
ਗਵਾਚ ਗਈਆਂ ਮੇਰੀਆਂ ਦੋਵੇਂ ਅੱਖਾਂ
ਤੂੰ ਜੋ ਵਾਕਿਫ਼ ਹੈਂ
ਦੱਸ ਕੋਈ ਪਛਾਣ ਮੇਰੀ।

ਗੱਲ ਇੰਝ ਹੈ ਕਿ
ਹਰ ਇਕ ਰੰਗ ਵਿਚ ਉਤਰ ਆਇਆ ਹੈ
ਹਰ ਲਹਿਰ ਵਿਚ
ਕਿਸੇ ਜ਼ਹਿਰ ਦਾ ਕਾਤਲ ਦਰਿਆ।

ਤੇਰਾ ਅਹਿਸਾਨ
ਤੇਰੀ ਯਾਦ ਲਈ
ਜਾਨ ਮੇਰੀ
ਖ਼ਬਰ ਨਹੀਂ ਕਿਸ ਲਹਿਰ ਵਿਚੋਂ
ਉਲਝਿਆ ਹੋਇਆ ਹੈ ਦਿਲ ਮੇਰਾ।

ਇਕ ਪਲ ਠਹਿਰੋ
ਕਿ ਉਸ ਪਾਰ ਕਿਸੇ ਦੁਨੀਆਂ ਵਿਚ
ਬਿਜਲੀ ਲਿਸ਼ਕੀ ਮੇਰੀ ਤਰਫ਼
ਆਪਣਾ ਰੌਸ਼ਨ ਹੱਥ ਵਧਾਈ
ਤੇ ਮੇਰੀਆਂ ਅੱਖਾਂ ਦੇ ਗਵਾਚੇ ਹੋਏ
ਹਨ੍ਹੇਰੇ ਵਿਚ ਮਸਤ
ਰਾਤ ਨੂੰ ਚਮਕਣ ਵਾਲੇ ਮੋਤੀ
ਵਾਪਸ ਕਰ ਦੇ ਮੈਨੂੰ।

ਇਕ ਪਲ ਠਹਿਰੋ
ਕਿ ਦਰਿਆ ਦਾ ਕੋਈ ਪੱਤਣ ਲੱਭੇ
ਤੇ ਨਵਾਂ ਦਿਲ ਮੇਰਾ
ਜ਼ਹਿਰ ਵਿਚ ਘੁਲ ਕੇ
ਫਨਾਹ ਹੋ ਕੇ ਕਿਸੇ ਪੱਤਣ ਲੱਗੇ।

ਫਿਰ ਤੈਨੂੰ ਭੇਂਟ ਕਰਨ ਲਈ
ਨਵੀਆਂ ਅੱਖਾਂ ਤੇ ਨਵਾਂ ਦਿਲ
ਲੈ ਕੇ ਚੱਲਾਂ
ਹੁਸਨ ਦੀ ਮਹਿਮਾ ਗਾਵਾਂ
ਇੱਛਾ ਦਾ ਮਜ਼ਮੂਨ ਲਿਖਾਂ। ●

(ਸਤੰਬਰ 1965)

# ਗ਼ਮ ਨਾ ਕਰ

ਦਰਦ ਥੰਮ੍ਹ ਜਾਏਗਾ
ਗ਼ਮ ਨਾ ਕਰ, ਗ਼ਮ ਨਾ ਕਰ।

ਯਾਰ ਮੁੜ ਆਵਣਗੇ
ਦਿਲ ਠਹਿਰ ਜਾਏਗਾ
ਗ਼ਮ ਨਾ ਕਰ, ਗ਼ਮ ਨਾ ਕਰ।

ਜ਼ਖਮ ਭਰ ਆਵੇਗਾ
ਦਿਨ ਨਿਖਰ ਜਾਵੇਗਾ
ਗ਼ਮ ਨਾ ਕਰ, ਗ਼ਮ ਨਾ ਕਰ।

ਬੱਦਲ ਉੱਡ ਜਾਵੇਗਾ
ਰਾਤ ਢਲ ਜਾਵੇਗੀ
ਗ਼ਮ ਨਾ ਕਰ, ਗ਼ਮ ਨਾ ਕਰ।
ਰੁੱਤ ਬਦਲ ਜਾਵੇਗੀ
ਗ਼ਮ ਨਾ ਕਰ, ਗ਼ਮ ਨਾ ਕਰ।

●●●



# ਐ ਵਤਨ

ਤੇਰੇ ਪੈਗ਼ਾਮ ਉੱਤੇ ਐ ਵਤਨ, ਐ ਵਤਨ।
ਆ ਗਏ ਅਸੀਂ ਕੁਰਬਾਨ ਹੋ ਕੇ ਤੇਰੇ ਨਾਂ ਉੱਤੇ
ਤੇਰੇ ਸੁਨੇਹੇ ਉੱਤੇ ਐ ਵਤਨ! ਐ ਵਤਨ!
ਨਜ਼ਰਾਨਾ ਕੀ ਦੇਈਏ
ਕਿ ਅਸੀਂ ਧਨਵਾਨ ਨਹੀਂ
ਆਨ ਸ਼ਾਨ ਵਾਲੇ ਨਹੀਂ, ਇਕਬਾਲ ਵਾਲੇ ਨਹੀਂ

ਹਾਂ, ਇਹ ਜਾਨ ਹੈ ਕੇਵਲ
ਕਿ ਸੁੱਖ ਜਿਸ ਨੇ ਕਦੇ ਵੇਖਿਆ ਨਹੀਂ
ਜਾਂ ਇਹ ਤਨ ਕਿ ਜਿਸ ਉੱਤੇ ਕੱਪੜੇ ਦਾ ਟੁਕੜਾ ਨਹੀਂ
ਸਾਡੀ ਦੌਲਤ ਹੈ ਇਹੀ
ਸਾਡਾ ਧਨ ਹੈ ਇਹੀ।

ਸਾਡਾ ਜੋ ਕੁਝ ਵੀ ਹੈ ਐ ਵਤਨ, ਇਹੀ ਹੈ
ਵਾਰ ਦੇਵਾਂਗੇ ਇਹ ਸਭ ਕੁਝ ਤੇਰੇ ਨਾਂ ਉੱਤੇ
ਤੇਰੀ ਵੰਗਾਰ ਉੱਤੇ, ਤੇਰੇ ਪੈਗ਼ਾਮ ਉੱਤੇ
ਤੇਰੇ ਪੈਗ਼ਾਮ ਉੱਤੇ, ਐ ਵਤਨ
ਅਸੀਂ ਵਾਰ ਦੇਵਾਂਗੇ, ਜਾਨਾਂ ਤੇਰੇ ਨਾਂ ਉੱਤੇ,
ਤੇਰੇ ਗੱਦਾਰ, ਅਣਖ ਤੋਂ ਮੂੰਹ ਮੋੜ ਕੇ
ਅੱਜ ਫਿਰ ਐਰਾਂ-ਗੈਰਾਂ ਨਾਲ ਸਿਰ ਜੋੜ ਕੇ
ਤੇਰੀ ਇੱਜ਼ਤ ਦਾ ਭਾਅ ਲਾਉਣ ਲੱਗੇ
ਤੇਰੀ ਅਸਮਤ ਦਾ ਸੌਦਾ ਮੁਕਾਵਣ ਲੱਗੇ

ਜੇ ਸਾਡੇ ਵਿਚ ਦਮ ਹੋਇਆ ਤਾਂ
ਇਹ ਨਹੀਂ ਕਰਨ ਦਿਆਂਗੇ ਅਸੀਂ
ਚਾਲ ਉਹਨਾਂ ਦੀ ਕੋਈ ਨਾ ਚੱਲਣ ਦਿਆਂਗੇ ਅਸੀਂ
ਤੈਨੂੰ ਵਿਕਣ ਨਾ ਦਿਆਂਗੇ ਕਿਸੇ ਕੀਮਤ ਉੱਤੇ
ਅਸੀਂ ਵਾਰ ਦਿਆਂਗੇ ਜਾਨਾਂ, ਤੇਰੇ ਨਾਂ ਉੱਤੇ
ਸਿਰ ਕਟਾ ਦਿਆਂਗੇ ਤੇਰੇ ਨਾਂ ਉੱਤੇ
ਤੇਰੇ ਪੈਗ਼ਾਮ ਉੱਤੇ, ਐ ਵਤਨ! ਐ ਵਤਨ!

●●●

## ਦਿਲ ਦਾ ਦੌਰਾ

ਦਰਦ ਏਨਾ ਸੀ
ਕਿ ਉਸ ਰਾਤ ਵਹਿਸ਼ੀ-ਦਿਲ ਨੇ
ਬਦਨ ਦੀ ਹਰ ਨਾੜ ਨਾੜ ਸੰਗ
ਉਲਝਣਾ ਚਾਹਿਆ
ਤੇ ਮੇਰੇ ਰੋਮ-ਰੋਮ ਚੋਂ ਟਪਕਣਾ ਚਾਹਿਆ।

ਕਿਤੇ ਦੂਰ ਤੋਂ
ਜਿਵੇਂ ਕੋਈ ਪੱਤਾ ਪੱਤਾ
ਮੇਰੇ ਉਦਾਸੇ ਲਹੂ ਵਿਚ ਧੁਲ ਕੇ
ਚੰਨ ਦੀ ਸੁੰਦਰਤਾ ਤੋਂ
ਦੁਖੀ ਵਿਖਾਈ ਦੇਣ ਲੱਗਾ
ਇੰਝ ਜਿਵੇਂ ਮੇਰੇ ਵੀਰਾਨ ਬਦਨ ਵਿਚੋਂ
ਸਾਰੀਆਂ ਦੁਖਦੀਆਂ ਨਾੜਾਂ ਦੀਆਂ
ਕੱਸੀਆਂ ਤਣਾਵਾਂ
ਬੰਧਨ-ਮੁਕਤ ਹੋ ਕੇ ਪਤਾ ਦੇਣ ਲੱਗੀਆਂ।

ਅਤੇ ਉਹ ਕਾਫਲੇ ਦੇ ਤੁਰਨ ਦੀ ਤਿਆਰੀ
ਦਾ ਪਤਾ ਦੇਣ ਲੱਗੀਆਂ
ਤੇ ਜਦੋਂ ਯਾਦਾਸ਼ਤ ਦੀ ਬੁਝਦੀ ਹੋਈ ਸ਼ਮਾਂ
ਵਿਚੋਂ ਨਜ਼ਰ ਆਉਣ ਲੱਗਿਆ
ਉਹ ਆਖ਼ਰੀ ਪਲ
ਪਰ ਤੇਰੇ ਪਿਆਰ ਦਾ ਦਰਦ ਏਨਾ ਸੀ
ਕਿ ਉਸ ਵਿਚੋਂ ਵੀ
ਗੁਜ਼ਰਨਾ ਚਾਹਿਆ ਅਸੀਂ
ਚਾਹਿਆ ਸੀ ਅਸੀਂ
ਪਰ ਦਿਲ ਨੇ ਠਹਿਰਨਾ ਨਹੀਂ ਚਾਹਿਆ।

(1967)

## ਬਚ ਕੇ ਰਹੋ ਸਰੀਰ ਮੇਰੇ ਤੋਂ

ਕਿਵੇਂ ਸੱਜਿਆ ਕਤਲਾਮ ਦਾ ਮੇਲਾ
ਕਿਸ ਦਾ ਮਨ ਪਰਚਾਵੇਗਾ ਹੁਣ
ਰੱਤ ਮੇਰੀ ਦਾ ਸਭ ਵਾ-ਵੇਲਾ।
ਭੁੱਖਾਂ-ਮਾਰੇ ਸੁੱਕੇ ਬਦਨ ਵਿਚ
ਲਹੂ ਕਿੱਥੇ ਹੈ ?
ਇਸ ਦੇ ਨਾਲ ਕੀ ਦੀਪ ਜਗੇਗਾ
ਨਾ ਇਸ ਨਾਲ ਪਿਆਲੀ ਭਰਨੀ
ਇਸ ਦੇ ਨਾਲ ਨਾ ਅੱਗ ਭੜਕਣੀ
ਨਾ ਤੇਹ ਮਿਟਣੀ।
ਛਿੱਜੇ ਹੋਏ ਮੇਰੇ ਬਦਨ ਵਿਚ ਲਹੂ ਕਿੱਥੇ ਹੈ
ਨਸ ਨਸ ਦੇ ਵਿਚ ਜ਼ਹਿਰ ਭਰੀ ਹੈ
ਛੂਹ ਕੇ ਵੇਖੋ
ਸੱਪ ਦੀ ਜ਼ਹਿਰ ਬਣੇ ਹਰ ਤੁਪਕਾ।
ਇਹੋ ਸੱਚੀ
ਸਦੀਆਂ ਦੇ ਦੁੱਖਾਂ ਦਰਦਾਂ ਤੇ ਸਿੱਕਾਂ ਦਾ
ਹਰ ਤਪਕੇ ਵਿਚ
ਗ਼ਮ, ਗੁੱਸੇ ਦਾ ਸੇਕ ਸੁਲਘਦਾ

ਬਚ ਕੇ ਰਹੋ ਮੇਰੇ ਬਦਨ ਤੋਂ
ਇਹ ਜ਼ਹਿਰ ਦਾ ਭਰ ਵਗਦਾ ਦਰਿਆ ਹੈ
ਬਚ ਕੇ ਰਹੋ ਬਦਨ ਮੇਰੇ ਤੋਂ
ਇਹ ਜੰਗਲ ਦੀ ਸੁੱਕੀ ਲੱਕੜੀ
ਜੇ ਅੱਗ ਲਾਓ
ਬਾਗਾਂ ਵਿਚ ਨਾ ਸਰੂ ਵਿਗਸਣੇ
ਤੇ ਨ ਸੂਹੇ ਫੁੱਲ ਖਿੜਨਗੇ
ਮੇਰੀਆਂ ਹੱਡੀਆਂ ਦੇ ਜ਼ਹਿਰੀਲੇ ਕੰਡੇ ਖੁੱਭਣੇ
ਜੇਕਰ ਪੌਣ ਤੁਰੀ ਤਾਂ ਤੱਕਣਾ
ਮਹਿਕਾਂ ਦੀ ਥਾਂ ਜੰਗਲ-ਬੇਲੇ
ਮੇਰੀ ਦੁੱਖਾਂ-ਵਿੰਨੀ ਜਿੰਦੜੀ
ਦੀ ਧੂੜ ਉੱਡੇਗੀ।
ਬਚਣਾ! ਮੇਰਾ ਦਿਲ ਲਹੂ ਦਾ ਤਿਹਾਇਆ
ਬਚ ਕੇ ਰਹੋ ਸਰੀਰ ਮੇਰੇ ਤੋਂ। ●

**(ਪੂਰਬੀ ਪਾਕਿਸਤਾਨ ਬਾਰੇ)**



## ਤਹਿ-ਦਰ ਤਹਿ ਦਿਲ

ਤਹਿ-ਦਰ ਤਹਿ ਦਿਲ ਦੀ ਵੈਰ-ਭਾਵਨਾ
ਮੇਰੀਆਂ ਅੱਖਾਂ ਵਿਚ ਉਮੜ ਆਈ
ਤਾਂ ਕੋਈ ਚਾਰਾ ਨਾ ਸੀ।
ਮੰਨ ਲਈ ਅਸਾਂ ਵੈਦ ਦੀ
ਤੇ ਮੈਂ ਘੱਟੇ-ਭਰੀਆਂ ਅੱਖਾਂ ਨੂੰ
ਲਹੂ ਨਾਲ ਧੋ ਲਿਆ।

ਤੇ ਹੁਣ ਹਰ ਸ਼ਕਲ-ਸੂਰਤ
ਇਸ ਸੰਸਾਰ ਦੀ ਹਰ ਚੀਜ਼
ਮੇਰੀਆਂ ਅੱਖਾਂ ਦੇ ਲਹੂ ਸੰਗ
ਇਸ ਤਰ੍ਹਾਂ ਰੰਗੀ ਗਈ ਹੈ
ਕਿ ਸੂਰਜ ਦਾ ਕੁੰਦਨ ਲਹੂ
ਚੰਦ ਦੀ ਚਾਂਦੀ ਲਹੂ
ਸਵੇਰ ਦਾ ਹੱਸਣਾ ਲਹੂ
ਤੇ ਰਾਤਾਂ ਦਾ ਰੋਣਾ ਲਹੂ ਹੋ ਗਿਆ ਹੈ।

ਹਰ ਬਿਰਖ ਲਹੂ ਦਾ ਮੀਨਾਰ
ਤੇ ਹਰ ਫੁੱਲ ਦੀ ਅੱਖ ਵਿਚ ਲਹੂ ਹੈ।
ਹਰ ਨਜ਼ਰ ਲਹੂ ਦਾ ਤਾਰਾ ਹੈ
ਤੇ ਹਰ ਅਕਸ ਲਹੂ ਦਾ ਰੰਗਿਆ
ਲਹੂ ਦੀ ਲਹਿਰ
ਤਦ ਤੀਕ ਚੱਲਦੀ ਰਹਿੰਦੀ ਹੈ
ਤੇ ਉਸਦਾ ਸੁਰਖ਼ ਰੰਗ
ਸ਼ਹਾਦਤ ਦੇ ਜਜ਼ਬੇ ਦੇ ਸ਼ੌਕ ਨਾਲ
ਰੰਗਿਆ ਜਾਂਦਾ ਹੈ
ਤੇ ਇਹ ਗੁੱਸੇ ਤੇ ਸੰਤਾਪ ਦਾ ਰੰਗ
ਬਣ ਜਾਂਦਾ ਹੈ।
ਤੇ ਜੇ ਰੁਕ ਜਾਵੇ ਤਾਂ ਕਜਲਾ ਬਣਕੇ
ਘ੍ਰਿਣਾ, ਰਾਤ ਤੇ ਮੌਤ ਦਾ ਰੰਗ
ਬਣ ਜਾਂਦਾ ਹੈ
ਹਰ ਰੰਗ ਦੇ ਮਾਤਮ ਦਾ ਰੰਗ।

ਪਰ ਐ ਵੈਦ!
ਇਸ ਤਰ੍ਹਾਂ ਨਾ ਹੋਣ ਦੇਵੀਂ
ਕਿਤਿਓਂ ਲਿਆ ਕੋਈ ਹੰਝੂਆਂ ਦਾ ਹੜ੍ਹ
ਕਿ ਜਿਸ ਨਾਲ ਵੁਜ਼ੂ[1] ਕਰ ਲਈਏ
ਤੇ ਸ਼ਾਇਦ ਧੋਤਾ ਜਾਵੇ
ਮੇਰੀਆਂ ਅੱਖਾਂ
ਮੇਰੀਆਂ ਘੱਟੇ-ਭਰੀਆਂ
ਅੱਖਾਂ ਦਾ ਲਹੂ। ●

**(ਵੁਜ਼ੂ - ਨਿਮਾਜ਼ ਪੜ੍ਹਨ ਤੋਂ ਪਹਿਲਾਂ ਮੂੰਹ ਹੱਥ ਧੋਣਾ)**

**(ਨੋਟ - ਇਹ ਕਵਿਤਾ ਪੂਰਬੀ ਪਾਕਿਸਤਾਨ ਬਾਰੇ ਹੈ।)**

# ਤਰਾਨਾ

ਅਸੀਂ ਮਿਹਨਤਕਸ਼ ਜੱਗ ਵਾਲਿਆਂ ਤੋਂ ਜਦ ਆਪਣਾ ਹਿੱਸਾ ਮੰਗਾਂਗੇ।
ਇਕ ਖੇਤ ਨਹੀਂ, ਇਕ ਦੇਸ਼ ਨਹੀਂ, ਅਸੀਂ ਸਾਰੀ ਦੁਨੀਆਂ ਮੰਗਾਂਗੇ।

ਇਥੇ ਸਾਗਰ ਸਾਗਰ ਮੋਤੀ ਨੇ, ਤੇ ਪਰਬਤ ਪਰਬਤ ਹੀਰੇ ਨੇ,
ਇਹ ਸਾਰਾ ਮਾਲ ਅਸਾਡਾ ਹੈ, ਅਸੀਂ ਸਾਰਾ ਖਜ਼ਾਨਾ ਮੰਗਾਂਗੇ।

ਜੋ ਲਹੂ ਵਗਿਆ, ਜੋ ਬਾਗ ਉੱਜੜੇ, ਜੋ ਗੀਤ ਦਿਲਾਂ ਵਿਚ ਕਤਲ ਹੋਏ,
ਹਰ ਕਤਰੇ ਦਾ, ਹਰ ਗੁੱਛੇ ਦਾ, ਹਰ ਗੀਤ ਦਾ ਬਦਲਾ ਮੰਗਾਂਗੇ।

ਇਹ ਸੇਠ, ਵਪਾਰੀ, ਰਜਵਾੜੇ, ਹਨ ਲੱਖ ਤੇ ਅਸੀਂ ਕਰੋੜਾਂ ਹੀ,
ਇਹ ਦੱਸਣ ਭਈ "ਅਮਰੀਕਾ ਤੋਂ ਕਿੰਝ ਨਿੱਤ ਸਹਾਰਾ ਮੰਗਾਂਗੇ।"

ਜਾਂ ਗੱਲ ਸਿੱਧੀ ਹੋ ਜਾਵੇਗੀ, ਜਦ ਸਭ ਝਗੜੇ ਮਿਟ ਜਾਵਣਗੇ,
ਅਸੀਂ ਹਰ ਇੱਕ ਦੇਸ਼ ਦੇ ਝੰਡੇ ਤੇ, ਇੱਕ ਲਾਲ ਸਿਤਾਰਾ ਮੰਗਾਂਗੇ।

●●●

**ਸਟਾਫ਼ ਪ੍ਰੈਸ**

## ਸੋਗੀ ਖ਼ਬਰ

ਪੰਜਾਬੀ ਦੇ ਸੁਪ੍ਰਸਿੱਧ ਨਾਟਕਕਾਰ ਤੇ ਸੰਗਰਾਮੀ ਲੇਖਕ ਸ. ਗੁਰਸ਼ਰਨ ਸਿੰਘ ਪਿਛਲੇ ਦਿਨੀਂ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਇਸ ਸੋਗੀ-ਸਮਾਚਾਰ ਨਾਲ ਸਾਰਾ ਹੀ ਪੰਜਾਬੀ ਸਾਹਿਤ-ਜਗਤ ਸੋਗਵਾਰ ਹੈ। ਅਸੀਂ ਸਬੰਧਤ ਪਰਿਵਾਰ ਅਤੇ ਸਮੁੱਚੇ ਸਾਹਿਤ-ਜਗਤ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹੋਏ, ਮਹਾਨ ਆਤਮਾ ਦੀ ਯਾਦ ਵਿਚ ਸਿਰ ਝੁਕਾਉਂਦੇ ਹਾਂ। ● – ਸੰਪਾਦਕੀ ਮੰਡਲ



# ਪੈਰਾਂ ਤੋਂ ਲਹੂ ਨੂੰ ਧੋ ਸੁੱਟੋ

ਅਸੀਂ ਕੀ ਕਰਦੇ, ਕਿਸ ਰਾਹ ਚੱਲਦੇ
ਹਰ ਰਸਤੇ ਕੰਡੇ ਖਿੱਲਰੇ ਸਨ।
ਉਹਨਾਂ ਰਿਸ਼ਤਿਆਂ ਦੇ ਜੋ ਛੁੱਟ ਗਏ
ਉਹਨਾਂ ਸਦੀਆਂ ਦੇ ਯਾਰਾਨਿਆਂ ਦੇ
ਜੋ ਇੱਕ ਇੱਕ ਕਰਕੇ ਟੁੱਟ ਗਏ।

ਜਿਸ ਰਾਹ ਚੱਲੇ, ਜਿਸ ਤਰਫ ਗਏ
ਇੰਝ ਪੈਰ ਸੀ ਲਹੂ-ਲੁਹਾਨ ਹੋਏ
ਸਭ ਵੇਖਣ ਵਾਲੇ ਪੁੱਛਦੇ ਸੀ
"ਇਹ ਕੈਸੀ ਰੀਤ ਚਲਾਈ ਹੈ"
ਇਹ ਮਹਿੰਦੀ ਕਿਉਂ ਲਗਵਾਈ ਹੈ ?

ਉਹ ਕਹਿੰਦੇ ਸੀ ਕਿਉਂ 'ਕਾਲੇ ਵਫ਼ਾ'
ਦਾ ਨਿਹੱਕ ਚਰਚਾ ਕਰਦੇ ਹੋ
ਪੈਰਾਂ ਤੋਂ ਲਹੂ ਨੂੰ ਧੋ ਛੱਡੋ
ਇਹ ਰਾਹਾਂ ਜਦ ਭਰ ਜਾਣਗੀਆਂ
ਸੌ ਰਸਤੇ ਇਨ੍ਹਾਂ ਚੋਂ ਫੁੱਟਣਗੇ
ਇਸ ਦਿਲ ਨੂੰ ਸੰਭਾਲੋ, ਜਿਸ ਵਿਚੋਂ
ਸੌ ਭਾਂਤ ਦੇ ਨਸ਼ਤਰ ਟੁੱਟਣਗੇ। ●

(1973)

# ਤੁਸੀਂ ਆਪਣੀ ਕਰਨੀ ਕਰ ਗੁਜ਼ਰੋ

ਹੁਣ ਕਿਉਂ ਉਸ ਦਿਨ ਦਾ ਜ਼ਿਕਰ ਕਰੋ
ਜਦ ਦਿਲ ਟੁਕੜੇ ਹੋ ਜਾਵੇਗਾ
ਤੇ ਸਾਰੇ ਗ਼ਮ ਮਿਟ ਜਾਵਣਗੇ
ਜੋ ਲੱਭਿਆ, ਫਿਰ ਗਵਾਚੇਗਾ
ਜੋ ਮਿਲਿਆ ਨਾ, ਉਹ ਪਾਵਾਂਗੇ।

ਇਹ ਦਿਨ ਉਸ ਪਹਿਲੇ ਦਿਨ ਵਰਗਾ
ਜੋ ਪਹਿਲਾ ਦਿਨ ਸੀ, ਪਿਆਰਾਂ ਦਾ
ਅਸੀਂ ਜਿਸ ਦੀ ਤਮੰਨਾ ਕਰਦੇ ਰਹੇ
ਤੇ ਜਿਸ ਤੋਂ ਹਰ ਦਮ ਡਰਦੇ ਰਹੇ
ਇਹ ਦਿਨ ਤਾਂ ਕਿੰਨੀ ਵਾਰ ਆਇਆ
ਸੌ ਵਾਰ ਵੱਸੇ ਤੇ ਉੱਜੜ ਗਏ
ਸੌ ਵਾਰ ਲੁੱਟੇ ਤੇ ਵੱਸ ਗਏ।

ਹੁਣ ਕਿਉਂ ਉਸਦਾ ਹੀ ਫ਼ਿਕਰ ਕਰੋ
ਜਦ ਦਿਲ ਟੁਕੜੇ ਹੋ ਜਾਵੇਗਾ
ਤੇ ਸਾਰੇ ਗ਼ਮ ਮਿਟ ਜਾਵਣਗੇ
ਸਭ ਖ਼ਤਰੇ ਖ਼ੌਫ਼ ਅਣਡਿੱਠ ਕਰੋ
ਜੋ ਹੋਣਾ ਹੈ, ਸੋ ਹੋਣਾ ਹੈ
ਜੇ ਹੱਸਣਾ ਹੈ ਤਾਂ ਹੱਸਣਾ ਹੈ
ਜੇ ਰੋਣਾ ਹੈ, ਤਾਂ ਰੋਣਾ ਹੈ
ਤੁਸੀਂ ਆਪਣੀ ਕਰਨੀ ਕਰ ਗੁਜ਼ਰੋ
ਜੋ ਹੋਏਗਾ ਵੇਖਿਆ ਜਾਵੇਗਾ। ●

(ਅਕਤੂਬਰ 1975)

## ਤਰਾਨਾ-2

ਅਸੀਂ ਵੇਖਾਂਗੇ
ਨਿਸਚਿਤ ਹੈ ਕਿ ਅਸੀਂ ਵੇਖਾਂਗੇ
ਉਹ ਦਿਨ ਕਿ ਜਿਸ ਦਾ ਵਾਅਦਾ ਹੈ
ਜੋ ਧੁਰ ਤੋਂ ਲਿਖਿਆ ਆਇਆ ਹੈ
ਜਦ ਜ਼ੁਲਮ-ਜਬਰ ਦੇ ਉੱਚ-ਪਰਬਤ
ਸਭ ਰੂੰ ਵਾਂਗੂੰ ਉੱਡ ਜਾਵਣਗੇ
ਸਾਡੇ ਦਲਿਤਾਂ ਪੈਰਾਂ ਹੇਠ ਜਦੋਂ
ਸਭ ਧਰਤੀ ਧੜ ਧੜ ਧੜਕੇਗੀ
ਤੇ ਧਾੜਵੀਆਂ ਦੇ ਸਿਰ ਉੱਪਰ
ਜਦ ਬਿਜਲੀ ਕੜ-ਕੜ ਕੜਕੇਗੀ
ਜਦ ਰੱਬੀ-ਧਰਤੀ ਕਾਹਬੇ ਵਿਚ
ਸਭ ਬੁੱਤ ਉਠਾਏ ਜਾਵਣਗੇ।
ਸਭ ਖਰੇ ਲੋਕ ਜੋ, ਧਿਰਕਾਰੇ
ਥਾਂ ਸੁੱਚੀ ਤੇ ਬਿਠਾਏ ਜਾਵਣਗੇ।

ਸਭ ਤਾਜ ਉਛਾਲੇ ਜਾਵਣਗੇ
ਸਭ ਤਖਤ ਗਿਰਾਏ ਜਾਵਣਗੇ
ਬੱਸ ਨਾਮ ਰਹੇਗਾ ਅੱਲਾ ਦਾ
ਜੋ ਛੁਪਿਆ ਵੀ ਹੈ, ਹਾਜ਼ਰ ਵੀ
ਜੋ ਦਿਸਦਾ ਵੀ ਤੇ ਵੇਖ ਰਿਹਾ
ਫਿਰ ਨਾਹਰਾ ਐਨਲ-ਹੱਕ ਵਾਲਾ
ਹਰ ਥਾਂ ਤੇ ਵੇਖੀਂ ਗੂੰਜੇਗਾ
ਤੇ ਰਾਜ ਕਰੇਗੀ ਖਲਕੇ-ਖ਼ੁਦਾ
ਜੋ ਮੈਂ ਵੀ ਹਾਂ ਤੇ ਤੂੰ ਵੀ ਹੈਂ। •

## ਏਧਰ ਨਾ ਵੇਖੋ

ਏਧਰ ਨਾ ਵੇਖੋ
ਕਿ ਜੋ ਬਹਾਦਰ
ਕਲਮ ਦੇ ਜਾਂ ਤੇਗ਼ ਦੇ ਧਨੀ ਸੀ
ਜੋ ਅਜ਼ਮੋ-ਹਿੰਮਤ ਦੇ ਮੁੱਦਈ ਸਨ
ਹੁਣ ਉਹਨਾਂ ਦੇ ਹੱਥਾਂ ਵਿਚੋਂ
ਸਿਦਕ ਤੇ ਈਮਾਨ ਦੀ ਪਰਖੀ ਹੋਈ,
ਪੁਰਾਣੀ ਤਲਵਾਰ ਮੁੜ ਗਈ ਹੈ
ਜੋ ਤਾਜ ਸਿਰ ਤੇ ਰੱਖੀ
ਲੋਕਾਂ ਦੀਆਂ ਅੱਖਾਂ ਦੇ ਤਾਰੇ ਸਨ
ਜੋ ਪੱਗਾਂ ਵਾਲੇ ਤੇ
ਸਤਿਕਾਰ ਦੇ ਪਾਤਰ ਸਨ
ਹਵਸ ਦੇ ਗੁੰਝਲਦਾਰ ਰਾਹਾਂ ਉੱਤੇ
ਕਿਸੇ ਨੇ ਟੋਪੀ ਗਹਿਣੇ ਰੱਖ ਦਿੱਤੀ
ਤੇ ਕਿਸੇ ਨੇ ਦਸਤਾਰ ਵੇਚ ਦਿੱਤੀ।

ਓਧਰ ਵੀ ਵੇਖੋ
ਜੋ ਆਪਣੇ ਰੌਸ਼ਨ ਲਹੂ ਦੇ ਸਿੱਕੇ
ਮੁਫ਼ਤ ਹੀ ਬਾਜ਼ਾਰ ਵਿਚ ਲੁਟਾ ਕੇ
ਅੱਖਾਂ ਤੋਂ ਉਹਲੇ ਹੋ ਗਏ।
ਤੇ ਆਪਣੀ ਕਬਰ ਵਿਚ
ਇਸ ਵਕਤ ਤੱਕ ਬੇਪ੍ਰਵਾਹ ਸੁੱਤੇ ਪਏ ਨੇ,

ਓਧਰ ਵੀ ਵੇਖੋ
ਜੋ ਸਿਰਫ਼ ਹੱਕ ਦੀ ਸਲੀਬ ਤੇ
ਤਨ ਸਜਾ ਕੇ
ਜਹਾਨ ਤੋਂ ਰੁਖ਼ਸਤ ਹੋ ਗਏ
ਤੇ ਜਹਾਨ ਵਿਚ,
ਇਸ ਵਕਤ ਤੀਕ ਜ਼ਿੰਦਾ ਹਨ। •



## ਦੁਆ (ਪ੍ਰਾਰਥਨਾ)

ਆਓ! ਹੱਥ ਉਠਾਈਏ ਆਪਾਂ
ਅਸੀਂ ਜਿਨ੍ਹਾਂ ਨੂੰ
ਦੁਆ ਦੀ ਕੋਈ ਰਸਮ ਯਾਦ ਨਹੀਂ।
ਅਸੀਂ ਜਿਨ੍ਹਾਂ ਨੂੰ
ਪਿਆਰ-ਮੁਹੱਬਤ ਦੇ ਦਰਦਾਂ ਤੋਂ ਬਿਨਾਂ
ਹੋਰ ਕੋਈ ਬੁੱਤ
ਹੋਰ ਖ਼ੁਦਾ ਕੋਈ ਯਾਦ ਨਹੀਂ।

ਆਓ ਅਰਜ਼ ਗੁਜ਼ਾਰੀਏ ਆਪਾਂ
ਕਿ ਜੀਵਨ ਦੇ ਹੁਸਨ ਵਿਚ
ਜੋ ਕਿਤੇ ਵਰਤਮਾਨ ਦਾ ਜ਼ਹਿਰ ਹੈ
ਤਾਂ ਉਸ ਵਿਚ
ਭਵਿੱਖ ਦੀ ਮਿਠਾਸ ਭਰ ਦੇਵੇ

ਉਹ ਜਿਨ੍ਹਾਂ ਵਿਚ ਜ਼ਿੰਦਗੀ ਦਾ ਬੋਝ
ਚੁੱਕਣ ਦਾ ਸਾਹਸ ਨਹੀਂ
ਉਨ੍ਹਾਂ ਦੀਆਂ ਪਲਕਾਂ ਨੂੰ
ਦਿਨ-ਰਾਤ ਦਾ
ਭਾਰ ਚੁੱਕਣ ਦਾ ਬਲ ਬਖਸ਼ੀਂ।

ਉਹ ਜਿਨ੍ਹਾਂ ਵਿਚ
ਸਵੇਰ ਦਾ ਮੁੱਖ ਵੇਖਣ ਦੀ
ਸਹਿਣ-ਸ਼ਕਤੀ ਨਹੀਂ
ਉਨ੍ਹਾਂ ਦੀਆਂ ਰਾਤਾਂ ਵਿਚ
ਕੋਈ ਮੋਮਬੱਤੀਆਂ ਰੌਸ਼ਨ ਕਰ ਦੇ

ਉਹ ਜਿਨ੍ਹਾਂ ਦਿਆਂ ਪੈਰਾਂ ਨੂੰ
ਕਿਸੇ ਰਾਹ ਦਾ ਆਸਰਾ ਨਹੀਂ
ਉਨ੍ਹਾਂ ਦੀਆਂ ਨਜ਼ਰਾਂ ਸਾਹਵੇਂ
ਕੋਈ ਮਾਰਗ ਉਜਾਗਰ ਕਰ ਦੇ।

ਉਹ ਜਿਨ੍ਹਾਂ ਦਾ ਈਮਾਨ
ਕੁਫ਼ਰ ਤੇ ਮੱਕਾਰੀ ਹੈ,
ਉਨ੍ਹਾਂ ਨੂੰ ਕੁਫ਼ਰ ਤੋਲਣ ਦੀ ਹਿੰਮਤ ਮਿਲੇ
ਤੇ ਘੋਖਣ-ਪਰਖਣ ਦੀ ਜੁਰਅਤ ਮਿਲੇ।

ਉਹ ਜਿਨ੍ਹਾਂ ਦੇ ਸਿਰ ਤੇ
ਜ਼ੁਲਮ ਦੀ ਤੇਗ ਦਾ ਪ੍ਰਛਾਵਾਂ ਹੈ
ਉਨ੍ਹਾਂ ਨੂੰ ਕਾਤਲ ਦੇ ਹੱਥ ਨੂੰ
ਝਟਕ ਦੇਣ ਦੀ ਸ਼ਕਤੀ ਮਿਲੇ।

ਉਹ ਜਿਨ੍ਹਾਂ ਦੇ ਹਿਰਦੇ ਵਿਚ
ਇਸ਼ਕ ਦਾ ਤੀਰ ਖੁੱਭਿਆ ਹੋਇਆ ਹੈ
ਤੇ ਜਿਨ੍ਹਾਂ ਦੇ ਸਾਹਾਂ ਵਿਚ ਤਪਸ਼ ਹੈ
ਉਨ੍ਹਾਂ ਨੂੰ ਇਕਰਾਰ ਕਰੀਏ
ਕਿ ਤਪਸ਼ ਮਿਟ ਜਾਵੇ।

ਉਹ ਜਿਨ੍ਹਾਂ ਦੇ ਹਿਰਦੇ ਵਿਚ
ਸੱਚ ਦੇ ਸ਼ਬਦ ਕੰਡਿਆਂ ਵਾਂਗ
ਚੁੱਭਦੇ ਨੇ
ਉਹ ਬਚਨ ਕਰਨ
ਤੇ ਉਨ੍ਹਾਂ ਦੇ ਹਿਰਦੇ ਦੀ ਜਲਨ
ਨੂੰ ਠੰਡ ਪੈ ਜਾਵੇ। •

(ਖੁੱਲਾ ਪੰਜਾਬੀ ਅਨੁਵਾਦ)

# ਇਕ ਸਿਪਾਹੀ ਦਾ ਸੋਗ- ਗੀਤ

ਉੱਠੋ ਹੁਣ ਮਿੱਟੀ ਚੋਂ ਉੱਠੋ
ਜਾਗੋ ਮੇਰੇ ਲਾਲ।
ਹੁਣ ਜਾਗੋ ਮੇਰੇ ਲਾਲ।
ਤੇਰੀ ਸੇਜ ਸਜਾਵਣ ਖਾਤਰ
ਵੇਖੋ ਆਈ ਰਾਤ ਅੰਧਿਆਰਨ
ਨੀਲੇ ਸ਼ਾਲ-ਦੁਸ਼ਾਲੇ ਲੈ ਕੇ
ਜਿਸ ਵਿਚ ਇਸ ਦੁਖੀ ਰਾਤ ਨੇ
ਜੜ ਦਿੱਤੇ ਨੇ ਏਨੇ ਮੋਤੀ
ਏਨੇ ਮੋਤੀ ਜਿਨ੍ਹਾਂ ਦੀ ਜੋਤੀ
ਦਾਨ ਤੋਂ ਤੇਰਾ
ਜਗਮਗ ਲੱਗਿਆ ਚਮਕਣ ਨਾਮ।

ਉੱਠੋ ਹੁਣ ਮਿੱਟੀ 'ਚੋਂ ਉੱਠੋ
ਜਾਗੋ ਮੇਰੇ ਲਾਲ
ਹੁਣ ਜਾਗੋ ਮੇਰੇ ਲਾਲ।
ਘਰ-ਘਰ ਖਿੰਡਿਆ ਸਵੇਰ ਦਾ ਸੋਨਾ
ਘੋਰ-ਹਨੇਰਾ ਆਪਣਾ ਵਿਹੜਾ
ਖ਼ਬਰ ਨਹੀਂ ਕਦ ਤੋਂ ਰਾਹ ਤੱਕਦਾ
ਨਵੀਂ ਵਿਆਂਦੜ ਬਾਂਕੇ ਵੀਰਨ
ਸੁੰਨਾ ਤੇਰਾ ਰਾਜ ਪਿਆ ਹੈ
ਵੇਖੋ ਕਿੰਨਾ ਕਾਜ ਪਿਆ ਹੈ।
ਵੈਰੀ ਮੱਲਿਆ ਰਾਜ ਸਿੰਘਾਸਨ
ਤੂੰ ਮਿੱਟੀ ਵਿਚ ਲਾਲ।
ਉੱਠੋ ਹੁਣ ਮਿੱਟੀ 'ਚੋਂ ਉੱਠੋ
ਜਾਗੋ ਮੇਰੇ ਲਾਲ
ਹੱਠ ਕਰੋ ਨਾ, ਉੱਠੋ ਮਿੱਟੀ ਵਿਚੋਂ
ਜਾਗੋ ਮੇਰੇ ਲਾਲ
ਹੁਣ ਜਾਗੋ ਮੇਰੇ ਲਾਲ। •

# ਮੇਰੇ ਦਿਲ-ਮੇਰੇ ਮੁਸਾਫ਼ਰ

ਮੇਰੇ ਦਿਲ, ਮੇਰੇ ਮੁਸਾਫ਼ਰ
ਹੋਇਆ ਫਿਰ ਤੋਂ ਹੁਕਮ ਜਾਰੀ
ਕਿ ਦੇਸ਼ ਤੋਂ ਜਲਾਵਤਨ ਹੋਈਏ ਤੂੰ ਤੇ ਮੈਂ
ਦੇਈਏ ਗਲੀ ਗਲੀ ਆਵਾਜ਼ਾਂ
ਕਰੀਏ ਰੁਖ਼ ਨਗਰ ਨਗਰ ਦਾ
ਕਿ ਸੁਰਾਗ ਕੋਈ ਲੱਭੇ
ਕਿਸੇ ਡਾਕੀਏ ਦਾ
ਹਰ ਇੱਕ ਅਜਨਬੀ ਨੂੰ ਪੁੱਛੀਏ
ਜਿਹੜਾ ਸਿਰਨਾਵਾਂ ਸੀ ਆਪਣੇ ਘਰ ਦਾ
ਬਗਾਨੀਆਂ ਗਲੀਆਂ ਨੂੰ ਪੁੱਛੀਏ
ਦਿਨ ਤੋਂ ਲੈ ਕੇ ਰਾਤ ਤੀਕਰ
ਕਦੇ ਇਸ ਨੂੰ ਪੁੱਛਣਾ
ਕਦੇ ਉਸਨੂੰ ਪੁੱਛਣਾ
ਤੈਨੂੰ ਕੀ ਕਹਾਂ ਕਿ ਕੀ ਹੈ
ਰਾਤ ਦਾ ਗ਼ਮ ਬੁਰੀ ਬਲਾ ਹੈ।
ਸਾਨੂੰ ਏਨਾ ਹੀ ਬੜਾ ਸੀ
ਕਿ ਕੋਈ ਗਿਣਤੀ ਕਰ ਲੈਂਦੇ
ਸਾਨੂੰ ਕੀ ਬੁਰਾ ਸੀ ਮਰ ਜਾਣਾ
ਪਰ ਜੇ ਇੱਕ ਵਾਰ ਹੁੰਦਾ। •

(ਲੰਡਨ 1978)



# ਮੇਰੇ ਮੁਲਾਕਾਤੀ

ਔਹ ਦਰ ਖੁੱਲਿਆ ਮੇਰੇ
ਦੁੱਖਾਂ ਨਾਲ ਭਰੇ ਘਰ ਦਾ
ਉਹ ਆ ਗਏ ਮੇਰੇ ਮਿਲਣ ਵਾਲੇ
ਔਹ ਆ ਗਈ ਸ਼ਾਮ
ਆਪਣੀਆਂ ਰਾਹਾਂ ਵਿਚ ਲੈ ਕੇ
ਤੇ ਮੇਰੇ ਘਰ ਉਦਾਸੀ ਦਾ ਫਰਸ਼ ਵਿਛਾਈ
ਉਹ ਆ ਗਈ ਰਾਤ ਚੰਨ-ਤਾਰਿਆਂ ਦੀ
ਮੈਨੂੰ ਉਦਾਸੀ ਦੀ ਕਥਾ ਸੁਣਾਉਣ
ਔਹ ਸਵੇਰ ਆਈ
ਆਪਣੇ ਚਮਕਦੇ ਨਸ਼ਤਰ ਲਈ
ਯਾਦਾਂ ਦੇ ਜਖ਼ਮ ਸੁਣਾਉਣ ਲਈ
ਉਹ ਦੁਪਹਿਰ ਆਈ
ਆਪਣੇ ਵਸਤਰਾਂ ਹੇਠ
ਚੰਗਿਆੜਿਆਂ ਦੇ ਛਾਂਟੇ ਲੁਕਾਈ
ਇਹ ਆਏ ਸਭ ਮਿਲਣ ਵਾਲੇ
ਕਿ ਜਿਨ੍ਹਾਂ ਨਾਲ
ਦਿਨ-ਰਾਤ ਦਾ ਵਾਸਤਾ ਹੈ
ਇਹ ਕੌਣ,
ਕਦੋਂ ਆਇਆ, ਕਦੋਂ ਗਿਆ ਹੈ
ਦਿਲ ਦੀ ਨਿਗਾਹ ਨੂੰ ਕੋਈ ਖਬਰ ਨਹੀਂ
ਵਤਨ ਦੀ ਯਾਦ ਪਈ ਆਉਂਦੀ ਹੈ
ਸਮੁੰਦਰਾਂ ਦੀ ਔਯਾਲ ਥੰਮੀ
ਹਜ਼ਾਰਾਂ ਸ਼ੱਕ ਸੰਭਾਲੀ
ਕਈ ਤਰ੍ਹਾਂ ਦੇ ਸਵਾਲ ਸਾਂਭੀ। •

(ਬੈਰੂਤ - 1980)

# ਰੂਸੀ ਕ੍ਰਾਂਤੀ

**(50ਵੀਂ ਵਰ੍ਹੇ-ਗੰਢ ਉੱਤੇ)**

ਘਾਇਲ ਪਰਿੰਦੇ ਦੇ ਵਾਂਗ
ਰਾਤ ਤਿਲਮਿਲਾਈ
ਧਰਤੀ ਦੇ ਇਕ ਤੋਂ ਦੂਸਰੇ ਸਿਰੇ ਤੀਕ
ਸਵੇਰ ਦੀ ਪਹਿਲੀ ਕਿਰਨ ਜਗਮਗਾਈ
'ਨੇਰੀਆਂ ਅੱਖਾਂ ਤੋਂ
ਕਾਲੇ ਪਰਦੇ ਹਟਾਏ ਗਏ।
ਦਿਲ ਜਲਾਏ ਗਏ
ਇੱਕ ਅਸਮਾਨ ਤੋਂ ਦੂਸਰੇ ਤੀਕ
ਆਕਾਸ਼ਾਂ ਦੇ ਦੂਰ
ਇੰਝ ਖੁੱਲੇ ਸੱਤ ਅਸਮਾਨ
ਚੜ੍ਹਦੇ ਤੋਂ ਲਹਿੰਦੇ ਤੀਕ,
ਸਭ ਕੈਦਖਾਨੇ ਮੁਕਤ ਹੋ ਗਏ।
ਇਕ ਨਵੀਂ ਜਮਹੂਰ ਦੇ
ਬੂਹੇ ਚੌਪਟ ਖੁੱਲ ਗਏ
ਸਭ ਪੁਰਾਣੇ ਨਕਸ਼ੇ ਮਿਟਾਏ ਗਏ
ਵਕਤ ਦੇ ਬਦਨ ਤੋਂ
ਸਭ ਖ਼ੂਨੀ ਕਫ਼ਨ ਲਾਹੇ ਗਏ
ਗੁਲਾਮਾਂ ਦੇ ਪੈਰਾਂ ਦੀਆਂ ਕੜੀਆਂ
ਇੰਝ ਕੱਟੀਆਂ ਗਈਆਂ
ਕਿ ਇਹਨਾਂ ਦੀ ਆਵਾਜ਼
ਇਕ ਘੜਿਆਲ ਬਣ ਗਈਆਂ
ਜ਼ੁਲਮ ਸਹਿੰਦੇ ਹੱਥਾਂ ਦੀ ਹੱਥਕੜੀ
ਐਸੀ ਚਮਕੀ
ਕਿ ਸਾਸ਼ਕਾਂ ਲਈ
ਮੌਤ ਦੀ ਤਲਵਾਰ ਬਣ ਗਈ। •

# ਤੂੰ ਦੱਸ ਕਿ ਹੁਣ ਕੀ ਕਰਨਾ ਹੈ ?

ਜਦ ਦੁੱਖ ਦੀ ਨਦੀ ਦੇ ਵਿਚ ਅਸੀਂ
ਜੀਵਨ ਦੀ ਬੇੜੀ ਤਾਰੀ ਸੀ
ਸੀ ਕਿੰਨਾ ਬਲ ਇਨ੍ਹਾਂ ਬਾਹਾਂ ਵਿਚ
ਤੇ ਲਹੂ ਵਿਚ ਕਿੰਨੀ ਲਾਲੀ ਸੀ
ਇੰਝ ਲੱਗਦਾ ਸੀ ਦੋ ਹੱਥ ਲਾਇਆਂ
ਇਹ ਬੇੜੀ ਪਾਰ ਜਾ ਲੱਗੇਗੀ।

ਪਰ ਇੰਝ ਨਾ ਹੋਇਆ ਯਾਰ ਮੇਰੇ
ਕੁਝ ਅਣਵੇਖੀਆਂ ਮੰਝਧਾਰਾਂ ਸਨ
ਕੁਝ ਮਾਝੀ ਸਨ ਅਣਜਾਣ ਬਹੁਤ
ਕੁਝ ਚੱਪੂ ਵੀ ਬੇ-ਪਰਖੇ ਸਨ।

ਹੁਣ ਜੋ ਚਾਹੋ ਪੁਣ-ਛਾਣ ਕਰੋ
ਹੁਣ ਜਿੰਨੇ ਚਾਹੋ ਦੋਸ਼ ਧਰੋ
ਹੈ ਨਦੀ ਤੇ ਬੇੜੀ ਪਹਿਲੀ ਹੀ
ਹੁਣ ਤੂੰ ਹੀ ਦੱਸ ਕੀ ਕਰਨਾ ਹੈ
ਹੁਣ ਕੀਕਣ ਪਾਰ ਉਤਰਨਾ ਹੈ।

ਜਦ ਆਪਣੀ ਛਾਤੀ ਤੇ ਲੱਗੇ
ਇਸ ਦੇਸ਼ ਦੇ ਫੱਟ ਵੀ ਵੇਖੇ ਹਨ
ਸੀ ਵੈਦਾਂ ਤੇ ਵਿਸ਼ਵਾਸ ਬੜਾ
ਤੇ ਯਾਦ ਬੜੇ ਹੀ ਨੁਸਖੇ ਸਨ
ਇੰਝ ਲੱਗਦਾ ਸੀ -
ਕੁਝ ਦਿਨ ਤੀਕਰ
ਇਹ ਸਾਰੀ ਮੁਸੀਬਤ ਟਲ ਜਾਊ
ਤੇ ਸਾਰੇ ਫੱਟ ਭਰ ਜਾਵਣਗੇ

ਪਰ ਇੰਝ ਨਾ ਹੋਇਆ, ਯਾਰ ਮੇਰੇ
ਇਹ ਰੋਗ ਤਾਂ ਸਦੀਆਂ ਪਹਿਲਾਂ ਦੇ
ਨਾ ਵੈਦ ਕੋਈ ਗੱਲ ਸਮਝ ਸਕੇ
ਤੇ ਟੋਟਕੇ ਸਾਰੇ ਨਿਸਫਲ ਰਹੇ
ਹੁਣ ਜੋ ਚਾਹੋ ਪੁਣ-ਛਾਣ ਕਰੋ
ਹੁਣ ਜਿੰਨੇ ਮਰਜ਼ੀ ਦੋਸ਼ ਧਰੋ
ਛਾਤੀ ਹੈ ਉਹੀ ਤੇ ਫੱਟ ਉਹੀ
ਹੁਣ ਤੂੰ ਹੀ ਦੱਸ ਕੀ ਕਰਨਾ ਹੈ ?
ਇਹ ਜ਼ਖ਼ਮ ਕਿਸ ਤਰ੍ਹਾਂ ਭਰਨਾ ਹੈ। ●

(ਲੰਡਨ 1981)

# ਅੰਤ

ਹਉਕਿਆਂ 'ਚ ਭਰੀਆਂ ਇਹ ਠੰਢੀਆਂ ਹਵਾਵਾਂ
ਉਦਾਸੀਆਂ 'ਚ ਡੁੱਬੀਆਂ ਗਈਆਂ ਨੇ ਘਟਾਵਾਂ।

ਪਿਆਰਾਂ ਦੀ ਦੁਨੀਆਂ 'ਚ ਸ਼ਾਮ ਆਣ ਲੱਥੀ,
ਕਾਲੀਆਂ ਹੋ ਗਈਆਂ ਨੇ ਜੀਵਨ-ਫ਼ਜਾਵਾਂ

ਮਚਲ ਰਹੀਆਂ ਹਿਰਦੇ 'ਚ ਲੱਖ ਤਮੰਨਾਵਾਂ,
ਤੜਪ ਰਹੀਆਂ ਅੱਖਾਂ 'ਚ ਵੀ ਪ੍ਰਾਰਥਨਾਵਾਂ।

ਆਲਸ ਦੀ ਗੋਦੀ 'ਚ ਘੂਕ ਪਏ ਨੇ ਸੁੱਤੇ,
ਤੇਰੇ ਜ਼ੁਲਮ ਸਾਰੇ ਤੇ ਮੇਰੀਆਂ ਵਫ਼ਾਵਾਂ।

ਫੇਰ ਵੀ ਤੂੰ ਵੇਖੀਂ ਮੇਰੇ ਭੋਲੇ ਕਾਤਿਲ,
ਤੈਨੂੰ ਮੋਹ ਕਰਦੀਆਂ ਨੇ ਮੇਰੀਆਂ ਦੁਆਵਾਂ। ●



# ਇਸ਼ਕ ਆਪਣੇ ਮੁਜਰਮਾਂ ਨੂੰ ਪੈਰਾਂ ਵਿਚ ਬੇੜੀਆਂ ਪਾ ਕੇ ਲੈ ਗਿਆ

ਫਾਂਸੀ ਦੀਆਂ ਰੱਸੀਆਂ ਦੇ ਗੁਲੂਬੰਦ
ਗਲ ਵਿਚ ਪਾ ਕੇ
ਗਾਉਣ ਵਾਲੇ ਇਕ ਦਿਨ ਗਾਉਂਦੇ ਰਹੇ
ਬੇੜੀਆਂ ਦੀਆਂ ਝਾਂਜਰਾਂ ਵਜਾਉਂਦੇ ਰਹੇ
ਨੱਚਣ ਵਾਲੇ ਧਮਾਲਾਂ ਪਾਉਂਦੇ ਰਹੇ।

ਅਸੀਂ ਜੋ ਨਾ ਇਸ ਢਾਣੀ ਵਿਚ ਸੀ
ਨਾ ਉਸ ਸਫ਼ ਵਿਚ ਸੀ
ਰਾਹ ਵਿਚ ਖਲੋਤੇ
ਉਹਨਾਂ ਨੂੰ ਤੱਕਦੇ ਰਹੇ
ਈਰਖਾ ਕਰਦੇ ਰਹੇ
ਤੇ ਚੁੱਪ-ਚਾਪ ਅੱਥਰੂ ਵਗਾਉਂਦੇ ਰਹੇ।
ਵਾਪਸ ਪਰਤ ਕੇ ਵੇਖਿਆ
ਤਾਂ ਫੁੱਲਾਂ ਦਾ ਰੰਗ
ਜੋ ਕਦੇ ਸੁਰਖ਼ ਸੀ
ਜ਼ਰਦ ਹੀ ਜ਼ਰਦ ਹੈ
ਆਪਣੇ ਅੰਦਰ ਝਾਕਿਆ ਤਾਂ ਵੇਖਿਆ
ਦਿਲ ਜਿੱਥੇ ਸੀ,
ਉੱਥੇ ਦਰਦ ਹੀ ਦਰਦ ਸੀ
ਗਲੇ ਵਿਚ ਕਦੇ ਫਾਂਸੀ ਦਾ ਵਹਿਮ
ਤੇ ਕਦੇ ਪੈਰਾਂ ਵਿਚ ਜੰਜ਼ੀਰ ਦੀ ਛੁਹ
ਤੇ ਫਿਰ ਇੱਕ ਦਿਨ
ਉਹਨਾਂ ਵਾਂਗੂੰ ਹੀ ਇਸ਼ਕ
ਗਲੇ ਵਿਚ ਰੱਸੀ ਤੇ,
ਪੈਰਾਂ ਵਿਚ ਬੇੜੀਆਂ ਪਾ ਕੇ
ਸਾਨੂੰ ਖਿੱਚ ਕੇ
ਕਾਫਲੇ ਦੇ ਨਾਲ ਲੈ ਤੁਰਿਆ। ●

(ਬੈਰੂਤ, ਅਗਸਤ 1981)

# ਗੀਤ

ਹੁਣ ਵੀ ਵੇਖੀਏ ਰਾਹ ਤੁਹਾਡੀ
ਬੀਤ ਚੱਲੀ ਹੈ ਰਾਤ
ਛੱਡੋ
ਛੱਡੋ ਗ਼ਮ ਦੀ ਬਾਤ।

ਥੱਕ ਗਏ ਹੰਝੂ
ਥੱਕ ਗਈਆਂ ਅੱਖੀਆਂ
ਲੰਘ ਗਈ ਬਰਸਾਤ
ਬੀਤ ਚਲੀ ਹੈ ਰਾਤ।

ਕਦ ਤੋਂ ਆਸ ਲੱਗੀ ਦਰਸ਼ਨ ਦੀ
ਕੋਈ ਨਾ ਜਾਣੇ ਬਾਤ
ਕੋਈ ਨਾ ਜਾਣੇ ਬਾਤ
ਬੀਤ ਚਲੀ ਹੈ ਰਾਤ
ਛੱਡੋ ਗ਼ਮ ਦੀ ਬਾਤ।

ਤੂੰ ਆਵੇ ਤਾਂ ਮਨ ਵਿਚ ਉਤਰੇ
ਫੁੱਲਾਂ ਦੀ ਬਰਸਾਤ
ਬੀਤ ਚਲੀ ਹੈ ਰਾਤ
ਹੁਣ ਵੀ ਵੇਖੀਏ ਰਾਹ ਤੁਹਾਡੀ
ਬੀਤ ਚਲੀ ਹੈ ਰਾਤ
ਛੱਡੋ ਗ਼ਮ ਦੀ ਬਾਤ। ●

(ਫਿਲਮ - ਜਾਗੋ ਹੂਆ ਸਵੇਰਾ ਵਿਚੋਂ)

## ਗੀਤ

ਅਸੀਂ ਤੇਰੇ ਕੋਲ ਆਏ
ਸਾਰੇ ਭਰਮ ਮਿਟਾ ਕੇ
ਸਭ ਵਿਸਵਿਸੇ ਭੁਲਾ ਕੇ
ਅਸੀਂ ਤੇਰੇ ਕੋਲ ਆਏ।

ਕੀ-ਕੀ ਨਾ ਦਿਲ ਦੁਖਾਇਆ
ਕੀ ਕੀ ਨਾ ਵਗੀਆਂ ਅੱਖਾਂ
ਕੀ ਕੀ ਨਾ ਸਿਰ ਤੇ ਬੀਤੀ
ਕੀ ਕੀ ਨਾ ਚਿੰਤਾਵਾਂ
ਤੇਰੇ ਸੰਗ ਦਿਲ ਲਗਾ ਕੇ,
ਤੇਰੇ ਨਾਲ ਨਜ਼ਰ ਮਿਲਾ ਕੇ,
ਕਿੰਨੇ ਫਰੇਬ ਖਾਧੇ
ਅਸੀਂ ਆਪਣਾ ਬਣਾ ਕੇ
ਅਸੀਂ ਤੇਰੇ ਕੋਲ ਆਏ
ਸਾਰੇ ਭਰਮ ਭੁਲਾਏ।

ਸੀ ਆਸ ਅੱਜ ਸਾਨੂੰ
ਕੋਈ ਹੋਏਗੀ ਮਿਹਰਬਾਨੀ
ਹੌਲਾ ਕਰਾਂਗੇ ਜੀ ਨੂੰ
ਸਭ ਦੱਸ ਕੇ ਜ਼ੁਬਾਨੀ
ਤੈਨੂੰ ਸੁਣਾ ਸੁਣਾ ਕੇ
ਹੰਝੂ ਵਗਾ ਵਗਾ ਕੇ
ਕਿੰਨੇ ਉਦਾਸ ਆਏ
ਅਸੀਂ ਤੇਰੇ ਪਾਸ ਆਏ
ਸਾਰੇ ਭਰਮ ਭੁਲਾ ਕੇ
ਅਸੀਂ ਕੋਲ ਤੇਰੇ ਲਾਏ। •

## ਪੰਛੀ ਰਾਜਾ ਮਿੱਠਾ ਬੋਲ

ਪੰਛੀ ਰਾਜਾ ਮਿੱਠਾ ਬੋਲ
ਰਾਜਾ ਮਿੱਠਾ ਬੋਲ
ਜੋਤ ਜਗੀ ਹਰ ਮਨ ਵਿਚ
ਭੰਵਰਾ ਗੂੰਜਿਆ ਡਾਲੀ ਝੂੰਮੀ
ਬਸਤੀ, ਵਾੜੀ, ਵਣ ਵਿਚ
ਜੋਤ ਜਗੀ ਹਰ ਮਨ ਵਿਚ।

ਨਦੀਆ ਨਾਰੀ ਰੇ
ਨਦੀਆ ਰਾਣੀ ਮਿੱਠਾ ਬੋਲ
ਮਿੱਠਾ ਬੋਲ
ਪੱਤਣ ਲੱਗੀ ਹਰ ਕਿਸ਼ਤੀ
ਰਾਤ ਗਈ, ਸੁੱਖ ਜਾਗਿਆ
ਪਾਇਲ ਬੰਨ੍ਹੋ, ਨੱਚੋ, ਗਾਓ
ਪੱਤਣ ਲੱਗੀ ਹਰ ਕਿਸ਼ਤੀ,
ਨਦੀਆ ਰਾਣੀ ਮਿੱਠਾ ਬੋਲ।

ਸੁੰਦਰ ਗੋਰੀ ਰੇ
ਸੁੰਦਰ ਗੋਰੀ ਮਿੱਠਾ ਬੋਲ
ਜੀਵੇ ਰੂਪ ਜਵਾਨੀ
ਗੱਲ ਕਰੇ, ਤਾਂ ਫੁੱਲ ਖਿੜਦੇ ਨੇ
ਅੱਖਾਂ ਇੱਕ ਕਹਾਣੀ।
ਜੀਕਰ ਦੂਰੋਂ ਤਾਰਾ ਚਮਕੇ
ਚਮਕੇ ਰੂਪ ਜਵਾਨੀ
ਜੀਵੇ ਰੂਪ ਜਵਾਨੀ
ਜੋਤ ਜਗੀ ਹਰ ਮਨ ਵਿਚ
ਪੰਛੀ ਰਾਜਾ ਮਿੱਠਾ ਬੋਲ
ਨਦੀਆ ਮਿੱਠਾ ਬੋਲ। •



## ਫਲਸਤੀਨੀ ਬਾਲ ਦੀ ਲੋਰੀ

ਮੱਤ ਰੋ ਬੱਚੇ
ਰੋ ਰੋ ਕੇ ਹੁਣ
ਤੇਰੀ ਮਾਂ ਦੀ
ਅੱਖ ਲੱਗੀ ਹੈ।

ਮੱਤ ਰੋ ਬੱਚੇ
ਕੁਝ ਹੀ ਪਹਿਲਾਂ
ਤੇਰੇ ਅੱਬਾ ਨੇ
ਆਪਣੇ ਗ਼ਮ ਤੋਂ
ਛੁੱਟੀ ਲਈ ਹੈ।

ਤੇਰਾ ਭਾਈ
ਆਪਣੀਆਂ
ਸੁਪਨ-ਤਿਤਲੀਆਂ ਪਿੱਛੇ
ਦੂਰ ਕਿਤੇ ਪ੍ਰਦੇਸ ਗਿਆ ਹੈ।

ਨਾ ਰੋ ਬੱਚੇ
ਤੇਰੇ ਵਿਹੜੇ
ਮੁਰਦਾ-ਸੂਰਜ ਨਹਾ ਕੇ ਗਏ ਨੇ
ਚੰਦਰਮਾ ਦਫ਼ਨਾ ਕੇ ਗਏ ਨੇ
ਮੱਤ ਰੋ ਬੱਚੇ
ਤੇਰੀ ਭੈਣ ਦਾ ਡੋਲਾ
ਪਰਾਏ ਦੇਸ਼ ਤੁਰ ਗਿਆ ਹੈ।

ਮੱਤ ਰੋ ਬੱਚੇ
ਜੇਕਰ ਤੂੰ ਇੰਝ ਰੋਵੇਂਗਾ
ਤਾਂ ਇਹ ਸਾਰੇ
ਅੰਮੀ, ਅੱਬਾ, ਭੈਣ ਤੇ ਭਾਈ
ਚੰਦ ਤੇ ਸੂਰਜ
ਹੋਰ ਵੀ ਤੈਨੂੰ ਰੁਆਉਣਗੇ.
ਤੇਰਾ ਨਾਲ ਖੇਡਣ ਤੋਂ ਸੱਭੇ
ਰਾਹ ਵਿਚੋਂ ਹੀ
ਮੁੜ ਜਾਵਣਗੇ। •

ਬੈਰੂਤ 1980)

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ
ਜਿਨ੍ਹਾਂ ਹਿੰਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ

ਮਰ ਪ੍ਰੀਤ
ਅਤੇ
M R PREET

ਸਗਰਾਮ (ਗੋਲੀ ਅਤੇ ਮੈਸ਼)

ਸੰਤੁਲਿਤ ਪਸ਼ੂ ਖੁਰਾਕ

ੀਲਰਸ਼ਿਪ ਲਈ ਸਪਰਕ ਕਰ

ਪ੍ਰੀਤ ਫੀਡ ਸੇਲਜ਼ ਤਰਨਤਾਰਨ

ਫੋਨ -
01852-222927,
(M) 98760-72265
Fax : 01852-225327

# ਮੁਨੀਜ਼ਾ ਦਾ ਜਨਮ-ਦਿਨ
## (ਬੱਚਿਆਂ ਲਈ)

ਇੱਕ ਮੁਨੀਜ਼ਾ ਸਾਡੀ ਬੇਟੀ ਹੈ
ਜੋ ਬਹੁਤ ਹੀ ਪਿਆਰੀ ਬੇਟੀ ਹੈ
ਅਸੀਂ ਹੀ ਕਦ ਉਸ ਨੂੰ ਪਿਆਰ ਕਰਦੇ ਹਾਂ
ਸਭ ਦੇ ਸਭ ਉਸਨੂੰ ਪਿਆਰ ਕਰਦੇ ਹਾਂ
ਕਿਵੇਂ ਸਭ ਨੂੰ ਆਵੇ ਪਿਆਰ ਉਸ ਪਰ
ਉਹੀ ਤਾਂ ਹੈ ਸਾਡੀ ਡਿਕਟੇਟਰ
ਪਿਆਰ ਤੋਂ ਜੋ ਵੀ ਚਿੱਤ ਚੁਰਾਵੇਗਾ
ਉਹ ਜ਼ਰੂਰ ਉਸ ਤੋਂ ਮਾਰ ਖਾਵੇਗਾ
ਖ਼ੈਰ, ਇਹ ਗੱਲ ਤਾਂ ਹੱਸਣ ਵਾਲੀ ਹੈ
ਵੈਸੇ ਸੱਚ-ਮੁੱਚ ਬਹੁਤ ਹੀ ਅੱਛੀ ਹੈ
ਫੁੱਲ ਵਰਗੀ ਉਸਦੀ ਕੰਗਣ ਹੈ।
ਚੰਦ ਵਰਗੀ ਉਸ ਦੀ ਸੂਰਤ ਹੈ।
ਜਦ ਉਹ ਖ਼ੁਸ਼ ਹੋ ਕੇ ਮੁਸਕਰਾਉਂਦੀ ਹੈ,
ਚਾਂਦਨੀ ਜੱਗ ਵਿਚ ਫੈਲ ਜਾਂਦੀ ਹੈ।
ਪੜ੍ਹਨ ਲਿਖਣ ਦੇ ਉਹ ਬਹੁਤ ਕਾਬਿਲ ਹੈ,
ਖੇਡਣ-ਕੁੱਦਣ ਵਿਚ ਇਹ ਕਾਮਿਲ ਹੈ।
ਉਮਰ ਵੇਖੋ ਤਾਂ ਅੱਠ ਸਾਲ ਦੀ ਹੈ,
ਅਕਲ ਵੇਖੋ ਤਾਂ ਸੱਠ ਸਾਲ ਦੀ ਹੈ।
ਫਿਰ ਉਹ ਗਾਣਾ ਵੀ ਚੰਗਾ ਗਾਉਂਦੀ ਹੈ,
ਭਾਵੇਂ ਤੁਹਾਨੂੰ ਨਹੀਂ ਸੁਣਾਉਂਦੀ ਹੈ।
ਗੱਲ ਕਰਦੀ ਹੈ ਇਤਨੀ ਮਿੱਠੀ,
ਜਿਵੇਂ ਟਹਿਣੀ ਤੇ ਕੂਕ ਬੁਲਬੁਲ ਦੀ।
ਹਾਂ ਜੇ ਕੋਈ ਉਸ ਨੂੰ ਸਤਾਉਂਦਾ ਹੈ,
ਵੈਸੇ ਜ਼ਰਾ ਗੁੱਸਾ ਤਾਂ ਆ ਹੀ ਜਾਂਦਾ ਹੈ।
ਪਰ ਉਹ ਛੇਤੀ ਹੀ ਮੰਨ ਜਾਂਦੀ ਹੈ,
ਕਦ ਕਿਸੇ ਨੂੰ ਭਲਾ ਸਤਾਉਂਦੀ ਹੈ।
ਹੈ ਖਿੜੇ ਫੁੱਲ ਵਰਗਾ ਸੁਭਾਅ ਉਸਦਾ,
ਸਾਰਾ ਵਧੀਆ ਹੈ ਕੰਮ-ਕਾਜ ਉਸਦਾ।
ਹੈ ਮੁਨੀਜ਼ਾ ਦੀ ਅੱਜ ਸਾਲ-ਗਿਰਹ,
ਹਰ ਪਾਸੇ ਸ਼ੋਰ ਹੈ ਮੁਬਾਰਕ ਦਾ।
ਚੰਦ ਤਾਰੇ ਦੁਆਵਾਂ ਦਿੰਦੇ ਨੇ,
ਫੁੱਲ ਉਸ ਦੀ ਸੁੱਖ ਮੰਗਦੇ ਨੇ।
ਬਾਗ਼ ਵਿਚ ਗਾ ਰਹੀ ਇਹ ਬੁਲਬੁਲ,
ਤੂੰ ਸਲਾਮਤ ਰਹੇ ਮੁਨੀਜ਼ਾ ਗੁੱਲ।
ਅੰਮੀ ਅੱਬਾ ਤੇ ਭਾਜੀ ਵੀ,
ਆਂਟੀਆਂ ਤੇ ਭੈਣ-ਭਾਈ ਵੀ।
ਅੱਜ ਸਾਰੇ ਉਸਨੂੰ ਪਿਆਰ ਕਰਦੇ ਨੇ,
ਮਿਲ ਕੇ ਸਭ ਬਾਰ-ਬਾਰ ਕਰਦੇ ਨੇ।
ਫਿਰ ਇੰਝ ਸ਼ੋਰ ਹੋਵੇ ਮੁਬਾਰਕ ਦਾ,
ਆਵੇ ਸੌ ਵਾਰ ਤੇਰੀ ਸਾਲਗਿਰਹ।
ਸੌ ਤਾਂ ਕੀ ਸੌ ਵਾਰ ਆਵੇ,
ਇੰਝ ਕਹੋ ਬੇਸ਼ੁਮਾਰ ਆਵੇ।
ਲਿਆਵੇ ਹਰ ਵਾਰ ਆਪਣੇ ਨਾਲ ਖੁਸ਼ੀ,
ਤੇ ਅਸੀਂ ਵੀ ਆਖੀਏ ਸਾਰੇ ਇੰਝ ਹੀ।
ਇਹ ਮੁਨੀਜ਼ਾ ਸਾਡੀ ਬੇਟੀ ਹੈ,
ਇਹ ਬਹੁਤ ਹੀ ਪਿਆਰੀ ਬੇਟੀ ਹੈ। ●



# ਭਾਗ - 3
# ਉਰਦੂ ਗ਼ਜ਼ਲਾਂ ਤੇ ਨਜ਼ਮਾਂ

## 1.

ਹਰ ਹਕੀਕਤ ਮਜਾਜ਼[1] ਹੋ ਜਾਏ।
ਕਾਫ਼ਿਰੋਂ ਕੀ ਨਮਾਜ਼ ਹੋ ਜਾਏ।

ਦਿਲ ਰਹੀਨੇ- ਨਿਆਜ਼[2] ਹੋ ਜਾਏ,
ਬੇਬਸੀ ਕਾਰਸਾਜ਼ ਹੋ ਜਾਏ।

ਮਿੰਨਤੇ-ਚਾਰ-ਸਾਜ਼ ਕੌਣ ਕਰੇ,
ਦਰਦ ਜਬ ਜਾਂ ਨਵਾਜ਼ ਹੋ ਜਾਏ।

ਇਸ਼ਕ ਦਿਲ ਮੇਂ ਰਹੇ ਤੋਂ ਰੁਸਵਾ[3] ਹੋ,
ਲਬ ਪੇ ਆਏ ਤੋਂ ਰਾਜ਼ ਹੋ ਜਾਏ।

ਲੁਤਫ਼ ਕਾ ਇੰਤਜਾਰ ਕਰਤਾ ਹੂੰ,
ਜੌਰ[4] ਤਾ-ਹੱਦੇ-ਨਾਜ਼ ਹੋ ਜਾਏ।

ਉਮਰ ਬੇਸੂਦ[5] ਕੱਟ ਰਹੀ ਹੈ ਫੈਜ਼,
ਕਾਸ਼! ਅਫ਼ਸ਼ਾ-ਏ-ਰਾਜ਼[6] ਹੋ ਜਾਏ।

**1. ਭਰਮ, 2. ਸ਼ਰਧਾ-ਭਰਪੂਰ,**
**3. ਬਦਨਾਮ, 4. ਜ਼ੁਲਮ, 5. ਅਜਾਈਂ**
**6. ਭੇਤ ਪ੍ਰਗਟ ਹੋ ਜਾਵੇ**

## 2.

ਹਿੰਮਤੇ-ਇਲਤਜਾ ਨਹੀਂ ਬਾਕੀ।
ਜ਼ਬਤ ਕਾ ਹੌਂਸਲਾ ਨਹੀਂ ਬਾਕੀ।

ਇਕ ਤੇਰੀ ਦੀਦ ਛਿਨ ਗਈ ਮੁਝ ਸੇ,
ਵਰਨਾ ਦੁਨੀਆਂ ਮੇਂ ਕਿਆ ਨਹੀਂ ਬਾਕੀ।

ਅਪਨੀ ਮਸ਼ਕੇ ਸਿਤਮ[1] ਸੇ ਹਾਥ ਨਾ ਖੈਂਚ,
ਮੈਂ ਨਹੀਂ ਯਾ ਵਫ਼ਾ ਨਹੀਂ ਬਾਕੀ।

ਤੇਰੀ ਚਸ਼ਮੇ-ਅਲਮਨਿਵਾਜ਼[2] ਕੀ ਖ਼ੈਰ,
ਦਿਲ ਮੇਂ ਕੋਈ ਗਿਲਾ ਨਹੀਂ ਬਾਕੀ।

ਹੋ ਚੁੱਕਾ ਖਤਮ ਅਹਿਦੇ-ਹਿਜਰੋਂ-ਵਿਸਾਲ[3],
ਜ਼ਿੰਦਗੀ ਮੇਂ ਮਜ਼ਾ ਨਹੀਂ ਬਾਕੀ।

**1. ਅਤਿਆਚਾਰ ਦਾ ਅਭਿਆਸ,**
**2. ਹਮਦਰਦੀ ਰੱਖਣ ਵਾਲਾ**
**3. ਵਿਛੋੜੇ ਤੇ ਮਿਲਾਪ ਦੇ ਦਿਨ**

## 3.

ਦੋਨੋਂ ਜਹਾਨ ਤੇਰੀ ਮੁਹੱਬਤ ਮੇਂ ਹਾਰ ਕੇ,
ਵੁਹ ਜਾ ਰਹਾ ਹੈ ਕੋਈ ਸ਼ਬੋਗਮ ਗੁਜ਼ਾਰ ਕੇ।

ਵੀਰਾਂ ਹੈ ਮੈਂ-ਕਦੇ, ਖ਼ੁਰਮੋ-ਸਾਗਰ ਉਦਾਸ ਹੈ,
ਤੁੰਮ ਕਿਹਾ ਗਏ ਕਿ ਰੂਠ ਗਏ ਦਿਨ ਬਹਾਰ ਕੇ।

ਇਕ ਫੁਰਸਤੇ-ਗੁਨਾਹ ਮਿਲੀ, ਵੁਹ ਭੀ ਚਾਰ ਦਿਨ,
ਦੇਖੇ ਹੈਂ ਹਮਨੇ ਹੌਂਸਲੇ ਪਰਵਰਦਗਾਰ ਕੇ।

ਦੁਨੀਆਂ ਨੇ ਤੇਰੀ ਯਾਦ ਸੇ ਬੇਗਾਨਾ ਕਰ ਦੀਆ,
ਤੁਝਸੇ ਭੀ ਦਿਲਫ਼ਰੇਬ ਹੈਂ ਗ਼ਮ ਰੋਜ਼ਗਾਰ ਕੇ।

ਭੂਲੇ ਸੇ ਮੁਸਕਰਾ ਤੋ ਦੀਏ ਥੇ ਆਜ 'ਫੈਜ਼',
ਮਤ ਪੂਛ ਵਲਵਲੇ ਦਿਲੇ-ਨਾ-ਕਰਦਾ ਕਾਰ ਕੇ।

(1. **ਗ਼ਮ ਦੀ ਰਾਤ**, 2. **ਖੁਸ਼ੀ ਦੇ ਪਿਆਲੇ**, 3. **ਗੁਨਾਹਾਂ ਤੋਂ ਵਿਹਲ**, 4. **ਖ਼ੁਦਾ**, 5. **ਖਿੱਚ-ਪਾਊ**, 6. **ਖੁਸ਼ਕ ਦਿਲ**)

## 4.

ਫਿਰ ਹਰੀਫ਼ੇ-ਬਹਾਰ ਹੋ ਬੈਠੇ।
ਜਾਨੇ ਕਿਸ ਕਿਸ ਕੋ ਆਜ ਰੋ ਬੈਠੇ।

ਥੀ ਮਗਰ ਇਤਨੀ ਰਾਏਂਗਾ ਭੀ ਨਾ ਥੀ,
ਆਜ ਕੁਝ ਜ਼ਿੰਦਗੀ ਸੇ ਖੋ ਬੈਠੇ।

ਤੇਰੇ ਦਰ ਤਕ ਪਹੁੰਚ ਕੇ ਲੌਟ ਆਏ,
ਇਸ਼ਕ ਕੀ ਆਬਰੂ ਡੁਬੋ ਬੈਠੇ।



ਸਾਰੀ ਦੁਨੀਆਂ ਸੇ ਦੂਰ ਹੋ ਜਾਏ,
ਜੋ ਜ਼ਰਾ ਤੇਰੇ ਪਾਸ ਹੋ ਬੈਠੇ।

ਨਾ ਗਈ ਤੇਰੀ ਬੇਰੁਖ਼ੀ ਨਾ ਗਈ,
ਹਮ ਤੇਰੀ ਆਰਜ਼ੂ ਭੀ ਖੋ ਬੈਠੇ।

'ਫ਼ੈਜ਼' ਹੋਤਾ ਰਹੇ ਜੋ ਹੋਨਾ ਹੈ,
ਸ਼ਿਅਰ ਲਿਖਤੇ ਰਹਾ ਕਰੋ ਬੈਠੇ।

## 5.

ਨਸੀਬ ਆਜ਼ਮਾਨੇ ਕੇ ਦਿਨ ਆ ਰਹੇ ਹੈਂ।
ਕਰੀਬ ਉਨਕੇ ਜਾਨੇ ਕੇ ਦਿਨ ਆ ਰਹੇ ਹੈਂ।

ਜੋ ਦਿਲ ਸੇ ਕਹਾ ਹੈ, ਜੋ ਦਿਲ ਸੇ ਸੁਨਾ ਹੈ,
ਸਭ ਉਨਕੋ ਸੁਨਾਨੇ ਕੇ ਦਿਨ ਆ ਰਹੇ ਹੈਂ।

ਅਭੀ ਸੇ ਦਿਲੋ-ਜਾਂ ਸਰੇ-ਰਾਹ ਰੱਖ ਦੀ,
ਕਿ ਲੁਟਨੇ ਲੁਟਾਨੇ ਕੇ ਦਿਨ ਆ ਰਹੇ ਹੈਂ।

ਟਪਕਨੇ ਲਗੀ ਉਸ ਨਿਗਾਹੋਂ ਸੇ ਮਸਤੀ,
ਨਿਗਾਹੇਂ ਚੁਰਾਨੇ ਕੇ ਦਿਨ ਆ ਰਹੇ ਹੈਂ।

ਸਬਾ ਫਿਰ ਹਮੇਂ ਪੂਛਤੀ ਫਿਰ ਰਹੀ ਹੈ,
ਚਮਨ ਕੋ ਸਜਾਨੇ ਕੇ ਦਿਨ ਆ ਰਹੇ ਹੈਂ।

ਚਲੋ 'ਫ਼ੈਜ਼' ਫਿਰ ਸੇ ਕਹੀਂ ਦਿਲ ਲਗਾਏਂ,
ਸੁਨਾ ਹੈ ਠਿਕਾਨੇ ਕੇ ਦਿਨ ਆ ਰਹੇ ਹੈਂ।

## 7.

ਤੁੰਮ ਆਏ ਹੋ ਨਾ ਸ਼ਬੇ[1]-ਇੰਤਜ਼ਾਰ ਗੁਜ਼ਰੀ ਹੈ,
ਤਲਾਸ਼ ਮੇਂ ਹੈ ਸਹਿਰ ਬਾਰਬਾਰ ਗੁਜ਼ਰੀ ਹੈ।

ਜਨੂੰ ਮੈਂ ਜਿਤਨੀ ਭੀ ਗੁਜ਼ਰੀ ਬੇਕਾਰ ਗੁਜ਼ਰੀ ਹੈ,
ਅਗਰਚੇ[2] ਦਿਲ ਪੇ ਖ਼ਰਾਬੀ ਹਜ਼ਾਰ ਗੁਜ਼ਰੀ ਹੈ।

ਹੂਈ ਹੈ ਹਜ਼ਰਤੇ[3]-ਨਾਸ੍ਹਾ ਸੇ ਗੁਫ਼ਤਗੂ ਜਿਸ ਸ਼ਬ,
ਵੁਹ ਸ਼ਬ ਜ਼ਰੂਰ ਸਰੇ-ਕੂ-ਏ-ਯਾਰ[4] ਗੁਜ਼ਰੀ ਹੈ।

ਵੁਹ ਬਾਤ ਸਾਰੇ ਫਸਾਨੇ ਮੇਂ ਜਿਸਕਾ ਜ਼ਿਕਰ ਨਾ ਥਾ,
ਵੁਹ ਬਾਤ ਉਨਕੋ ਬਹੁਤ ਨਾਗਵਾਰ[5] ਗੁਜ਼ਰੀ ਹੈ।

ਨਾ ਗੁੱਲ ਖਿਲੇ ਹੈਂ ਨਾ ਉਨਸੇ ਮਿਲੇ, ਨਾ ਮੈਂ ਪੀ ਹੈ,
ਅਜੀਬ ਰੰਗ ਮੇਂ ਅਬ ਕੇ ਬਹਾਰ ਗੁਜ਼ਰੀ ਹੈ।

ਚਮਨ ਮੇਂ ਗਾਰਤੇ-ਗੁਲਚੀਂ[6] ਸੇ ਜਾਨੇ ਕਿਆ ਗੁਜ਼ਰੀ,
ਕਫਸ[7] ਸੇ ਆਜ ਸਬਾ[8] ਬੇਕਰਾਰ ਗੁਜ਼ਰੀ ਹੈ।

**(1. ਉਡੀਕ ਦੀ ਰਾਤ, 2. ਭਾਵੇਂ, 3. ਮੱਤਾਂ ਦੇਣ ਵਾਲਾ, 4. ਯਾਰ ਦੀ ਗਲੀ ਵਿਚ, 5. ਭੈੜੀ, 6. ਫੁੱਲ ਤੋੜਨ ਵਾਲਾ 7. ਪਿੰਜਰਾ, 8. ਹਵਾ, ਸਹਿਰ- ਸਵੇਰ)**

## 8.

ਤੁਮ੍ਹਾਰੀ ਯਾਦ ਕੇ ਜਬ ਜ਼ਖ਼ਮ ਭਰਨੇ ਲਗਤੇ ਹੈਂ।
ਕਿਸੀ ਬਹਾਨੇ ਤੁਮ੍ਹੇਂ ਯਾਦ ਕਰਨੇ ਲਗਤੇ ਹੈਂ।

ਹਦੀਸੇ-ਯਾਰ[1] ਕੇ ਉਨਵਾਂ[2] ਨਿਖਰਨੇ ਲਗਤੇ ਹੈਂ,
ਤੋ ਹਰ ਹਰੀਸ[3] ਮੇਂ ਗੇਸੂ[4] ਸੰਵਰਨੇ ਲਗਤੇ ਹੈਂ।



ਹਰ ਅਜਨਬੀ ਹਮੇਂ ਮਹਿਰਮ ਦਿਖਾਈ ਦੇਤਾ ਹੈ,
ਜੋ ਅਬ ਭੀ ਤੇਰੀ ਗਲੀ ਸੇ ਗੁਜ਼ਰਨੇ ਲਗਤੇ ਹੈਂ।

ਸਬਾ ਸੇ ਕਰਤੇ ਹੈਂ, ਗੁਰਬਤ[5] ਨਸੀਬ ਜ਼ਿਕਰੇ ਵਤਨ,
ਤੋ ਚਸ਼ਮੇ[6] ਸੁਬ੍ਹਾ ਮੇਂ ਆਂਸੂ ਉਭਰਨੇ ਲਗਤੇ ਹੈਂ।

ਵੁਹ ਜਬ ਭੀ ਕਰਤੇ ਹੈਂ, ਇਸ ਨੁਤਕੋ[7]-ਲਬ ਕੀ ਬਖੀਆ ਗਿਰੀ,
ਫ਼ਜ਼ਾ ਮੇਂ ਔਰ ਭੀ ਨਗਮੇਂ ਬਿਖਰਨੇ ਲਗਤੇ ਹੈਂ।

ਦਰੇ-ਕਫ਼ਸ[8] ਪੇ ਅੰਧੇਰੇ ਕੀ ਮੁਹਰ ਲਗਤੀ ਹੈ,
ਤੋ 'ਫ਼ੈਜ਼' ਦਿਲ ਮੇਂ ਸਿਤਾਰੇ ਉਤਰਨੇ ਲਗਤੇ ਹੈਂ।

**1. ਪਿਆਰੇ ਦੀ ਗੱਲ, 2. ਸਿਰਲੇਖ, 3. ਸਾਝਾ ਕਰਨ ਵਾਲਾ, 4. ਜ਼ੁਲਫਾਂ, 5. ਪ੍ਰਦੇਸੀ, 6. ਬੋਲ ਤੇ ਹੋਂਠ, 7. ਤੋਪੇ ਲਾਉਣੇ, 8. ਪਿੰਜਰੇ ਦਾ ਬੂਹਾ**

## 9.

ਦਿਲ ਮੇਂ ਅਬ ਯੂੰ ਤਿਰੇ ਭੂਲੇ ਹੋਏ ਗ਼ਮ ਯਾਦ ਆਤੇ ਹੈਂ।
ਜੈਸੇ ਬਿਛੁੜੇ ਹੂਏ ਕਾਹਬੇ ਮੇਂ ਸਨਮ[1] ਆਤੇ ਹੈਂ।

ਏਕ-ਇਕ ਕਰਕੇ ਹੂਏ ਜਾਤੇ ਹੈਂ ਤਾਰੇ ਰੌਸ਼ਨ,
ਮੇਰੀ ਮੰਜ਼ਿਲ ਕੀ ਤਰਫ਼ ਤੇਰੇ ਕਦਮ ਆਤੇ ਹੈਂ।

ਰਕਸ਼ੇ[2]-ਮੇਅ ਤੇਜ਼ ਕਰੋ, ਸਾਜ ਕੀ ਲੈਅ ਤੇਜ਼ ਕਰੋ,
ਸੂਏ-ਮੈਖ਼ਾਨਾ[3] ਸਫ਼ੀ[4] ਰਾਨੇ-ਹਰਮ ਆਤੇ ਹੈਂ।

ਕੁਝ ਹਮੀ ਕੋ ਨਹੀਂ ਇਹਸਾਨ ਉਠਾਨੇ ਕਾ ਦਿਮਾਗ,
ਵੁਹ ਤੋ ਜਬ ਆਤੇ ਹੈਂ, ਮਾਇਲੇ-ਕਰਮ[5] ਆਤੇ ਹੈਂ।

ਔਰ ਕੁਝ ਦੇਰ ਨਾ ਗੁਜ਼ਰੇ ਸ਼ਬੇ-ਫੁਰਸਤ[6] ਸੇ ਕਹੋ,
ਦਿਲ ਭੀ ਕਮ[7] ਦੁਖਤਾ ਹੈ, ਵੁਹ ਯਾਦ ਭੀ ਕਮ ਆਤੇ ਹੈਂ।

**1. ਮੂਰਤੀ, 2. ਸ਼ਰਾਬ ਦਾ ਨਾਚ, 3. ਠੇਕੇ ਵੱਲ, 4. ਮਸੀਤ ਦੇ ਦੂਤ, 5. ਕਿਰਪਾਲੂ ਹੋਣ ਲਈ ਤਿਆਰ, 6. ਵਿਛੋੜੇ ਦੀ ਰਾਤ, 7. ਘੱਟ**

## 9.

ਆਏ ਕੁਛ ਅਬਰ[1], ਕੁਛ ਸ਼ਰਾਬ ਆਏ,
ਉਸ ਕੇ ਬਾਅਦ ਆਏ ਜੋ ਅਜ਼ਾਬ[2] ਆਏ।

ਬਾਮੇ-ਮੀਨਾ[3] ਸੇ ਮਾਹਤਾਬ[4] ਉਤਰੇ,
ਦਸਤੇ-ਸਾਕੀ ਮੇਂ ਆਫ਼ਤਾਬ[5] ਆਏ।

ਹਰ ਰਗੇ-ਖ਼ੂੰ ਮੇਂ ਫਿਰ ਚਿਰਾਗਾਂ ਹੋ,
ਸਾਮਨੇ ਫਿਰ ਵੁਹ ਬੇਨਿਕਾਬ ਆਏ।

ਤਾ-ਉਮਰ ਕਿ ਹਰ ਬਰਕ ਪੇ ਦਿਲ ਕੋ ਨਜ਼ਰ,
ਤੇਰੀ ਮਿਹਰੋ-ਵਫ਼ਾ[6] ਕੇ ਬਾਬ[7] ਆਏ।

ਕਰ ਰਹਾ ਥਾ ਗ਼ਮੇ-ਜਹਾਂ ਕਾ ਹਿਸਾਬ,
ਆਜ ਤੁੰਮ ਯਾਦ ਬੇ-ਹਿਸਾਬ ਆਏ।

ਨਾ ਗਈ ਤੇਰੇ ਗ਼ਮ ਕੀ ਸਰਦਾਰੀ,
ਦਿਲ ਮੇਂ ਯੂੰ ਰੋਜ਼ ਇਨਕਲਾਬ ਆਏ।

ਜਲ ਉੱਠੇ ਬਜ਼ਮੇ[8]-ਗ਼ੈਰ ਕੇ ਦਰੋ-ਬਾਮ,
ਜਬ ਭੀ ਹਮ ਖਾਨਮਾਂ[9] ਖ਼ਰਾਬ ਆਏ।

ਇਸ ਤਰ੍ਹਾਂ ਅਪਨੀ ਖਾਮੋਸ਼ੀ[10] ਗੂੰਜੀ,
ਗੋਯਾ ਹਰ ਸਿੰਮਤ ਸੇ ਜਵਾਬ ਆਏ।

'ਫ਼ੈਜ਼' ਥੀ ਰਾਹ ਸਰ-ਬ-ਸਰ ਮੰਜ਼ਿਲ,
ਹਮ ਜਹਾਂ ਪਹੁੰਚੇ ਕਾਮਯਾਬ ਆਏ।

**1. ਬੱਦਲ, 2. ਦੁੱਖ, 3 ਸੁਰਾਹੀ ਦਾ ਮੂੰਹ, 4. ਚੰਦ, 5. ਸੂਰਜ, 6. ਕਿਰਪਾ, 7. ਕਾਂਡ, 8. ਬਗਾਨੇ ਦੀ ਮਹਿਫ਼ਿਲ, 9. ਉੱਜੜਿਆ ਘਰ, 10. ਚੁੱਪ**



## 10.

ਕਰਜ਼ੇ-ਨਿਗਾਹੇ-ਯਾਰ ਅਦਾ ਕਰ ਚੁਕੇ ਹੈਂ ਹਮ।
ਸਭ ਕੁਛ ਨਿਸਾਰੇ-ਰਾਹੇ ਵਫ਼ਾ[1] ਕਰ ਚੁਕੇ ਹੈਂ ਹਮ।

ਕੁਛ ਇਮਤਿਹਾਨੇ-ਦਸਤੇ-ਵਫ਼ਾ ਕਰ ਚੁਕੇ ਹੈਂ ਹਮ।
ਕੁਛ ਉਨਕੀ ਦਸਤਰਸ[2] ਕਾ ਪਤਾ ਕਰ ਚੁਕੇ ਹੈਂ ਹਮ।

ਅਬ ਇਹਤਿਆਤ ਕੀ ਕੋਈ ਸੂਰਤ ਨਹੀਂ ਰਹੀ,
ਕਾਤਿਲ ਸੇ ਰਸਮੋਂ-ਰਾਹ ਸਿਵਾ[3] ਕਰ ਚੁਕੇ ਹੈਂ ਹਮ।

ਦੇਖੇ ਹੈਂ ਕੌਨ ਕੌਨ ਜ਼ਰੂਰਤ ਨਹੀਂ ਰਹੀ,
ਕੂ-ਏ-ਸਿਤਮ ਮੇਂ ਸਬਕੀ ਵਫ਼ਾ ਕਰ ਚੁਕੇ ਹੈਂ ਹਮ।

ਅਬ ਅਪਨਾ ਇਖਤਿਆਰ ਹੈ ਚਾਹੇਂ ਜਹਾਂ ਚਲੇਂ,
ਰਹਿਬਰ ਸੇ ਅਪਨੀ ਰਾਹ ਜੁਦਾ ਕਰ ਚੁਕੇ ਹੈਂ ਹਮ।

ਉਨਕੀ ਨਜ਼ਰ ਮੇਂ ਕਿਆ ਕਰੇ ਫੀਕਾ ਹੈ ਅਬ ਭੀ ਰੰਗ,
ਜਿਤਨਾ ਲਹੂ ਥਾ ਸਰਫੇ[4] ਕਥਾ ਕਰ ਚੁਕੇ ਹੈਂ ਹਮ।

ਕੁਛ ਅਪਨੇ ਦਿਲ ਕੀ ਖ਼ੂ[5] ਕਾ ਭੀ ਸ਼ੁਕਰਾਨਾ-ਚਾਹੀਏ,
ਸੌ ਬਾਰ ਉਨਕੀ ਖ਼ੂ ਕਾ ਗਿਲਾ ਕਰ ਚੁਕੇ ਹੈਂ ਹਮ।

**1. ਪ੍ਰੀਖਿਆ, 2. ਪਹੁੰਚ, 3. ਕਾਫੀ, 4. ਖਰਚ ਕਰ ਚੁੱਕੇ, 5. ਆਦਤ**

## 11.

ਸ਼ੇਖ਼ ਸਾਹਿਬ ਸੇ ਰਸਮੋ-ਰਾਹ ਨਾ ਕੀ।
ਸ਼ੁਕਰ ਹੈ ਜ਼ਿੰਦਗੀ ਤਬਾਹ ਨਾ ਕੀ।

ਤੁਝਕੋ ਦੇਖਾ ਤੋ ਸੈਰ-ਚਸ਼ਮ[1] ਹੂਏ,
ਤੁਝਕੋ ਚਾਹਾ ਤੋ ਔਰ ਚਾਹ ਨਾ ਕੀ।

ਤੇਰੇ ਦਸਤੇ-ਸਿਤਮ ਕਾ ਇਜਜ਼[2] ਨਹੀਂ,
ਦਿਲ ਹੀ ਕਾਫਿਰ ਥਾ ਜਿਸ ਨੇ ਆਹ ਨਾ ਕੀ।

ਥੇ ਸ਼ਬੇ-ਹਿਜਰ ਕਾਮ ਔਰ ਬਹੁਤ,
ਹਮਨੇ ਫਿਕਰੇ ਦਿਲੇ-ਤਬਾਹ[3] ਨਾ ਕੀ।

ਕੌਨ ਕਾਤਿਲ ਬਚਾ ਹੈ ਸ਼ਹਿਰ ਮੇਂ 'ਫ਼ੈਜ਼',
ਜਿਸ ਸੇ ਯਾਰੋਂ ਨੇ ਰਸਮੋਂ-ਰਾਹ ਨਾ ਕੀ।

**1. ਅੱਖਾਂ ਤ੍ਰਿਪਤ ਹੋਈਆਂ, 2. ਕਮਜ਼ੋਰੀ, 3. ਬਾਹੀ ਦਾ ਫ਼ਿਕਰ**

## 12.

ਸਭ ਕਤਲ ਹੋ ਕੇ ਤੇਰੇ ਮੁਕਾਬਿਲ[1] ਸੇ ਆਏ ਹੈਂ।
ਹਮ ਲੋਗ ਸੁਰਖ਼ਰੂ ਹੈਂ ਕਿ ਮੰਜ਼ਿਲ ਸੇ ਆਏ ਹੈਂ।

ਸ਼ਮ੍ਹਾਂ-ਏ-ਨਜ਼ਰ ਖਿਆਲ ਕੇ ਅੰਜਮ[2], ਜਿਗਰ ਦੇ ਦਾਗ਼,
ਜਿਤਨੇ ਚਿਰਾਗ਼ ਹੈ ਤਿਰੀ ਮਹਿਫ਼ਿਲ ਸੇ ਆਏ ਹੈਂ।

ਉੱਠ ਕਰ ਤੋ ਆ ਗਏ ਹੈ ਤਿਰੀ ਬਜ਼ਮ[3] ਸੇ ਮਗਰ,
ਕੁਛ ਦਿਲ ਹੀ ਜਾਨਤਾ ਹੈ ਕਿ ਕਿਸ ਦਿਲ ਸੇ ਆਏ ਹੈਂ।

ਹਰ ਇਕ ਕਦਮ ਅਜਲ[4] ਥਾ, ਹਰ ਇਕ ਗਾਮ[5] ਜ਼ਿੰਦਗੀ,
ਹਮ ਘੂੰਮ ਫਿਰ ਕੇ ਕੂਚਾ-ਏ-ਕਾਤਿਲ[6] ਸੇ ਆਏ ਹੈਂ।

ਬਾਦੇ-ਖ਼ਿਜ਼ਾਂ[7] ਕਾ ਸ਼ੁਕਰ ਕਰੋ, 'ਫੈਜ਼' ਜਿਨ ਕੇ ਹਾਥ,
ਨਾਮੇ[8] ਕਿਸੀ ਬਹਾਰ-ਸ਼ਿਮਾਇਲ[9] ਸੇ ਆਏ ਹੈਂ।

**1. ਰੂਬਰੀ, 2. ਸਿਤਾਰੇ, 3. ਮਹਿਫ਼ਿਲ, 4. ਮੌਤ, 5. ਕਦਮ, 6. ਕਾਤਲ ਦੀ ਗਲੀ, 7. ਪੱਤਝੜ ਦੀ ਹਵਾ, 8. ਚਿੱਠੀਆਂ, 9. ਬਹਾਰ ਦੀਆਂ ਆਤਮਾ**

## 13.

ਸਿਤਮ[1] ਕੀ ਰਸਮੇਂ ਬਹੁਤ ਥੀਂ ਲੇਕਿਨ, ਥੀ ਤਿਰੀ ਅੰਜੁਮਨ[2] ਸੇ ਪਹਿਲੇ,
ਸਜ਼ਾ ਖਤ-ਏ-ਨਜ਼ਰ ਸੇ ਪਹਿਲੇ, ਇਤਾਬ[3] ਜੁਰਮੇ ਸੁਖਨ[4] ਸੇ ਪਹਿਲੇ।

ਜੋ ਚਲ ਸਕੋ ਤੋ ਚਲੋ ਕਿ ਰਾਹੇ-ਵਫ਼ਾ ਬਹੁਤ ਮੁਖ਼ਤਸਰ[5] ਹੁਈ ਹੈ,
ਮੁਕਾਮ ਹੈ ਅਬ ਕੋਈ ਨਾ ਮੰਜ਼ਿਲ, ਫਰਾਜ਼ੇ-ਦਾਰੋ-ਰਸਮ[6] ਸੇ ਪਹਿਲੇ।



ਨਹੀਂ ਰਹੀ ਅਬ ਜਨੂੰ ਕੀ ਜ਼ੰਜੀਰ, ਪਰ ਵਹ ਪਹਿਲੀ ਅਜਾਰੀਦਾਰੀ,
ਗ੍ਰਿਫ਼ਤ ਕਰਤੇ ਹੈਂ ਕਰਨੇ ਵਾਲੇ, ਖਿਰਦ[7] ਪੇ ਦੀਵਾਨਾਪਨ ਸੇ ਪਹਿਲੇ।

ਕਰੇ ਕੋਈ ਤੇਗ ਕਾ ਨਜ਼ਾਰਾ ਅਬ ਉਨਕੋ ਯੇ ਭੀ ਨਹੀਂ ਗਵਾਰਾ,
ਬਜ਼ਿੱਦ ਹੈ ਕਾਤਲ ਕਿ ਜਾਨੇ-ਬਿਸਮਿਲ-ਫਖ਼ਾਰ[8] ਹੋ ਜਿਸਮੋ-ਤਨ ਸੇ ਪਹਿਲੇ।

ਇਧਰ ਤਕਾਜ਼ੇ ਹੈ ਮਧਲਹਤ[9] ਕੇ, ਉਧਰ ਤਕਾਜ਼ਾ-ਏ-ਦਰਦੇ ਦਿਲ ਹੈ,
ਜ਼ਬਾਂ ਸੰਭਾਲੇਂ ਕਿ ਦਿਲ ਸੰਭਾਲੇਂ, ਅਸੀਰ[10] ਜ਼ਿਕਰੇ ਵਤਨ ਸੇ ਪਹਿਲੇ।

**1. ਜ਼ੁਲਮ, 2. ਮਹਿਫ਼ਿਲ, 3. ਕਰੋਧ, 4. ਕਵਿਤਾ, 5. ਸੰਖੇਪ, 6. ਫਾਂਸੀ ਦਾ ਰੱਸਾ, 7. ਅਕਲ, 8. ਫੱਟੜ, 9. ਨੇਕ-ਸਲਾਹ, 10. ਕੈਦੀ**

## 14.

ਸ਼ਾਮੇ-ਫ਼ਿਰਾਕ[1] ਅਬ ਨਾ ਪੂਛ, ਆਈ ਔਰ ਆ ਕੇ ਟਲ ਗਈ।
ਦਿਲ ਥਾ ਕਿ ਫਿਰ ਬਦਲ ਗਿਆ, ਜਾਂ ਥੀ ਕਿ ਫਿਰ ਸੰਭਲ ਗਈ।

ਬਜ਼ਮੇ-ਖ਼ਿਆਲ ਮੇਂ ਤਿਰੇ ਹੁਸਨ ਕੀ ਸ਼ਮ੍ਹਾਂ ਜਲ ਗਈ,
ਦਰਦ ਕਾ ਚਾਂਦ ਬੁਝ ਗਿਆ, ਹਿਜਰ ਕੀ ਰਾਤ ਢਲ ਗਈ।

ਜਬ ਤੁਝੇ ਯਾਦ ਕਰ ਲੀਆ, ਸੁਬਹ ਮਹਿਕ ਮਹਿਕ ਉਠੀ,
ਜਬ ਤਿਰਾ ਗ਼ਮ ਜਗਾ ਲੀਆ, ਰਾਤ ਮਚਲ ਮਚਲ ਗਈ।

ਦਿਲ ਸੇ ਤੋ ਹਰ ਮੁਆਮਲਾ ਕਰਕੇ ਚਲੇ ਥੇ ਸਾਫ ਹਮ,
ਕਹਿਨੇ ਮੇਂ ਉਨਕੇ ਸਾਹਮਨੇ, ਬਾਤ ਬਦਲ ਬਦਲ ਗਈ।

ਆਖਿਰੇ-ਸ਼ਬ[2] ਕਿ ਹਮਸਫਰ, 'ਫ਼ੈਜ਼' ਨਾ ਜਾਨੇ ਕਿਆ ਹੂਏ,
ਰਹਿ ਗਈ ਕਿਸ ਜਗ੍ਹਾ ਸਬਾ[3], ਸੁਬਹਿ ਕਿਧਰ ਨਿਕਲ ਗਈ।

**1. ਵਿਛੋੜੇ ਦੀ ਸ਼ਾਮ, 2. ਪਿਛਲਾ ਪਹਿਰ, 3. ਹਵਾ**

## 15.

ਗੱਲ ਵੱਸ ਵਿਚੋਂ ਨਿਕਲ ਚੱਲੀ ਹੈ,
ਦਿਲ ਦੀ ਹਾਲਤ ਸੰਭਲ ਚੱਲੀ ਹੈ।

ਹੁਣ ਜਨੂੰਨ ਹੱਦ ਤੋਂ ਵੱਧ ਚੱਲਿਆ,
ਹੁਣ ਤਬੀਅਤ ਬਹਿਲ ਚੱਲੀ ਹੈ।

ਅੱਥਰੂ ਲਹੂ-ਰੰਗੇ ਹੋ ਚੱਲੇ,
ਗ਼ਮ ਦੀ ਰੰਗਤ ਬਦਲ ਚੱਲੀ ਹੈ।

ਜਾਂ ਤੇ ਉਂਝ ਹੀ ਬੁਝ ਗਏ ਦੀਵੇ,
ਰਾਤ-ਹਿਜਰ ਜਾਂ ਟਲ ਚੱਲੀ ਹੈ।

ਲੱਖ ਸੁਨੇਹੇ ਪਹੁੰਚ ਗਏ ਨੇ,
ਜਦ ਤੋਂ ਠੰਡੀ ਵਾ ਚੱਲੀ ਹੈ।

ਜਾਓ ਹੁਣ ਸੌਂ ਜਾਓ ਤਾਰਿਓਂ,
ਦਰਦ ਦੀ ਰਾਤ ਤੇ ਢਲ ਚੱਲੀ ਹੈ।

(**ਪੰਜਾਬੀ ਰੂਪ**)

## 16.

ਸਾਖ਼ ਪਰ ਖ਼ੂਨੇ-ਗੁੱਲ ਰਵਾਂ ਹੈ ਵੁਹੀ।
ਸ਼ੋਖ਼ੀ-ਰੰਗੇ-ਗੁਲਸਤਾਂ[1] ਹੈ ਵੁਹੀ।

ਸਰ ਵੁਹੀ ਹੈ ਤੋ ਆਸਤਾਂ[2] ਹੈ ਵੁਹੀ,
ਜਾਂ ਵੁਹੀ ਹੈ ਤੋ ਜਾਨੇ-ਜਾਂ ਹੈ ਵੁਹੀ।

ਅਬ ਜਹਾਂ ਮਿਹਰਬਾਂ ਨਹੀਂ ਕੋਈ,
ਕੂਚਾ-ਯਾਰੇ-ਮਿਹਰਬਾਂ ਹੈ ਵੁਹੀ।

ਬਰਕ[3] ਸੌ ਬਾਰ ਗਿਰ ਕੇ ਖ਼ਾਕ ਹੂਈ,
ਰੌਲਕੇ ਖਾਕੇ ਆਸ਼ਿਆਂ[4] ਹੈ ਵੁਹੀ।

ਆਜ ਕੀ ਸ਼ਬ ਵਿਸਾਲ ਕੀ ਸ਼ਬ[5] ਹੈ,
ਦਿਲ ਸੇ ਹਰ ਰੋਜ਼ ਦਾਸਤਾਂ ਹੈ ਵੁਹੀ।

ਚਾਂਦ ਤਾਰੇ ਇਧਰ ਨਹੀਂ ਆਤੇ,
ਵਰਨਾ ਜ਼ਿੰਦਾ[6] ਮੇਂ ਆਸਮਾਂ ਹੈ ਵੁਹੀ।

**1. ਬਾਗ਼, 2. ਦਰਵਾਜ਼ਾ, 3. ਬਿਜਲੀ, 4. ਆਹਲਣਾ, 5. ਰਾਤ, 6. ਜੇਲ੍ਹ**

## 17.

ਕਬ ਯਾਦ ਮੇਂ ਤੇਰਾ ਸਾਥ ਨਹੀਂ, ਕਬ ਹਾਥ ਮੇਂ ਤੇਰਾ ਹਾਥ ਨਹੀਂ।
ਸਦ ਸ਼ੁਕਰ ਕਿ ਅਪਨੀ ਰਾਤੋਂ ਮੇਂ ਅਬ ਹਿਜਰ ਕੀ ਕੋਈ ਰਾਤ ਨਹੀਂ।

ਮੁਸ਼ਕਿਲ ਹੈ ਅਗਰ ਹਾਲਾਤ ਵਹਾਂ, ਦਿਲ ਵੇਚ ਆਏ ਜਾਂ ਦੇ ਆਏ,
ਦਿਲ ਵਾਲੋ ਕੂਚਾ-ਏ-ਜਾਨਾਂ ਮੇਂ ਕਿਆ ਐਸੇ ਭੀ ਹਾਲਾਤ ਨਹੀਂ।

ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ, ਵੁਹ ਸ਼ਾਨ ਸਲਾਮਤ ਰਹਿਤੀ ਹੈ,
ਯਿਹ ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਕੋਈ ਬਾਤ ਨਹੀਂ।



ਮੈਦਾਨੇ-ਵਫ਼ਾ ਦਰਬਾਰ ਨਹੀਂ, ਯਾਂ ਨਾਮੋ-ਨਸਬ ਕੀ ਪੂਛ ਕਹਾਂ
ਆਸ਼ਿਕ ਤੋ ਕਿਸੀ ਕਾ ਨਾਮ ਨਹੀਂ, ਕੁਛ ਇਸ਼ਕ ਕਿਸੀ ਕੀ ਜ਼ਾਤ ਨਹੀਂ।

ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ, ਜੋ ਚਾਹੋ ਲਗਾ ਦੋ ਡਰ ਕੈਸਾ,
ਗਰ ਜੀਤ ਗਏ ਤੋ ਕਿਆ ਕਹਿਨਾ, ਹਾਰੇ ਭੀ ਤੋ ਬਾਜ਼ੀ ਮਾਤਮ ਨਹੀਂ।

## 18.

ਗੁਲੋਂ ਮੇਂ ਰੰਗ ਭਰੇ, ਬਾਦੇ-ਨੌਬਹਾਰ[1] ਚਲੇ।
ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ।

ਕਫਸ[2] ਉਦਾਸ ਹੈ ਯਾਰੋ ਸਬਾ[3] ਸੇ ਕੁਛ ਤੋ ਕਹੋ,
ਕਹੀਂ ਤੋ ਬਹਿਰੇ- ਖ਼ੁਦਾ ਆਜ ਜ਼ਿਕਰੇ ਯਾਰ ਚਲੇ।

ਕਭੀ ਤੋ ਸੁਬਹਾ ਤਿਰੇ ਕੁੰਜੇ-ਲਬ[4] ਸੇ ਹੋ ਆਗਾਜ਼[5],
ਕਭੀ ਤੋ ਸਬ ਸਰੇ ਕਾਕੁਲ[6] ਸੇ ਮੁਸ਼ਕਬਾਰ[7] ਚਲੇ।

ਬੜਾ ਹੈ ਦਰਦ ਕਾ ਰਿਸ਼ਤਾ, ਯਿਹ ਦਿਲ ਗਰੀਬ ਸਹੀ,
ਤਮਾਰੇ ਨਾਮ ਪੇ ਆਏਂਗੇ ਗ਼ਮ-ਗੁਸਾਰ[8] ਚਲੇ।

ਜੋ ਹਮ ਪੇ ਗੁਜ਼ਰੀ ਸੋ ਗੁਜ਼ਰੀ, ਮਗਰ ਸ਼ਬੇ ਹਿਜਰਾਂ,
ਹਮਾਰੇ ਅਸ਼ਕ[9] ਤਿਰੀ ਆਕਬਤ[10] ਸੰਵਾਰ ਚਲੇ।

ਹਜ਼ੂਰੇ ਯਾਰ ਹੂਈ ਦਫਤਰੇ ਜਨੂੰ ਕੀ ਤਲਬ[11],
ਗਿ੍ਹ ਮੇਂ ਲੇ ਕੇ ਗਰੇਬਾਂ[12] ਕਾ ਤਾਰ ਤਾਰ ਚਲੇ।

ਮੁਕਾਮ, ਫ਼ੈਜ਼ ਕੋਈ ਰਾਹ ਮੇਂ ਜਚਾ ਹੀ ਨਹੀਂ,
ਜੋ ਕੂ-ਏ-ਯਾਰ ਸੇ ਨਿਕਲੇ ਤੋ ਸੂ-ਏ-ਦਾਰ[13] ਚਲੇ।

**1. ਬਹਾਰ ਦੀ ਹਵਾ, 2. ਪਿੰਜਰਾ, 3. ਸਵੇਰ ਦੀ ਹਵਾ, 4. ਬੁੱਲ੍ਹਾਂ ਦਾ ਕੋਨਾ, 5. ਆਰੰਭ, 6. ਲਿਟਾਂ, 7. ਖ਼ੁਸ਼ਬੂ, 8. ਦਰਦੀ, 9. ਅੱਥਰੂ, 10. ਅੰਤ, 11, ਲੋੜ, 12 ਖੁਸ਼ਕ, 13. ਫਾਂਸੀ ਦੀ ਥਾਂ**

## 19.

ਬੇਦਮ ਹੂਏ ਬੀਮਾਰ ਦਵਾ ਕਿਉਂ ਨਹੀਂ ਦੇਤੇ,
ਤੁਮ ਅੱਛੇ ਮਸੀਹਾ ਹੋ ਸ਼ਫ਼ਾ[1] ਕਿਓ ਨਹੀਂ ਦੇਤੇ।

ਦਰਦੇ-ਸ਼ਬੇ ਹਿਜਰਾਂ ਕੀ ਜਜ਼ਾ[2] ਕਿਉਂ ਨਹੀਂ ਦੇਤੇ,
ਖ਼ੂਨੇ-ਦਿਲੇ-ਵਹਿਸ਼ੀ ਕਾ ਸਿਲਾ[3] ਕਿਓਂ ਨਹੀਂ ਦੇਤੇ।

ਮਿਟ ਜਾਏਗੀ ਮਖ਼ਲੂਕ[4] ਤੋ ਇਨਸਾਫ ਕਰੋਗੇ,
ਮੁਨਸਿਫ ਹੋ ਤੋ ਅਬ ਹਸ਼ਰ[5] ਉਠਾ ਕਿਓਂ ਨਹੀਂ ਦੇਤੇ।

ਹਾਂ ਨੁਕਤਾ[6]-ਵਰੋ ਆਓ ਲਬੋ-ਦਿਲ ਕੀ ਗਹਿਰਾਈ,
ਹਾਂ ਨਗਮ-ਗਰੋ, ਸਾਜ਼ ਸਦਾ[7] ਕਿਉਂ ਨਹੀਂ ਦੇਤੇ।

ਪੈਮਾਨੇ-ਜਨੂੰ[8] ਹਾਥੋਂ ਕੋ ਸ਼ਰਮਾਏਗਾ ਕਬ ਤੱਕ,
ਦਿਲਵਾਲੋ, ਗਰੇਬਾਂ[9] ਕਾ ਪਤਾ ਕਿਓਂ ਨਹੀਂ ਦੇਤੇ।

ਬਰਬਾਦੀ-ਏ-ਦਿਲ ਜਬਰ ਨਹੀਂ ਫ਼ੈਜ਼ ਕਿਸੀ ਕਾ,
ਵਹਿ ਦੁਸ਼ਮਨੇ-ਜਾਂ ਹੈ ਤੋ ਭੁਲਾ ਕਿਓਂ ਨਹੀਂ ਦੇਤੇ।

**1. ਇਲਾਜ, 2. ਇਨਾਮ, 3. ਬਦਲਾ, 4. ਜੰਤ, 5. ਪਰਲੋ, 6. ਮਲ੍ਹਮ ਲਾਉਣ ਵਾਲਾ, 7. ਆਵਾਜ਼, 8. ਦੀਵਾਨਗੀ ਦਾ ਪਰਣ, 9. ਪੁਸ਼ਾਕ**

## 20.

ਤਿਰੇ ਗ਼ਮ ਕੋ ਜਾਂ ਕੀ ਤਲਾਸ਼ ਥੀ, ਤਿਰੇ ਜਾਂ-ਨਿਸਾਰ ਚਲੇ ਗਏ।
ਤਿਰੀ ਰਾਹ ਮੇਂ ਕਰਤੇ ਥੇ ਸਰ ਤਲਬ[1], ਸਰੇ-ਰਾਹ-ਗੁਜ਼ਾਰ[2] ਚਲੇ ਗਏ।

ਤਿਰੀ ਕਜ-ਅਦਾਈ[3] ਸੇ ਹਾਰ ਕੇ, ਸ਼ਬੇ ਇੰਤਜ਼ਾਰ ਚਲੀ ਗਈ,
ਮਿਰੇ ਜ਼ਬਤੇ-ਹਾਲ ਸੇ ਰੂਠ ਕਰ, ਮਿਰੇ ਗ਼ਮਗੁਸਾਰ ਚਲੇ ਗਏ।

ਨਾ ਸਵਾਲੇ-ਵਸਲ[4], ਨਾ ਅਰਜ਼ੇ-ਗ਼ਮ[5], ਨਾ ਹਿਕਾਇਤੇਂ, ਨਾ ਸ਼ਿਕਾਇਤੇਂ,
ਤਿਰੇ ਅਹਿਦ ਮੇਂ ਦਿਲੇ-ਜ਼ਾਰ[6] ਕੇ ਸਭੀ ਇਖਤਿਆਰ[7] ਚਲੇ ਗਏ।



ਯਿਹ ਹਮੀਂ ਥੇ ਜਿਨਕੇ ਲਿਬਾਸ ਪਰ ਸਰੇ-ਰੂ[8] ਸਿਆਹੀ ਲਿਖੀ ਗਈ,
ਯਹੀ ਦਾਗ਼ ਥੇ ਜੋ ਸਜਾ ਕੇ ਹਮ ਸਰੇ-ਬਜਮ-ਯਾਰ[9] ਚਲੇ ਗਏ।

ਨਾ ਰਹਾ ਜਨੂਨੇ ਰੁਖੇ-ਵਫ਼ਾ[10], ਯੇ ਰਸਨ[11] ਯੇ ਦਾਰ[12] ਕਰੋਗੇ ਕਿਆ,
ਜਿਨ੍ਹੇਂ ਜੁਰਮੇ ਇਸ਼ਕ ਪੇ ਨਾਜ਼ ਥਾ, ਵੋਹ ਗੁਨਾਹਗਾਰ ਚਲੇ ਗਏ।

**1. ਸਿਰ ਮੰਗਦੇ, 2. ਰਾਹ, 3. ਬਾਂਕੀ ਤੋਰ ਵਾਲੇ, 4. ਮਿਲਣ ਦੀ ਤਾਂਘ, 5. ਦੁੱਖ ਦੱਸਣ, 6. ਕਮਜ਼ੋਰ ਦਿਲ, 7. ਹੱਕ, 8. ਚਿਹਰੇ ਉੱਤੇ, 9. ਯਾਰ ਦੀ ਮਹਿਫ਼ਿਲ, 10. ਵਫ਼ਾ ਦਾ ਰੰਗ, 11. ਰੱਸਾ, 12. ਫਾਂਸੀ**

## 21.

ਕਬ ਠਹਿਰੇਗਾ ਦਰਦ ਐ ਦਿਲ, ਕਬ ਰਾਤ ਬਸਰ ਹੋਗੀ,
ਸੁਨਤੇ ਥੇ ਵੁਹ ਆਏਂਗੇ, ਸੁਨਤੇ ਥੇ ਸਹਿਰ ਹੋਗੀ।

ਕਬ ਜਾਨ ਲਹੂ ਹੋਗੀ, ਕਬ ਅਸ਼ਕ[1] ਗੁਹਰ[2] ਹੋਂਗੇ,
ਕਿਸ ਦਿਨ ਤਿਰੀ ਸ਼ਨਵਾਈ[3] ਐ ਦੀਦਾ ਏ ਤਰ[4] ਹੋਗੀ।

ਕਬ ਮਹਿਕੇਗੀ ਫਸਲੇ-ਗੁੱਲ ਕਬ ਬਹਕੇਗਾ ਮੈਖ਼ਾਨਾ,
ਕਬ ਸੁਬਾਹ ਏ ਸੁਖਨ ਹੋਗੀ ਕਬ ਸ਼ਾਮੇ-ਨਜ਼ਰ ਹੋਗੀ।

ਵਾਹਜ਼[5] ਹੈ ਨਾ ਜ਼ਾਹਿਦ[6] ਹੈ, ਨਾਸੇਹ[7] ਹੈ ਨਾ ਕਾਤਿਲ ਹੈ,
ਅਬ ਸ਼ਹਿਰ ਮੇਂ ਯਾਰੋਂ ਕੀ ਕਿਸ ਤਰ੍ਹਾਂ ਬਸਰ ਹੋਗੀ।

ਕਬ ਤਕ ਅਭੀ ਰਹਿ ਦੇਖੇਂਗੇ, ਐ ਕਾਮਤੇ[8] ਜਾਨਾਨਾ
ਕਬ ਹਸ਼ਰ[9] ਮੁਅੱਯਨ[10] ਹੈ, ਤੁਝ ਕੋ ਤੋ ਖ਼ਬਰ ਹੋਗੀ।

**1. ਹੰਝੂ, 2. ਮੋਤੀ, 3. ਸੁਣਵਾਈ, 4. ਗਿੱਲੀਆਂ ਅੱਖਾਂ, 5. ਧਰਮ-ਪ੍ਰਚਾਰਕ, 6. ਪਰਹੇਜ਼ਗਾਰ, 7. ਉਪਦੇਸ਼ਕ, 8. ਪ੍ਰੇਮਕਾ ਦੀ ਸ਼ਖ਼ਸੀਅਤ, 9. ਪਰਲੋ, 10. ਨਿਸ਼ਚਿਤ**

## 22.

ਆਜ ਯੂੰ ਮੌਜ ਦਰ ਮੌਜ ਗ਼ਮ ਥੰਮ੍ਹ ਗਿਆ,
ਇਸ ਤਰ੍ਹਾਂ ਗ਼ਮਜ਼ਦੋਂ[1] ਕੋ ਕਰਾਰ ਆ ਗਿਆ।
ਜੈਸੇ ਖ਼ੁਸ਼ਬੂ-ਏ-ਜ਼ੁਲਫੇ ਬਹਾਰ ਆ ਗਈ,
ਜੈਸੇ ਪੈਗਾਮੇ-ਦੀਦਾਰੇ-ਯਾਰ[2] ਆ ਗਿਆ।

ਜਿਸ ਕੀ ਦੀਦੋ-ਤਲਬ[3] ਵਹਿਮ ਸਮਝੇ ਥੇ ਹਮ,

ਰੂ-ਬਰੂ ਫਿਰ ਸਾਰੇ ਰਹਿਗੁਜ਼ਾਰ[4] ਆ ਗਿਆ।
ਸੁਬਹੇ-ਫਰਦਾ ਕੋ ਫਿਰ ਦਿਲ ਤਰਸਨੇ ਲਗਾ,
ਉਪਰੇ ਕਫਤਾ[5] ਤਿਰਾ ਏਤਬਾਰ ਆ ਗਿਆ।

ਰੁੱਤ ਬਦਲਨੇ ਲਗੀ, ਰੰਗੇ ਦਿਲ ਦੇਖਨਾ,
ਰੰਗੇ-ਗੁਲਸ਼ਨ ਸੇ ਅਬ ਹਾਲ ਖੁਲ੍ਹਤਾ ਨਹੀਂ,
ਜ਼ਖ਼ਮ ਛਲਕਾ ਕੋਈ ਯਾ ਕੋਈ ਗੁੱਲ ਖਿਲਾ,
ਅਸ਼ਕ[6] ਉਮੜੇ ਕਿ ਅਬਰੇ-ਬਹਾਰ ਆ ਗਿਆ।

ਖ਼ੂਨੇ ਉਸ਼ਾਕ[8] ਸੇ ਜਾਮ ਭਰਨੇ ਲਗੇ,
ਦਿਲ ਸੁਲਗਨੇ ਲਗੇ, ਦਾਗ ਜਲਨੇ ਲਗੇ,
ਮਹਿਫਿਲੇ ਦਰਦ ਫਿਰ ਰੰਗ ਪਰ ਆ ਗਈ,
ਫਿਰ ਸ਼ਬੇ-ਆਰਜ਼ੂ[9] ਪਰ ਨਿਖਾਰ ਆ ਗਿਆ।

ਸਰਫਿਰੋਸ਼ੀ ਕੇ ਅੰਦਾਜ਼ ਬਦਲੇ ਗਏ,
ਦਾਵਤੇ-ਕਤਲ ਪਰ ਮਕਤਲੇ ਸ਼ਹਿਰ ਮੇਂ,
ਡਾਲ ਕਰ ਕੋਈ ਗਰਦਨ ਮੇਂ ਤੌਂਕ[10] ਆ ਗਿਆ,
ਲਾਦ ਕਰ ਕੋਈ ਕਾਂਦੇ ਪੇ ਦਾਰ[11] ਆ ਗਿਆ।

'ਫ਼ੈਜ਼' ਕਿਆ ਜਾਨੀਏ ਯਾਰ ਕਿਸ ਆਸ ਪਰ,
ਮੁਤੰਜ਼ਰ[12] ਹੈ ਕਿ ਲਾਏਗਾ ਕੋਈ ਖਬਰ,
ਮੈਂਕਦੋਂ[13] ਪਰ ਹੂਆ ਮੁਅਤਸਿਬ[14] ਮਿਹਰਬਾਂ,
ਦਿਲ-ਫਿਗਾਰੋਂ[15] ਪੇ ਕਾਤਿਬ ਕੋ ਪਿਆਰ ਆ ਗਿਆ।

**1. ਦੁੱਖਾਂ ਮਾਰੇ, 2. ਮਿਲਣੀ, 3. ਤੱਕਣ ਦੀ ਚਾਹ, 4. ਰਸਤੇ ਵਿਚ, 5. ਬੀਤਿਆ ਜੀਵਨ, 6. ਹੰਝੂ, 7. ਬੱਦਲ, 8. ਪ੍ਰੇਮੀਆਂ ਦਾ ਲਹੂ, 9. ਰਾਤ ਦੀ ਇੱਛਾ, 10. ਰੱਸਾ, 11. ਸੂਲੀ, 12. ਉਡੀਕ, 13. ਸ਼ਰਾਬੀ, 14. ਕੋਤਵਾਲ, 15. ਟੁੱਟੇ ਦਿਲ ਵਾਲੇ**

## 23.

ਹਮ ਨੇ ਸਭ ਸ਼ਿਅਰ ਮੇਂ ਸੰਵਾਰੇ ਥੇ,
ਹਮ ਸੇ ਜਿਤਨੇ ਸੁਖ਼ਨ[1] ਤੁਮ੍ਹਾਰੇ ਥੇ।

ਰੰਗੇ-ਖੁਸ਼ਬੂ ਕੇ ਹੁਸਨੋਂ-ਖ਼ੂਬੀ ਕੇ,
ਤੁੰਮ ਸੇ ਥੇ-ਜਿਤਨੇ ਇਸ਼ਤਿਆਰੇ[2] ਥੇ।



ਤੇਰੇ ਕੌਲੋ-ਕਰਾਰ ਸੇ ਪਹਿਲੇ,
ਅਪਨੇ ਕੁਝ ਔਰ ਬੀ ਸਹਾਰੇ ਥੇ।

ਜਬ ਵੋ ਲਾਲੋ-ਗੌਹਰ[3] ਹਿਸਾਬ ਕੀਏ,
ਜੋ ਤਿਰੇ ਗ਼ਮ ਪੇ ਦਿਲ ਨੇ ਵਾਰੇ ਥੇ।

ਮੇਰੇ ਦਾਮਨ ਮੇਂ ਆ ਗਿਰੇ ਸਾਰੇ,
ਜਿਤਨੇ ਤਸ਼ਤੇ - ਫਲਕ[4] ਮੇਂ ਤਾਰੇ ਥੇ।

ਉਮਰੇ-ਜਾਵੇਦ[5] ਕੀ ਦੁਆ ਕਰਤੇ,
'ਫ਼ੈਜ਼' ਇਤਨੇ ਵੋ ਕਭ ਹਮਾਰੇ ਥੇ।

**1. ਗੱਲਾਂ, 2. ਰੂਪਕ, 3. ਲਾਲ ਤੇ ਮੋਤੀ, 4. ਆਕਾਸ਼ ਦੀ ਤਸ਼ਤਰੀ, 5. ਲੰਮੀ ਉਮਰ ਲਈ**

## 24.

ਨਾ ਅਬ ਰਕੀਬ[1], ਨਾ ਨਾਸ੍ਹੇ[2] ਨਾ ਗ਼ਮ ਗੁਸਾਰ[3] ਕੋਈ,
ਤੁੰਮ ਆਸ਼ਨਾ[4] ਥੇ ਤੋ ਥੀਂ ਅਸ਼ਨਾਈਆਂ[5] ਕਿਆ ਕਿਆ।

ਜੁਦਾ ਥੇ ਹਮ ਤੋ ਮੁਯੱਸਰ[6] ਥੀਂ ਕੁਰਬਤੇਂ[7] ਕਿਤਨੀ,
ਬਹਮ[8] ਹੂਏ ਤੋ ਪੜੀ ਹੈਂ ਜੁਦਾਈਆਂ ਕਿਆ ਕਿਆ।

ਪਹੁੰਚ ਕੇ ਦਰ ਪੇ ਤਿਰੇ ਕਿਤਨੇ ਮੋਹਤਬਰ[9] ਠਹਿਰੇ,
ਅਗਰਚੇ[10] ਰਹਿ ਮੇਂ ਹੂਈ ਜੱਗ ਹੰਸਾਈਆਂ ਕਿਆ ਕਿਆ।

ਹਮ ਐਸੇ ਸਾਦਾ ਦਿਲੋਂ ਕੀ ਨਿਆਜ਼-ਮੰਦੀ[11] ਸੇ,
ਬੁੱਤੋਂ ਨੇ ਕੀ ਹੈਂ ਜਹਾਂ ਮੇਂ ਬੁਰਾਈਆਂ ਕਿਆ ਕਿਆ।

ਸਿਤਮ ਪੇ ਖੁਸ਼ ਕਭੀ ਲੁਤਫ਼ੋ-ਕਰਮ ਸੇ ਰੰਜੀਦਾ[12],
ਸਿਖਾਈਂ ਤੁੰਮ ਨੇ ਹ, 6. ਪ੍ਰਮੇਂ ਕਜਅਦਾਈਆਂ[13] ਕਿਆ ਕਿਆ।

**1. ਈਰਖਾਲੂ, 2. ਉਪੇਸ਼ਕ, 3. ਦੁੱਖ ਫੋਲਣ ਵਾਲਾ, 4. ਵਾਕਿਫ਼, 5. ਵਾਕਫੀਅਤਾਂ, 6. ਪ੍ਰਾਪਤ, 7. ਨੇੜਤਾ, 8. ਨੇੜੇ, 9. ਵਿਸ਼ਵਾਸ-ਪਾਤਰ, 10. ਭਾਵੇਂ, 11. ਭਗਤੀ-ਰਹਿਤ ਪ੍ਰੇਮ, 12. ਕਿਰਪਾ, 13. ਬਾਕੀਆਂ ਅਦਾਵਾਂ**

## 25.

ਹਸਰਤੇ-ਦੀਦ[1] ਮੇਂ ਗੁਜ਼ਰਾਂ ਹੈਂ ਜ਼ਮਾਨੇ ਕਬ ਸੇ,
ਦਸ਼ਤੇ-ਉਮੀਦ[2] ਮੇਂ ਗਰਦਾਂ[3] ਹੈਂ ਦੀਵਾਨੇ ਕਬ ਸੇ।

ਦੇਰ ਸੇ ਆਂਖ ਪੇ ਉਤਰਾ ਨਹੀਂ ਅਸ਼ਕੋਂ ਕਾ ਅਜ਼ਾਬ[4],
ਅਪਨੇ ਜ਼ਿੰਮੇ ਹੈ ਤਿਰਾ ਕਰਜ਼ ਨਾ ਜਾਨੇ ਕਬ ਸੇ।

ਕਿਸ ਤਰਾਂ ਪਾਕ[5] ਹੋ ਬੇਆਰਜ਼ੂ ਲਮ੍ਹੋਂ ਕਾ ਹਿਸਾਬ,
ਦਰਦ ਆਇਆ ਨਹੀਂ ਦਰਬਾਰ ਸਜਾਨੇ ਕਬ ਸੇ।

ਸੁਰ ਕਰੋ ਸਾਜ਼ ਕਿ ਛੇੜੇਂ ਕੋਈ ਦਿਲਸੋਜ਼[6] ਗ਼ਜ਼ਲ,
ਢੂੰਡਤਾ ਹੈ ਦਿਲੇ-ਸ਼ੋਰੀਦਾ[7] ਬਹਾਨੇ ਕਬ ਸੇ।

ਪੁਰ ਕਰੋ ਜਾਮ ਕਿ ਸ਼ਾਇਦ ਹੋ ਇਸੀ ਲਹਿਜਾ[8] ਰਵਾਂ[9],
ਰੋਕ ਰੱਖਾ ਹੈ ਜੋ ਇਕ ਤੀਰ ਕਜ਼ਾ[10] ਨੇ ਕਬ ਸੇ।

'ਫ਼ੈਜ਼' ਫਿਰ ਕਬ ਕਿਸੀ ਮਕਤਲ ਮੇਂ ਕਰੇਂਗੇ ਆਬਾਦ,
ਲਬ ਪੇ ਵੀਰਾਂ ਹੈਂ ਸ਼ਹੀਦੋਂ ਕੇ ਫਸਾਨੇ ਕਬ ਸੇ।

**1. ਵੇਖਣ ਦੀ ਤਾਂਘ, 2. ਆਸ ਦਾ ਭਰੋਸਾ, 3. ਘੱਟਾ ਛਾਣ ਰਹੇ, 4. ਦੁੱਖ, 5. ਮੁੱਕ ਜਾਵੇ, 6. ਦਿਲ ਦਾ ਦਰਦ, 7. ਪਾਗ਼ਲਦਿਲੇ, 8. ਛਿਣ, 9. ਚੱਲ ਪਵੇ, 10. ਮੌਤ**

## 26.

ਸਹਿਲ ਯੂੰ ਰਾਹੇ-ਜ਼ਿੰਦਗੀ ਕੀ ਹੈ।
ਹਰ ਕਦਮ ਹਮ ਨੇ ਆਸ਼ਕੀ ਕੀ ਹੈ।

ਹਮ ਨੇ ਦਿਲ ਮੇਂ ਸਜਾ ਲੀਏ ਗੁਲਸ਼ਨ,
ਜਬ ਬਹਾਰੋਂ ਨੇ ਬੇਰੁਖ਼ੀ ਕੀ ਹੈ।

ਜ਼ਹਿਰ ਸੇ ਧੋ ਲੀਏ ਹੈਂ ਹੋਂਠ ਅਪਨੇ,
ਲੁਤਫ਼ੇ ਸਾਕੀ[1] ਨੇ ਜਬ ਕਮੀਂ ਕੀ ਹੈ।



ਤੇਰੇ ਕੂਚੇ ਮੇਂ ਬਾਦਸ਼ਾਹੀ ਕੀ,
ਜਬ ਸੇ ਨਿਕਲੇ ਗਦਾਗਰੀ[2] ਕੀ ਹੈ।

ਬਸ ਵੁਹੀ ਸੁਰਖ਼ਰੂ ਹੂਆ ਜਿਸ ਨੇ,
ਬਹਿਰੇ-ਖ਼ੂੰ[3] ਮੇਂ ਸ਼ਨਾਵਰੀ[4] ਕੀ ਹੈ।

ਜੋ ਗੁਜ਼ਰਤੇ ਥੇ ਦਾਗ਼ ਪਰ ਸਦਮੇਂ,
ਅਬ ਵਹੀ ਕੈਫ਼ੀਅਤ[5] ਸਭੀ ਕੀ ਹੈ।

**1. ਸਾਕੀ ਤੋਂ ਮਿਲਣ ਵਾਲਾ ਆਨੰਦ, 2. ਭੀਖ਼ ਮੰਗਣ, 3. ਲਹੂ ਦਾ ਸਮੁੰਦਰ, 4. ਤਰਨਾ, 5. ਹਾਲਤ**

## 27.
## (ਇੱਕ ਦੱਕਨੀ ਗ਼ਜ਼ਲ)

ਕੁਛ ਪਹਿਲੇ ਇਨ ਆਖੋਂ ਆਗੇ, ਕਿਆ ਕਿਆ ਨਾ ਨਜ਼ਾਰਾ ਗੁਜ਼ਰੇ ਥਾ।
ਕਿਆ ਰੌਸ਼ਨ ਹੋ ਜਾਤੀ ਥੀ ਆਖੇਂ, ਜਬ ਯਾਰ ਪਿਆਰਾ ਗੁਜ਼ਰੇ ਥਾ।

ਯਿਹ ਕਿਤਨੇ ਅੱਛੇ ਲੋਗ ਕਿ ਜਿਨਕੋ ਅਪਨੇ ਗ਼ਮ ਸੇ ਫੁਰਸਤ[1] ਥੀ,
ਸਭ ਪੂਛੇ ਥੇ ਅਹਿਵਾਲ[2] ਜੋ ਕੋਈ, ਦਰਦ ਕਾ ਮਾਰਾ ਗੁਜ਼ਰੇ ਥਾ।

ਅਬ ਕੇ ਤੋ ਖਿਜ਼ਾ ਐਸੀ ਠਹਿਰੀ, ਸਾਰੇ ਜ਼ਮਾਨੇ ਭੂਲ ਗਏ,
ਜਬ ਮੌਸਮੇ- ਗੁੱਲ[3] ਹਰ ਫੇਰੇ ਮੇਂ, ਆ ਆ ਕੇ ਦੁਬਾਰਾ ਗੁਜ਼ਰੇ ਥਾ।

ਥੀ ਯਾਰੋਂ ਕੀ ਬੁਹਤਾਤ[4] ਤੋ ਹਮ, ਅਗ਼ਯਾਰ[5] ਸੇ ਭੀ ਬੇਜ਼ਾਰ ਨਾ ਥੇ,
ਜਬ ਮਿਲ ਬੈਠੇ ਤੋ ਦੁਸ਼ਮਨ ਕਾ ਭੀ ਸਾਥ ਗਵਾਰਾ[6] ਗੁਜ਼ਰੇ ਥਾ।

ਅਬ ਤੋ ਹਾਥ ਸੁਝਾਈ ਨਾ ਦੇਵੇ ਲੇਕਿਨ ਅਬ ਸੇ ਪਹਿਲੇ ਤੋ,
ਆਂਖ ਉਠਤੇ ਹੀ ਏਕ ਨਜ਼ਰ ਸੇ ਆਲਮ ਸਾਰਾ ਗੁਜ਼ਰੇ ਥੇ।

**1. ਵਿਹਲ, 2. ਹਾਲ-ਚਾਲ, 3. ਬਹਾਰ, 4. ਵਾਫਰ, 5. ਓਪਰੇ, 6. ਜਰਨਾ**

## 28.

ਅਬ ਕੇ ਬਰਸ ਦਸਤੂਰੇ ਸਿਤਮ[1] ਮੇਂ ਕਿਆ ਕਿਆ ਬਾਬ[2] ਈਜਾਦ[3] ਹੂਏ।
ਜੋ ਕਾਤਿਲ ਥੇ, ਮਕਤੂਲ ਬਨੇ, ਜੋ ਸੈਦ[4] ਥੇ ਅਭ ਸੱਯਾਦ[5] ਹੂਏ।

ਪਹਿਲੇ ਭੀ ਖਿਜ਼ਾਂ ਮੇਂ ਬਾਗ਼ ਉਜੜੇ, ਪਰ ਯੂੰ ਨਹੀਂ ਜੈਸੇ ਅਬ ਕੇ ਬਰਸ,
ਸਾਰੇ ਬੂਟੇ ਪੱਤਾ ਪੱਤਾ, ਰਵਿਸ਼[6] ਰਵਿਸ਼ ਬਰਬਾਦ ਹੂਏ।

ਪਹਿਲੇ ਭੀ ਤਵਾਫ਼ੇ-ਸ਼ਮ੍ਹੇ-ਵਫ਼ਾ[7] ਥੀ, ਰਸਮ ਮੁਹੱਬਤ ਵਾਲੋਂ ਕੀ,
ਹਮ-ਤੁੰਮ ਸੇ ਪਹਿਲੇ ਭੀ ਯਹਾਂ ਮਨਸੂਰ, ਹੂਏ ਫਰਹਾਦ ਹੂਏ।

ਇੱਕ ਗੁੱਲ ਕੇ ਮੁਰਝਾ ਜਾਨੇ ਪਰ ਕਿਆ ਗੁਲਸ਼ਨ ਮੇਂ ਕੁਹਰਾਮ[8] ਮਚਾ,
ਇਕ ਚਿਹਰਾ ਕੁਮਲਾ ਜਾਨੇ ਸੇ ਕਿਤਨੇ ਦਿਲ ਨਾਸ਼ਾਦ[9] ਹੂਏ।

'ਫ਼ੈਜ਼' ਨਾ ਹਮ ਯੂਸਫ਼, ਨਾ ਕੋਈ ਯਾਕੂਬ ਜੋ ਹਮ ਕੋ ਯਾਦ ਕਰੇ,
ਅਪਨਾ ਕਿਆ, ਕਨਿਆਂ[10] ਮੇਂ ਰਹੇ, ਯਾ ਮਿਸਰ ਮੇਂ ਜਾ ਆਬਾਦ ਹੂਏ।

**1. ਜ਼ਾਲਮ ਕਾਨੂੰਨ, 2. ਕਾਂਡ, 3. ਕਾਢ ਕੱਢਣੀ, 4. ਸ਼ਿਕਾਰ, 5. ਸ਼ਿਕਾਰੀ, 6. ਮਹਾਡੰਡੀ, 7. ਸ਼ਮ੍ਹਾਂ ਦੇ ਦੁਆਲੇ ਚੱਕਰ ਲਾਉਣਾ, 8. ਰੌਲਾ, 9. ਉਦਾਸ, 10. ਪੁਰਾਣਾ ਨਗਰ**

## 29.

ਸਿਤਮ[1] ਸਿਖਲਾਏਗਾ ਰਸਮੇਂ ਵਫ਼ਾ ਐਸੇ ਨਹੀਂ ਹੋਤਾ।
ਸਨਮ ਦਿਖਲਾਏਂਗੇ ਰਾਹੇ-ਖ਼ੁਦਾ ਐਸੇ ਨਹੀਂ ਹੋਤਾ।

ਗਿਨੋਂ ਸਭ ਹਸਰਤੇਂ ਜੋ ਖ਼ੂੰ ਹੋਈ ਹੈਂ ਤਨ ਕੇ ਮਕਤਲ ਮੇਂ,
ਸਿਰੇ ਕਾਤਲ ਹਿਸਾਬੇ ਖ਼ੂੰਬਹਾ[2] ਐਸੇ ਨਹੀਂ ਹੋਤਾ।

ਜਹਾਨੇ-ਦਿਲ ਮੇਂ ਕਾਮ ਆਤੀ ਹੈਂ ਤਦਬੀਰੇਂ, ਨਾ ਤਾਜ਼ੀਰੇਂ,
ਯਹਾਂ ਪੈਮਾਨੇ ਤਸਮੀਲੇ ਰਜ਼ਾ[4] ਐਸੇ ਨਹੀਂ ਹੋਤਾ।

ਹਰ ਇੱਕ ਸ਼ਬ ਹਰ ਘੜੀ ਗੁਜ਼ਰੇ ਕਿਆਮਤ ਯੂੰ ਤੋ ਹੋਤਾ ਹੈ,
ਮਗਰ ਹਰ ਸੁਬ੍ਹਾ ਹੀ ਰੋਜ਼ੇ-ਜਜ਼ਾ[5] ਐਸੇ ਨਹੀਂ ਹੋਤਾ।

ਰਵਾਂ ਹੈ ਨਬਜ਼ੇ ਦੌਰਾ[6] ਗਰਦਸ਼ੋਂ[7] ਮੇਂ ਆਸਮਾਂ ਸਾਰੇ,
ਜੋ ਤੁੰਮ ਕਹਿਤੇ ਹੋ ਸਭ ਕੁਝ ਹੋ ਚੁਕਾ ਐਸੇ ਨਹੀਂ ਹੋਤਾ।

**1. ਜ਼ੁਲਮ, 2. ਖ਼ੂਨ ਦੇ ਬਦਲੇ ਦਾ ਹਿਸਾਬ, 3. ਸਜ਼ਾ, 4. ਹਰ ਗੱਲ ਮੰਨਣ ਦੀ ਮਜਬੂਰੀ, 5. ਫਲ ਮਿਲਣ ਦਾ ਦਿਨ, 6. ਜ਼ਮਾਨੇ ਦੀ ਨਬਜ਼, 7. ਚੱਕਰ**



## 30.

ਹਮ ਮੁਸਾਫ਼ਰ ਯੂੰ ਹੀ ਮਸਰੂਫੇ-ਸਫ਼ਰ[1] ਜਾਏਂਗੇ।
ਬੇਨਿਸ਼ਾਂ ਹੋ ਗਏ ਜਬ ਸ਼ਹਿਰ ਤੋ ਘਰ ਜਾਏਂਗੇ।

ਕਿਸ ਕਦਰ ਹੋਗਾ ਯਹਾਂ ਮੇਹਰੋ-ਵਫ਼ਾ ਕਾ ਮਾਤਮ,
ਹਮ ਤਿਰੀ ਯਾਦ ਸੇ ਜਿਸ ਰੋਜ਼ ਉਤਰ ਜਾਏਂਗੇ।

ਜੌਹਰੀ ਬੰਦ ਕੀਏ ਜਾਤੇ ਹੈਂ ਬਾਜ਼ਾਰੇ-ਸੁਖ਼ਨ[2],
ਹਮ ਕਿਸੇ ਬੇਚਨੇ ਅਲਮਾਸ਼ੋ-ਗੁਹਰ[3] ਜਾਏਂਗੇ।

ਨੇਸਤੋ-ਜ਼ੀਸਤ[4] ਕਾ ਯੇ ਕਰਜ਼ ਚੁਕੇਗਾ ਕੈਸੇ,
ਲਾਖ ਘਬਰਾ ਕੇ ਯੇ ਕਹਿਤੇ ਰਹੇਂ, 'ਮਰ ਜਾਏਂਗੇ'।

ਸ਼ਾਇਦ ਅਪਨਾ ਭੀ ਕੋਈ ਬੈਂਤ ਹੁੱਦੀ-ਖਵਾਂ ਬਨਕਰ,
ਸਾਥ ਜਾਏਗਾ ਮੇਰੇ ਯਾਰ ਜਿਧਰ ਜਾਏਂਗੇ।

'ਫ਼ੈਜ਼' ਆਤੇ ਰਹੇ ਇਸ਼ਕ ਮੇਂ ਜੋ ਸਖ਼ਤ ਮੁਕਾਮ,
ਜਾਨੇ ਵਾਲੋਂ ਸੇ ਕਹੋ ਹਮ ਤੋਂ ਗੁਜ਼ਰ ਜਾਏਂਗੇ।

**1. ਸਫ਼ਰ ਵਿਚ ਰੁੱਝੇ, 2. ਕਵਿਤਾ ਦਾ ਬਜ਼ਾਰ, 3. ਹੀਰੇ ਮੋਤੀ, 4. ਜੀਵਨ ਦਾ ਵਰ, 5. ਅਰਬ ਦੇ ਊਠ ਸਵਾਰਾਂ ਦਾ ਗੀਤ**

## 31.

ਕਬ ਤੱਕ ਦਿਲ ਕੀ ਖ਼ੈਰ ਮਨਾਏਂ, ਕਬ ਤੱਕ ਰਾਹ ਦਿਖਲਾਓਗੇ?
ਕਬ ਤੱਕ ਚੈਨ ਕੀ ਮੁਹਲਤ ਦੋਗੇ, ਕਬ ਤੱਕ ਯਾਦ ਨਾ ਆਓਗੇ?

ਬੀਤਾ ਦੀਦ-ਉਮੀਦ[1] ਕਾ ਮੌਸਮ, ਖ਼ਾਕ ਉੜਤੀ ਹੈ ਆਖੋਂ ਮੇਂ,
ਕਬ ਭੇਜੋਗੇ ਦਰਦ ਕਾ ਬਾਦਲ, ਕਬ ਬਰਖਾ ਬਰਸਾਓਗੇ?

ਅਹਿਲੇ ਵਫ਼ਾ ਯਾ ਤਰਕੇ-ਮੁਹੱਬਤ, ਜੀ ਚਾਹੋ ਸੋ ਆਪ ਕਰੋ,
ਅਪਨੇ ਬਸ ਕੀ ਬਾਤ ਹੀ ਕਿਆ ਹੈ, ਹਮ ਸੇ ਕਿਆ ਮਨਵਾਓਗੇ?

ਕਿਸ ਨੇ ਵਸਲ ਕਾ ਸੂਰਜ ਦੇਖਾ, ਕਿਸ ਪਰ ਹਿਜਰ ਕੀ ਰਾਤ ਢਲੀ,
ਗੈਸੂਆਂ-ਵਾਲੇ[2] ਕੌਨ ਥੇ, ਕਿਆ ਥੇ, ਉਨ ਕੋ ਕਿਆ ਜਤਲਾਓਗੇ ?

'ਫ਼ੈਜ਼' ਦਿਲੋਂ ਕੇ ਭਾਗ ਮੇਂ ਹੈ ਘਰ, ਬਸਨਾ ਭੀ ਲੁਟ ਜਾਨਾ ਭੀ,
ਤੁਮ ਉਸ ਹੁਸਨ ਕੇ ਲੁਤਫ਼ੇ-ਕਰਮ[3] ਪਰ, ਕਿਤਨੇ ਦਿਨ ਇਤਰਾਓਗੇ[4] ?

**1. ਤੱਕਣ ਦੀ ਉਮੰਗ, 2. ਜ਼ੁਲਫ਼ਾਂ ਵਾਲੇ, 3. ਕਿਰਪਾਲਤਾ, 4. ਨਖ਼ਰੇ ਕਰਨ**

## 32.

ਨਹੀਂ ਨਿਗਾਹ ਮੇਂ ਮੰਜ਼ਿਲ ਤੋ ਜਸਤਜੂ[1] ਹੀ ਸਹੀ,
ਨਹੀਂ ਵਿਸਾਲ ਮੁਯੱਸਰ[2] ਤੋਂ ਆਰਜ਼ੂ[3] ਹੀ ਸਹੀ।

ਨਾ ਤਨ ਮੇਂ ਖ਼ੂਨ ਫਰਾਹਮ[4], ਨਾ ਅਸ਼ਕ[5] ਆਖੋਂ ਮੇਂ,
ਨਮਾਜ਼ੇ-ਸ਼ੌਕ ਤੋ ਵਾਜਿਬ ਹੈ, ਬੇਵਜ਼ੂ[6] ਹੀ ਸਹੀ।

ਯਹੀ ਬਹੁਤ ਹੈ ਕਿ ਸਾਲਿਮ ਹੈ ਦਿਲ ਕਾ ਪੈਰਾਹਨ[7],
ਯਿਹ ਚਾਕ ਚਾਕ ਗਰੇਬਾਨ ਬੇਰਫ਼ੂ[8] ਹੀ ਸਹੀ।

ਕਿਸੀ ਤਰ੍ਹਾਂ ਤੋਂ ਜਾਮੇਂ ਬਜ਼ਮ, ਮੈਅ ਕਦੇ-ਵਾਲੋ[9],
ਨਹੀਂ ਜੋ ਬਾਦ-ਏ-ਸਾਗਰ[10] ਤੋ ਹਾ-ਓ-ਹੂ ਹੀ ਸਹੀ।

ਗਰ ਇੰਤਜ਼ਾਰ ਕਠਿਨ ਹੈ ਤੋ ਜਬ ਤਲਕ ਐ ਦਿਲ,
ਕਿਸੀ ਕੇ ਬਾਦ-ਏ-ਫਰਦਾ[11] ਸੇ ਗੁਫ਼ਤਗੂ ਹੀ ਸਹੀ।

ਦਿਯਾਰੇ-ਗ਼ੈਰ ਮੇਂ ਮਰਹਮ ਅਗਰ ਨਹੀਂ ਕੋਈ,
ਤੋ 'ਫ਼ੈਜ਼' ਜ਼ਿਕਰੇ ਵਤਨ ਅਪਨੇ ਰੂ-ਬ-ਰੂ ਹੀ ਸਹੀ।

**1. ਤਲਾਸ਼, 2. ਪ੍ਰਾਪਤ, 3. ਤਾਂਘ, 4. ਅਵੱਸ਼ਕ, 5. ਹੰਝੂ, 6. ਬਿਨਾਂ ਹੱਥ ਮੂੰਹ ਧੋਤੇ ਦੇ,
7. ਵਸਤਰ, 8. ਪਾਇਆ, 9. ਠੇਕੇ ਵਾਲੀ, 10. ਪਿਆਲਾ, 11. ਕੱਲ੍ਹ ਦਾ ਇਕਰਾਰ**



# ਉਰਦੂ ਨਜ਼ਮਾਂ

**(ਕਾਵਿ-ਟੁਕੜੀ)**

ਮਤਾ-ਏ-ਲੌਹ[1]-ਓ ਕਲਮ ਛਿਨ ਗਈ ਤੋ ਕਿਆ ਗ਼ਮ ਹੈ।
ਕਿ ਖ਼ੂਨੇ-ਦਿਲ ਮੇਂ ਡੁਬੋ ਲੀ ਹੈਂ ਉਂਗਲੀਆਂ ਮੈਂਨੇ।

ਜ਼ਬਾਂ ਪੇ ਮੁਹਰ ਲਗੀ ਹੈ ਤੋ ਕਿਆ,
ਕਿ ਰੱਖ ਦੀ ਹੈ, ਹਰ ਇਕ ਹਲਕਾ-ਏ-ਜ਼ੰਜੀਰ[2] ਮੇਂ ਜ਼ੁਬਾਂ ਮੈਂਨੇ।

**1. ਲਿਖਣ ਵਾਲੀ ਫੱਟੀ, 2. ਜੰਜੀਰ ਦੀ ਕੜੀ**

# ਹਮ ਤੋ ਤਾਰੀਕ ਰਾਹੋਂ ਮੇਂ ਮਾਰੇ ਗਏ

**(ਈਥਲ ਤੇ ਜੂਲੀਅਸ ਰੋਜ਼ਨ ਬਰਗ ਦੇ ਖ਼ਤਾਂ ਤੋਂ ਪ੍ਰਭਾਵਿਤ ਹੋ ਕੇ)**

ਤੇਰੇ ਹੋਠੋਂ ਕੇ ਫੂਲੋਂ ਕੀ ਚਾਹਤ ਮੇਂ ਹਮ,
ਦਾਰ ਕੀ ਖੁਸ਼ਕ ਟਹਿਨੀ ਪੇ ਵਾਰੇ ਗਏ।

ਤੇਰੇ ਹਾਥੋਂ ਕੀ ਸ਼ਮ੍ਹੇਂ, ਕੀ ਹਸਰਤ ਮੇਂ ਹਮ,
ਨੀਮ-ਤਾਰੀਕ ਰਾਹੋਂ ਮੇਂ ਮਾਰੇ ਗਏ।

ਸੂਲੀਓਂ ਪਰ ਹਮਾਰੇ ਲਬੋਂ ਸੇ ਪਰੇ,
ਤੇਰੇ ਹੋਠੋਂ ਕੀ ਲਾਲੀ ਲਪਕਤੀ ਰਹੀ।
ਤੇਰੇ ਜ਼ੁਲਫੋਂ ਕੀ ਮਸਤੀ ਬਰਸਤੀ ਰਹੀ,
ਤੇਰੇ ਹਾਥੋਂ ਕੀ ਚਾਂਦੀ ਦਮਕਤੀ ਰਹੀ।

ਜਬ ਘੁਲੀ ਤੇਰੀ ਰਾਹੋਂ ਮੇਂ ਸ਼ਾਮੇਂ ਸਿਤਮ[3]
ਹਮ ਚਲੇ ਆਏ, ਲਾਏ ਜਹਾਂ ਤੱਕ ਕਦਮ।
ਲਬ ਪੇ ਹਰਫ਼ੇ-ਗ਼ਜ਼ਲ, ਦਿਲ ਮੇਂ, ਕੰਦੀਲੇ ਗਮ[4],
ਅਪਨਾ ਗ਼ਮ ਥਾ ਗਵਾਹੀ, ਤਿਰੇ ਹੁਸਨ ਕੀ,
ਦੇਖ ਕਾਇਮ ਰਹੇ ਇਸ ਗਵਾਹੀ ਪੇ ਹਮ,
ਹਮ ਜੋ ਤਾਰੀਕ ਰਾਹੋਂ ਪੇ ਮਾਰੇ ਗਏ।

ਨਾ-ਰਸਾਈ[5] ਅਗਰ ਅਪਨੀ ਤਕਦੀਰ ਥੀ
ਤੇਰੀ ਉਲਫ਼ਤ ਤੋਂ ਅਪਨੀ ਹੀ ਤਦਬੀਰ ਥੀ।
ਕਿਸਕੋ ਸ਼ਿਕਵਾ ਹੈ, ਗਰ ਸ਼ੌਕ[6] ਕੇ ਸਿਲਸਿਲੇ
ਹਿਜਰ ਕੀ ਕਤਲਗਾਹੋਂ ਸੇ ਸਭ ਜਾ ਮਿਲੇ।

ਕਤਲਗਾਹੋਂ ਸੇ ਚੁਨਕਰ ਹਮਾਰੇ ਅਲਮ[7]
ਔਰ ਨਿਕਲੇਂਗੇ ਅਸ਼ਫਾਕ[8], ਕੇ ਕਾਫਲੇ
ਜਿਨਕੀ ਰਾਹੇ-ਤਲਬ ਸੇ ਹਮਾਰੇ ਕਦਮ,
ਮੁਖ਼ਤਸਰ[9] ਕਰ ਚਲੇ ਦਰਦ ਕੇ ਫਾਸਿਲੇ

ਕਰ ਚਲੇ ਜਿਨਕੀ ਖਾਤਰ ਜਹਾਂਗੀਰ[10] ਹਮ,
ਜਾਂ ਗੰਵਾਂ ਕਰ ਤਿਰੀ ਦਿਲਬਰੀ ਕਾ ਭਰਮ
ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ।

1. **ਸੂਲੀ**, 2. **ਅੱਧਾ ਹਨੇਰਾ**, 3. **ਜ਼ੁਲਮ ਦੀ ਸ਼ਾਮ**, 4. **ਇੱਛਾ**, 5. **ਸਥਿਤੀ**, 6. **ਉਤ ਕੰਠਾ**, 7. **ਝੰਡੇ**, 8. **ਆਸ਼ਕ**, 9. **ਸੰਖੇਪ**, 10. **ਵਿਸ਼ਵ-ਵਿਆਪੀ**

# ਜਬ ਤੇਰੀ ਸਮੁੰਦਰ ਆਖੋਂ ਮੇਂ

ਯਹ ਧੂਪ ਕਿਨਾਰਾ ਸ਼ਾਮ ਢਲੇ,
ਮਿਲਤੇ ਹੈਂ ਦੋਨੋਂ ਵਕਤ ਜਹਾਂ।
ਜੋ ਰਾਤ ਨਾ ਦਿਨ, ਜੋ ਆਜ ਨਾ ਕੱਲ੍ਹ,
ਪਲ ਭਰ ਕੋ ਅਮਰ, ਪਲ ਭਰ ਮੇਂ ਧੂੰਆਂ।
ਇਸ ਧੂਪ ਕਿਨਾਰੇ ਪਲ ਦੋ ਪਲ
ਹੋਠੋਂ ਕੀ ਲਪਕ
ਬਾਹੋਂ ਕੀ ਖਨਕ
ਯਹ ਮੇਲ ਹਮਾਰਾ, ਝੂਠ ਨਾ ਸੱਚ
ਕਿਉਂ ਰਾਹ ਕਰੋ, ਕਿਉਂ ਦੋਸ਼ ਧਰੋ
ਕਿਸ ਕਾਰਨ ਝੂਠੀ ਬਾਤ ਕਰੋ
ਜਬ ਤੇਰੀ ਸਮੁੰਦਰ ਆਖੋਂ ਮੇਂ
ਇਸ ਸ਼ਾਮ ਕਾ ਸੂਰਜ ਡੂਬੇਗਾ
ਸੁਖ ਸੋਏਂਗੇ ਘਰ ਦਰ ਵਾਲੇ
ਔਰ ਰਾਹੀ ਅਪਨੀ ਰਾਹ ਲੇਗਾ।



# ਢਾਕਾ ਤੋਂ ਵਾਪਸੀ ਉੱਤੇ

ਹਮ ਕਿ ਠਹਿਰੇ ਅਜਨਬੀ, ਇਤਨੀ ਮਦਾਰਾਤੋਂ[1] ਕੇ ਬਾਅਦ।
ਫਿਰ ਬਨੇਂਗੇ ਆਸ਼ਨਾ[2] ਕਿਤਨੀ ਮੁਲਾਕਾਤੋਂ ਕੇ ਬਾਅਦ।

ਕਬ ਨਜ਼ਰ ਮੇਂ ਆਏਗੀ, ਬੇਦਾਗ਼ ਸਬਜ਼ੇ ਕੀ ਬਹਾਰ,
ਖ਼ੂਨ ਕੇ ਧੱਬੇ ਧੁਲੇਂਗੇ ਕਿਤਨੀ ਬਰਸਾਤੋਂ ਕੇ ਬਾਅਦ।

ਥੇ ਬਹੁਤ ਬੇਦਰਦ ਲਮਹੇਂ[3] ਖਤਮੇ-ਦਰਦ-ਇਸ਼ਕ[4] ਕੇ,
ਥੀਂ ਬਹੁਤ ਬੇ-ਮਿਹਰ ਸੁਬਹੇਂ ਮਿਹਰਬਾਂ ਰਾਤੋਂ ਕੇ ਬਾਅਦ।

ਦਿਲ ਤੋ ਚਾਹਾ ਪਰ ਸ਼ਕੱਸਤੇ-ਦਿਲ[5] ਨੇ ਮੋਹਲਤ ਨਾ ਦੀ,
ਕੁਝ ਗਿਲੇ ਸ਼ਿਕਵੇ ਭੀ ਕਰ ਲੇਤੇ, ਮਨਾਜਾਤੋਂ[6] ਕੇ ਬਾਅਦ।

ਉਨ ਸੇ ਜੋ ਕਹਿਨੇ ਗਏ ਥੇ, ਫ਼ੈਜ਼ ਜਾਂਸਦਕਾ[7] ਕੀਏ,
ਅਨ ਕਹੀ ਹੀ ਰਹਿ ਗਈ ਵੁਹ ਬਾਤ ਸਭ ਬਾਤੋਂ ਕੇ ਬਾਅਦ। (1974)

1. **ਸਵਾਗਤ**, 2. **ਵਾਕਿਫ਼**, 3. **ਪਲ**, 4. **ਪਿਆਰ ਦੀ ਪੀੜ**, 5. **ਦਿਲ ਦੀ ਹਾਰ**, 6. **ਪ੍ਰਾਰਥਨਾ-ਗੀਤ**, 7. **ਜਾਨ ਕੁਰਬਾਨ ਕਰਨੀ**

# ਕੁਝ ਇਸ਼ਕ ਕੀਆ, ਕੁਝ ਕਾਮ ਕੀਆ

ਵੁਹ ਲੋਕ ਬਹੁਤ ਖੁਸ਼ਕਿਸਮਤ ਥੇ,
ਜੋ ਇਸ਼ਕ ਕੋ ਕਾਮ ਸਮਝਤੇ ਥੇ।

ਯਾ ਕਾਮ ਸੇ ਆਸ਼ਕੀ ਕਰਤੇ ਥੇ,
ਹਮ ਜੀਤੇ ਜੀ ਮਸਰੂਫ ਰਹੇ।

ਕੁਛ ਇਸ਼ਕ ਕੀਆ, ਕੁਝ ਕਾਮ ਕੀਆ,
ਕਾਮ ਇਸ਼ਕ ਕੇ ਆੜੇ ਆਤਾ ਰਹਾ।

ਔਰ ਇਸ਼ਕ ਸੇ ਕਾਮ ਉਲਝਤਾ ਰਹਾ
ਫਿਰ ਆਖਰ ਤੰਗ ਆ ਕਰ ਹਮ ਨੇ,
ਦੋਨੋਂ ਕੋ ਅਧੂਰਾ ਛੋੜ ਦਿਆ।

# ਖ਼ਵਾਬ ਬਸੇਰਾ

ਇਸ ਵਕਤ ਤੋ ਯੂੰ ਲਗਤਾ ਹੈ, ਅਬ ਕੁਛ ਭੀ ਨਹੀਂ ਹੈ,
ਮਹਿਤਾਬ, ਨਾ ਸੂਰਜ, ਨਾ ਅੰਧੇਰਾ ਨਾ ਸਵੇਰਾ।

ਆਖੋਂ ਕੇ ਦਰੀਚੋਂ ਮੇਂ ਕਿਸੀ ਹੁਸਨ ਕੀ ਝਲਕਣ,
ਔਰ ਦਿਲ ਕੀ ਪਨਾਹੋਂ[1] ਮੇਂ, ਕਿਸੀ ਦਰਦ ਕਾ ਡੇਰਾ।

ਮੁਮਕਿਨ ਹੈ ਕੋਈ ਵਹਿਮ ਹੋ, ਮੁਮਕਿਨ ਹੈ ਸੁਨਾ ਹੋ,
ਗਲੀਓਂ ਮੇਂ ਕਿਸੀ ਚਾਪ ਕਾ ਇਕ ਆਖਰੀ ਫੇਰਾ।

ਸ਼ਾਖੋਂ ਪੇ ਖਿਆਲੋਂ ਕੇ ਘਨੇ ਪੇੜ ਕੀ ਸ਼ਾਇਦ,
ਅਬ ਆ ਕੇ ਕਰੇਗਾ ਨਾ ਕੋਈ ਖ਼ਵਾਬ ਬਸੇਰਾ।

ਇਕ ਬੈਰ, ਨਾ ਇਕ ਮਹਿਰ[2], ਨਾ ਇਕ ਰਬਤ[3], ਨਾ ਰਿਸ਼ਤਾ,
ਤੇਰਾ ਕੋਈ ਅਪਨਾ, ਨਾ ਪਰਾਇਆ ਕੋਈ ਮੇਰਾ।

ਮਾਨਾ ਕਿ ਦਿਲ ਯੇ ਸੁੰਨਸਾਨ ਘੜੀ ਸਖਤ ਬੜੀ ਹੈ,
ਲੇਕਿਨ ਮੇਰੇ ਦਿਲ ਯੇ ਤੋ ਫਕਤ[4] ਏਕ ਘੜੀ ਹੈ,
ਹਿੰਮਤ ਕਰੋ ਜੀਨੇ ਕੀ ਅਭੀ ਉਮਰ ਪੜੀ ਹੈ।
(ਮੇਓ ਹਸਪਤਾਲ ਲਾਹੌਰ, 4 ਮਾਰਚ 1982)

**1. ਸ਼ਰਣ, 2. ਮਿਹਰਬਾਨੀ, 3. ਸਬੰਧ, 4. ਕੇਵਲ**


ਫ਼ਾਰਮ 4 ਨਿਯਮ 8

**ਤਿਮਾਹੀ ਚਿਰਾਗ਼ ਬਾਰੇ ਜਾਣਕਾਰੀ**

1. ਪ੍ਰਕਾਸ਼ਨ ਸਥਾਨ : ਜਲੰਧਰ
2. ਪ੍ਰਕਾਸ਼ਨ ਕਾਲ : ਤ੍ਰੈਮਾਸਿਕ
3. ਪ੍ਰਕਾਸ਼ਕ ਤੇ ਮਾਲਕ : ਡਾ. ਅਨੂਪ ਸਿੰਘ
   ਸ਼ਹੀਦ ਸਰਵਣ ਸਿੰਘ ਚੀਮਾ ਭਵਨ,
   ਗੜ੍ਹਾ, ਜਲੰਧਰ (0181-2483033)
4. ਸੰਪਾਦਕ : ਹਰਭਜਨ ਸਿੰਘ ਹੁੰਦਲ
   ਪਿੰਡ ਫੱਤੂ ਚੱਕ, ਡਾਕ: ਢਿਲਵਾਂ
   ਜ਼ਿਲ੍ਹਾ ਕਪੂਰਥਲਾ (01822-273188)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-
(ਡਾ. ਅਨੂਪ ਸਿੰਘ)




# ਗੀਤ

ਜਲਨੇ ਲਗੀਂ ਯਾਦੋਂ ਕੀ ਚਿਤਾਏਂ।
ਆਓ ਕੋਈ ਬੈਂਤ ਬਨਾਏਂ।

ਜਿਨ ਕੀ ਰਾਹ ਤਕਤੇ ਜੁਗ ਬੀਤੇ,
ਚਾਹੇ ਵੁਹ ਆਏਂ ਯਾ ਨਾ ਆਏ।

ਆਂਖੇਂ ਮੂੰਦ ਕੇ, ਨਿਤ ਪਲ ਦੇਖੇਂ,
ਆਂਖੋਂ ਮੇਂ ਉਨਕੀ ਪ੍ਰਛਾਏਂ।

ਅਪਨੇ ਦਰਦ ਕਾ ਮੁਕਟ ਪਹਿਨਕਰ
ਬੇਦਰਦੋਂ ਕੇ ਸਾਮ੍ਹਨੇ ਆਏਂ।

ਜਬ ਰੋਨਾ ਆਵੇ, ਮੁਸਕਰਾਏਂ,
ਜਬ ਦਿਲ ਟੂਟੇ, ਦੀਪ ਜਲਾਏਂ।

ਪ੍ਰੇਮ-ਕਥਾ ਕਾ ਅੰਤ ਨਾ ਕੋਈ,
ਕਿਤਨੀ ਬਾਰ ਉਸੇ ਦੁਹਰਾਏਂ।

ਪ੍ਰੀਤ ਕੀ ਰੀਤ ਅਨੋਖੀ ਸਾਜਨ,
ਕੁਛ ਨਹੀਂ ਮਾਂਗੇ, ਸਭ ਕੁਝ ਪਾਏਂ।

'ਫ਼ੈਜ਼' ਉਨਸੇ ਕਿਆ ਬਾਤ ਛੁਪੀ ਹੈ,
ਹਮ ਕੁਛ ਕਹਿ ਕਰ ਕਿਉਂ ਪਛਤਾਏਂ।

•••

# ਹਿਜਰ ਕੀ ਰਾਤ ਔਰ ਵਸਾਲ ਕੇ ਫ਼ੂਲ

ਆਜ ਫਿਰ ਦਰਦ-ਏ-ਗ਼ਮ ਕੇ ਧਾਗੇ ਮੇਂ
ਹਮ ਪਰੋ ਕਰ ਤਿਰੇ ਖ਼ਿਆਲ ਕੇ ਫੂਲ।

ਤਰਕੇ-ਉਲਫ਼ਤ ਕੇ ਦਸ਼ਤ ਸੇ ਚੁਨ ਕਰ,
ਆਸ਼ਨਾਈ ਕੇ ਮਾਹੋ-ਸਾਲ ਕੇ ਫੂਲ।

ਤੇਰੀ ਦਹਿਲੀਜ਼ ਪਰ ਸਜਾ ਆਏ,
ਫਿਰ ਤੇਰੀ ਯਾਦ ਪਰ ਚੜ੍ਹਾ ਆਏ।

ਬਾਂਧ ਕਰ ਆਰਜ਼ੂ ਕੇ ਪੱਲੇ ਮੇਂ,
ਹਿਜਰ ਕੀ ਰਾਖ਼, ਵਿਸਾਲ ਕੇ ਫੂਲ।

•••

# ਜੋ ਮੇਰਾ ਤੁਮ੍ਹਾਰਾ ਰਿਸ਼ਤਾ ਹੈ

ਮੈਂ ਕਿਆ ਲਿਖੂੰ ਕਿ ਜੋ ਮੇਰਾ ਤੁਮ੍ਹਾਰਾ ਰਿਸ਼ਤਾ ਹੈ।
ਵੋ ਆਸ਼ਕੀ ਕੀ ਜ਼ੁਬਾਂ ਮੇਂ ਕਹੀਂ ਭੀ ਦਰਜ ਨਹੀਂ।

ਲਿਖਾ ਗਿਆ ਹੈ ਬਹੁਤ ਲੁਤਫ਼ੇ-ਵਸਲੋ-ਦਰਦੇ-ਫਿਰਾਕ[1],
ਮਗਰ ਯੇ ਕੈਫ਼ੀਅਤ[2] ਅਪਨੀ ਰਕਮ[3] ਨਹੀਂ ਹੈ ਕਹੀਂ।

ਯੇ ਅਪਨਾ ਇਸ਼ਕ ਹਮ ਆਗੋਸ਼[4] ਜਿਸਮੇਂ ਹਿਜਰੋ ਵਿਸਾਲ,
ਯੇ ਅਪਨਾ ਦਰਦ ਕਿ, ਹੈ ਕਬ ਸੇ ਹਮਦਮੇ ਮਹੋ[5] ਸਾਲ।

ਇਸ ਇਸ਼ਕੇ-ਖਾਸ ਕੋ ਹਰ ਇਕ ਸੇ ਛੁਪਾਏ ਹੁਏ,
ਗੁਜ਼ਰ ਗਿਆ ਹੈ ਜ਼ਮਾਨਾ ਗਲੇ ਲਗਾਏ ਹੁਏ।

**1. ਮਿਲਣ ਦਾ ਆਨੰਦ ਅਤੇ ਵਿਛੋੜੇ ਦਾ ਦੁੱਖ, 2. ਹਾਲਤ, 3. ਲਿਖਿਆ, 4. ਗਲੇ ਲੱਗੇ ਹੋਏ, 5. ਮਹੀਨੇ ਤੇ ਸਾਲ ਦੇ ਸਾਥੀ**

# ਲੋਹੇ ਕਲਮ

ਹਮ ਪਰਵਰਿਸ਼ੇ[1]-ਲੋਹੇ-ਕਲਮ[2] ਕਰਤੇ ਰਹੇਂਗੇ।
ਜੋ ਦਿਲ ਪੇ ਗੁਜ਼ਰਤੀ ਹੈ ਰਕਮ[3] ਕਰਤੇ ਰਹੇਂਗੇ।

ਅਸਬਾਬੇ-ਗਮੇਂ-ਇਸ਼ਕ ਬਹਮ[4] ਕਰਤੇ ਰਹੇਂਗੇ,
ਵੀਰਾਨੀ-ਏ-ਦੌਰਾਂ ਪੇ ਕਰਮ ਕਰਤੇ ਰਹੇਂਗੇ।

ਹਾਂ-ਤਲਖੀ-ਏ-ਅੱਯਾਮ[5] ਅਭੀ ਔਰ ਬੜੇਗੀ,
ਹਾਂ ਅਹਿਲੇ-ਸਿਤਮ, ਮਸ਼ਕੇ-ਸਿਤਮ ਕਰਤੇ ਰਹੇਂਗੇ।

ਮੰਜ਼ੂਰ ਯੇ ਤਲਖ਼ੀ, ਯਿਹ ਸਿਤਮ ਹਮ ਕੋ ਗਵਾਰਾ,
ਦਮ ਹੈ ਤੋ, ਮਦਾਵਾ-ਏ-ਅਲਪ[6] ਕਰਤੇ ਰਹੇਂਗੇ।



ਮੈਖਾਨਾ ਸਲਾਮਤ ਹੈ ਤੋ ਹਮ ਸੁਰਖੀ-ਏ-ਮੈਅ ਸੇ,
ਤਜ਼ੀਈਨ-ਦਰੋ-ਬਾਮੇ-ਹਰਮ[7] ਕਰਤੇ ਰਹੇਂਗੇ।

ਬਾਕੀ ਹੈ ਲਹੂ ਦਿਲ ਮੇਂ ਤੋ ਹਰ ਅਸ਼ਕ ਸੇ ਪੈਦਾ,
ਰੰਗੇ-ਲਬੋ-ਰੁਖ਼ਸਾਰੇ ਸਨਮ ਕਰਤੇ ਰਹੇਂਗੇ।

ਇਕ ਤਰਜ਼ੇ-ਤਗਾਫੁਲ ਹੈ ਸੋ ਵੀ ਉਨਕੀ ਮੁਬਾਰਕ,
ਇਕ ਅਰਜ਼ੇ ਤਮੰਨਾ ਹੈ ਸੋ ਹਮ ਕਰਤੇ ਰਹੇਂਗੇ।

**1. ਪਾਲਣ-ਪੋਸ਼ਣ, 2. ਕਲਮ ਦੀ ਪੂਜਾ, 3. ਖਰਚਣਾ, 4. ਇਕੱਤਰ, 5. ਦਿਨਾਂ ਦੇ ਦੁੱਖ, 6. ਦੁੱਖਾਂ ਦਾ ਇਲਾਜ, 7. ਮਸਜਦ ਦੇ ਬੂਹੇ ਦੀ ਸਜਾਵਟ**

# ਫ਼ੈਜ਼ ਦੀ ਆਖ਼ਰੀ ਗ਼ਜ਼ਲ

ਬਹੁਤ ਮਿਲਾ ਨਾ ਮਿਲਾ, ਜ਼ਿੰਦਗੀ ਸੇ ਗ਼ਮ ਕਿਆ ਹੈ।
ਮਤਾਏ-ਦਰਦ ਬਹਮ ਹੈ ਤੋ ਬੇਸ਼ੋ ਕਮ ਕਿਆ ਹੈ।

ਹਮ ਏਕ ਉਮਰ ਸੇ ਵਾਕਿਫ ਹੈਂ, ਅਬ ਨਾ ਸਮਝਾਓ,
ਕਿ ਲੁਤਫ਼[1] ਕਿਆ ਹੈ, ਮੇਰੇ ਮਿਹਰਬਾਂ, ਸਿਤਮ[2] ਕਿਆ ਹੈ।

ਕਰੇ ਨਾ ਜੱਗ ਮੇਂ ਅਲਾਵ ਤੋਂ ਸ਼ਿਅਰ ਕਿਸ ਮਕਸਦ,
ਕਰੇ ਨਾ ਸ਼ਹਿਰ ਮੇਂ ਜਲ-ਥਲ ਤੋਂ ਚਸ਼ਮੇ-ਨਮ[3] ਕਿਆ ਹੈ।

ਅਜਲ[4] ਕੇ ਹਾਥ ਕੋਈ ਆ ਰਹਾ ਹੈ ਪਰਵਾਨਾ,
ਨਾ ਜਾਨੇਂ ਆਜ ਕੀ ਫਰਿਸਤ ਮੇਂ ਰਕਮ[5] ਕਿਆ ਹੈ।

ਸਜਾਓ ਬਜ਼ਮ, ਗ਼ਜ਼ਲ ਗਾਓ, ਜਾਮ ਤਾਜ਼ਾ ਕਰੋ,
ਬਹੁਤ ਸਹੀ ਗ਼ਮੇ-ਸੇਤੀ, ਸ਼ਰਾਬ ਕਮ ਕਿਆ ਹੈ।
(ਨਵੰਬਰ 1984)

**1. ਮਜ਼ਾ, 2. ਜ਼ੁਲਮ, 3. ਹੰਝੂ ਭਰੀਆਂ, 4. ਅੱਖਾਂ, 5. ਮੌਤ ਨੂੰ ਲਿਖਿਆ**

# 1. ਇਹ ਸੰਭਵ ਹੈ

## (ਫ਼ੈਜ਼ ਅਹਿਮਦ ਫ਼ੈਜ਼ ਦੇ ਨਾਂ)

**– ਮਹਿਮੂਦ ਦਰਵੇਸ਼**

ਇਹ ਸੰਭਵ ਹੈ
ਘੱਟੋ ਘੱਟ ਕਈ ਵਾਰ
ਇਹ ਸੰਭਵ ਹੈ
ਖ਼ਾਸ ਕਰਕੇ ਹੁਣ ਇਹ ਸੰਭਵ ਹੈ
ਘੋੜੇ ਦੀ ਸਵਾਰੀ ਕਰਨਾ ?
ਜੇਲ੍ਹ ਦੀ ਕਾਲ–ਕੋਠੜੀ ਵਿਚ
ਤੇ ਦੌੜ ਜਾਣਾ....
ਇਹ ਸੰਭਵ ਹੈ ਜੇਲ੍ਹ ਦੀਆਂ ਦੀਵਾਰਾਂ ਦਾ
ਅਲੋਪ ਹੋ ਜਾਣਾ
ਕਾਲ–ਕੋਠੜੀ ਦਾ
ਇੱਕ ਦੁਰਾਡੀ ਧਰਤੀ ਬਣ ਜਾਣਾ
ਜਿਸ ਦੀਆਂ ਸਰਹੱਦਾਂ ਨਾ ਹੋਣ।

"ਤੂੰ ਦੀਵਾਰਾਂ ਦਾ ਕੀ ਕੀਤਾ ਸੀ ?"
ਮੈਂ ਪੱਥਰਾਂ ਨੂੰ ਵਾਪਸ ਮੋੜ ਦਿੱਤੀਆਂ ਸਨ
ਤੇ ਤੁਸੀਂ ਛੱਤ ਦਾ ਕੀ ਕੀਤਾ ਸੀ ?
ਮੈਂ ਇਸਦੀ ਕਾਠੀ ਬਣਾ ਲਈ ਸੀ
ਤੇ ਆਪਣੀ ਜ਼ੰਜੀਰ ?
ਮੈਂ ਇਸ ਦੀ ਪੈਨਸਿਲ ਬਣਾ ਲਈ ਸੀ।

ਜੇਲ੍ਹ ਦਾ ਪਹਿਰੇਦਾਰ ਨਾਰਾਜ਼ ਹੋ ਗਿਆ
ਉਸਨੇ ਵਾਰਤਾਲਾਪ ਖ਼ਤਮ ਕਰ ਦਿੱਤੀ
ਤੇ ਕਿਹਾ,
"ਮੈਂ ਕਵਿਤਾ ਦੀ ਪ੍ਰਵਾਹ ਨਹੀਂ ਕਰਦਾ"
ਤੇ ਉਸਨੇ
ਕਾਲ–ਕੋਠੜੀ ਦਾ ਬੂਹਾ ਬੰਦ ਕਰ ਦਿੱਤਾ।

ਉਹ ਮੈਨੂੰ ਸਵੇਰ ਨੂੰ
ਵੇਖਣ ਲਈ ਵਾਪਸ ਪਰਤਿਆ
ਤੇ ਚੀਕ ਕੇ ਆਖਣ ਲੱਗਾ
'ਇਹ ਪਾਣੀ ਕਿੱਥੋਂ ਆਇਆ ਸੀ ?"

ਮੈਂ ਇਹ ਨੀਲ ਦਰਿਆ ਤੋਂ ਲਿਆਂਦਾ ਸੀ
ਤੇ ਇਹ ਬਿਰਖ ?
ਇਹ ਮੈਂ ਦਮੱਸ਼ਕ ਦੀਆਂ
ਬਗੀਚੀਆਂ ਤੋਂ ਲਿਆਂਦੇ ਸੀ।
ਤੇ ਇਹ ਸੰਗੀਤ ?
ਇਹ ਮੈਂ ਆਪਣੇ ਦਿਲ ਦੀਆਂ
ਧੜਕਣਾਂ ਤੋਂ ਲਏ ਨੇ।

ਸੁਣ ਕੇ
ਜੇਲ੍ਹ ਦਾ ਪਹਿਰੇਦਾਰ ਪਾਗ਼ਲ ਹੋ ਗਿਆ
ਉਸਨੇ ਗੁਫ਼ਤਗੂ ਬੰਦ ਕਰ ਦਿੱਤੀ
ਤੇ ਆਖਿਆ ਕਿ,
"ਉਹ ਕਵਿਤਾ ਪਸੰਦ ਨਹੀਂ ਕਰਦਾ।"
ਉਸਨੇ ਕਾਲ–ਕੋਠੜੀ ਨੂੰ
ਜਿੰਦਰਾ ਠੋਕ ਦਿੱਤਾ
ਤੇ ਫਿਰ ਸ਼ਾਮ ਨੂੰ ਪਰਤਿਆ।

ਇਹ ਚੰਦ ਕਿੱਥੋਂ ਆਇਆ ਹੈ ?
ਇਹ ਬਗਦਾਦ ਦੀਆਂ ਰਾਤਾਂ ਤੋਂ।
ਤੇ ਇਹ ਅੰਗੂਰਾਂ ਦੀ ਸ਼ਰਾਬ ?
ਇਹ ਅਲਜੀਰੀਆਂ ਦੇ
ਅੰਗੂਰਾਂ ਦੇ ਬਾਗਾਂ ਤੋਂ।
ਤੇ ਇਹ ਆਜ਼ਾਦੀ ?
ਉਹਨਾਂ ਜ਼ੰਜੀਰਾਂ ਤੋਂ
ਜੋ ਤੂੰ ਰਾਤੀਂ ਬੰਨ੍ਹ ਕੇ ਗਿਆ ਸੀ।

ਜੇਲ੍ਹ ਦਾ ਪਹਿਰੇਦਾਰ ਉਦਾਸ ਹੋ ਗਿਆ
ਉਸਨੇ ਤਰਲਾ ਕੀਤਾ
ਕਿ ਮੇਰੀ ਆਜ਼ਾਦੀ ਮੈਨੂੰ ਵਾਪਸ ਕਰ ਦੇ।

ਪੰਜਾਬੀ ਰੂਪ – ਹ.ਸ.ਹ.





# 2. ਗਜ਼ਲ

## (ਫ਼ੈਜ਼ ਅਹਿਮਦ ਫ਼ੈਜ਼ ਨੂੰ ਸਮਰਪਿਤ)

**– ਹਰਭਜਨ ਸਿੰਘ ਹੁੰਦਲ**

ਕਾਲਿਆਂ ਰਾਹਾਂ 'ਚ ਦੀਵੇ ਜਗਮਾਉਂਦਾ ਫ਼ੈਜ਼ ਸੀ।
ਕਹਿਕਸ਼ਾਂ ਦੇ ਨਾਲ ਯਾਰੀ, ਨਿੱਤ ਲਾਉਂਦਾ ਫ਼ੈਜ਼ ਸੀ।

ਹੱਥ–ਕੜੀਆਂ, ਬੇੜੀਆਂ ਨੂੰ ਵੇਖਦਾ, ਮੁਸਕਾਂਵਦਾ,
ਪਹਿਨ ਝਾਂਜਰ ਵਾਂਗ, ਪੈਰਾਂ ਨੂੰ ਨਚਾਉਂਦਾ ਫ਼ੈਜ਼ ਸੀ।

ਰੌਸ਼ਨੀ ਦੇ ਨਾਲ ਸੀਗੀ ਕਿਸ ਤਰ੍ਹਾਂ ਦੀ ਦੋਸਤੀ,
ਤਾਰਿਆਂ ਨੂੰ ਰੋਜ਼ ਹੀ ਬਾਤਾਂ ਸੁਣਾਉਂਦਾ ਫ਼ੈਜ਼ ਸੀ।

ਕਿਸ ਤਰ੍ਹਾਂ ਦਾ ਸੁਖ਼ਨਵਰ ਸੀ, ਕਿਸ ਤਰ੍ਹਾਂ ਦਾ ਆਦਮੀ,
ਜੇਲ੍ਹ ਵਿਚ ਮਹਿਕਾਂ ਤਲਾਸ਼ੇ, ਫੁੱਲ ਖਿੜਾਉਂਦਾ ਫ਼ੈਜ਼ ਸੀ।

ਦਿਨ ਚੜ੍ਹੇ ਜੇ ਉੱਠਦਾ ਤਾਂ ਗੱਲ ਛੂੰਹਦਾ ਹੁਸਨ ਦੀ,
ਸ਼ਾਮ ਨੂੰ ਯਾਰਾਂ 'ਚ ਬੈਠਾ ਚਹਿਚਹਾਉਂਦਾ ਫ਼ੈਜ਼ ਸੀ।

ਤਲਖੀਆਂ, ਦੁਸ਼ਵਾਰੀਆਂ ਤੇ ਤੋਹਮਤਾਂ ਨੇ ਘੇਰਿਆ,
ਤਲਖ਼ੀਆਂ ਦੇ ਵਿਚ ਵੀ ਪਰ ਮੁਸਕਰਾਉਂਦਾ ਫ਼ੈਜ਼ ਸੀ।

ਬਾਜੀਆਂ ਪਾਉਂਦੇ ਕਬੂਤਰ, ਵੇਖਦਾ ਅਸਮਾਨ ਤੇ,
ਨਿੱਤ ਸੋਚਾਂ ਦੇ ਪਰਿੰਦੇ, ਪਰ ਉਡਾਉਂਦਾ ਫ਼ੈਜ਼ ਸੀ।

ਪਿਆਰ ਦੀ ਜੇ ਗੱਲ ਕਰਦਾ, ਅਰਥ ਭਰ ਦਿੰਦਾ ਨਵੇਂ,
ਤਿਲਮਲਾਉਂਦਾ, ਮੁਸਕਰਾਉਂਦਾ ਤੇ ਜਗਾਉਂਦਾ ਫ਼ੈਜ਼ ਸੀ।

ਮੌਲਵੀ ਮੁੱਲਾਂ ਤੇ ਕਾਜ਼ੀ ਧਮਕੀਆਂ ਦਿੰਦੇ ਰਹੇ,
ਸਾਰਿਆਂ ਨੂੰ ਨਿੱਤ ਪਰ ਸ਼ੀਸ਼ਾ ਵਿਖਾਉਂਦਾ ਫ਼ੈਜ਼ ਸੀ।

ਸ਼ਾਸਕਾਂ ਦੀ ਜੀ–ਹਜ਼ੂਰੀ ਕਰਨ ਵਾਲੇ ਬਹੁਤ ਸਨ,
ਸ਼ਾਸਕਾਂ ਦੇ ਨਾਲ ਆਢ੍ਹਾ ਸਦਾ ਲਾਉਂਦਾ ਫ਼ੈਜ਼ ਸੀ।

'ਫ਼ੈਜ਼' ਦੇ ਸ਼ਿਅਰਾਂ ਨੂੰ ਲੋਕੀਂ, ਗੁਣਗੁਣਾਉਂਦੇ ਰਹਿਣਗੇ,
ਦਰਦ ਲੋਕਾਂ ਦਾ ਹਮੇਸ਼ਾ ਹੀ ਵੰਡਾਉਂਦਾ 'ਫ਼ੈਜ਼ ਸੀ।

**(ਅਪ੍ਰੈਲ 2, 2011)**

## ਭਾਗ – 4
## ਫ਼ੈਜ਼ ਅਹਿਮਦ ਫ਼ੈਜ਼

ਨੋਟ – ਇਹ ਵਾਰਤਾਲਾਪ ਫ਼ੈਜ਼ ਅਤੇ ਮੁਜੱਫ਼ਰ ਇਕਬਾਲ ਵਿਚਕਾਰ ਸਸਕਾਤੂਨ ਕੈਨੇਡਾ ਵਿਚ 4 ਜੂਨ, 1981 ਵਿਚ ਹੋਈ ਸੀ।

ਮੁਜੱਫਰ : ਸਾਡਾ ਸਾਹਿਤਕ ਅਤੇ ਰਾਜਸੀ ਇਤਿਹਾਸ, ਕਈ ਜਜ਼ਬਾਤੀ ਅਤੇ ਪ੍ਰਚਾਰਕ ਅੰਦੋਲਨਾਂ ਨਾਲ ਭਰਿਆ ਪਿਆ ਹੈ। ਦੁਖਾਂਤ ਇਹ ਹੈ ਕਿ ਸਾਰੇ ਹੀ ਅੰਦੋਲਨ ਵੱਡੀ ਤੇਜ਼ ਗਤੀ ਨਾਲ ਆਰੰਭ ਹੁੰਦੇ ਹਨ ਅਤੇ ਏਨੀ ਭਾਰੀ ਰਫ਼ਤਾਰ ਫੜ ਲੈਂਦੇ ਹਨ ਤੇ ਸਮੁੱਚੇ ਤੌਰ ਤੇ ਏਨੇ ਭਾਰੂ ਹੋ ਜਾਂਦੇ ਹਨ ਕਿ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਕਿ ਇਹਨਾਂ ਦੇ ਰਾਹ ਵਿਚ ਕੋਈ ਰੋਕ ਨਹੀਂ ਅਟਕੇਗੀ। ਪਰ ਕੁਝ ਸਮੇਂ ਬਾਅਦ ਇਹ ਗਤੀ ਰੁੱਕ ਜਾਂਦੀ ਹੈ ਤੇ ਜਿੱਥੇ ਕਦੇ–ਸ਼ਕਤੀ ਅਤੇ ਚਾਲਕ ਤਾਕਤ ਹੁੰਦੀ ਹੈ, ਉੱਥੇ ਫਿਰ ਖਲਾ ਤੇ ਖਾਲੀਪਨ ਪੈਦਾ ਹੋ ਜਾਂਦਾ ਹੈ। ਮਿਸਾਲ ਵਜੋਂ ਭਾਰਤ ਛੱਡੋ ਲਹਿਰ ਜਾਂ ਖਿਲਾਫ਼ਤ ਦੀ ਲਹਿਰ ਵੇਖ ਲਵੋ।

ਸਾਹਿਤ ਵਿਚ ਇਕ ਅਜਿਹਾ ਅੰਦੋਲਨ ਚੱਲਿਆ ਸੀ ਜਿਸਨੂੰ ਪ੍ਰਗਤੀਵਾਦੀ ਲੇਖਕ ਅੰਦੋਲਨ ਆਖਿਆ ਜਾਂਦਾ ਹੈ। ਜਿਸਦੇ ਨਿਰਸੰਦੇਹ ਤੁਸੀਂ ਵੀ ਨੀਂਹ ਰੱਖਣ ਵਾਲਿਆਂ ਵਿਚੋਂ ਸੀ। 1936 ਵਿਚ ਸ਼ੁਰੂ ਹੋ ਕੇ, ਇੱਕ ਸਾਲ ਦੇ ਵਿਚ ਹੀ ਇਹ ਆਪਣੇ ਸਮੇਂ ਦਾ ਸ਼ਕਤੀਸ਼ਾਲੀ ਸਾਹਿਤਕ ਅੰਦੋਲਨ ਬਣ ਗਿਆ। ਕਿੰਨੇ ਪ੍ਰਸਿੱਧ ਨਾਂ ਇਸਦੇ ਨਾਲ ਆ ਜੁੜੇ। ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਭਾਰਤ ਦੇ ਲੱਖਾਂ ਹੀ ਲੋਕਾਂ ਦਾ ਭਵਿੱਖ ਇਸ ਅੰਦੋਲਨ ਦੀ ਸਫ਼ਲਤਾ ਤੇ ਪ੍ਰਵਾਨਗੀ ਨਾਲ ਜੁੜਿਆ ਹੋਇਆ ਸੀ। ਪਰ ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿਚ ਇਸ ਨੇ ਮੋਢੀਆਂ ਵਿਚ ਫੁੱਟ ਵਿਖਾਈ ਦੇਣ ਲੱਗੀ। 1949 ਤੀਕ ਤੁਸੀਂ ਵੀ ਇਸ ਨਾਲੋਂ ਨਾਤਾ ਤੋੜ ਗਏ। ਵਿਚਾਰਾਂ ਦੀ ਇੱਕ ਵੱਡੀ ਸੰਸਥਾ ਵਿਚ ਕਈ ਛੋਟੇ–ਛੋਟੇ ਧੜੇ ਬਣ ਗਏ। ਹੁਣ ਇਸਨੂੰ ਏਨਾ ਸਮਾਂ ਹੋ ਚੁੱਕਾ ਹੈ ਤਾਂ ਤੁਸੀਂ ਇਸ ਅੰਦੋਲਨ ਨੂੰ ਕਿਵੇਂ ਵੇਖਦੇ ਹੋ ? ਇਸ ਅੰਦੋਲਨ ਨੇ ਉਰਦੂ ਅਦਬ ਨੂੰ ਕੀ ਦੇਣ ਦਿੱਤੀ ਸੀ ?

ਫ਼ੈਜ਼ : ਪਹਿਲੀ ਗੱਲ ਤੇ ਇਹ ਹੈ ਕਿ ਇਹ ਅੰਦੋਲਨ ਛੋਟੇ–ਛੋਟੇ ਗਰੁੱਪਾਂ ਵਿਚ ਵੰਡਿਆ ਨਹੀਂ ਗਿਆ, ਜਿਵੇਂ ਕਿ ਤੁਸੀਂ ਸੋਚਦੇ ਹੋ। ਜਿਸਨੂੰ ਪ੍ਰਗਤੀਵਾਦੀ ਲੇਖਕ ਅੰਦੋਲਨ ਜਾਂ ਪ੍ਰਗਤੀਵਾਦੀ ਲੇਖਕ ਜਥੇਬੰਦੀ ਆਖਿਆ ਜਾਂਦਾ ਸੀ। ਇਸ ਵਿਚ ਆਮ ਕਰਕੇ ਏਕਤਾ ਸੀ, ਜਿੰਨੀ ਦੇਰ ਤੀਕ ਕਿ ਇਸਦੇ ਸਾਹਮਣੇ ਖਾਸ ਹਾਲਾਤ ਵਿਚ ਤੇ ਖ਼ਾਸ ਸਮੇਂ ਵਿਚ ਇੱਕ ਆਦਰਸ਼ ਸੀ। ਸਾਨੂੰ ਦੋ ਨੁਕਤੇ ਧਿਆਨ ਵਿਚ ਰੱਖਣੇ ਚਾਹੀਦੇ ਹਨ। ਇਹ ਲਹਿਰ ਤੇ ਜਥੇਬੰਦੀ ਉਸ ਸਮੇਂ ਹੋਂਦ ਵਿਚ ਆਈ ਸੀ, ਜਦੋਂ ਸਾਡੇ ਦੇਸ਼ ਵਿਚ ਆਜ਼ਾਦੀ ਸੰਗਰਾਮ ਦੀ ਪੂਰੀ ਚੜ੍ਹਤ ਸੀ। ਲੋਕਾਂ ਸਾਹਮਣੇ ਰਾਸ਼ਟਰੀ ਆਜ਼ਾਦੀ ਦਾ ਖ਼ਾਸ ਨਿਸ਼ਾਨਾ ਸੀ ਤੇ ਇਸ ਨੁਕਤੇ ਉੱਤੇ ਰਾਏ ਦਾ ਕੋਈ ਵਖਰੇਵਾਂ ਨਹੀਂ ਸੀ।

ਦੂਸਰਾ ਨੁਕਤਾ ਜੋ ਯਾਦ ਰੱਖਣ ਵਾਲਾ ਹੈ, ਉਹਨਾਂ ਵੇਲਿਆਂ ਦੀਆਂ ਸਮਾਜਿਕ



ਪ੍ਰਾਥਮਿਕਤਾਵਾਂ ਬਾਰੇ ਰਾਏ ਵਿਚ ਕੋਈ ਵਿਰੋਧ ਨਹੀਂ ਸੀ। ਇਸ ਗੱਲ ਬਾਰੇ ਸਹਿਮਤੀ ਸੀ, ਕਿ ਉਸ ਸ਼੍ਰੇਣੀ ਦੀਆਂ ਜ਼ਿੰਦਗੀਆਂ ਤੇ ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਲੋੜ ਸੀ, ਜੋ ਹਮੇਸ਼ਾਂ ਹੀ ਲੁੱਟੀਦੀ ਰਹੀ ਹੈ ਤੇ ਉਹ ਬੁਨਿਆਦੀ ਹੱਕਾਂ ਤੇ ਸੁੱਖਾਂ ਤੋਂ ਵਿਰਵੀ ਰਹਿੰਦੀ ਰਹੀ ਹੈ। ਇਸ ਵਿਚ ਸ਼ਹਿਰਾਂ ਦੇ ਚਿੱਟ ਕੱਪੜੇ ਲੋਕ, ਮਜ਼ਦੂਰ ਤੇ ਸਮਾਜ ਦੇ ਹੋਰ ਹਿੱਸੇ ਹੋਣੇ ਸਨ, ਜੋ ਸਾਹਿਤ ਵਿਚ ਕਦੇ ਵੀ ਢੁਕਵੇਂ ਵਿਸ਼ੇ ਨਹੀਂ ਸੀ ਸਮਝੇ ਜਾਂਦੇ। ਇਹ ਕਿਆਸ ਤੇ ਆਸ ਸੀ ਕਿ ਆਜ਼ਾਦੀ ਤੋਂ ਬਾਅਦ ਸਮਾਜਿਕ ਬੇ–ਇਨਸਾਫੀ ਦਾ ਅੰਤ ਹੋ ਜਾਵੇਗਾ।

ਕਿਉਂਕਿ ਇਹਨਾਂ ਬੁਨਿਆਦੀ ਨੁਕਤਿਆਂ ਉੱਤੇ ਸਹਿਮਤੀ ਸੀ, ਇਸ ਲਈ ਲਹਿਰ ਹੋਂਦ ਵਿਚ ਆਈ। ਇਹ ਇੱਕਮੁੱਠ ਅੰਦੋਲਨ ਸੀ, ਆਜ਼ਾਦੀ ਦੀ ਪ੍ਰਾਪਤੀ ਨਾਲ, ਪਹਿਲਾਂ ਮੰਤਵ ਪੂਰਾ ਹੋ ਗਿਆ। ਐਪਰ ਛੇਤੀ ਹੀ ਸਪੱਸ਼ਟ ਹੋ ਗਿਆ ਸੀ ਕਿ ਸੱਚੀ ਆਜ਼ਾਦੀ ਹਾਲੀਂ ਪ੍ਰਾਪਤ ਨਹੀਂ ਹੋਈ। ਹਰ ਇੱਕ ਕੋਲ ਆਪਣਾ–ਆਪਣਾ ਫਾਰਮੂਲਾ ਸੀ। ਮੰਜ਼ਿਲ ਉੱਤੇ ਪਹੁੰਚਣ ਲਈ ਸਭ ਤੋਂ ਵਧੀਆ ਰਸਤੇ ਬਾਰੇ ਫਰਕ ਸਨ। ਇਸ ਲਈ, ਇਸ ਅਰਥ ਵਿਚ ਲਹਿਰ ਵਿਚ ਧੜੇ ਸਨ।

ਯਥਾਰਥਕ ਢੰਗ ਨਾਲ ਸਾਹਿਤ ਵਿਚ ਜੀਵਨ ਤੇ ਇਸ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਬਾਰੇ ਵੱਖਰੇ–ਵੱਖਰੇ ਵਿਚਾਰ ਸਨ। ਜਦੋਂ ਸਮਾਜ ਵਿਚ, ਸੇਧ ਦੀ ਘਾਟ ਅਤੇ ਬੌਧਿਕ ਧੁੰਦਲਾਪਨ ਹੋਵੇ ਤਾਂ ਵੇਖਣ ਵਿਚ ਆਇਆ ਹੈ ਕਿ ਲੋਕ ਪੇਸ਼ ਸਮੱਸਿਆਵਾਂ ਦਾ ਬਾਹਰੀਕਰਨ ਕਰ ਦਿੰਦੇ ਸਨ ਜਾਂ ਬਿਲਕੁਲ ਇਸਦੇ ਉਲਟ ਕਰ ਦਿੰਦੇ ਸਨ।

ਕਈ ਲੋਕ ਪ੍ਰਾਪਤ ਬੇਯਕੀਨੀ ਪ੍ਰਤੀ ਏਨੀ ਨਿਰਾਸ਼ਾ ਅਨੁਭਵ ਕਰਨ ਲੱਗ ਪਏ ਕਿ ਉਹਨਾਂ ਕਿਹਾ, "ਢੱਠੇ ਖੂਹ ਵਿਚ ਪਵੇ ਸਾਰਾ ਕੁਝ। ਆਉ ਆਪਣੇ ਅੰਦਰ ਵੱਲ ਝਾਕੀਏ ਤੇ ਆਪਣੇ ਅਚੇਤ ਦੀ ਫੋਲਾ–ਫਾਲੀ ਕਰੀਏ।" ਇਸ ਨਾਲ ਕਈ ਅੰਤਰ–ਮੁਖੀ ਅੰਦੋਲਨ ਚੱਲ ਪਏ। ਉਹਨਾਂ ਦਾ ਮੁੱਖ ਨੁਕਤਾ ਇਹ ਸੀ ਕਿ ਬੁਨਿਆਦੀ ਤੌਰ ਤੇ ਕੁਝ ਵੀ ਚੰਗਾ ਜਾਂ ਬੁਰਾ ਨਹੀਂ ਹੁੰਦਾ। ਇਸ ਦਾ ਸਿੱਟਾ ਅਰਾਜਕਤਾਵਾਦ, ਨਿਖੇਧਵਾਦ ਅਤੇ ਸਵੈ–ਪੂਜਾ ਵਿਚ ਨਿਕਲਿਆ। ਮੇਰੀ ਨਹੀਂ ਰਾਏ ਕਿ ਤੁਸੀਂ ਇਸ ਪਾਸੇ ਵੱਲ, ਤੁਰਨ ਲਈ, ਪ੍ਰਗਤੀਵਾਦੀ ਲਹਿਰ ਨੂੰ ਦੋਸ਼ ਦੇ ਸਕਦੇ ਹੋ। ਕਿਉਂਕਿ ਕੁਝ ਲੇਖਕ ਸਦਾ ਹੀ ਅੱਗੇ ਵੱਲ ਤੱਕਦੇ ਹਨ। ਜਦਕਿ ਕੁਝ ਦੂਸਰੇ ਆਪਣੇ ਮੋਢਿਆਂ ਉੱਤੋਂ ਦੀ ਹੀ ਵੇਖਦੇ ਹਨ। ਇਸ ਅਰਥ ਵਿਚ ਸਾਹਿਤ ਦੇ ਆਰੰਭ ਤੋਂ ਹੀ ਪ੍ਰਗਤੀਵਾਦੀ ਲੇਖਕ ਲਹਿਰ ਦੀ ਹੋਂਦ ਰਹੀ ਹੈ।

ਇਹ ਸੀ ਢੰਗ ਜਿਵੇਂ ਕਿ ਹੋਇਆ। ਮੇਰਾ ਵਿਸ਼ਵਾਸ ਹੈ ਕਿ ਨਰੋਇਆ ਸਾਹਿਤ, ਜੋ ਇਸ ਆਧਾਰ ਉੱਤੇ ਰਚਿਆ ਜਾ ਰਿਹਾ ਹੈ ਤੇ ਜੋ ਅਜਿਹੀਆਂ ਕਦਰਾਂ–ਕੀਮਤਾਂ ਵਿਚੋਂ ਨਿਕਲ ਰਿਹਾ ਹੈ, ਇਹ ਪ੍ਰਗਤੀਸ਼ੀਲ ਲੇਖਕ ਅੰਦੋਲਨ ਦਾ ਸਾਰ–ਤੱਥ ਹੈ। ਇਸ ਅੰਦੋਲਨ ਤੋਂ ਪਹਿਲਾਂ, ਕੁਝ ਹੋਰ ਪ੍ਰਗਤੀਵਾਦ ਲੇਖਕ ਹੋਏ ਹਨ, ਜਿਵੇਂ ਸ਼ੇਖ ਸਾਅਦੀ ਤੇ ਇਕਬਾਲ। ਇਹ ਵੱਖਰੀ ਗੱਲ ਹੈ ਕਿ ਅੱਜ ਤੀਕ, ਅਸੀਂ ਖ਼ੁਦ ਇਕ ਸਮਾਜਿਕ ਬਣਤਰ ਬਾਰੇ ਫੈਸਲਾ ਨਹੀਂ ਕਰ ਸਕੇ। ਨਾ ਹੀ ਅਸੀਂ ਅਖੀਰਲੇ ਨਿਸ਼ਾਨੇ ਬਾਰੇ ਸਹਿਮਤ ਹੋ ਸਕੇ ਤੇ ਨਾ ਹੀ ਇਸ ਬਾਰੇ ਕਿ ਉੱਥੇ ਪਹੁੰਚਣਾ ਕਿਵੇਂ ਹੈ। ਫਿਰ ਵੀ ਮੇਰਾ ਇਹ ਵਿਚਾਰ ਹੈ ਕਿ ਕਾਫ਼ੀ ਜਾਨਦਾਰ ਸਾਹਿਤ ਦੀ ਰਚਨਾ ਹੋ ਰਹੀ ਹੈ।

ਸਾਹਿਤ ਜੋ ਬੁਨਿਆਦੀ ਤੌਰ ਤੇ ਜੀਵਨ ਅਤੇ ਪ੍ਰਗਤੀਵਾਦੀ ਕਦਰਾਂ-ਕੀਮਤਾਂ ਦੇ ਅਨੁਕੂਲ ਹੈ। ਪਲਾਇਨ ਕਰਨ ਦਾ ਰਸਤਾ ਨਹੀਂ ਅਪਨਾਇਆ ਜਾ ਰਿਹਾ, ਸਗੋਂ ਤਰਕਮਈ ਤੇ ਯਥਾਰਥਕ ਜਵਾਬ ਲੱਭਣ ਦੀਆਂ ਸਹੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

? : ਮੈਂ ਅਜੇ ਵੀ ਅਨੁਭਵ ਕਰਦਾ ਹਾਂ ਕਿ ਹਰ ਅੰਦੋਲਨ ਆਪਣੀ ਮੁੱਢਲੇ ਪੜਾਅ ਉੱਤੇ, ਸਪੱਸ਼ਟ ਦ੍ਰਿਸ਼ਟੀ ਰੱਖਦਾ ਹੁੰਦਾ ਹੈ। ਘੱਟੋ-ਘੱਟ ਬੁਨਿਆਦੀ ਮੁੱਦਿਆਂ ਉੱਤੇ ਕਿ ਸਾਹਿਤ ਕੀ ਹੋਣਾ ਚਾਹੀਦਾ ਹੈ। ਪਰ ਕੁਝ ਸਮੇਂ ਪਿੱਛੋਂ ਮੱਤਭੇਦ ਪੈਦਾ ਹੋਏ। ਪ੍ਰਗਤੀਵਾਦੀਆਂ ਵਿਚ ਮੰਟੋ ਅਤੇ ਇਸਮਤ ਚੁਗਤਾਈ ਅਤੇ ਉਹਨਾਂ ਦੇ ਨਿੰਦਕ, ਜਿਨ੍ਹਾਂ ਨੇ ਉਹਨਾਂ ਨੂੰ ਨੰਗੇਜਵਾਦੀ ਹੋਣ ਦਾ ਧੱਬਾ ਲਾਇਆ। ਫਿਰ ਇਕਬਾਲ ਬਾਰੇ ਵੀ, ਟਕਰਾਉਂਦੇ ਵਤੀਰੇ ਪ੍ਰਗਟ ਹੋਏ। ਕੁਝ ਮਾਮਲਿਆਂ ਬਾਰੇ ਅਹਿਮਦ ਨਦੀਮ ਕਾਸਮੀ ਨਾਲ ਵੀ ਮਤਭੇਦ ਪੈਦਾ ਹੋਏ। ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਮਤਭੇਦ ਜਥੇਬੰਦਕ ਸੁਭਾਅ ਵਾਲੇ ਸਨ ਜਾਂ ਕਿ ਪ੍ਰਗਤੀਵਾਦੀ ਲੇਖਕ ਅੰਦੋਲਨ ਵਿਚ ਬੁਨਿਆਦੀ ਮੱਤਭੇਦ ਸਨ?

ਫ਼ੈਜ਼ : ਨਹੀਂ ਕਾਸਮੀ ਨਾਲ ਮੱਤਭੇਦ ਅੰਦੋਲਨ ਅੰਦਰੋਂ ਪੈਦਾ ਹੋਏ। ਜਦੋਂ ਤੁਸੀਂ ਕਿਸੇ ਅੰਦੋਲਨ ਨੂੰ ਕਿਸੇ ਜਥੇਬੰਦੀ ਨਾਲ ਜੋੜਦੇ ਹੋ ਤਾਂ ਜਥੇਬੰਦਕ ਫੈਸਲਿਆਂ ਬਾਰੇ ਵਿਚਾਰਾਂ ਦੇ ਮੱਤਭੇਦ ਪੈਦਾ ਹੀ ਹੋ ਜਾਂਦੇ ਹਨ। ਇਸ ਲਈ, ਆਜ਼ਾਦੀ ਤੋਂ ਬਾਅਦ, ਅਸਾਂ ਕੁਝ ਸਮੱਸਿਆਵਾਂ ਦਾ ਸਾਹਮਣਾ ਕੀਤਾ, ਜੋ ਪਹਿਲਾਂ ਨਹੀਂ ਸੀ ਹੁੰਦੀਆਂ, ਤਾਂ ਆਸ ਸੀ ਕਿ ਮੱਤਭੇਦ ਪੈਦਾ ਹੋਣਗੇ। ਕੁਝ ਜਥੇਬੰਦਕ ਫੈਸਲੇ ਲਏ ਗਏ, ਜਿਹੜੇ ਕਈਆਂ ਦੀ ਰਾਏ ਅਨੁਸਾਰ ਠੀਕ ਨਹੀਂ ਸਨ।

ਇੰਝ ਹੁੰਦਾ ਹੈ ਕਿ ਕਈ ਬੰਦੇ ਸੰਕੀਰਣ ਵਿਚਾਰ ਰੱਖਦੇ ਹਨ, ਅਤੇ ਕਈ ਗੱਲਾਂ ਬਾਰੇ ਯਥਾਰਥਵਾਦੀ ਕੋਣ ਰੱਖਣ ਦੀ ਥਾਂ, ਅੰਤਰ-ਮੁਖੀ ਬਣ ਜਾਂਦੇ ਹਨ। ਇਸ ਤਰ੍ਹਾਂ ਤੰਗ ਵਿਆਖਿਆਵਾਂ ਤੇ ਤੰਗ-ਦ੍ਰਿਸ਼ਟੀ ਦਾ ਸ਼ਿਕਾਰ ਹੋ ਜਾਂਦੇ ਹਨ। ਮੰਟੋ ਤੇ ਇਸਮਤ ਬਾਰੇ ਹਮੇਸ਼ਾਂ ਇੰਝ ਹੀ ਹੋਇਆ ਸੀ। ਕਈ ਆਲੋਚਕ ਇਥੋਂ ਤੀਕ ਕਹਿਣ ਤੀਕ ਚਲੇ ਗਏ ਕਿ ਸਾਰੇ ਹੀ ਪ੍ਰਗਤੀਵਾਦੀ ਲੇਖਕ ਨੰਗੇਜ਼ਵਾਦੀ ਸਨ। ਅਸਲ ਗੱਲ ਇਹ ਹੈ ਕਿ ਪ੍ਰਗਤੀਵਾਦੀ ਦਾ ਨੰਗੇਜ਼ਵਾਦ ਜਾਂ ਉਦਾਰਵਾਦੀ ਲਿਖਤ ਨਾਲ ਕੋਈ ਸੰਬੰਧ ਨਹੀਂ। ਬੁਨਿਆਦੀ ਤੌਰ ਤੇ ਮੰਟੋ ਜਾਂ ਇਸਮਤ ਨੰਗੇਜਵਾਦੀ ਨਹੀਂ ਸੀ। ਇਹ ਸੱਚ ਹੈ ਕਿ ਉਹਨਾਂ ਦਾ ਲਿਖਣ-ਢੰਗ ਤੇ ਉਹਨਾਂ ਦੇ ਕੁਝ ਵਿਸ਼ੇ ਨੰਗੇਜ਼ਵਾਦੀ ਸਮਝੇ ਜਾਣ ਦਾ ਭੁਲੇਖਾ ਪਾਉਂਦੇ ਹਨ। ਮੇਰੇ ਵੀ ਇਸ ਬਾਰੇ ਆਪਣੇ ਵਿਚਾਰ ਸਨ, ਐਪਰ ਜਿੱਥੋਂ ਤੀਕ ਯਥਾਰਥਵਾਦ ਪ੍ਰਤੀ ਵਚਨ-ਬੱਧਤਾ ਅਤੇ ਉਹਨਾਂ ਦੀ ਈਮਾਨਦਾਰੀ ਦੀ ਗੱਲ ਹੈ, ਉਹ ਝਿੜਕ ਝੰਬ ਤੋਂ ਉੱਪਰ ਸਨ। ਪਰ ਇਹਨਾਂ ਦੋਵਾਂ ਲੇਖਕਾਂ ਕਾਰਨ ਸਾਰੀ ਹੀ ਲਹਿਰ ਨੂੰ ਨੰਗੇਜਵਾਦੀ ਆਖਣ ਦਾ ਦੂਸ਼ਣ ਸਹਿਣਾ ਪਿਆ। ਸਾਡੇ ਵਿਚੋਂ ਕੁਝ ਨੇ ਅਸਲ ਵਿਚ ਸੰਕੀਰਨ ਪੈਂਤੜਾ ਲਿਆ ਸੀ। ਇਹ ਕਿਹਾ ਗਿਆ ਕਿ ਮੰਟੋ ਤੇ ਇਸਮਤ ਦਾ ਇਸ ਲਹਿਰ ਨਾਲ ਕੋਈ ਵਾਸਤਾ ਨਹੀਂ ਸੀ। ਇਹ ਅਜਿਹੀ ਗੱਲ ਸੀ, ਜਿਸ ਨਾਲ ਮੈਂ ਸਹਿਮਤ ਨਹੀਂ ਸੀ ਤੇ ਹੁਣ ਵੀ ਸਹਿਮਤ ਨਹੀਂ ਹਾਂ। ਫਿਰ ਵੀ, ਕਿਸੇ ਲਹਿਰ ਅੰਦਰ ਅਜਿਹੇ ਮੱਤਭੇਦ, ਨਾ ਹੀ ਨਵੇਂ ਹਨ ਤੇ ਨਾ ਹੀ ਅਸਾਧਾਰਨ।



? : ਪਰ 1949 ਵਿਚ ਤੁਸਾਂ ਇਸ ਲਹਿਰ ਨਾਲੋਂ ਨਾਤਾ ਤੋੜ ਲਿਆ, ਜਦੋਂ ਕਿ.....

ਫ਼ੈਜ਼ : ਨਹੀਂ, ਮੈਂ ਇਸ ਤਰ੍ਹਾਂ ਸਾਥ ਨਹੀਂ ਸੀ ਛੱਡਿਆ, ਜਿਵੇਂ ਕਿ ਦੱਸਿਆ ਜਾ ਰਿਹਾ ਹੈ। ਇਹ ਕੁਝ ਇਸ ਤਰ੍ਹਾਂ ਸੀ। ਲਹਿਰ ਦੇ ਵਾਸਤੇ ਬੰਦੇ ਨੂੰ ਕਈ ਵਾਰ ਚੁੱਪ ਰਹਿਣਾ ਪੈਂਦਾ ਹੈ, ਜਦਕਿ ਕਿਸੇ ਗੱਲ ਬਾਰੇ ਸਹਿਮਤੀ ਨਾ ਹੋਵੇ। ਨਾਲ ਹੀ, ਮੇਰੇ ਖ਼ਿਆਲ ਵਿਚ ਮੰਟੋ, ਇਸਮਿਤ, ਕੁਰੱਤੁਲ ਹੈਦਰ ਅਤੇ ਨੂੰਨ-ਮੀਮ ਰਾਸ਼ਦ ਬਾਰੇ ਧਾਰਨ ਕੀਤਾ ਗਿਆ ਵਿਹਾਰ ਗਲਤ ਸੀ। ਮੈਂ ਕਦੇ ਵੀ ਲਹਿਰ ਨਾਲੋਂ ਨਾਤਾ ਨਹੀਂ ਸੀ ਤੋੜਿਆ, ਕਿਉਂਕਿ ਇਸ ਵਿਚ ਅਜਿਹਾ ਕੁਝ ਗਲਤ ਨਹੀਂ ਸੀ।

? : ਆਓ ਹੁਣ ਤੁਹਾਡੀ ਕਵਿਤਾ ਦੀ ਗੱਲ ਕਰੀਏ। ਉਰਦੂ ਵਾਰਤਕ ਵਿਚ ਕੁਝ ਯੁੱਗ-ਬਦਲਣ ਵਾਲੀਆਂ ਘਟਨਾਵਾਂ ਵਾਪਰੀਆਂ, ਜਿਵੇਂ ਅਬਦੁੱਲਾ ਹੁਸੈਨ ਦਾ ਨਾਵਲ "ਉਦਾਸ ਨਸਲੇਂ" ਦੀ ਪ੍ਰਕਾਸ਼ਨਾ ਆਦਿ। ਪਰ ਉਰਦੂ ਕਵਿਤਾ ਵਿਚ ਅਸੀਂ ਅਜਿਹੀ ਕਿਸੇ ਘਟਨਾ ਬਾਰੇ ਨਹੀਂ ਸੋਚ ਸਕਦੇ। ਸਿਵਾਏ ਤੁਹਾਡੀਆਂ ਕਵਿਤਾਵਾਂ ਦੇ ਸੰਗ੍ਰਹਿ "ਦਸਤੇ-ਸਬਾ" ਦੇ ਜੋ 1952 ਵਿਚ ਛਪਿਆ ਸੀ। ਤੁਹਾਡੇ ਉੱਤੇ ਇਸਦਾ ਕੀ ਪ੍ਰਭਾਵ ਪਿਆ? ਤੁਸੀਂ ਉਸ ਵੇਲੇ ਜੇਲ੍ਹ ਵਿਚ ਸੀ। ਕੀ ਇਸ ਘਟਨਾ ਨੇ ਤੁਹਾਡੀ ਆਉਣ ਵਾਲੀ ਕਵਿਤਾ ਨੂੰ ਪ੍ਰਭਾਵਿਤ ਕੀਤਾ? ਕੀ ਇਸਨੇ ਇੱਕ ਮਿਆਰ ਕਾਇਮ ਰੱਖਣ ਦੀ ਸਮੱਸਿਆ ਪੈਦਾ ਕੀਤੀ? ਅਚਾਨਕ ਹੀ ਤੁਹਾਡਾ ਨਾਂ ਹਰ ਥਾਂ ਗੂੰਜ ਰਿਹਾ ਸੀ। ਤੁਸਾਂ ਇਸਨੂੰ ਕਿਵੇਂ ਲਿਆ?

ਫ਼ੈਜ਼ : ਜਿੱਥੋਂ ਤੀਕ ਮੇਰੇ ਨਾਂ ਦਾ ਸਵਾਲ ਹੈ, ਜਦ ਮੇਰਾ ਪਹਿਲਾ ਕਾਵਿ-ਸੰਗ੍ਰਹਿ 'ਨਕਸ਼ੇ-ਫਰਿਆਦੀ' ਛਪਿਆ ਤਾਂ ਮੈਨੂੰ ਪ੍ਰਤੀਤ ਹੋਇਆ ਕਿ ਮੈਂ ਆਣ ਪਹੁੰਚਾ ਹਾਂ। ਪਰ ਮੈਂ ਇਸ ਕਿਤਾਬ ਦੇ ਪ੍ਰਵਾਨੇ ਜਾਣ ਉੱਤੇ ਕੁਝ ਕੁਝ ਹੈਰਾਨ ਜਿਹਾ ਸੀ। ਆਖ਼ਰ ਮੈਂ ਕੀਤਾ ਵੀ ਕੀ ਸੀ? ਕੁਝ ਕਵਿਤਾ ਹੀ ਲਿਖੀ ਸੀ। ਐਪਰ 'ਦਸਤੇ-ਸਬਾ" ਦੇ ਪਿੱਛੇ ਕੈਦ ਦਾ ਇੱਕ ਨਵਾਂ ਤਜ਼ਰਬਾ ਸੀ। ਲੋਕਾਂ ਨੇ ਆਪਣੇ ਆਪ ਨੂੰ ਇਸ ਨਾਲ ਜੋੜ ਲਿਆ, ਕਿਉਂਕਿ ਇਸ ਦੇਸ਼ ਦੀ ਨਵੀਂ ਸਥਿਤੀ ਵਿਚ, ਨਵੀਂ ਚੀਜ਼ ਸੀ। ਸ਼ਾਇਦ ਉਨ੍ਹਾਂ ਨੇ ਉਹਨਾਂ ਘਟਨਾਵਾਂ ਤੇ ਉਹਨਾਂ ਸ਼ਕਤੀਆਂ ਨੂੰ ਅਨੁਭਵ ਕੀਤਾ, ਜੋ ਇਸ ਕਿਤਾਬ ਵਿਚ ਪੇਸ਼ ਕੀਤੀਆਂ ਗਈਆਂ ਸਨ। ਖ਼ੁਦ ਮੇਰੇ ਲਈ, ਇਸਨੇ ਕੋਈ ਫ਼ਰਕ ਨਹੀਂ ਪਾਇਆ, ਨਾ ਇਹ ਕੋਈ ਨਵੀਂ ਚੀਜ਼ ਸੀ, ਕਿਉਂਕਿ ਲੋਕ ਹਮੇਸ਼ਾਂ ਹੀ ਮੇਰੇ ਤੇ ਕਿਰਪਾਲੂ ਰਹੇ ਹਨ। ਪਰ ਹਰਮਨ ਪਿਆਰੀ ਪ੍ਰਤੀਕਿਰਿਆ ਕਿਸੇ ਦੀ ਕਵਿਤਾ ਉੱਤੇ ਪ੍ਰਭਾਵ ਨਹੀਂ ਪਾਉਂਦੀ, ਨਾ ਹੀ ਇਸ ਦੀ ਸੇਧ ਨੂੰ ਬਦਲਦੀ ਹੈ। ਲੇਖਕ ਸਦਾ ਹੀ, ਉਹੀ ਕੁਝ ਲਿਖਦਾ ਹੈ, ਜੋ ਉਸ ਨਾਲ ਵਾਪਰਿਆ ਹੁੰਦਾ ਹੈ ਜਾਂ ਜੋ ਉਸਦਾ ਤਜਰਬਾ ਹੁੰਦਾ ਹੈ। "ਦਸਤੇ-ਸਬਾ" ਉਸ ਸਮੇਂ ਦੀਆਂ ਮੇਰੀਆਂ ਭਾਵਨਾਵਾਂ ਦੇ ਸ਼ੀਸ਼ੇ ਤੋਂ ਵੱਧ ਕੁਝ ਨਹੀਂ। ਮੇਰੇ ਨਾਲ ਸਦਾ ਹੀ ਇੰਝ ਹੋਇਆ ਹੈ।

ਸਵਾਲ ਇਹ ਹੁੰਦਾ ਹੈ ਕਿ ਬੰਦਾ ਅਨੁਭਵ ਕੀ ਕਰਦਾ ਹੈ। ਜਦੋਂ ਬੰਦਾ ਜਾਤੀ ਤੌਰ ਤੇ ਕੁਝ ਚੀਜ਼ਾਂ ਦਾ ਵਿਸ਼ੇਸ਼ ਭਾਂਤ ਦਾ ਪ੍ਰਭਾਵ ਅਨੁਭਵ ਕਰਦਾ ਹੈ ਤਾਂ ਉਹ ਲੋਕਾਂ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਹੈ। ਉਹਨਾਂ ਘਟਨਾਵਾਂ ਨਾਲ ਜੋ ਉਸ ਤੋਂ ਬਾਹਰ ਹੁੰਦੀਆਂ ਹਨ। ਇਸ ਲਈ ਲੇਖਕ ਆਪਣਾ ਰਸਤਾ ਨਹੀਂ ਬਦਲਦਾ, ਨਾ ਆਪਣਾ ਵਤੀਰਾ ਹੀ। ਨਾ ਹੀ ਉਹ ਇਸ ਜਾਂ ਉਸ ਚੀਜ਼ ਦਾ ਕੈਦੀ ਹੀ ਬਣਨ

ਦੀ ਆਗਿਆ ਦਿੰਦਾ ਹੈ।

? : ਸਵੇਰ ਦਾ ਬਿੰਬ ਤੁਹਾਡੀ ਕਵਿਤਾ ਦਾ ਬੁਨਿਆਦੀ ਬਿੰਬ ਹੈ। ਦਿਨ ਚੜ੍ਹਨ ਦੀ ਪਵਿੱਤਰਤਾ ਤੇ ਇਸਦੀ ਨੂਰਾਨੀ ਰੌਸ਼ਨੀ, ਇਹ ਇੱਕ ਸੁਪਨੇ ਵਾਂਗ ਹੁੰਦੀ ਹੈ। ਤੁਸੀਂ ਉਸ ਪੀੜ੍ਹੀ ਨਾਲ ਸਬੰਧਤ ਹੋ, ਜਿਸਨੇ ਸੁਪਨੇ ਵੇਖੇ ਹਨ ਤੇ ਇਹਨਾਂ ਦੀ ਪੂਰਤੀ ਲਈ ਕੰਮ ਕੀਤਾ, ਜਿਵੇਂ ਕਿ ਆਜ਼ਾਦੀ ਦੀ ਲਹਿਰ ਲਈ।

ਤੁਸੀਂ ਇੱਕ ਲੰਮੀ ਰਾਤ ਦੇ ਯਾਤਰੀ ਸੀ। ਜਦੋਂ ਅਸੀਂ ਪਿੱਛੇ ਵੱਲ ਵੇਖਦੇ ਹਾਂ ਤਾਂ ਅਸੀਂ ਅਨੁਭਵ ਕਰਦੇ ਹਾਂ ਕਿ ਸਾਡੀ ਪੀੜ੍ਹੀ ਨੇ ਇਕ ਹਨ੍ਹੇਰੇ ਤੋਂ ਦੂਸਰੇ ਹਨ੍ਹੇਰੇ ਤੀਕ ਦੀ ਯਾਤਰਾ ਕੀਤੀ ਹੈ। ਇਸਦੇ ਵਿਚਕਾਰ ਸਵੇਰ ਦੇ ਸੁਪਨੇ ਤਾਂ ਸਨ ਪਰ ਇਸ ਹਨ੍ਹੇਰੇ ਨੂੰ ਚੀਰਨ ਵਾਲੀ ਕੋਈ ਰੌਸ਼ਨੀ ਦੀ ਕਿਰਨ ਨਹੀਂ ਸੀ। ਤੁਹਾਡੀ ਪੀੜ੍ਹੀ ਦੇ ਸੁਪਨਿਆਂ ਨਾਲ ਗੱਦਾਰੀ ਦੇ ਦੋ ਸਿੱਟੇ ਨਿਕਲੇ। ਜਾਂ ਯਥਾਰਥ ਤੋਂ ਮੁਕੰਮਲ ਅਪਸਾਰ, ਜਾਂ ਕੁੜੱਤਣ ਤੇ ਨਿਰਾਸਤਾ। ਤੁਹਾਡੀ ਵਡਿਆਈ ਇਸ ਗੱਲ ਵਿਚ ਹੈ ਕਿ ਤੁਸੀਂ ਦੋਹਾਂ ਸੰਕੀਰਣਤਾਵਾਂ ਤੋਂ ਬਚੇ ਰਹੇ। ਭਾਵੇਂ ਤੁਹਾਡੀ ਕਵਿਤਾ ਵਿਚ ਇਕ ਲੁਕਵੀਂ ਉਦਾਸੀ ਹੈ, ਪਰ ਤੁਸੀਂ ਆਪਣੇ ਸੰਗੀਤ ਵਿਚ ਇਕ ਅੰਦਰੂਨੀ ਵਿਰੋਧ ਅਤੇ ਲਚਕ ਨੂੰ ਕਾਇਮ ਰੱਖਿਆ ਹੈ। ਅਸਲ ਵਿਚ, ਸਮੇਂ ਨਾਲ ਇਹ ਦੋਵੇਂ ਤੱਤ ਡੂੰਘੇ ਹੋਏ ਹਨ। ਤੁਸੀਂ ਇੰਝ ਕਰਨ ਵਿਚ ਸਫਲ ਕਿਵੇਂ ਹੋਏ?

ਫ਼ੈਜ਼ : ਪਹਿਲੀ ਗੱਲ, ਮੈਂ ਨਹੀਂ ਸੋਚਦਾ ਕਿ ਸੁਪਨਾ ਖੇਰੂ-ਖੇਰੂ ਹੋ ਗਿਆ ਹੈ। ਕਵੀ ਮੀਰ ਨੇ ਕਿਹਾ ਸੀ ਮੌਤ ਦਮ ਲੈਣ ਤੋਂ ਵੱਧ ਕੁਝ ਨਹੀਂ ਹੈ। ਇੱਕ ਨੁਕਤਾ, ਜਿਸ ਤੋਂ ਬੰਦਾ ਅੱਗੇ ਤੁਰਦਾ ਹੈ। ਸਾਡੇ ਸਾਹਮਣੇ ਸਦਾ ਹੀ ਕੌਮ ਤੇ ਦੇਸ਼ ਹੁੰਦਾ ਹੈ। ਦੂਸਰੀ ਗੱਲ ਕਿ ਸੁਪਨੇ ਨੂੰ ਜਿਉਂਦਾ ਰੱਖਣ ਲਈ ਆਸ ਬੜੀ ਜ਼ਰੂਰੀ ਹੈ। ਇਹ ਮੇਰੇ ਵਿਚ ਕੁਦਰਤੀ ਹੀ ਹੈ। ਯਥਾਰਥਵਾਦ ਵਿਚ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਬੰਦੇ ਨੂੰ ਨਿਰਾਸਤਾ ਦੀ ਹੋਂਦ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ ਪਰ ਨਾਲ ਦੀ ਨਾਲ ਸਾਨੂੰ ਵਿਸ਼ਵਾਸ ਅਤੇ ਉਮੀਦ ਨੂੰ ਕਾਇਮ ਰੱਖਣਾ ਚਾਹੀਦਾ ਹੈ।

? : ਆਪਣੇ ਆਪ ਨੂੰ ਨਿਰਾਸਤਾ ਤੋਂ ਬਚਾਉਣ ਦਾ ਇਹ ਇੱਕ ਚੰਗਾ ਤਰੀਕਾ ਹੈ। ਐਪਰ ਤੁਹਾਡੀ ਪੀੜ੍ਹੀ ਦੇ ਕੁਝ ਲੇਖਕ ਜਾਂ ਅੰਤਰਮੁਖੀ ਬਣ ਗਏ ਸਨ ਤੇ ਜਾਂ ਚੀਕਣ ਵਾਲੇ ਪ੍ਰਚਾਰਕ। ਕੀ ਤੁਸੀਂ ਇਸ ਵੰਡ ਦਾ ਅਨੁਭਵ ਨਹੀਂ ਕੀਤਾ? ਜਾਂ ਕੀ ਤੁਸੀਂ ਸੁਚੇਤ ਤੌਰ ਤੇ ਇਸਨੂੰ ਟਾਲਣ ਦਾ ਢੰਗ ਢੂੰਡ ਲੈਂਦੇ ਹੋ?

ਫ਼ੈਜ਼ : ਸੁਚੇਤ ਤੇ ਅਚੇਤ ਵਿਚ ਕੋਈ ਅਸਲੀ ਦੁਫੇੜ ਨਹੀਂ ਹੈ। ਬੰਦੇ ਦਾ ਅਚੇਤ ਸਦਾ ਹੀ ਉਸ ਵਿਚ ਸਰਗਰਮ ਹੁੰਦਾ ਹੈ ਜੋ ਕੁਝ ਉਹ ਸੁਚੇਤ ਤੌਰ ਤੇ ਕਰਦਾ ਹੈ। ਨਿਰਸੰਦੇਹ ਸੁਚੇਤ ਅਤੇ ਅਚੇਤ ਵਿਚ ਸੰਘਰਸ਼ ਹੁੰਦਾ ਹੈ। ਸ਼ਾਇਦ ਅਚੇਤ ਹੀ ਮੈਂ ਵੀ ਚੀਕਣਾ ਪਸੰਦ ਕਰਾਂਗਾ। ਆਓ ਇਸਦਾ ਖਹਿੜਾ ਛੱਡ ਦੇਈਏ ਅਤੇ ਘਰ ਬਹਿ ਕੇ ਖ਼ੁਦਾ ਦਾ ਨਾਂ ਜਪੀਏ। ਪਰ ਮੈਂ ਇਹ ਨਹੀਂ ਕਰਾਂਗਾ। ਇਹ ਗੱਲ ਇਸ ਉੱਤੇ ਨਿਰਭਰ ਹੈ ਕਿ ਤੁਸੀਂ ਕਿੰਨੀ ਕੁ ਲੜਾਈ ਲੜ ਸਕਦੇ ਹੋ। ਮੈਂ ਅਨੁਮਾਨ ਲਾਉਂਦਾ ਹਾਂ ਕਿ ਬੰਦਾ ਕਈ ਗੱਲਾਂ ਕਰਕੇ ਤੁਰਿਆ ਰਹਿੰਦਾ ਹੈ, ਜਿਸ ਵਿਚ ਥੋੜ੍ਹਾ ਜਿਹਾ ਵਿਸ਼ਵਾਸ ਹੁੰਦਾ ਹੈ, ਕੁਝ ਅੰਦਰਲੀ ਰੌਸ਼ਨੀ ਹੁੰਦੀ ਹੈ, ਕੁਝ ਥੋੜ੍ਹੀ ਜਿਹੀ ਬਾਹਰੋਂ ਵੀ ਹੁੰਦੀ ਹੈ ਅਤੇ ਕੁਝ ਦੋਸਤੀਆਂ ਹੁੰਦੀਆਂ ਹਨ। ਤੁਸੀਂ ਲੋਕਾਂ ਦੇ ਨਾਲ ਤੁਰਦੇ ਹੋ, ਕਾਫ਼ਲੇ ਦੇ ਨਾਲ। ਤੇ ਜਿਵੇਂ ਕਿ ਹੁੰਦਾ ਹੈ, ਤੁਸੀਂ ਨਾਖ਼ੁਸ਼ ਜਾਂ ਉਦਾਸ ਨਹੀਂ ਹੁੰਦੇ।



? : ਤੁਹਾਡੀ ਸ਼ਾਇਰੀ ਇੱਕ ਲੰਮੀ ਲੜਾਈ ਵਾਂਗ ਹੈ। ਪਰ ਇਹ ਕਲਾਸੀਕਲ ਪਰੰਪਰਾ ਵਾਂਗ ਨਿਯਮਾਂ ਦੀ ਉਲੰਘਣਾ ਨਹੀਂ ਕਰਦੀ। ਤੁਸੀਂ ਕਲਾਸੀਕਲ ਵਿਧੀਆਂ ਨਾਲ ਅੱਜ ਦੀਆਂ ਸਮੱਸਿਆਵਾਂ ਪ੍ਰਤੀ ਲਿਖਣ ਲਈ ਕਿਵੇਂ ਸਹਿਮਤ ਹੋ ਜਾਂਦੇ ਹੋ?

ਫ਼ੈਜ਼ : ਕਿਹੜੇ ਪੁਰਾਣੇ ਤਰੀਕੇ! ਮੇਰੇ ਲਈ ਨਵੀਂ ਅਤੇ ਪੁਰਾਣੀ ਰਵਾਇਤੀ ਤੇ ਸਮਕਾਲੀ ਵਿਧੀਆਂ, ਸਾਹਿਤ ਦੀ ਵੱਡੀ ਮਿਸ਼ਰਤ ਪਰੰਪਰਾ ਦਾ ਅੰਗ ਹੀ ਹੁੰਦੀਆਂ ਹਨ। ਮਿਸਾਲ ਵਜੋਂ ਵੱਡਾ ਲਾਭ, ਜੋ ਗ਼ਜ਼ਲ ਦੇ ਕਰਾਮਾਤੀ ਰੂਪ ਵਿਚ ਹੈ ਕਿ ਤੁਸੀਂ ਰਵਾਇਤੀ ਵਿਸ਼ੇ ਤੇ ਰਵਾਇਤੀ ਸ਼ਬਦਾਵਲੀ ਨੂੰ ਸਮਕਾਲੀਨ ਯਥਾਰਥ ਨੂੰ ਪ੍ਰਗਟ ਕਰਨ ਲਈ ਵਰਤ ਸਕਦੇ ਹੋ। ਰਹੱਸਵਾਦੀ ਅਤੇ ਪ੍ਰਚਾਰਕ ਪਾਦਰੀ ਦੇ ਵਿਚ ਪਰੰਪਰਾਵਾਦੀ ਸੰਘਰਸ਼, ਅਸਲ ਵਿਚ ਸਾਧਾਰਨ ਮਨੁੱਖ ਤੇ ਸਰਕਾਰੀ ਧਿਰ ਵਿਚਾਲੇ ਸਮਕਾਲੀ ਮਨੁੱਖਵਾਦੀ ਸੰਘਰਸ਼ ਦਾ ਹੀ ਰੂਪ ਹੈ।

? : ਤੁਹਾਡਾ ਕਾਵਿਕ ਜੀਵਨ ਇਸ ਗੱਲ ਤੋਂ ਪ੍ਰਭਾਵਿਤ ਸੀ ਕਿ ਤੁਸੀਂ ਦੋ ਵਾਰ ਜੇਲ੍ਹ ਗਏ। ਕੀ ਇਸ ਨਾਲ ਤੁਹਾਡੀ ਕਵਿਤਾ ਦਾ ਕੈਨਵਸ ਸੀਮਤ ਨਹੀਂ ਸੀ ਹੋਇਆ?

ਫ਼ੈਜ਼ : ਨਹੀਂ, ਸਗੋਂ ਇਸਦੇ ਉਲਟ ਹੋਇਆ। ਕੈਦ ਇੱਕ ਨਵਾਂ ਵਿਸਤਾਰ ਪ੍ਰਦਾਨ ਕਰਦਾ ਹੈ, ਜੀਵਨ ਨੂੰ ਵੇਖਣ ਦਾ ਇੱਕ ਨਵਾਂ ਤਰੀਕਾ। ਉਹ ਚੀਜ਼ਾਂ ਜੋ ਸਾਧਾਰਨ ਜ਼ਿੰਦਗੀ ਵਿਚ ਅਸੀਂ ਕਦੇ ਗਹੁ ਨਾਲ ਨਹੀਂ ਵੇਖੀਆਂ ਹੁੰਦੀਆਂ, ਕਿਉਂਕਿ ਬੰਦਾ ਏਨਾ ਰੁੱਝਿਆ ਹੁੰਦਾ ਹੈ ਕਿ ਉਹ ਇਹਨਾਂ ਦੀ ਸੁੰਦਰਤਾ ਜਾਂ ਕਰੂਪਤਾ ਨੂੰ ਵੇਖ ਨਹੀਂ ਸਕਦਾ। ਉਹ ਹੁਣ ਨਵੀਆਂ ਵਿਖਾਲੀ ਦਿੰਦੀਆਂ ਹਨ। ਸਾਡੀ ਸੰਵੇਦਨਾ ਤੀਬਰ ਹੋ ਜਾਂਦੀ ਹੈ। ਫਿਰ ਤੁਹਾਡੇ ਕੋਲ ਜੇਲ੍ਹ ਵਿਚ ਬਹੁਤ ਵਕਤ ਹੁੰਦਾ ਹੈ। ਤੁਸੀਂ ਸੰਸਾਰ ਨੂੰ ਵੇਖ ਅਤੇ ਵਿਹਲ ਵਿਚ ਇਸ ਬਾਰੇ ਸੋਚ ਸਕਦੇ ਹੋ। ਇਹ ਜੇਲ੍ਹ ਵਿਚ ਹੀ ਸੀ ਕਿ ਮੈਂ ਅਫਰੀਕਾ ਅਤੇ ਹੋਰ ਕਈ ਵਿਸ਼ਿਆਂ ਬਾਰੇ ਕਵਿਤਾਵਾਂ ਲਿਖੀਆਂ, ਜਿਹੜੀਆਂ ਆਮ ਹਾਲਤ ਵਿਚ ਸੋਚੀਆਂ ਵੀ ਨਹੀਂ ਜਾ ਸਕਦੀਆਂ। ਇਸ ਲਈ ਜਦ ਤੁਸੀਂ ਜੇਲ੍ਹ ਵਿਚ ਹੁੰਦੇ ਹੋ ਤਾਂ ਇਹ ਵਿਸ਼ਵ ਤੁਹਾਡੇ ਕਰੀਬ ਆ ਜਾਂਦਾ ਹੈ ਜਾਂ ਦੁਰਾਡੇ ਚਲੇ ਜਾਂਦਾ ਹੈ। ਵਿਅੰਗ ਵਜੋਂ ਇਸ ਅਰਥ ਵਿਚ ਕੈਦ ਤੁਹਾਨੂੰ ਆਜ਼ਾਦੀ ਦੇ ਦਿੰਦੀ ਹੈ।

ਮੈਂ ਅਨੁਭਵ ਕਰਦਾ ਹਾਂ ਕਿ ਜੋ ਆਜ਼ਾਦੀ ਤੁਹਾਨੂੰ ਜੇਲ੍ਹ ਵਿਚ ਹੁੰਦੇ ਅਨੁਭਵ ਹੁੰਦੀ ਹੈ, ਉਹ ਤੁਸੀਂ ਬਾਹਰ ਅਨੁਭਵ ਨਹੀਂ ਕਰਦੇ। ਜਦ ਤੁਸੀਂ ਬਾਹਰ ਹੁੰਦੇ ਹੋ ਤਾਂ ਤੁਸੀਂ ਨਿੱਤ ਦੇ ਕੰਮਾਂ ਧੰਦਿਆਂ ਵਿਚ ਫਸ ਜਾਂਦੇ ਹੋ। ਤੁਸੀਂ ਸਮੁੱਚਾ ਕੈਨਵਸ ਨਹੀਂ ਤੱਕਦੇ। ਕੈਦ ਤੁਹਾਡੇ ਮਨ ਦੀਆਂ ਖਿੜਕੀਆਂ ਖੋਲ੍ਹ ਦਿੰਦੀ ਹੈ।

? : ਹੁਣ ਇੱਕ ਜਾਤੀ ਸਵਾਲ। ਜੋ ਲੋਕ ਤੁਹਾਡੇ ਕਰੀਬ ਹਨ, ਉਹ ਜਾਣਦੇ ਹਨ ਕਿ ਐਲਸ ਨਾਲ ਤੁਹਾਡਾ ਰਿਸ਼ਤਾ ਕੇਵਲ ਪਤੀ-ਪਤਨੀ ਵਾਲਾ ਹੀ ਨਹੀਂ ਸੀ, ਸਗੋਂ ਇੱਕ ਲੰਮੀ ਤੇ ਡੂੰਘੀ ਮਿੱਤਰਤਾ ਸੀ। ਫਿਰ ਵੀ ਤੁਸੀਂ ਇੱਕ ਵੱਖਰੇ ਪਿਛੋਕੜ ਵਿਚੋਂ ਆਏ ਸੀ, ਤੁਹਾਡੀ ਇੱਕ ਸੱਭਿਆਚਾਰਕ ਮਨੋ-ਬਣਤਰ ਸੀ। ਜਿਹੜੀ ਕਈ ਸੌ ਸਾਲਾਂ ਵਿਚ ਪਲਦੀ ਰਹੀ ਸੀ। ਤੁਹਾਡੀਆਂ ਦੋਵਾਂ ਦੀਆਂ ਵੱਖਰੀਆਂ ਪਿਛੋਕੜਾਂ ਕਾਰਨ ਕੀ ਤੁਸੀਂ ਅਨੁਭਵ ਨਹੀਂ ਕੀਤਾ ਕਿ ਆਪਸੀ ਸੰਚਾਰ ਵਿਚ ਕੋਈ ਵਿੱਥ ਸੀ ਕਿ ਕੁਝ ਅਜਿਹੀਆਂ ਚੀਜ਼ਾਂ ਸਨ, ਜੋ ਉਹ ਨਹੀਂ ਸੀ ਸਮਝ ਸਕਦੀ ਜਾਂ ਕੁਝ

ਅਜਿਹੀਆਂ ਗੱਲਾਂ ਜੋ ਤੁਸੀਂ ਪਕੜ ਨਾ ਸਕਦੇ ਹੋਵੋ ?

ਫ਼ੈਜ਼ : ਹਾਂ, ਕਈ ਵਾਰ ਬੰਦੇ ਨੂੰ ਅਜਿਹਾ ਅਨੁਭਵ ਹੁੰਦਾ ਹੈ। ਕਈ ਵਾਰ ਤੇ ਕਾਫੀ ਵਾਰ....... ਪਰ ਮੈਂ ਸੋਚਦਾ ਹਾਂ ... ਆਖ਼ਰ ਚਾਲੀ ਸਾਲ ਤੇ ਖ਼ੈਰ .... ਫਿਰ ਬੱਚੇ ਵੀ ਸਨ। ਉਹ ਵੀ ਸਨ ਤੇ ਉਹ ਸਾਡੇ ਜੀਵਨ ਦਾ ਕੇਂਦਰ ਸਨ। ਜਿਵੇਂ ਅਸੀਂ ਦੋਵੇਂ ਸੀ। ਅਸੀਂ ਆਪਣੇ ਬੱਚਿਆਂ ਬਾਰੇ ਪ੍ਰਤੀਕਰਮ ਦਿੰਦੇ ਹਾਂ ਤੇ ਉਹ ਸਾਡੇ ਪ੍ਰਤੀ ਰਾਏ ਦਿੰਦੇ ਹਨ ਤੇ ਹੁੰਦਾ ਇੰਝ ਹੈ ਕਿ ਕਿਸੇ ਨੁਕਤੇ ਉੱਤੇ ਫਾਸਲੇ ਨਿਕਟਤਾ ਵਿਚ ਬਦਲ ਜਾਂਦੇ ਹਨ। ਫਿਰ ਅੰਤਰ ਮੁੱਕ ਜਾਂਦੇ ਹਨ। ਫਿਰ ਵੀ ਕੁਝ ਬਾਕੀ ਰਹਿ ਜਾਂਦਾ ਹੈ। ਸਾਡੀਆਂ ਪੂਰਬੀ ਗੱਲਾਂ, ਮਿਸਾਲ ਵਜੋਂ ਕਈ ਵਾਰ ਉਹ ਨਹੀਂ ਸਮਝ ਸਕਦੀ ਤੇ ਮੇਰਾ ਖ਼ਿਆਲ ਹੈ ਕਿ ਉਸਨੇ ਕਾਫ਼ੀ ਕੁਝ ਸਿੱਖ ਲਿਆ ਹੈ।

? : ਹਾਂ, ਮੈਂ ਵੇਖਦਾ ਹਾਂ ਕਿ ਮੇਰਾ ਇੱਕ ਮਿੱਤਰ ਹੈ, ਸਲੀਪੁਰ ਰਹਿਮਾਨ, ਜੋ ਅਰਥ-ਸ਼ਾਸਤਰ ਪੜ੍ਹਾਉਂਦਾ ਹੈ। ਉਹ ਸਦਾ ਹੀ ਆਖਦਾ ਹੈ ਕਿ ਅਖ਼ੀਰ ਨੂੰ ਸਭ ਚੀਜ਼ਾਂ ਸਾਂਝੀ ਸੰਪਰਦਾ ਬਣ ਜਾਂਦੀਆਂ ਹਨ। ਪਰ ਸ਼ੁਰੂ ਵਿਚ ਜਦੋਂ ਤੁਹਾਡੀ ਸ਼ਾਦੀ ਹੋਈ ਸੀ ਕੀ ਤੁਸੀਂ ਅਨੁਭਵ ਨਹੀਂ ਸੀ ਕੀਤਾ ਕਿ ਕੁਝ ਖੱਪਾ ਸੀ ?

ਫ਼ੈਜ਼ : ਵਿਆਹ ਇੱਕ ਦਿਨ ਵਿਚ ਹੀ ਨਹੀਂ ਹੋ ਗਿਆ। ਅਸੀਂ ਇੱਕ ਦੂਜੇ ਨੂੰ ਦੋ-ਤਿੰਨ ਸਾਲਾਂ ਤੋਂ ਜਾਣਦੇ ਸੀ। ਕਿਉਂਕਿ ਉਸਦੀ ਕੁਝ ਰਾਜਸੀ ਰੁਚੀ ਵੀ ਸੀ ਤੇ ਸਾਡੀ ਕੋਈ ਰਾਜਸੀ ਨੇੜਤਾ ਵੀ ਸੀ। ਜਦੋਂ ਉਹ ਅੰਮ੍ਰਿਤਸਰ ਆਈ ਸੀ, ਜਿੱਥੇ ਉਹ ਆਪਣੀ ਭੈਣ ਨੂੰ ਮਿਲਣ ਆਈ ਸੀ ਤਾਂ ਅਸੀਂ ਕਾਫ਼ੀ ਸਮਾਂ ਇਕੱਠੇ ਬਿਤਾਉਂਦੇ ਸੀ। ਅਸਾਂ ਅਨੁਭਵ ਕੀਤਾ ਕਿ ਅਸੀਂ ਇਕੱਠੇ ਚਲ ਸਕਦੇ ਹਾਂ। ਇਸ ਲਈ ਅਸਾਂ ਵਿਆਹ ਕਰਵਾ ਲਿਆ। ਤੁਸੀਂ ਵੇਖੋ ਕਿ ਉਹ ਪਹਿਲੀ ਤੱਕਣੀ ਵਾਲਾ ਪਿਆਰ ਨਹੀਂ ਸੀ।

? : ਤੁਹਾਡੀ ਆਖ਼ਰੀ ਪੁਸਤਕ 'ਮੇਰੇ ਦਿਲ, ਮੇਰੇ ਮੁਸਾਫ਼ਰ' ਵਿਚ ਇਕ ਅਹਿਸਾਸ ਨਜ਼ਰੀਂ ਪੈਂਦਾ ਹੈ। ਇਹ ਤੁਹਾਡੀਆਂ ਦੂਸਰੀਆਂ ਕਿਤਾਬਾਂ ਨਾਲੋਂ ਵੱਖਰੀ ਹੈ। ਇਹ ਜਲਾਵਤਨੀ ਦੀ ਕਵਿਤਾ ਵਾਂਗੂੰ ਪੜ੍ਹੀ ਜਾਂਦੀ ਹੈ। ਆਪਣੇ ਦੇਸ਼ ਤੋਂ ਸਰੀਰਕ ਤੌਰ ਤੇ ਦੂਰ ਹੋਣ ਦੀ ਭਾਵਨਾ। ਕੀ ਇਸ ਨਾਲ ਤੁਹਾਡੀ ਕਵਿਤਾ ਵਿਚ ਇੱਕ ਨਵੀਂ ਪਰਤ, ਇੱਕ ਨਵੀਂ ਭਾਵਨਾ ਪੈਦਾ ਹੋਈ ਹੈ। ਕੀ ਹੁਣ ਤੁਸੀਂ ਜਲਾਵਤਨ ਹੋਏ ਨਾਜ਼ਿਮ ਹਿਕਮਤ ਅਤੇ ਮਹਿਮੂਦ ਦਰਵੇਸ਼ ਵਰਗੇ ਕਵੀਆਂ ਦੀ ਕੌਮਾਂਤਰੀ ਬਰਾਦਰੀ ਦਾ ਅੰਗ ਹੋ ?

ਫ਼ੈਜ਼ : ਇਕ ਅਰਥ ਵਿਚ ਹਾਂ, ਪਰ ਇਕ ਹੋਰ ਵਿਚ ਨਾਂਹ। ਮੇਰੀ ਉਹਨਾਂ ਨਾਲ ਆਪਣੀ ਮਾਂ-ਧਰਤੀ ਨਾਲੋਂ ਸਰੀਰਕ ਤੌਰ ਤੇ ਵਿਛੁੰਨੇ ਹੋਣ ਦੀ ਸਾਂਝ ਹੈ। ਪਰ ਅੰਤਰ ਇਹ ਹੈ ਕਿ ਉਨ੍ਹਾਂ ਨੂੰ ਜਬਰਦਸਤੀ ਬਾਹਰ ਕੱਢਿਆ ਗਿਆ ਸੀ। ਮੈਂ ਆਪਣੀ ਮਰਜ਼ੀ ਨਾਲ ਘੁੰਮ ਫਿਰ ਰਿਹਾ ਹਾਂ। ਕਿਸੇ ਨੇ ਮੈਨੂੰ ਬਾਹਰ ਜਾਣ ਦਾ ਹੁਕਮ ਨਹੀਂ ਦਿੱਤਾ। ਜਦ ਮੇਰਾ ਚਿੱਤ ਚਾਹੇ, ਮੈਂ ਵਾਪਸ ਪਰਤ ਸਕਦਾ ਹਾਂ। ਨਿਰਸੰਦੇਹ ਆਪਣੀ ਮਾਂ ਧਰਤੀ ਨਾਲੋਂ ਵਿਛੜਨ ਦੀ ਉਦਾਸੀ ਤਾਂ ਹੁੰਦੀ ਹੈ, ਜਿਵੇਂ ਕਿ ਆਪਣੀ ਪ੍ਰੇਰਕਾ ਨਾਲੋਂ ਵਿਛੋੜੇ ਦੀ ਉਦਾਸੀ ਹੁੰਦੀ ਹੈ। ਐਪਰ ਉਨ੍ਹਾਂ ਦੋਹਾਂ ਦੀ ਬੇਵਸੀ ਬਿਲਕੁਲ ਵੱਖਰੀ ਹੈ। ਮੈਂ ਉਸ ਢੰਗ ਨਾਲ ਨਹੀਂ ਹਾਂ, ਮੈਂ ਜਦ ਵੀ ਚਾਹਾਂ ਜਾ ਸਕਦਾ ਹਾਂ।

? : ਪਰ ਤੁਸੀਂ ਪਿੱਛੇ ਜਿਹੇ ਲਿਖਿਆ ਸੀ,



ਸੋ ਇੰਝ ਹੀ ਹੁਕਮ ਹੋਇਆ ਹੈ ਕਿ ਸਾਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ।"

ਫ਼ੈਜ਼ : ਹਾਂ, ਇਹ ਸੱਚ ਹੈ ਪਰ ਅੱਖਰਾਂ ਵਜੋਂ ਨਹੀਂ। ਮੈਨੂੰ ਨਿਕਲ ਜਾਣ ਦਾ ਹੁਕਮ ਨਹੀਂ ਸੀ ਹੋਇਆ। ਮੈਂ ਵੇਖਿਆ ਕਿ ਕੁਝ ਗੱਲਾਂ ਠੀਕ ਨਹੀਂ ਸਨ। ਇਸ ਲਈ ਮੈਂ ਸੋਚਿਆ ਕਿ ਇਸ ਤੋਂ ਛੁੱਟੀ ਲੈ ਲਈ ਜਾਵੇ। ਪਰ ਮੇਰੀ ਸਥਿਤੀ ਦਰਵੇਸ਼ ਤੇ ਹਿਕਮਤ ਨਾਲੋਂ ਵੱਖਰੀ ਹੈ। ਮੇਰੇ ਕੋਲੋਂ ਕੋਈ ਚੀਜ਼ ਖੋਹੀ ਨਹੀਂ ਗਈ। ਜਿਸ ਤਰ੍ਹਾਂ ਕਿ ਉਹਨਾਂ ਕੋਲੋਂ। ਮੈਂ ਕਦੇ ਵੀ ਘਰ ਪਰਤ ਸਕਦਾ ਹਾਂ। ਕਿਸੇ ਨੇ ਮੈਨੂੰ ਰੋਕਿਆ ਨਹੀਂ। ਮੇਰੇ ਕੋਲ ਚੋਣ ਕਰਨ ਦਾ ਅਧਿਕਾਰ ਸੀ। ਐਪਰ ਮਹਿਮੂਦ ਦਰਵੇਸ਼ ਅਤੇ ਫਲਿਸਤੀਨੀ ਲੋਕ ਕੇਵਲ ਵਿਅਕਤੀਗਤ ਹੀ ਨਹੀਂ ਸਗੋਂ ਸਾਂਝੇ ਤੌਰ ਤੇ ਆਪਣੀ ਮਾਂ-ਧਰਤੀ ਤੋਂ ਜਲਾਵਤਨ ਕੀਤੇ ਗਏ ਹਨ। ਉਹਨਾਂ ਦੀ ਪੀੜ ਮੇਰੇ ਨਾਲੋਂ ਵੱਖਰੀ ਹੈ।

ਨਾਜ਼ਿਮ ਹਿਕਮਤ ਨੂੰ 14 ਸਾਲ ਕੈਦ ਹੋਈ ਸੀ, ਤੇ ਉਸਨੂੰ ਭੱਜਣਾ ਪਿਆ। ਉਹ ਵਾਪਸ ਘਰ ਨਹੀਂ ਪਰਤ ਸਕਦੇ ਸਨ। ਪਰ ਮੈਨੂੰ ਵਿਸ਼ਵਾਸ ਹੈ ਕਿ ਮੇਰੇ ਦੇਸ਼ ਵਿਚ ਬਹੁਤ ਲੋਕ ਹਨ, ਜੋ ਪਿਆਰ ਮੁਹੱਬਤ ਕਰਦੇ ਹਨ। ਪਰ ਇਸ ਸੋਚ ਦੇ ਬਾਵਜੂਦ ਕਿ ਘਰ ਤੋਂ ਵਿਛੁੰਨੇ ਜਾਣ ਦੀ ਪੀੜ ਘੱਟ ਨਹੀਂ ਹੋ ਜਾਂਦੀ। ਇਹ ਕਾਇਮ ਰਹਿੰਦੀ ਹੈ।

? : ਤੁਸੀਂ ਆਪਣੀ ਮਰਜ਼ੀ ਨਾਲ ਬਾਹਰ ਰਹਿ ਰਹੇ ਹੋ, ਪਿਛਲੇ ਕੋਈ ਤਿੰਨ ਸਾਲਾਂ ਤੋਂ। ਤੇ ਤੁਸੀਂ ਬਹੁਤ ਸਾਰੀਆਂ ਚੀਜ਼ਾਂ ਨੂੰ ਹੁਣ ਵੱਖ-ਵੱਖ ਪੱਖ ਤੋਂ ਨਹੀਂ ਤੱਕ ਰਹੇ ? ਜਦ ਤੁਸੀਂ ਕਿਸੇ ਚੀਜ਼ ਨੂੰ ਆਪਣੀ ਅੱਖ ਦੇ ਬਹੁਤ ਨਜ਼ਦੀਕ ਕਰਕੇ ਵੇਖਦੇ ਹੋ ਤਾਂ ਤੁਸੀਂ ਇਸ ਨੂੰ ਠੀਕ ਤਰ੍ਹਾਂ ਵੇਖ ਨਹੀਂ ਸਕਦੇ। ਇਹ ਧੁੰਦਲਾ ਹੋ ਜਾਂਦਾ ਹੈ। ਕੀ ਦੂਰੀ ਨੇ ਤੁਹਾਡੇ ਵਿਚਾਰ ਬਦਲੇ ਨਹੀਂ ?

ਫ਼ੈਜ਼ : ਹਾਂ, ਇਹ ਗੱਲ ਸੱਚੀ ਹੈ। ਦੂਰੀ ਤੋਂ ਬੰਦਾ ਚੀਜ਼ਾਂ ਨੂੰ ਵਧੇਰੇ ਚੰਗੀ ਤਰ੍ਹਾਂ ਵੇਖ ਸਕਦਾ ਹੈ। ਵਧੇਰੇ ਸਾਫ਼ ਤਰ੍ਹਾਂ ਪਰ ਨਿੱਜੀ ਅਰਥਾਂ ਵਿਚ ਇੱਕ ਬੰਦਾ ਉਹਨਾਂ ਗੱਲਾਂ ਨਾਲ ਇੰਝ ਜੁੜਿਆ ਨਹੀਂ ਹੁੰਦਾ, ਜਿਵੇਂ ਕਿ ਪਿੱਛੇ ਰਹੇ ਲੋਕ ਜੁੜੇ ਹੁੰਦੇ ਹਨ। ਇੰਝ ਇੱਕ ਢੰਗ ਨਾਲ ਤੁਹਾਡਾ ਭਾਰ ਹਲਕਾ ਹੋ ਜਾਂਦਾ ਹੈ। ਜੇ ਬੰਦਾ ਵਾਪਸ ਘਰ ਵਿਚ ਚਲਾ ਜਾਵੇ, ਤਾਂ ਗੱਲ ਵੱਖਰੀ ਹੁੰਦੀ ਹੈ।

? : ਤੁਹਾਡੀ ਕਾਵਿ ਸ਼ਬਦਾਵਲੀ, ਤੁਹਾਡੇ ਅਲੰਕਾਰ, ਤੁਹਾਡੇ ਪ੍ਰਤੀਕ, ਸ਼ੁੱਧ ਰੂਪ ਵਿਚ ਕਲਾਸੀਕਲ ਹਨ ਤੇ ਇਹ ਰਵਾਇਤੀ ਕਵਿਤਾ ਦਾ ਅੰਗ ਹਨ। ਪਰ ਤੁਸੀਂ ਕਲਾਸੀਕਲ ਸ਼ਬਦਾਵਲੀ ਨੂੰ ਨਵੇਂ ਅਰਥ ਦੇ ਦਿੰਦੇ ਹੋ। ਕੀ ਤੁਸੀਂ ਕਦੇ ਨਵੀਂ ਭਾਸ਼ਾ, ਨਵੀਂ ਸ਼ਬਦਾਵਲੀ, ਨਵਾਂ ਮੁਹਾਵਰਾ, ਵਰਤਣ ਬਾਰੇ ਨਹੀਂ ਸੋਚਿਆ, ਜਿਵੇਂ ਕਿ ਅੱਜ ਕੱਲ ਕੁਝ ਹੋਰ ਲੋਕ ਕਰਦੇ ਹਨ। ਕੀ ਤੁਸੀਂ ਕਦੇ ਇਸ ਤਰ੍ਹਾਂ ਕਰਨ ਦੀ ਲੋੜ ਅਨੁਭਵ ਨਹੀਂ ਕੀਤੀ ?

ਫ਼ੈਜ਼ : ਹਰ ਭਾਸ਼ਾ ਵਿਚ ਉਰਦੂ ਸਮੇਤ ਕੁਝ ਅਜਿਹੀਆਂ ਸੀਮਾਵਾਂ ਹੁੰਦੀਆਂ ਹਨ, ਕੁਝ ਅੰਦਰਲੇ ਮਾਪਦੰਡ ਹੁੰਦੇ ਹਨ। ਇਸ ਸੀਮਤ ਢਾਂਚੇ ਵਿਚ, ਸਦਾ ਹੀ ਪ੍ਰਯੋਗ ਹੁੰਦੇ ਰਹਿੰਦੇ ਹਨ। 'ਮੀਰ', 'ਸੌਦਾਅ', ਨਜ਼ੀਰ ਅਕਬਰ ਆਬਾਦੀ, ਗਾਲਿਬ ਅਤੇ ਇਕਬਾਲ ਨੇ ਪ੍ਰਯੋਗ ਕੀਤੇ ਸਨ। ਮੁਹਾਵਰੇ ਨੂੰ ਬਦਲਿਆ, ਵਿਆਕਰਣ ਨੂੰ ਬਦਲਿਆ, ਬਿੰਬਾਵਲੀ ਨੂੰ ਬਦਲਿਆ। ਪਰ ਇੱਕ ਨੁਕਤੇ ਤੋਂ ਅੱਗੇ ਜਾਣਾ, ਇਸ

ਕਾਰਜ ਲਈ ਬਹੁਤ ਵੱਡੀ ਪ੍ਰਤਿਭਾ ਦੀ ਲੋੜ ਹੁੰਦੀ ਹੈ।

ਸਾਨੂੰ ਕਵਿਤਾ ਅਤੇ ਵਾਰਤਕ ਵਿਚਲੇ ਫ਼ਰਕ ਨੂੰ ਕਾਇਮ ਰੱਖਣਾ ਚਾਹੀਦਾ ਹੈ। ਕਵਿਤਾ ਚੀਜ਼ਾਂ ਨੂੰ ਜੋੜਦੀ ਹੈ। ਵਾਰਤਕ ਉਹਨਾਂ ਨੂੰ ਖਿਡਾਉਂਦੀ ਹੈ। ਕਵਿਤਾ ਵਿਚ ਇਕ ਅਨੁਸ਼ਾਸਨ ਹੁੰਦਾ ਹੈ। ਸਾਨੂੰ ਉਸ ਅਨੁਸ਼ਾਸਨ ਦੀ ਪਾਲਣਾ ਕਰਨੀ ਚਾਹੀਦੀ ਹੈ। ਕਵਿਤਾ ਉੱਚੀ ਉਡਾਰੀ ਲਾਉਂਦੀ ਹੈ, ਵਾਰਤਕ ਚਪਟੇ-ਦਾਅ ਹੁੰਦੀ ਹੈ। ਇਸ ਲਈ ਸਾਨੂੰ ਇਹ ਫ਼ਰਕ ਕਾਇਮ ਰੱਖਣਾ ਚਾਹੀਦਾ ਹੈ ਤੇ ਨਾਲ ਹੀ ਕੁਝ ਨਵਾਂ ਕਹਿਣਾ ਚਾਹੀਦਾ ਹੈ। ਇਸ ਦਾ ਕੋਈ ਸਾਦਾ ਫਾਰਮੂਲਾ ਨਹੀਂ ਹੈ। ਹਰ ਇੱਕ ਦਾ ਇੱਕ ਸੁਭਾਅ ਹੁੰਦਾ ਹੈ ਤੇ ਆਪਣੀ ਕਲਪਨਾ। ਮੈਂ ਅਨੁਭਵ ਕਰਦਾ ਹਾਂ ਕਿ ਪਰੰਪਰਾ ਨੇ ਜੋ ਕੁਝ ਸਾਨੂੰ ਦਿੱਤਾ ਹੈ, ਅਸੀਂ ਉਸਦੀ ਪੂਰੀ ਵਰਤੋਂ ਨਹੀਂ ਕੀਤੀ। ਬਹੁਤ ਕੁਝ ਕਰਨ ਵਾਲਾ ਰਹਿੰਦਾ ਹੈ। ਅਸੀਂ ਇਹ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸਾਡੀ ਪੀੜ੍ਹੀ ਨੇ ਪਰੰਪਰਾ ਤੋਂ ਦੂਰੀ ਬਣਾ ਲਈ ਹੈ। ਅਸੀਂ ਉਸ ਨਾਲ ਜੁੜਨ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਪਰੰਪਰਾ ਵਿਚ ਲੁਕਿਆ ਰਹਿ ਗਿਆ ਸੀ। ਕੋਈ ਨਵਾਂ ਰਾਹ ਲੱਭਣ ਲਈ ਬਹੁਤ ਵੱਡੇ ਕਵੀ ਨੂੰ ਵੱਖਰੀ ਸ਼ੈਲੀ ਤੇ ਵੱਖਰਾ ਢੰਗ ਤਲਾਸ਼ ਕਰਨਾ ਪੈਂਦਾ ਹੈ। ਮੈਂ ਐਡੀ ਵੱਡੀ ਮਹਾਨਤਾ ਦੇ ਗੁਣਾਂ ਵਾਲਾ ਨਹੀਂ। ਕਈ ਵਾਰ ਜਦੋਂ ਮੈਂ ਕੋਈ ਗੱਲ ਉਰਦੂ ਵਿਚ ਨਹੀਂ ਕਹਿ ਸਕਦਾ ਤਾਂ ਮੈਂ ਇਸਨੂੰ ਪੰਜਾਬੀ ਵਿਚ ਕਹਿਣ ਦੀ ਕੋਸ਼ਿਸ਼ ਕਰਦਾ ਹਾਂ, ਜਿਵੇਂ ਕਿ ਮੈਂ ਕੀਤਾ ਹੈ।

? : ਉਰਦੂ ਦੀ ਇਹ ਨਵੀਂ ਕਵਿਤਾ। ਕੀ ਇਹ ਨਵੇਂ ਕਵੀ ਪੱਛਮ ਤੋਂ ਪ੍ਰਭਾਵਿਤ ਨਹੀਂ ਹੋਏ?

ਫ਼ੈਜ਼ : ਹਾਂ, ਸਪੱਸ਼ਟ ਤੌਰ ਤੇ। ਇਹ ਮੌਲਾਨਾ ਹਾਲੀ ਅਤੇ ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਤੋਂ ਸ਼ੁਰੂ ਹੋਇਆ। ਜਿਹੜੀ ਕਵਿਤਾ ਉਹਨਾਂ ਨੇ, ਆਪਣੀ ਪਰੰਪਰਾ ਨੂੰ ਤਿਆਗ ਕੇ ਤੇ ਪੱਛਮ ਦੀ ਨਕਲ ਨਾਲ ਸ਼ੁਰੂ ਕੀਤੀ ਸੀ, ਉਸਦਾ ਕੋਈ ਵੀ ਲਾਭ ਨਹੀਂ ਹੋਇਆ। ਇਸ ਵਿਚ ਸਥਾਨਕ ਲਹੂ ਨਹੀਂ ਸੀ। ਇਹ ਨਕਲ ਸੀ ਤੇ ਨਕਲ ਕਦੇ ਰਚਨਾਤਮਿਕ ਨਹੀਂ ਹੁੰਦੀ। ਇਸ ਦਾ ਇਹ ਅਰਥ ਵੀ ਨਹੀਂ ਕਿ ਸਾਨੂੰ ਹੋਰਸ ਥਾਵਾਂ ਉੱਤੇ ਲਿਖੀ ਕਵਿਤਾ ਤੋਂ ਲਾਭ ਪ੍ਰਾਪਤ ਨਹੀਂ ਕਰਨਾ ਚਾਹੀਦਾ। ਇਸ ਦਾ ਇਹ ਵੀ ਅਰਥ ਨਹੀਂ ਕਿ ਬਦਲਦੇ ਸਮਿਆਂ ਅਨੁਸਾਰ ਸਾਨੂੰ ਨਵੀਆਂ ਬਣਤਰਾਂ ਦੀ ਤਲਾਸ਼ ਨਹੀਂ ਕਰਨੀ ਚਾਹੀਦੀ। ਸਾਨੂੰ ਅਵੱਸ਼ ਕਰਨੀ ਚਾਹੀਦੀ ਹੈ। ਸਾਨੂੰ ਕੇਵਲ ਇੱਕ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਅਸੀਂ ਉਹ ਰੂਪ ਚੁਣੀਏ, ਜੋ ਸਾਡੀ ਪਰੰਪਰਾ ਨਾਲ ਇਕਮਿਕ ਹੋ ਜਾਣ। ਲਾਈ ਟਾਕੀ ਲੇਫ ਨਾਲ ਇਕ ਸੁਰ ਹੋਵੇ ਤੇ ਢੁੱਕਵੀਂ ਵੀ ਲੱਗੇ। ਕਵਿਤਾ ਕੇਵਲ ਆਪਣੀਆਂ ਭਾਵਨਾਵਾਂ ਅਤੇ ਜਜ਼ਬਿਆਂ ਦਾ ਪ੍ਰਗਟਾਵਾ ਹੀ ਨਹੀਂ ਹੁੰਦੀ। ਇਹ ਸ਼ਿਲਪਕਾਰ ਦੇ ਸ਼ਿਲਪ ਵਾਂਗ ਹੁੰਦੀ ਹੈ। ਇਹ ਸੰਗੀਤਕ ਰਚਨਾ ਵਾਂਗ ਹੈ। ਵੇਖਣਾ ਪੈਂਦਾ ਹੈ ਕਿ ਕਿਹੜੀ ਚੀਜ਼ ਕਿੱਥੇ ਫਿੱਟ ਬਹਿੰਦੀ ਹੈ। ਬੂਟੇ ਦੀਆਂ ਜੜ੍ਹਾਂ ਧਰਤੀ ਵਿਚ ਹੋਣੀਆਂ ਚਾਹੀਦੀਆਂ ਹਨ। ਜੜ੍ਹ-ਹੀਣ ਬੂਟਾ ਵਧ ਫੁੱਲ ਨਹੀਂ ਸਕਦਾ। ਇੰਝ ਹੀ ਪਰੰਪਰਾ ਦੀਆਂ ਜੜ੍ਹਾਂ ਵੀ ਕਾਇਮ ਹੋਣੀਆਂ ਚਾਹੀਦੀਆਂ ਹਨ। ਐਪਰ ਬਦਲਦੇ ਹਾਲਾਤ ਅਨੁਸਾਰ ਸਾਨੂੰ ਬੂਟੇ ਦੀਆਂ ਟਹਿਣੀਆਂ ਦੀ ਕਾਂਟ-ਛਾਂਟ ਕਰਦੇ ਰਹਿਣਾ ਚਾਹੀਦਾ ਹੈ। ਇਹ ਸਮਕਾਲੀ ਪ੍ਰਸੰਗ ਵਿਚ ਪਛਾਨਣ-ਯੋਗ ਹੋਵੇ। ਇਸ ਲਈ ਦੋ ਗੱਲਾਂ ਜ਼ਰੂਰੀ ਹਨ। ਨਿਰੰਤਰਤਾ ਤੇ ਪ੍ਰਯੋਗ ਪਰੰਪਰਾ ਅਤੇ ਤਜਰਬਾ। ਹੋਰ ਕੋਈ ਘੜਿਆ-ਘੜਾਇਆ ਫਾਰਮੂਲਾ ਜਾਂ ਨੁਸਖ਼ਾ ਨਹੀਂ।



ਹਰ ਕਵੀ ਨੂੰ ਆਪਣੇ ਜਵਾਬ ਤਲਾਸ਼ ਕਰਨੇ ਚਾਹੀਦੇ ਹਨ। ਜੇ ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਕਰ ਰਹੇ ਹੋ, ਤੁਸੀਂ ਸਹੀ ਸੰਤੁਲਨ ਰੱਖ ਸਕੋਗੇ। ਕੁਝ ਵਾਰਤਕ-ਮਈ ਕਵੀਆਂ ਦੀ ਮਿਸਾਲ ਹੀ ਲੈ ਲਵੋ। ਆਮ ਤੌਰ ਤੇ ਉਹ ਲਗਭਗ ਚਾਰ ਸਾਲਾਂ ਵਿਚ ਹਾਰ ਮੰਨ ਜਾਂਦੇ ਹਨ ਤੇ ਫਿਰ ਰਵਾਇਤੀ ਕਵਿਤਾ ਵੱਲ ਪਰਤ ਆਉਂਦੇ ਹਨ। ਮੈਂ ਇਹ ਊਟ-ਪਟਾਂਗ ਕੰਮ ਕਦੇ ਨਹੀਂ ਕੀਤਾ। ਸ਼ਾਇਦ ਮੈਂ ਕਈ ਵਾਰ ਸੋਚਿਆ ਹੈ। ਮੈਂ ਪਰੰਪਰਾ ਦੇ ਚੌਖਟੇ ਵਿਚ ਵਿਚਰਨ ਦੀ ਕੋਸ਼ਿਸ਼ ਕੀਤੀ ਹੈ ਤੇ ਪ੍ਰਯੋਗ ਉੱਥੇ ਹੀ ਕੀਤੇ ਹਨ, ਜਿੱਥੇ ਮੈਂ ਕਰ ਸਕਦਾ ਸੀ। ਧਰਮ ਦੇ ਖੇਤਰ ਵਾਂਗ "ਲਿਖੇ ਗਏ" ਸ਼ਬਦ ਨੂੰ ਯੁੱਗ ਦੀਆਂ ਲੋੜਾਂ ਅਨੁਸਾਰ ਵਿਆਖਿਆ ਕੀਤੀ ਜਾ ਸਕਦੀ ਹੈ। ਇੰਝ ਹੀ ਕਵਿਤਾ ਵਿਚ ਹੈ। ਸਮਕਾਲੀ ਯਥਾਰਥ ਅਨੁਸਾਰ ਚੀਜ਼ਾਂ ਦੀ ਵਿਆਖਿਆ ਕਰਨ ਦੀ ਆਗਿਆ ਹੈ। ਪਰ ਸੁਣੀ-ਸੁਣਾਈ ਗੱਲ ਦੀ ਨਹੀਂ।

? : ਕੁਝ ਲਾਤੀਨੀ ਅਮਰੀਕਣ ਕਵੀ ਤੁਹਾਡੇ ਸੋਚਣ ਦੇ ਢੰਗ ਦੇ ਕਰੀਬ ਹਨ। ਕੀ ਤੁਹਾਡਾ ਖ਼ਿਆਲ ਹੈ ਕਿ ਕਵਿਤਾ ਕੌਮਾਂਤਰੀ ਸਥਿਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ? ਕੀ ਇਹ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ?

ਫ਼ੈਜ਼ : ਸੱਚੀ ਦੱਸਾਂ, ਅੰਗਰੇਜ਼ੀ ਕਵਿਤਾ ਨੂੰ ਛੱਡ ਕੇ ਮੇਰਾ ਵਾਹ ਹੋਰ ਕਵਿਤਾ ਨਾਲ ਘੱਟ ਹੀ ਪਿਆ ਹੈ। ਤੇ ਅੰਗਰੇਜ਼ੀ ਕਵਿਤਾ ਦਾ ਸਾਡੀਆਂ ਹਾਲਤਾਂ ਨਾਲ ਕੋਈ ਮੇਲ ਨਹੀਂ। ਪਰ ਵਿਸ਼ਵ ਦੇ ਕੁਝ ਹੋਰ ਹਿੱਸਿਆਂ ਦੀ ਹਾਲਤ ਵੱਖਰੀ ਹੈ। ਸਾਡਾ ਤਜ਼ਰਬਾ ਤੇ ਚਿੰਤਾ ਉਹਨਾਂ ਨਾਲ ਮੇਲ ਖਾਂਦੀ ਹੈ। ਸਾਡੀਆਂ ਹਾਲਤਾਂ ਇਕੋ ਜਿਹੀਆਂ ਹਨ। ਬਹੁਤ ਸਾਰੀਆਂ ਆਵਾਜ਼ਾਂ ਜੋ ਉਹਨਾਂ ਇਲਾਕਿਆਂ ਤੋਂ ਸੁਣੀਦੀਆਂ ਹਨ, ਉਹ ਸਾਡੀਆਂ ਨਾਲ ਮਿਲਦੀਆਂ ਹਨ। ਉਹ ਸਾਥੋਂ ਸਿਖ ਸਕਦੇ ਹਨ ਤੇ ਅਸੀਂ ਉਹਨਾਂ ਤੋਂ। ਪਰ ਮੇਰਾ ਵਾਹ ਇਸ ਨਾਲ ਪਿਛਲੇ 10 ਜਾਂ ਵੀਹ ਸਾਲਾਂ ਤੋਂ ਪਿਆ ਹੈ। ਫਰਾਂਸੀਸੀ, ਅੰਗਰੇਜ਼ੀ ਜਾਂ ਜਰਮਨ ਕਵਿਤਾ ਦੀ ਥਾਂ, ਮੈਂ ਲਾਤੀਨੀ, ਅਮਰੀਕੀ, ਸਪੇਨੀ ਅਤੇ ਪਿੱਛੇ ਜਿਹੇ ਤੋਂ ਫਲਿਸਤੀਨੀ ਅਤੇ ਅਰਬੀ ਕਵਿਤਾ ਨਾਲ ਆਪਣੀ ਹਮਦਰਦੀ ਵਧਾ ਲਈ ਹੈ ਤੇ ਨਾਲ ਹੀ ਅਫਰੀਕਨ ਕਵਿਤਾ ਨਾਲ ਵੀ। ਉਹਨਾਂ ਲੋਕਾਂ ਦੇ ਤਜ਼ਰਬੇ ਸਾਡੇ ਵਰਗੇ ਹੀ ਹਨ। ਇਹ ਚੰਗੀ ਗੱਲ ਹੈ। ਅਸੀਂ ਉਹਨਾਂ ਕੋਲੋਂ ਵੱਧ ਸਿੱਖ ਸਕਦੇ ਹਾਂ। ਅਸੀਂ ਉਹਨਾਂ ਸਮਾਜਾਂ ਤੋਂ ਵੱਧ ਸਿੱਖ ਸਕਦੇ ਹਾਂ, ਜਿਹਨਾਂ ਨਾਲ ਸਾਡੀਆਂ ਸਭਿਆਚਾਰਕ ਤੇ ਰਾਜਨੀਤਕ ਸਮਾਨਤਾਵਾਂ ਹਨ। ਜਿਹਨਾਂ ਨਾਲ ਅਜਿਹੀ ਨੇੜਤਾ ਨਹੀਂ, ਉਹਨਾਂ ਤੋਂ ਕੀ ਸਿੱਖਣਾ ਹੈ।

? : ਗਾਰਸ਼ੀਆ ਮਾਰਕੁਏਜ਼ ਦੇ ਨਾਵਲ "ਪਿਤਾਮਾ ਦਾ ਵੇਲਾ" ਵਿਚਲੀ ਕਹਾਣੀ ਪੜ੍ਹਦੇ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਇਹ ਸਾਡੇ ਦੇਸ਼ ਵਿਚ ਹੀ ਵਾਪਰੀ ਹੋਵੇ। ਇਕੋ ਜਿਹੇ ਜ਼ੁਲਮ, ਉਹੀ ਘਟਨਾਵਾਂ, ਉਹ ਤਾਕਤ ਦੀ ਵਰਤੋਂ। ਜਦੋਂ ਅਜਿਹੀਆਂ ਚੀਜ਼ਾਂ ਅਨੁਵਾਦ ਹੁੰਦੀਆਂ ਹਨ ਤਾਂ ਇਹ ਪ੍ਰਭਾਵ ਪਾਉਂਦੀਆਂ ਹਨ। ਤੁਹਾਡੇ ਅਨੁਵਾਦਾਂ ਦਾ ਦੂਸਰੀਆਂ ਭਾਸ਼ਾਵਾਂ ਉੱਤੇ ਕੀ ਪ੍ਰਭਾਵ ਪਿਆ ਹੈ?

ਫ਼ੈਜ਼ : ਅਨੁਵਾਦਾਂ ਦਾ ਬੜਾ ਲਾਭ ਹੁੰਦਾ ਹੈ। ਸਾਡੇ ਦੇਸ਼ ਵਿਚ ਅਰਬੀ ਤੋਂ ਅਨੁਵਾਦ ਹੋਏ ਹਨ। ਮੈਂ ਤੁਰਕੀ ਤੋਂ, ਨਾਜ਼ਿਮ ਹਿਕਮਤ ਦੇ ਕੁਝ ਅਨੁਵਾਦ ਕੀਤੇ ਹਨ। ਹੁਣ ਫਲਸਤੀਨੀ ਸਾਹਿਤ ਦੇ ਅਨੁਵਾਦ ਹੋ ਰਹੇ ਹਨ। ਇਸ ਨਾਲ ਲੋਕਾਂ ਨੂੰ ਆਪਣੇ ਵਾਤਾਵਰਨ, ਤੇ ਆਪਣੀਆਂ ਜ਼ਿੰਦਗੀਆਂ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਇਸ ਨਾਲ ਨਵੀਂ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ। ਇਸ ਨਾਲ ਅਦਬ ਦਾ ਘੇਰਾ ਵੀ ਵਿਸ਼ਾਲ ਹੁੰਦਾ ਹੈ।

? : ਅੱਜ ਦੀ ਕਵਿਤਾ ਬਾਰੇ ਚਾਰ ਸ਼ਬਦ। ਤੁਸੀਂ ਆਪਣੇ ਸਮਕਾਲੀਆਂ ਬਾਰੇ ਅਤੇ ਤੁਹਾਡੇ ਬਾਅਦ ਆਉਣ ਵਾਲਿਆਂ ਬਾਰੇ ਕੀ ਸੋਚਦੇ ਹੋ ?

ਫ਼ੈਜ਼ : ਮੇਰਾ ਵਿਸ਼ਵਾਸ ਹੈ ਕਿ ਮਾਨਸਿਕ ਗੜਬੜੀ ਅਤੇ ਜਜ਼ਬਾਤੀ ਬੇਚੈਨੀ, ਜੋ ਹੁਣ ਫੈਲੀ ਹੋਈ ਹੈ, ਦੇ ਬਾਵਜੂਦ ਚੰਗੀ ਕਵਿਤਾ ਲਿਖੀ ਜਾ ਰਹੀ ਹੈ। ਜਵਾਨੀ ਬਾਰੇ ਸਦਾ ਹੀ ਭਵਿੱਖ-ਬਾਣੀ ਕਰਨੀ ਔਖੀ ਹੁੰਦੀ ਹੈ। ਕਿਉਂਕਿ ਕੋਈ ਵੀ ਨਹੀਂ ਦੱਸ ਸਕਦਾ, ਕਿੰਨੇ ਲੋਕ ਜੋ ਹੁਣ ਲਿਖ ਰਹੇ ਹਨ ਵਿਚੋਂ ਕਿੰਨੇ ਛੱਡ ਜਾਣਗੇ। ਪਰ ਫਿਰ ਵੀ ਇਹ ਗੱਲ ਤਾਂ ਸਾਬਤ ਹੁੰਦੀ ਹੈ ਕਿ ਜੋ ਲੋਕ ਕਹਿੰਦੇ ਹਨ ਕਿ ਸਾਹਿਤਕ ਰਚਨਾ ਦੀ ਘਾਟ ਹੈ, ਗਲਤ ਹਨ। ਕਾਫ਼ੀ ਨਵੇਂ ਲੋਕ ਲਿਖ ਰਹੇ ਹਨ। ਲੇਖਕ, ਕਵੀ, ਆਲੋਚਕ ਅਤੇ ਵਾਰਤਕ ਦੇ ਲੇਖਕ। ਸਾਹਿਤ ਦੀ ਹਰ ਬ੍ਰਾਂਚ ਵਿਚ, ਨਵਾਂ ਕੁਝ ਪੈਦਾ ਹੋ ਰਿਹਾ ਹੈ। ਇਕ ਅੰਦੋਲਨ ਤਾਂ ਹੈ, ਪਰ ਇਹ ਪ੍ਰਗਤੀਵਾਦੀ ਲੇਖਕ ਅੰਦੋਲਨ ਵਰਗਾ ਨਹੀਂ ਹੈ। ਇਸ ਲਈ ਇਹ ਆਖੀਏ ਕਿ ਕੋਈ ਲਹਿਰ ਨਹੀਂ ਹੈ। ਜੋ ਪੈਦਾ ਹੋਈ ਹੋਵੇ, ਪਰ ਕੁਝ ਨਿਸ਼ਾਨੀਆਂ ਤੇ ਲਹਿਰਾਂ ਹਨ। ਇਸ ਲਈ ਸਾਹਿਤ ਬਾਰੇ ਫ਼ਿਕਰ ਕਰਨ ਦੀ ਲੋੜ ਨਹੀਂ ਹੈ। ਉਰਦੂ ਨੂੰ ਛੱਡੋ। ਪੰਜਾਬੀ, ਬਲੋਚੀ, ਸਿੰਧੀ ਤੇ ਪਸ਼ਤੋ ਹਨ। ਪਹਿਲੀ ਵਾਰ, ਲੋਕ ਇਹਨਾਂ ਭਾਸ਼ਾਵਾਂ ਵੱਲ ਧਿਆਨ ਦੇ ਰਹੇ ਹਨ। ਇਹਨਾਂ ਵਿਚ ਧੜਕਦੀ ਹੋਈ ਕਵਿਤਾ ਲਿਖੀ ਜਾ ਰਹੀ ਹੈ। ਵਾਰਤਕ-ਲੇਖਕ ਆਪਣਾ ਸਿੱਕਾ ਜਮਾ ਰਹੇ ਹਨ ਤੇ ਸਾਹਿਤ ਦਾ ਕਾਫਲਾ ਚੱਲ ਰਿਹਾ ਹੈ।

? : ਕਵਿਤਾ ਵਿਚ ਇਹ ਸਵਾਲ ਹੁੰਦਾ ਹੈ ਕਿ ਕਿਹਨੇ, ਕਿਸਨੂੰ ਪ੍ਰਭਾਵਿਤ ਕੀਤਾ ? ਕੀ ਤੁਹਾਡੇ ਕੱਦ-ਕਾਠ ਦਾ ਕਵੀ ਜੋ ਸਮੁੱਚੇ ਸਾਹਿਤ ਨੂੰ ਪ੍ਰਭਾਵਿਤ ਕਰ ਰਿਹਾ ਹੈ, ਇਸ ਨਿਰੰਤਰਤਾ ਦਾ ਹਿੱਸਾ ਹੈ। ਜਾਂ ਕੀ ਉਹਨਾਂ ਨਵੇਂ ਲੇਖਕਾਂ ਉੱਤੇ ਰੋਕਾਂ-ਪਾਊ ਪ੍ਰਭਾਵ ਪਾ ਰਿਹਾ ਹੈ। ਜੋ ਪ੍ਰਗਟਾਵੇ ਲਈ ਨਵੀਆਂ ਵਿਧੀਆਂ ਤਲਾਸ਼ ਕਰਨ ਵਿਚ, ਰੁਕਾਵਟ ਅਨੁਭਵ ਕਰ ਰਹੇ ਹਨ ?

ਫ਼ੈਜ਼ : ਹਾਂ, ਇੱਕ ਕਵੀ ਦੂਸਰੇ ਕਵੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਐਪਰ ਇਸ ਤੋਂ ਜ਼ਰੂਰੀ ਗੱਲ ਹੈ, ਕਿ ਬਾਹਰ ਮੁਖੀ ਹਾਲਤਾਂ ਇਕ ਨਵਾਂ ਮੁਹਾਵਰਾ, ਇਕ ਨਵੀਂ ਭਾਂਤ ਦਾ ਵਿਆਕਰਨ ਅਤੇ ਇਕ ਵਿਸ਼ੇਸ਼ ਭਾਂਤ ਦੇ ਪ੍ਰਗਟਾਵੇ ਦਾ ਰੂਪ ਸਿਰਜਦੀਆਂ ਹਨ। ਜਿਹੜਾ ਕਵੀ, ਇਹਨਾਂ ਕਾਢਾਂ ਨੂੰ ਵਰਤਣ ਵਿਚ ਪਹਿਲ ਕਰਦਾ ਹੈ, ਉਹ ਇੱਕ ਖ਼ਾਸ ਸਮੇਂ ਉੱਤੇ ਇਕ ਸ਼ੈਲੀਕਾਰ ਬਣ ਜਾਂਦਾ ਹੈ। ਫਿਰ ਕਵੀ ਦੂਸਰੇ ਕਵੀਆਂ ਤੋਂ ਉਧਾਰ ਲੈਂਦੇ ਹਨ। ਹੁਣ ਵੀ 'ਮੀਰ' ਅਤੇ ਗ਼ਾਲਿਬ ਤੋਂ ਅਸੀਂ ਉਧਾਰ ਲੈ ਰਹੇ ਹਾਂ। ਇਸ ਲਈ ਇਹ ਇੱਕ ਕੁਦਰਤੀ ਅਮਲ ਹੈ। ਲੋਕੀਂ ਦੂਜਿਆਂ ਤੋਂ ਉਧਾਰ ਲੈਂਦੇ ਹਨ ਤੇ ਜੋ ਦੂਜਿਆਂ ਨੇ ਕੀਤਾ ਹੁੰਦਾ ਹੈ, ਉਸ ਤੋਂ ਲਾਭ ਉਠਾਉਂਦੇ ਹਨ। ਇਸ ਵਿਚ ਕੁਝ ਵੀ ਗਲਤ ਨਹੀਂ, ਇਹ ਕੁਦਰਤੀ ਹੈ। ਇਹ ਸਦਾ ਹੀ ਹੁੰਦਾ ਆਇਆ ਹੈ। ਜੇ ਕੋਈ ਬੈਠਦਾ ਹੈ ਤੇ ਆਖਦਾ ਹੈ ਕਿ ਉਹ ਜੋਸ਼ ਜਾਂ ਕਾਸਮੀ ਜਾਂ ਫ਼ੈਜ਼ ਦੇ ਢੰਗ ਨਾਲ ਲਿਖਣਾ ਚਾਹੁੰਦਾ ਹੈ ਤਾਂ ਉਸਦੀ ਸਮੱਸਿਆ ਹੈ ਤੇ ਇਸ ਉੱਤੇ ਦੋਸ਼ ਕੋਈ ਨਹੀਂ ਹੈ। ਚੰਗੇ ਲੇਖਕ ਆਪਣਾ ਰਾਹ ਆਪ ਲੱਭਦੇ ਹਨ। ਉਹ ਦੂਜਿਆਂ ਕੋਲੋਂ ਉਹ ਚੀਜ਼ ਲੈ ਲੈਂਦੇ ਹਨ, ਜੋ ਚੰਗੀ ਹੈ। ਜਿਵੇਂ ਮੈਂ ਗਾਲਿਬ ਕੋਲੋਂ ਜਾਂ 'ਜੋਸ਼' ਜਾਂ 'ਕਾਸਮੀ' ਕੋਲੋਂ ਕੁਝ ਲੈਂਦਾ ਹਾਂ। ਇਹ ਕੁਦਰਤੀ ਹੈ।

? : ਤੁਹਾਡੀ ਪੀੜ੍ਹੀ ਦੇ ਲੋਕਾਂ ਕੋਲ ਇਕ ਸੁਪਨਾ ਸੀ। ਉਹ ਇਕ ਅੰਦੋਲਨ, ਇਹ ਲਹਿਰ ਦਾ ਅੰਗ ਸਨ। ਫਿਰ ਉਹ ਸੁਪਨਾ ਟੁੱਟ ਗਿਆ, ਭਾਵੇਂ ਕਿ ਤੁਸੀਂ ਕਹਿੰਦੇ ਹੋ ਕਿ ਨਹੀਂ ਟੁੱਟਾ। ਤੁਸੀਂ ਆਖਦੇ ਹੋ ਕਿ ਇਕ ਵਕਫ਼ਾ ਪਿਆ ਹੈ। ਪਰ ਜਿਹੜੀ



ਪੀੜ੍ਹੀ ਤੁਹਾਡੇ ਮਗਰੋਂ ਆਈ ਸੀ, ਉਹ ਤੁਹਾਡੇ ਵਾਂਗ ਨਹੀਂ ਵੇਖਦੀ। ਜਿਹੜੇ ਦੇਸ਼ ਵੰਡ ਤੋਂ ਮਗਰੋਂ ਜੰਮੇ ਜਾਂ ਉਸ ਵੇਲੇ ਚਾਰ ਜਾਂ ਪੰਜ ਸਾਲ ਦੇ ਸਨ, ਉਹ ਇੱਕ ਵੱਖਰਾ ਯਥਾਰਥ ਵੇਖਦੇ ਹਨ। ਉਹ ਵੇਖਦੇ ਹਨ ਕਿ ਰਾਜਨੀਤੀਵਾਨਾਂ ਨੇ ਕੀ ਕਰ ਦਿੱਤਾ ਹੈ ਅਤੇ ਦੇਸ਼ ਨਾਲ ਕੌਮਾਂਤਰੀ ਤੌਰ ਉੱਤੇ ਅਤੇ ਘਰ ਵਿਚ ਕੀ ਵਾਪਰਿਆ ਹੈ। ਬੰਦਾ ਵੇਖਦਾ ਹੈ ਕਿ ਇਹ ਕੋਈ ਵਕਫ਼ਾ ਨਹੀਂ ਹੈ। ਨਿਰਾਸਤਾ, ਰੋਸ ਤੇ ਗੁੱਸੇ ਦੀ ਕਵਿਤਾ ਲਿਖੀ ਜਾ ਰਹੀ ਹੈ। ਤੁਸੀਂ ਇਸ ਨੂੰ ਕਿਵੇਂ ਤੱਕਦੇ ਹੋ ?

ਫ਼ੈਜ਼ : ਮੈਂ ਨਹੀਂ ਸੋਚਦਾ ਕਿ ਇਸਦਾ ਸਾਧਾਰਨੀਕਰਨ ਕਰਨ ਦੀ ਲੋੜ ਹੈ। ਚੰਗੀ ਕਵਿਤਾ, ਚੰਗੀ ਹੁੰਦੀ ਹੈ। ਭਾਵੇਂ ਇਹ ਕਦੋਂ ਲਿਖੀ ਗਈ ਹੋਵੇ। ਅਜੋਕੀ ਚੰਗੀ ਕਵਿਤਾ ਵਿਚ ਯਥਾਰਥਵਾਦ, ਰੋਸ, ਆਸ ਤੇ ਵਿਸ਼ਵਾਸ ਦੇ ਸਾਰੇ ਗੁਣ ਹਨ। ਕਿਉਂਕਿ ਕੋਈ ਲਹਿਰ ਫੁੱਟਦੀ ਪ੍ਰਤੀਤ ਨਹੀਂ ਹੁੰਦੀ, ਹਰ ਵਿਅਕਤੀ ਆਪਣੇ ਕਲਿਆਣ ਲਈ ਰਸਤਾ ਲੱਭ ਰਿਹਾ ਹੈ, ਜੋ ਉਸਨੂੰ ਠੀਕ ਲੱਗਦਾ ਹੈ।

ਮੈਂ ਕਦੇ ਇਹ ਨਹੀਂ ਸੋਚਿਆ ਕਿ ਮੈਂ ਕੁਝ ਅਜਿਹਾ ਕੰਮ ਕੀਤਾ ਹੈ, ਜੋ ਨਵੀਂ ਪੀੜ੍ਹੀ ਕਰਨ ਤੋਂ ਅਸਮਰੱਥ ਹੈ। ਜਿਹਨਾਂ ਕੋਲ ਪ੍ਰਤਿਭਾ ਹੈ, ਉਹ ਇੱਕ ਦਿਨ ਵੱਖਰੇ ਦਿਸਣਗੇ, ਜਿਵੇਂ ਕਿ ਪਹਿਲੀਆਂ ਪੀੜ੍ਹੀਆਂ ਦੇ ਲੋਕਾਂ ਨੇ ਕੀਤਾ ਸੀ।

? : ਤੇ ਹੁਣ ਅੰਤ ਤੇ ਇੱਕ ਘਸੀ-ਪਿਟੀ ਗੱਲ। ਤੁਸੀਂ ਲਿਖਦੇ ਕਿਵੇਂ ਹੋ ?

ਫ਼ੈਜ਼ : ਬੰਦਾ ਲਿਖਦਾ ਕਿਵੇਂ ਹੈ ? ਮੈਨੂੰ ਨਹੀਂ ਪਤਾ ਕਿ ਕਿਵੇਂ ਲਿਖੀਦਾ ਹੈ। ਕਈ ਵਾਰ ਕੋਈ ਕਿਤਾਬ ਪੜ੍ਹਦਿਆਂ, ਇਕ ਮੁਹਾਵਰਾ, ਜਾਂ ਇੱਕ ਵਾਕ, ਜਾਂ ਇਕ ਬਿੰਬ ਜਾਂ ਕੋਈ ਤੁਕ ਮਨ ਵਿਚ ਅਟਕ ਜਾਂਦੀ ਹੈ ਤੇ ਅੰਤ ਉੱਤੇ ਇੱਕ ਕਵਿਤਾ ਬਣ ਜਾਂਦੀ ਹੈ। ਕਈ ਵਾਰ, ਸੰਗੀਤ ਸੁਣਦਿਆਂ, ਕੋਈ ਸੁਰ ਜਾਂ ਕੋਈ ਤਾਲਮਈ ਬਣਤਰ ਕੋਈ ਪ੍ਰਭਾਵ ਛੱਡ ਜਾਂਦੀ ਹੈ। ਅਚਾਨਕ ਹੀ ਮਨ ਵਿਚ ਕੋਈ ਸਤਰ ਆਉਂਦੀ ਹੈ। ਇੱਕ ਗ਼ਜ਼ਲ ਵਿਚ ਪਹਿਲਾਂ ਕੋਈ ਤਾਲ ਦੀ ਬਣਤਰ ਜਿਹੀ ਚੇਤਨਾ ਵਿਚ ਉਭਰਦੀ ਹੈ। ਬੰਦਾ ਉਸਨੂੰ ਉਸਾਰਦਾ ਹੈ।

ਨਜ਼ਮ ਲਈ ਸੋਚਣਾ ਪੈਂਦਾ ਹੈ। ਪਹਿਲਾਂ ਇਕ ਸਤਰ ਆਉਂਦੀ ਹੈ। ਫਿਰ ਤੁਸੀਂ ਕਵਿਤਾ ਦਾ ਕੋਈ ਰੂਪ ਸੋਚਦੇ ਹੋ। ਇਹ ਇੱਕ ਕਾਰੀਗਰ ਦੇ ਕੰਮ ਕਰਨ ਵਾਂਗ ਹੈ। ਇਹ ਉਸਾਰਨੀ ਪੈਂਦੀ ਹੈ। ਤੁਹਾਨੂੰ ਇਹ ਸਾਹਮਣੇ ਰੱਖਣੀ ਪੈਂਦੀ ਹੈ। ਬੁਨਿਆਦੀ ਬਿੰਬ ਤਿੱਖੀ ਨਜ਼ਰ ਹੇਠ ਰੱਖਣਾ ਪੈਂਦਾ ਹੈ। ਤੁਹਾਨੂੰ ਚੀਜ਼ਾਂ ਦਾ ਟਕਰਾ ਕਰਨਾ ਪੈਂਦਾ ਹੈ। ਕੋਈ ਝੂਠੀ ਗੱਲ ਨਹੀਂ। ਸੰਗੀਤ ਸਹੀ ਹੋਵੇ। ਕਈ ਵਾਰ ਕਿਸੇ ਘਟਨਾ ਦਾ ਤਜਰਬਾ ਏਨਾ ਅਚਾਨਕ ਤੇ ਸ਼ਿੱਦਤ ਭਰਿਆ ਹੁੰਦਾ ਹੈ ਕਿ ਪੂਰੀ ਕਵਿਤਾ ਤੁਰੰਤ ਜਨਮ ਲੈਂਦੀ ਹੈ। ਕਈ ਹੋਰ ਮੌਕਿਆਂ ਉੱਤੇ ਮਹੀਨੇ ਵੀ ਲੱਗ ਜਾਂਦੇ ਹਨ।

? : ਕੀ ਤੁਸੀਂ ਕਦੇ ਲੰਮੇਰੀ ਕਵਿਤਾ ਲਿਖਣ ਦੀ ਕੋਸ਼ਿਸ਼ ਕੀਤੀ ਤੇ ਲਿਖ ਨਹੀਂ ਸਕੇ ?

ਫ਼ੈਜ਼ : ਇਕ ਜਾਂ ਦੋ ਵਾਰ, ਮੈਂ ਇਕ ਲੰਮੀ ਕਵਿਤਾ ਲਿਖਣੀ ਚਾਹੀ ਸੀ। ਮੈਂ "ਸਰੇ-ਵਾਦੀਏ ਸੀਨਾ" ਸੰਗ੍ਰਹਿ ਦੀ "ਸਮਰਪਣ" ਕਵਿਤਾ ਲਿਖਣਾ ਚਾਹੁੰਦਾ ਸੀ, ਜੋ ਲੰਮੀ ਹੋਵੇ। ਪਰ ਫਿਰ ਮੈਂ ਲਿਖਦਾ ਲਿਖਦਾ ਬੋਰ ਹੋ ਗਿਆ। "ਦਸਤੇ-ਸਬਾ" ਦੀ ਇੱਕ ਕਵਿਤਾ, "ਜੇਲ੍ਹ ਦੀ ਸਵੇਰ" ਦੀ ਮੈਂ ਲੰਮੀ ਕਵਿਤਾ ਬਣਾਉਣਾ ਚਾਹੁੰਦਾ ਸੀ, ਪਰ ਫਿਰ ਮੈਂ ਛੱਡ ਦਿੱਤੀ।

**"ਫ਼ੈਜ਼-ਅਮਨ ਦਾ ਕਵੀ" ਪੁਸਤਕ ਵਿਚੋਂ ਅਨੁਵਾਦ**
**(ਯੂਨੀਵਰਸਿਟੀ ਸਟੱਡੀ ਸੈਂਟਰ, ਕਰਾਚੀ 2011**

# ਮੇਰਾ ਹਮਸਫ਼ਰ – ਫ਼ੈਜ਼

– ਐਲਸ ਫ਼ੈਜ਼

ਕੀ ਫ਼ੈਜ਼ ਬਾਰੇ ਸੱਚ-ਸੱਚ ਲਿਖਣਾ ਸੰਭਵ ਹੈ? ਕੁਝ ਪੰਨਿਆਂ ਵਿਚ ਉਸ ਨਾਲ ਬਿਤਾਈ, ਪੂਰੀ ਜ਼ਿੰਦਗੀ ਨੂੰ ਸ਼ਾਮਿਲ ਕਰਨਾ, ਚਾਰ ਦਹਾਕਿਆਂ ਤੋਂ ਵੱਧ ਨੂੰ ਉਸਦਾ ਅੰਗ ਬਣ ਕੇ ਲੰਘਾਉਣਾ ਕੀ ਸੌਖਾ ਹੈ? ਨਹੀਂ। ਉਹਨਾਂ ਸਾਲਾਂ ਦੇ ਵਿਸ਼ਾਲ ਦ੍ਰਿਸ਼ ਵਿਚੋਂ ਖ਼ੁਸ਼ੀ ਦੇ, ਦੁੱਖ ਦੇ, ਸੰਘਰਸ਼ ਦੇ, ਜੇਲ੍ਹ ਦੇ ਸਾਲ, ਜਲਾਵਤਨੀ ਦੇ ਸਾਲ, ਬੱਚੀਆਂ ਦੇ ਜਨਮ ਤੇ ਪਾਲਣਾ ਦੇ ਵਰ੍ਹੇ, ਉਸਦੇ ਚੁਗਿਰਦੇ ਨਾਲ ਇਕ-ਸੁਰ ਹੋਣ ਦੇ ਸਾਲ, ਜੋ ਮੇਰੇ ਨਾਲੋਂ ਸਮਾਜਿਕ ਅਤੇ ਸਭਿਆਚਾਰਕ ਅਰਥਾਂ ਵਿਚ, ਮੇਰੇ ਆਰੰਭਕ ਵਾਤਾਵਰਨ ਨਾਲੋਂ ਵੱਖਰੇ ਸਨ। ਬੰਦਾ ਉਹਨਾਂ ਭਰਪੂਰ ਤੇ ਤਸੱਲੀਦਾਇਕ ਵਰ੍ਹਿਆਂ ਦੀ ਤਸਵੀਰ ਨੂੰ ਮੁੜ ਉਸਾਰਨ ਦਾ ਯਤਨ ਕਰਦਾ ਹੈ।

ਜਦੋਂ ਮੈਂ 1938 ਵਿਚ ਭਾਰਤ ਆਈ ਸੀ ਤਾਂ ਮੈਂ ਉਸ ਉਦੇਸ਼ ਪ੍ਰਤੀ ਕੋਈ ਨਵੀਂ ਨਹੀਂ ਸੀ, ਜੋ ਭਾਰਤੀ ਮਨਾਂ ਵਿਚ ਪ੍ਰਮੁੱਖ ਸੀ। ਭਾਰਤ ਦੀ ਆਜ਼ਾਦੀ ਦਾ ਸਵਾਲ ਸਦੀਆਂ ਦੇ ਬਸਤੀਵਾਦ ਤੋਂ ਮੁਕਤੀ ਦਾ ਮੁੱਦਾ। ਮੈਂ ਲੰਡਨ ਵਿਚ, ਸੱਜਾਦ-ਜਹੀਰ, ਇਕਬਾਲ ਸਿੰਘ ਮੁਲਖ-ਰਾਜ-ਆਨੰਦ ਦੇ ਲਾਗੇ ਰਹੀ ਸੀ ਤੇ ਆਪਣੀ ਵਿਹਲ ਦੇ ਸਮੇਂ ਇੰਡੀਅਨ ਲੀਗ ਦੇ ਕ੍ਰਿਸ਼ਨਾ-ਮੈਨਿਨ ਨਾਲ ਕੰਮ ਕੀਤਾ ਸੀ। ਮੇਰਾ ਭਾਰਤ ਆਉਣਾ ਤੇ ਅੰਮ੍ਰਿਤਸਰ ਵਿਚ ਫ਼ੈਜ਼ ਨੂੰ ਮਿਲਣਾ ਅਸਲ ਵਿਚ ਕੋਈ ਦੁਰਘਟਨਾ ਨਹੀਂ ਸੀ। ਮੈਂ ਤਾਂ ਤਾਸੀਰ ਦੀ ਸਾਲੀ ਵਜੋਂ ਉਸਦੇ ਘਰ ਆਈ ਸੀ। ਜਿੱਥੇ ਹਰ ਹਫ਼ਤੇ ਦੇ ਅੰਤ ਉੱਤੇ, ਬੁੱਧੀਜੀਵੀ ਇਕੱਠੇ ਹੁੰਦੇ ਸੀ। ਕਵਿਤਾ, ਰਾਜਨੀਤੀ, ਸਭਿਆਚਾਰ ਵਰਗੇ ਵਿਸ਼ੇ ਦੇਰ ਰਾਤ ਤੀਕ ਵਿਚਾਰੇ ਜਾਂਦੇ ਸਨ ਤੇ ਜਦੋਂ ਵੱਡੀ ਬੈਠਕ ਦੇ ਫਰਸ਼ ਉੱਤੇ ਬਿਸਤਰੇ ਵਿਛਾਏ ਜਾਂਦੇ ਸਨ ਤਾਂ ਪਤਾ ਲੱਗ ਜਾਂਦਾ ਸੀ ਕਿ ਅਗਲੇ ਦਿਨ ਹੋਰ ਵੀ ਬਹੁਤ ਕੁਝ ਹੋਣ ਵਾਲਾ ਸੀ।

ਫ਼ੈਜ਼ ਉਸ ਸਮੇਂ ਐਮ. ਏ. ਓ. ਕਾਲਜ ਵਿਚ ਅੰਗਰੇਜ਼ੀ ਦੇ ਉਸਤਾਦ ਸਨ ਤੇ ਉਹ ਇਥੇ ਬਕਾਇਦਾ ਆਉਂਦੇ ਜਾਂਦੇ ਰਹਿੰਦੇ ਸਨ। ਉਹ ਉਸ ਨੌਜਵਾਨ ਅੰਗਰੇਜ਼ ਲੜਕੀ ਪ੍ਰਤੀ ਕ੍ਰਿਪਾਲੂ ਸਨ। ਜਿਸਨੇ ਅਜੇ ਬਹੁਤ ਕੁਝ ਸਿੱਖਣਾ ਸੀ। ਐਨਾ ਕੁਝ ਸੀ ਜੋ ਉਸਨੂੰ ਹੈਰਾਨ ਕਰਦਾ ਸੀ। ਐਨਾ ਕੁਝ ਸੀ ਜੋ ਉਸਨੂੰ ਨਾਖੁਸ਼ ਕਰਦਾ ਸੀ, ਪਰ ਫਿਰ ਵੀ ਐਨਾ ਕੁਝ ਸੀ ਜੋ ਉਸ ਲਈ ਸੁੰਦਰਤਾ ਅਤੇ ਦਿਲਚਸਪੀ ਲਈ ਅਜੂਬਾ ਸੀ। ਫ਼ੈਜ਼ ਨੇ ਹੋਰਨਾਂ ਵਾਂਗ, ਗੱਲਾਂ ਸਮਝਣ ਵਿਚ ਮੇਰੀ ਸਹਾਇਤਾ ਕੀਤੀ ਅਤੇ ਹੌਲੀ-ਹੌਲੀ ਮੈਂ ਵੇਖਿਆ ਕਿ ਇਸ ਚੁਪ-ਚਾਪ ਜਿਹੇ ਖਾਮੋਸ਼ ਕਵੀ ਕੋਲ ਕਿੰਨੀਆਂ ਕਹਾਣੀਆਂ ਸਨ, ਜੋ ਉਹ ਹਰ ਇਕ ਨੂੰ ਨਹੀਂ ਸੁਣਾਉਂਦਾ ਸੀ ਤੇ ਉਸ ਕੋਲ ਖੁਸ਼ ਕਰਨ ਲਈ ਹਾਸਾ ਵੀ ਸੀ।

ਅਸੀਂ ਸ਼ਾਮ ਨੂੰ ਸੈਰ ਕਰਦੇ ਸੀ। ਪਤਝੜ ਆਰੰਭ ਹੋ ਗਈ ਸੀ ਤੇ ਮਗਰੋਂ ਸਿਆਲ ਆ ਗਿਆ ਤੇ ਉਹਨਾਂ ਧੁਪੀਲੇ ਤੇ ਠੰਡੇ ਦਿਨਾਂ ਤੇ ਸਿਤਾਰਿਆਂ ਭਰੀਆਂ ਰਾਤਾਂ ਵਿਚ ਸਾਡੀ ਦੋਸਤੀ ਵਿਸ਼ੇਸ਼ ਗੱਲ ਬਣ ਗਈ।

ਫ਼ੈਜ਼ ਉਸ ਵੇਲੇ ਗਰੀਬ ਆਦਮੀ ਸੀ। ਉਸਦੇ ਪਰਿਵਾਰ ਦੀ ਮਾੜੀ ਕਿਸਮਤ ਕਿ ਪਿਤਾ ਦੀ ਮੌਤ ਹੋ ਗਈ ਤੇ ਉਹਨਾਂ ਨੂੰ ਸਿਆਲਕੋਟ ਵਾਲਾ ਮਹੱਲ ਵਰਗਾ ਘਰ ਛੱਡਣਾ ਪਿਆ, ਜਿਹੜਾ ਕਿ ਉਹਨਾਂ ਦੇ ਜੱਦੀ ਪਿੰਡ ਕਾਲਾ ਕਾਦਰ ਤੋਂ ਦੂਰ ਨਹੀਂ ਸੀ ਤੇ ਉਹ



ਅਜਿਹੇ ਨਿਮਾਣੀ ਹਾਲਾਤ ਵਿਚ ਲਾਹੌਰ ਆ ਗਏ ਜਿੱਥੇ ਫ਼ੈਜ਼ ਨੇ ਗੌਰਮਿੰਟ ਕਾਲਜ ਤੋਂ ਐਮ. ਏ. ਅੰਗਰੇਜ਼ੀ ਪਾਸ ਕੀਤੀ ਅਤੇ ਔਰੀਐਂਟਲ ਕਾਲਜ ਤੋਂ ਅਰਬੀ ਦੀ ਐਮ. ਏ. ਕੀਤੀ। ਉਹ ਵਿਧਵਾ ਹੋਈਆਂ ਭੈਣਾਂ ਤੇ ਯਤੀਮਾਂ ਦੇ ਵੱਡੇ ਪਰਿਵਾਰ ਦੀ ਸਹਾਇਤਾ ਕਰਨ ਲਈ ਤਿਆਰ ਸੀ।

ਮੇਰੇ ਲਈ ਉਸ ਦੀਆਂ ਜ਼ਿੰਮੇਵਾਰੀਆਂ ਦਾ ਕੋਈ ਅੰਤ ਨਹੀਂ ਸੀ ਦਿਸਦਾ ਤੇ ਅਖ਼ੀਰ ਜਦੋਂ ਅਸੀਂ ਸ਼ਾਦੀ ਬਾਰੇ ਗੱਲ ਕੀਤੀ ਤਾਂ ਮੈਂ ਜਾਣਦੀ ਸੀ ਕਿ ਬਹੁਤ ਵੱਡੀ ਜ਼ਿੰਮੇਵਾਰੀ ਸੀ। ਘਰ ਵਿਚ ਉਹ ਇਕੱਲਾ ਹੀ ਤਨਖਾਹਦਾਰ ਬੰਦਾ ਸੀ ਤੇ ਉਸਦੀ ਤਨਖਾਹ ਪਹਿਲਾਂ ਹੀ ਮੁੱਕੀ ਹੁੰਦੀ ਸੀ।

ਉਹ ਪਹਿਲਾਂ ਹੀ ਕਵੀ ਬਣ ਚੁੱਕਾ ਸੀ ਅਤੇ ਗੌਰਮਿੰਟ ਕਾਲਜ ਦੇ ਦਿਨਾਂ ਵਿਚ ਜਦ ਉਹ ਕਵੀ-ਦਰਬਾਰਾਂ ਵਿਚ ਹਿੱਸਾ ਲੈਂਦਾ ਹੁੰਦਾ ਸੀ ਤਾਂ ਏ. ਐਸ ਬੁਖਾਰੀ ਸਾਹਿਬ ਸੂਫੀ ਤਬੱਸਮ ਨੂੰ ਆਖਦੇ ਹੁੰਦੇ ਸੀ, "ਇਸ ਨੌਜਵਾਨ ਕਵੀ ਵੱਲ ਧਿਆਨ ਦਿਓ।

ਮੇਓ ਕਾਲਜ ਵਿਚ ਉਹਨੀਂ ਦਿਨੀਂ ਪ੍ਰਗਤੀਵਾਦੀ ਰਾਜਸੀ ਵਿਚਾਰਾਂ ਵਾਲੇ ਅਤੇ ਅਕਾਦਮਿਕ ਯੋਗਤਾਵਾਂ ਵਾਲੇ ਸਟਾਫ਼ ਮੈਂਬਰ ਹੁੰਦੇ ਸਨ। ਜਿਵੇਂ ਕਿ ਫ਼ੈਜ਼ ਨੇ ਮੈਨੂੰ ਦੱਸਿਆ ਸੀ। ਇੱਥੇ ਹੀ ਉਸਨੇ ਮੁਹੰਮਦ ਜਫ਼ਰ ਅਤੇ ਰਸ਼ੀਦ ਜਹਾਂ ਵਰਗਿਆਂ ਦੇ ਨਾਲ ਮਾਰਕਸਵਾਦੀ ਵਿਚਾਰਧਾਰਾ ਅਤੇ ਫਲਸਫ਼ੇ ਦਾ ਗੰਭੀਰ ਅਧਿਐਨ ਆਰੰਭ ਕੀਤਾ।

ਮੈਂ ਅੰਮ੍ਰਿਤਸਰ ਸ਼ਹਿਰ ਦੇ ਕੇਂਦਰ ਵਿਚ ਇੱਕ ਸਕੂਲ ਵਰਗੇ ਕਾਲਜ ਵਿਚ ਪੜ੍ਹਾਉਂਦੀ ਸੀ ਤੇ ਸਿਵਿਲ ਲਾਈਨਜ਼ ਤੋਂ ਕੱਟੜਾ ਜੈਮਲ ਸਿੰਘ ਤੀਕ ਟਾਂਗੇ ਉੱਤੇ ਜਾਂਦੀ ਸੀ। ਰਾਹ ਵਿਚ ਗੰਦੇ ਨਾਲੇ ਤੇ ਭੀੜੀਆਂ ਗਲੀਆਂ ਹੁੰਦੀਆਂ ਸਨ ਜੋ ਰੋਜ਼ਮਰੀ ਸਕੂਲ ਤੇ ਕਾਲਜ ਕੋਲ ਜਾ ਕੇ ਮੁੱਕਦੀਆਂ ਸਨ। ਇਥੇ ਮੈਂ ਸਕੂਲ ਦੀਆਂ ਵੱਡੀਆਂ ਜਮਾਤਾਂ ਨੂੰ ਅੰਗਰੇਜ਼ੀ ਅਤੇ ਇੱਕ ਹਿੰਦੂ ਸ਼ਰਮਾਕਲ ਕੁੜੀ ਨੂੰ ਫਰਾਂਸੀਸੀ ਅਖਤਿਆਰੀ ਵਿਸ਼ਾ ਪੜ੍ਹਾਉਂਦੀ ਸੀ। ਕੁੜੀ ਜੋ ਕਦੇ ਵੀ ਮੇਰੇ ਨਾਲ ਅੱਖ ਨਹੀਂ ਮਿਲਾਉਂਦੀ ਸੀ ਤੇ ਜਿਸਨੇ ਅਖ਼ੀਰ ਕਰਾਮਾਤ ਹੀ ਸਮਝੋ ਕਿ ਕਿਵੇਂ ਐਫ. ਏ. ਪਾਸ ਕਰ ਲਈ ਸੀ।

ਮੈਂ ਭਾਰਤ ਤੇ ਫ਼ੈਜ਼ ਨੂੰ ਸਮਝਣ ਲੱਗ ਪਈ ਸੀ, ਜਦ ਉਹ ਗੁਪਤ-ਵਾਸ ਵਰਕਰਾਂ ਦੇ ਗਰੁੱਪਾਂ ਜਿਨ੍ਹਾਂ ਨੂੰ ਰਾਤ ਸਮੇਂ ਪੜ੍ਹਾਉਂਦਾ ਹੁੰਦਾ ਸੀ, ਦੇ ਤਜ਼ਰਬੇ ਸੁਣਾਇਆ ਕਰਦਾ ਸੀ। ਹੈਰਾਨੀ ਦੀ ਗੱਲ ਸਮਝੋ ਕਿ ਕਈ ਦਹਾਕਿਆਂ ਪਿੱਛੋਂ ਉਸਦੇ ਉਹ ਵਿਦਿਆਰਥੀ ਉਸਨੂੰ ਲੰਡਨ ਨੇੜੇ ਸਾਊਥਹਾਲ ਵਿਚ ਪ੍ਰਵਾਸੀਆਂ ਦੇ ਰੂਪ ਵਿਚ ਮਿਲੇ ਸਨ।

ਐਪਰ ਪਰਿਵਾਰ ਲਈ ਇਹ ਤੰਗੀ ਦੇ ਦਿਨ ਸਨ। ਰੁਪਈਆ ਥੋੜ੍ਹਾ ਸੀ ਤੇ ਮੁੰਡੇ ਕੁੜੀਆਂ ਜਵਾਨ ਹੋ ਰਹੇ ਸਨ ਤੇ ਉਹਨਾਂ ਨੂੰ ਪਹਿਲਾਂ ਸਕੂਲ ਤੇ ਫਿਰ ਕਾਲਜ ਘੱਲਣਾ ਪੈ ਰਿਹਾ ਸੀ। ਕੱਚਾ ਰਾਸ਼ਣ, ਚਾਵਲ, ਘਿਉ ਤੇ ਕਣਕ ਪਿੰਡੋਂ ਆਉਂਦੀ ਸੀ ਤੇ ਫ਼ੈਜ਼ ਦੀ ਮਾਤਾ ਅਥਵਾ ਰਾਜਮਾਤਾ, ਜੋ ਪਰਿਵਾਰ ਦੀ ਮੁਖੀ ਸੀ, ਉਹ ਇਸ ਮੁਸ਼ਕਿਲਾਂ ਮਾਰੇ ਪਰਿਵਾਰ ਦੀ ਗੱਡੀ ਨੂੰ ਬਕਾਇਦਾ ਰਫ਼ਤਾਰ ਉੱਤੀ ਤੋਰੀ ਰੱਖਣ ਦਾ ਪ੍ਰਬੰਧ ਕਰਦੀ ਸੀ। ਮੈਂ ਜਦੋਂ ਇਸ ਗਰੀਬ ਪਰ ਮਾਣ-ਮੱਤੇ ਪਰਿਵਾਰ ਵਿਚ ਪਿੱਛੋਂ ਜਾ ਕੇ ਵਿਆਹੀ ਗਈ ਤਾਂ ਮੈਂ ਵੀ ਇਸੇ ਹੀ ਹਾਲਾਤ ਵਿਚੋਂ ਲੰਘੀ।

ਸਾਡਾ ਵਿਆਹ ਪਰਿਵਾਰ ਦੇ ਕੁਝ ਕੱਟੜਪੰਥੀ ਵਿਚਾਰਾਂ ਕਾਰਨ ਕੁਝ ਲੇਟ ਹੋ ਗਿਆ ਸੀ ਤੇ ਫ਼ੈਜ਼ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਸਾਡੇ ਲਈ, ਪਰਿਵਾਰ ਦੀਆਂ ਇੱਛਾਵਾਂ

ਦੇ ਉਲਟ ਵਿਆਹ ਕਰਵਾਉਣ ਨਾਲ, ਲੋੜਵੰਦ ਪਰਿਵਾਰ ਨਾਲੋਂ ਸਾਨੂੰ ਨਿਖੇੜ ਦੇਵੇਗਾ ਤੇ ਉਸਨੂੰ ਉਹਨਾਂ ਦੀ ਲੋੜ ਸੀ। ਅਖ਼ੀਰ ਉੱਤੇ ਇਕ ਸੂਝਵਾਨ ਭੈਣ ਦੀ ਮਦਦ ਨਾਲ ਵਿਰੋਧਤਾ ਖ਼ਤਮ ਹੋ ਗਈ ਤੇ ਵਿਆਹ ਦੀ ਤਾਰੀਖ਼ ਅਕਤੂਬਰ 1941 ਨਿਸ਼ਚਿਤ ਹੋ ਗਈ। ਇਸ ਵੇਲੇ ਤੀਕ ਤਾਸੀਰ ਐਸ. ਪੀ. ਕਾਲਜ ਸ੍ਰੀਨਗਰ ਦਾ ਪ੍ਰਿੰਸੀਪਲ ਬਣ ਗਿਆ ਸੀ। ਜਿਸ ਦਾ ਅਰਥ ਸੀ ਕਿ ਵਿਆਹ ਕਸ਼ਮੀਰ ਵਿਚ ਹੀ ਹੋਵੇਗਾ।

26 ਅਕਤੂਬਰ 1941 ਨੂੰ ਸ਼ਾਨਦਾਰ ਬਰਾਤ ਆਣ ਪਹੁੰਚੀ। ਫ਼ੈਜ਼ ਵਿਆਹ ਦੀ ਮੁੰਦਰੀ ਤੇ ਇੱਕ ਛੋਟਾ ਸੂਟਕੇਸ ਚੱਕੀ ਆਇਆ ਸੀ। ਸੂਟਕੇਸ ਵਿਚ ਉਹ ਕੱਪੜਾ ਸੀ, ਜਿਸਦਾ ਮਗਰੋਂ 'ਵਾਲੀਮਾ' ਦੀ ਲਾਹੌਰ ਵਿਚ ਸਿਲਾਈ ਕਰਵਾਉਣੀ ਸੀ। ਉਸਦੇ ਨਾਲ ਉਸਦਾ ਛੋਟਾ ਭਰਾ 'ਇਨਾਇਤ' ਸੀ ਤੇ ਇੱਕ ਲਾਹੌਰ ਤੋ 'ਨਈਮ' ਨਾਂ ਦਾ ਕਮਿਊਨਿਸਟ ਸੀ। ਕੇਹੀ ਸ਼ਾਨਦਾਰ ਨਿੱਕੀ ਜਿਹੀ ਜੰਞ ਸੀ। ਨਿਰਸੰਦੇਹ ਰਵੀ-ਪੀਰ ਦੀਆਂ ਚਾਚੀਆਂ ਤੇ ਚਾਚਿਆਂ ਨੇ ਸ਼ਿਕਾਇਤ ਕੀਤੀ। ਨਾ ਕੋਈ ਬੈਂਡ, ਨਾ ਢੋਲਾਂ ਦੀ ਆਵਾਜ਼, ਕੇਵਲ ਤਿੰਨ ਆਦਮੀ।

28 ਅਕਤੂਬਰ ਦੀ ਸ਼ਾਮ ਨੂੰ ਸਾਡੀ ਸ਼ਾਦੀ ਹੋਈ ਤੇ ਨਿਕਾਹ ਦੀ ਰਸਮ ਸ਼ੇਖ ਅਬਦੁੱਲਾ ਨੇ ਨਿਭਾਈ। ਇੱਕ ਵਿਸ਼ੇਸ਼ ਲਿਖਤ ਤਿਆਰ ਕੀਤੀ ਗਈ, ਜਿਸ ਤਰ੍ਹਾਂ ਦੀ ਇਲਾਮਾ ਇਕਬਾਲ ਨੇ ਉਸ ਵੇਲੇ ਤਿਆਰ ਕੀਤੀ ਸੀ, ਜਦੋਂ ਮੇਰੀ ਭੈਣ ਅਤੇ ਡਾ. ਤਾਸੀਰ ਦੀ ਸ਼ਾਦੀ ਦੀ ਰਸਮ ਹੋਈ ਸੀ।

ਸਾਡੇ ਕੋਲ ਕੋਈ ਰੁਪਈਆ ਨਹੀਂ ਸੀ। ਅਸੀਂ ਸੱਚ ਹੀ ਗਰੀਬ ਸੀ। ਐਸ਼ ਦੀਆਂ ਚੀਜ਼ਾਂ ਘੱਟ ਸਨ ਤੇ ਸਾਹਮਣੇ ਇਕ ਲੰਮੀ ਜ਼ਿੰਦਗੀ ਸੀ। ਅਸੀਂ ਲਾਹੌਰ ਜਾ ਟਿਕੇ ਤੇ ਫ਼ੈਜ਼ ਨੇ 'ਹੈਲੇ' ਕਾਲਜ ਆਫ਼ ਕਾਮਰਸ ਵਿਚ ਅੰਗਰੇਜ਼ੀ ਲੈਕਚਰਾਰ ਵਜੋਂ ਨੌਕਰੀ ਕਰ ਲਈ, ਜੋ ਉਸਨੂੰ ਬਹੁਤੀ ਪਸੰਦ ਨਹੀਂ ਸੀ। ਅਸੀਂ ਸ਼ਹਿਰ ਛੱਡ, ਨਹਿਰ ਦੇ ਕੰਢੇ ਇਕ ਅਨੁਕੂਲ ਜਗ੍ਹਾ ਚਲੇ ਗਏ ਤੇ ਘਰ ਵਸਾ ਲਿਆ। ਫ਼ੈਜ਼ ਨੇ ਆਪਣਾ ਰਾਜਸੀ ਕੰਮ ਜਾਰੀ ਰੱਖਿਆ, ਕਵਿਤਾ ਲਿਖੀ ਤੇ ਆਪਣੀ ਪਹਿਲੀ ਕਿਤਾਬ ਛਾਪੀ। ਆਲ ਇੰਡੀਆ ਰੇਡੀਓ ਤੋਂ ਕੁਝ ਵਾਧੂ ਪੈਸਾ ਕਮਾਇਆ। ਮੈਂ ਇੱਕ ਵੱਡੇ ਟੱਬਰ ਨਾਲ ਰਹਿਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ, ਜਿੱਥੇ ਇਕ ਨਵੀਂ ਭਾਸ਼ਾ ਸੀ, ਸਾਦਾ ਜੀਵਨ ਸੀ ਤੇ ਇੱਕ ਟੱਬਰ ਦੀ ਪਾਲਣਾ ਦੀ ਉਮੀਦ ਸੀ।

ਸਾਡੇ ਵਿਆਹ ਤੋਂ ਪਹਿਲਾਂ ਸ਼ਿਮਲੇ ਵਿਚ ਸਾਡੇ ਕੁਝ ਮਿੱਤਰ ਬਣ ਗਏ ਸਨ। ਜਿੱਥੇ ਮੈਂ ਇੱਕ ਕਰਨਲ ਅਤੇ ਅਮੀਨਾ ਮਾਜੀਦ ਮਲਕ ਜੋੜੇ ਨਾਲ ਪੜ੍ਹਾਉਣ ਦੀ ਨੌਕਰੀ ਕਰ ਲਈ। ਇਹ ਸ਼ਾਨਦਾਰ ਜੋੜੀ, ਸਾਰਾ ਜੀਵਨ ਸਾਡੀ ਮਿੱਤਰ ਬਣੀ ਰਹੀ। ਅਮੀਨਾ ਮੈਨੂੰ ਹੁਣ ਵੀ ਬਹੁਤ ਪਿਆਰੀ ਹੈ, ਤੇ ਉਸਦੀ ਧੀਰਜ-ਭਰੀ ਭਾਵਨਾ ਸਦਕਾ, ਮੈਂ ਕਈ ਝੱਖੜਾਂ ਦਾ ਟਾਕਰਾ ਕੀਤਾ ਹੈ। ਜੇਲ੍ਹ ਵੇਲੇ ਦਾ ਤੇ ਹੁਣ ਫ਼ੈਜ਼ ਤੋਂ ਬਿਨਾਂ ਇਕੱਲਤਾ ਦਾ।

ਜੰਗ ਹੁਣ ਇੱਕ ਖ਼ਤਰਨਾਕ ਪੜਾਅ ਤੇ ਪਹੁੰਚ ਗਈ ਸੀ। ਜਾਪਾਨੀ ਫੌਜ ਹੁਣ ਭਾਰਤ ਵੱਲ ਵਧ ਰਹੀ ਸੀ। ਕਲਕੱਤੇ ਵਿਚ ਬੰਬਾਰੀ ਹੋ ਚੁੱਕੀ ਸੀ। ਸੋਵੀਅਤ ਯੂਨੀਅਨ ਹੁਣ ਬੜੀ ਸਰਗਰਮੀ ਨਾਲ ਸ਼ਾਮਿਲ ਹੋ ਗਿਆ ਸੀ ਤੇ ਪ੍ਰਗਤੀਵਾਦੀਆਂ ਦੇ ਹੌਂਸਲੇ ਵੱਧ ਗਏ ਸਨ ਅਤੇ ਉਹਨਾਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਫਾਸ਼ਿਜ਼ਮ ਦੀ ਚੜ੍ਹ ਰਹੀ ਕਾਂਗ ਨੂੰ ਠੱਲ੍ਹਣ ਲਈ, ਕਿਸੇ ਵੀ ਢੰਗ ਨਾਲ ਉਸ ਸੰਘਰਸ਼ ਵਿਚ ਸ਼ਾਮਿਲ ਹੋ ਜਾਣ। ਮਾਜੀਦ ਨੇ ਫ਼ੈਜ਼ ਨੂੰ ਆਖਿਆ ਕਿ ਉਹ ਬਰਤਾਨਵੀ ਫੌਜ ਦੇ ਪ੍ਰਚਾਰ ਮੋਰਚੇ ਵਿਚ ਭਰਤੀ ਹੋ ਜਾਵੇ। ਇਹ ਫੈਸਲਾ ਕਰਨਾ ਔਖਾ ਸੀ, ਪਰ ਇਸਨੂੰ ਟਾਲਿਆ ਵੀ ਨਹੀਂ ਸੀ ਜਾ



ਸਕਦਾ। ਅਸੀਂ ਦਿੱਲੀ ਚਲੇ ਗਏ ਤੇ ਉਹ ਭਰਤੀ ਹੋ ਗਿਆ। ਛੇਤੀ ਹੀ ਸਾਨੂੰ ਬਰਤਾਨਵੀ ਫੌਜ ਵਿਚਲੇ ਉਹ ਐਨ.ਈ.ਓ. ਪ੍ਰਗਤੀਵਾਦੀ ਤੱਤ ਟੱਕਰ ਗਏ ਤੇ ਸਾਡੇ ਘਰ ਵਿਚ ਸਟੱਡੀ ਸਰਕਲ ਸ਼ੁਰੂ ਹੋ ਗਏ। ਮੈਨੂੰ ਚੇਤੇ ਆਉਂਦਾ ਹੈ ਕਿ ਪਿੱਛੋਂ ਜਾ ਕੇ 1951 ਵਿਚ ਜਦੋਂ ਰਾਵਲਪਿੰਡੀ ਸਾਜ਼ਿਸ਼ ਕੇਸ ਵਿਚ ਪੁਲਿਸ ਵਲੋਂ ਫ਼ੈਜ਼ ਦੀ ਗ੍ਰਿਫ਼ਤਾਰੀ ਹੋਈ ਤਾਂ ਸਾਡੇ ਘਰ ਦੀ ਤਲਾਸ਼ੀ ਸਮੇਂ ਮਾਰਕਸਵਾਦ ਬਾਰੇ ਬੜੇ ਭੀੜੇ ਜਿਹੇ ਢੰਗ ਨਾਲ ਲਿਖੇ ਕਾਫੀ ਵਰਕੇ ਲੱਭੇ ਸਨ। ਬੜੀ ਲੰਮੀ ਪੁੱਛ-ਗਿੱਛ ਤੇ ਬੇਅੰਤ ਧਮਕੀਆਂ ਦੇ ਬਾਵਜੂਦ ਮੈਂ ਉਹ ਭੇਤ ਨਹੀਂ ਸੀ ਦੱਸੇ ਜੋ ਕਈ ਸਾਲ ਪਹਿਲਾਂ ਫ਼ੈਜ਼ ਨੇ ਮੈਨੂੰ ਸੌਂਪੇ ਸਨ।

ਦਿੱਲੀ ਵਿਚ ਉਹ ਦਿਨ ਬੜੇ ਖ਼ਤਰਨਾਕ ਅਤੇ ਜੋਸ਼ ਭਰੇ ਸਨ। ਫ਼ੈਜ਼ ਭਾਰਤ ਦੇ ਕਈ ਹਿੱਸਿਆਂ ਵਿਚ ਯਾਤਰਾ ਲਈ ਗਿਆ ਤੇ ਉਸਨੇ ਆਪਣੇ ਸੰਪਰਕ ਤੇ ਰਾਜਸੀ ਕੰਮ ਜਾਰੀ ਰੱਖਿਆ।

ਸਾਲੀਮਾ ਦਾ 1942 ਵਿਚ ਦਿੱਲੀ ਵਿਚ ਜਨਮ ਹੋਇਆ ਤੇ ਜ਼ਿੰਮੇਵਾਰੀ ਦੀ ਇੱਕ ਨਵੀਂ ਜ਼ਿੰਦਗੀ ਸ਼ੁਰੂ ਹੋਈ। ਰਿਹਾਇਸ਼ ਦੀ ਤੰਗੀ ਕਾਰਨ ਅਸੀਂ ਤੰਬੂਆਂ ਵਿਚ ਚਲੇ ਗਏ। ਫਿਰ ਕੁਝ ਦੇਰ ਬਾਅਦ ਸਾਨੂੰ ਕਰੋਲ ਬਾਗ ਨੇੜੇ ਇੱਕ ਛੋਟਾ ਘਰ ਮਿਲ ਗਿਆ। ਇਹ ਥਾਂ ਡਾ. ਤੇ ਜਨਾਬ ਸਲੀਮੁਲ ਜੀਮ ਦੇ ਘਰ ਦੇ ਨੇੜੇ ਸੀ ਤੇ ਅਸੀਂ ਉਦੋਂ ਤੋਂ ਲੱਗ ਕੇ ਹੁਣ ਤੀਕਰ ਮਿੱਤਰ ਚਲੇ ਆ ਰਹੇ ਹਾਂ। ਟਿੱਲੀ ਦਾ 1985 ਵਿਚ ਦੇਹਾਂਤ ਹੋ ਗਿਆ ਸੀ ਤੇ ਉਹ ਭਿਆਨਕ ਖਲਾਅ ਛੱਡ ਗਿਆ, ਪਰ ਸਲੀਮਾ ਨੇ ਜੋ ਹੁਣ 87 ਸਾਲਾਂ ਦੀ ਹੈ, ਮੈਨੂੰ ਜਦ ਮੈਂ ਕਰਾਂਚੀ ਜਾਵਾਂ। ਮਿਲਦੀ ਹੈ, ਜਾਂ ਜਦੋਂ ਕਦੇ ਉਹ ਲਾਹੌਰ ਆਉਂਦੀ ਹੈ।

ਮਨੀਜ਼ਾ ਦਾ 1946 ਵਿਚ ਸ਼ਿਮਲੇ ਜਨਮ ਹੋਇਆ ਸੀ। ਮੇਰੀ ਵਿਚਾਰੀ ਸੱਸ ਲਈ ਇਹ ਵੱਡਾ ਸਦਮਾ ਸੀ। ਉਸਨੂੰ ਪੋਤਰੇ ਦੀ ਉਡੀਕ ਸੀ। ਹੌਲੀ-ਹੌਲੀ ਉਸ ਦੀਆਂ ਨੌਂ ਪੋਤਰੀਆਂ ਹੋ ਗਈਆਂ ਸਨ। ਪਰ ਉਹ ਮੇਰੇ ਪ੍ਰਤੀ ਹਮੇਸ਼ਾਂ ਹੀ ਕ੍ਰਿਪਾਲੂ ਰਹੀ, ਭਾਵੇਂ ਕਿ ਅਸੀਂ ਬਹੁਤ ਵੱਖਰੀ ਤਰ੍ਹਾਂ ਦੀਆਂ ਸੀ। ਮੈਨੂੰ ਪਤਾ ਹੈ ਕਿ ਉਹ ਇੱਕ ਗਰੀਬ ਆਦਮੀ ਨਾਲ ਮੇਰੇ ਵਿਆਹੇ ਜਾਣ ਦੀਆਂ ਸਮੱਸਿਆਵਾਂ ਨੂੰ ਸਮਝਦੀ ਸੀ। ਫੌਜ ਦੀ ਤਨਖਾਹ ਨੇ ਸਾਡਾ ਜੀਵਨ ਕੁਝ ਸੌਖਾ ਕਰ ਦਿੱਤਾ ਸੀ, ਪਰ ਸਾਡੀਆਂ ਜ਼ਿੰਮੇਵਾਰੀਆਂ ਘਟੀਆਂ ਨਹੀਂ ਸਨ। ਸ਼ਫ਼ਕਤ ਮੇਰੀ ਭਤੀਜੀ ਸੀ, ਜਿਸਦੀ ਪੜ੍ਹਾਈ ਲਈ ਮੈਂ ਲੜਦੀ ਸੀ। ਉਸਨੂੰ ਅੱਠਵੀਂ ਵਿਚੋਂ ਸਕੂਲੋਂ ਹਟਾ ਲਿਆ ਗਿਆ ਸੀ। ਪਰ ਅਸੀਂ ਡਟੇ ਰਹੇ ਅਤੇ ਅਖ਼ੀਰ ਉਹ ਬੀ. ਏ. ਕਰ ਗਈ। ਇਹ ਲੰਮੀ ਤੇ ਔਖੀ ਲੜਾਈ ਸੀ।

ਸਾਡੇ ਦੋ ਬੱਚੇ ਸਨ ਤੇ ਜੰਗ ਖ਼ਤਮ ਹੋ ਗਈ। ਦੇਸ਼ ਦੀ ਵੰਡ ਹੋ ਰਹੀ ਸੀ ਤੇ ਆਜ਼ਾਦ ਭਾਰਤ ਲਈ ਹੋਰ ਕੋਈ ਹੱਲ ਵੀ ਨਹੀਂ ਸੀ ਰਹਿ ਗਿਆ। ਸਾਡਾ ਭਵਿੱਖ ਪਾਕਿਸਤਾਨ ਨਾਲ ਜੁੜਿਆ ਹੋਇਆ ਸੀ ਤੇ ਫ਼ੈਜ਼ ਨੇ ਮੀਆਂ ਇਫਥਾਰੁਲਦੀਨ ਦੀ 'ਪਾਕਿਸਤਾਨ ਟਾਈਮਜ਼' ਦੇ ਐਡੀਟਰ ਦੀ ਆਈ ਪੇਸ਼ਕਸ਼ ਪ੍ਰਵਾਨ ਕਰ ਲਈ। ਇਸ ਲਈ ਲਾਹੌਰ ਉਸਦੀ ਪੱਤਰਕਾਰੀ ਦੇ ਪੇਸ਼ਾ ਦਾ ਕੇਂਦਰ ਬਣ ਗਿਆ। ਇਹ ਪੇਸ਼ਾ ਸੀ, ਜਿਸ ਸਦਕਾ ਫ਼ੈਜ਼ ਹਰ ਸਰਕਾਰ ਦੇ ਗਲਤ ਪਾਸੇ ਖਲੋਤਾ ਹੁੰਦਾ ਸੀ ਤੇ ਅਖ਼ੀਰ ਭੁੱਟੋ ਆਇਆ। ਨਿੱਡਰ ਪੱਤਰਕਾਰ ਹੋਣ ਦੀ ਉਸ ਦੀ ਪ੍ਰਸਿੱਧਤਾ ਵਧਦੀ ਗਈ ਤੇ ਪਰੋਗਰੈਸਿਵ ਪੇਪਰਜ਼ ਲਿਮਟਿਡ ਏਸ਼ੀਆ ਦੀਆਂ ਵਧੀਆ ਰੋਜ਼ਾਨਾ ਅਖ਼ਬਾਰਾਂ ਵਿਚੋਂ ਇਕ ਬਣ ਗਿਆ।

ਦੇਸ਼-ਵੰਡ ਤੋਂ ਪਹਿਲਾਂ ਮੇਰੀ ਮਾਤਾ ਤੇ ਪਿਤਾ ਇੰਗਲੈਂਡੋਂ ਛੁੱਟੀ ਕੱਟਣ ਲਈ ਭਾਰਤ

ਆਏ। ਉਹਨਾਂ ਨੂੰ ਮਿਲ ਕੇ ਖੁਸ਼ੀ ਹੋਈ। ਉਹਨਾਂ ਨੇ ਕਸ਼ਮੀਰ ਵਿਚ ਗਰਮੀਆਂ ਦੀ ਰੁੱਤੇ ਇੱਕ ਘਰ ਲੈ ਕੇ ਰਹਿਣ ਦਾ ਫੈਸਲਾ ਕੀਤਾ ਤੇ ਸਾਨੂੰ ਵੀ ਇਕੱਠੇ ਕਰ ਲਿਆ। ਜਿਸ ਦਿਨ ਮੈਂ ਉਹਨਾਂ ਕੋਲ ਰਹਿਣ ਲਈ ਜਾਣਾ ਸੀ, ਤੇ ਨਾਲ ਹੀ ਤਾਸੀਰ ਹੋਰਾਂ ਨੂੰ ਵੀ ਮਿਲਣਾ ਸੀ ਤਾਂ ਲਾਹੌਰ ਵਿਚ ਕਹਿਰ ਵਰਤ ਗਿਆ। ਰਾਜਗੜ੍ਹ ਜਲ ਰਿਹਾ ਸੀ। ਹਰ ਥਾਂ ਉੱਤੇ ਫਸਾਦਾਂ ਦੀਆਂ ਖਬਰਾਂ ਸਨ। ਫ਼ੈਜ਼ ਸਾਨੂੰ ਰਾਵਲਪਿੰਡੀ ਤੀਕ ਛੱਡਣ ਆਇਆ ਤੇ ਅੱਗੋਂ ਅਸੀਂ ਬੱਸ ਰਾਹੀਂ ਸ੍ਰੀਨਗਰ ਪਹੁੰਚਣਾ ਸੀ। ਮੈਂ ਤੇ ਦੋ ਨਿੱਕੀਆਂ ਬੱਚੀਆਂ। ਇਹਨਾਂ ਵਿਚੋਂ ਇੱਕ ਦਸ ਮਹੀਨੇ ਦੀ ਸੀ। ਇਹ ਲੰਮਾ ਤੇ ਬਿਖੜਾ ਸਫ਼ਰ ਸੀ ਤੇ ਅਖ਼ੀਰ ਅਸੀਂ ਪਹੁੰਚ ਹੀ ਗਏ। ਇਹ ਉਦਾਸ ਅਤੇ ਭਿਆਨਕ ਗਰਮੀਆਂ ਦੀ ਰੁੱਤ ਸੀ। ਬੱਚੇ ਬੀਮਾਰ ਹੋ ਗਏ ਤੇ ਖਊਂ-ਖਊਂ ਕਰਨ ਲੱਗੇ। ਉਹਨਾਂ ਨੂੰ ਹਸਪਤਾਲ ਲਿਜਾਣਾ ਪਿਆ। ਮੇਰੀ ਮਾਤਾ ਵੀ ਬੀਮਾਰ ਹੋ ਗਈ ਤੇ ਪੰਜਾਬ ਤੋਂ ਬੜੀਆਂ ਭਿਆਨਕ ਖ਼ਬਰਾਂ ਆ ਰਹੀਆਂ ਸਨ। ਹਰ ਦਿਨ ਖੌਫ਼ ਲੈ ਕੇ ਆਉਂਦਾ ਸੀ।

ਅਖ਼ੀਰ ਫ਼ੈਜ਼ ਸਾਨੂੰ ਮਿਲਣ ਲਈ ਆਇਆ ਤੇ ਇਹ ਫੈਸਲਾ ਹੋਇਆ ਕਿ ਸਾਨੂੰ ਇਕ ਦੂਸਰੇ ਦੇ ਨੇੜੇ ਹੋਣਾ ਚਾਹੀਦਾ ਹੈ ਕਿਉਂਕਿ ਕਸ਼ਮੀਰ ਕੱਟਿਆ ਵੀ ਜਾ ਸਕਦਾ ਸੀ। ਅਸੀਂ ਹੇਠਾਂ ਮਰੀ ਤੀਕ ਸਫ਼ਰ ਕੀਤਾ - ਦੋ ਬੀਮਾਰ ਬੱਚੇ ਜੋ ਖਊਂ-ਖਊਂ ਕਰਦੀ ਖੰਘ ਤੋਂ ਸਿਹਤਮੰਦ ਹੋ ਰਹੇ ਸੀ ਤੇ ਨਾਲ ਪ੍ਰੇਸ਼ਾਨ ਹੋਈ ਮਾਂ ਸੀ। ਇਥੇ ਆ ਕੇ ਮੈਂ ਉਹ ਸੱਚਾ ਦੁਖਾਂਤ ਵੇਖਿਆ ਜੋ ਸਾਡੇ ਨੇੜੇ ਹੀ ਵਾਪਰ ਰਿਹਾ ਸੀ। ਅਸਾਂ ਕੁਝ ਨੌਜਵਾਨ ਔਰਤਾਂ ਨੇ ਫੈਸਲਾ ਕੀਤਾ ਕਿ ਉਹਨਾਂ ਸਿੱਖ ਪਰਿਵਾਰਾਂ ਦੀ ਸਹਾਇਤਾ ਕਰੀਏ, ਜੋ ਮਰੀ ਸ਼ਹਿਰ ਵਿਚ ਰਹਿ ਗਏ ਸਨ ਤੇ ਜਿਹਨਾਂ ਭਾਰਤ ਜਾਣਾ ਸੀ। ਅਸਾਂ ਪੰਜ ਬੱਸਾਂ ਕਿਰਾਏ ਤੇ ਕੀਤੀਆਂ ਤੇ ਨੀਯਤ ਦਿਨ ਉੱਤੇ ਸਵੇਰੇ ਸਵੱਖਤੇ ਆਦਮੀਆਂ, ਔਰਤਾਂ ਤੇ ਬੱਚਿਆਂ ਨਾਲ ਭਰ ਦਿੱਤੀਆਂ। ਇਸ ਕਾਫਲੇ ਨੇ ਮੁੱਖ ਅੱਡੇ ਤੋਂ ਰਾਵਲਪਿੰਡੀ ਨੂੰ ਤੁਰਨਾ ਸੀ। ਜਿੱਥੋ ਅੱਗੇ ਇਹਨਾਂ ਨੇ ਗੱਡੀ ਰਾਹੀਂ ਲਾਹੌਰ ਤੇ ਅੱਗੇ ਅੰਮ੍ਰਿਤਸਰ ਪਹੁੰਚਣਾ ਸੀ। ਉਹਨਾਂ ਸਾਰਿਆਂ ਕੋਲ ਖੁਰਾਕ ਤੇ ਪਾਣੀ ਸੀ। ਮਰੀ ਅਤੇ ਰਾਵਲਪਿੰਡੀ ਵਿਚਕਾਰ ਇੱਕ ਛੋਟਾ ਜਿਹਾ ਪਿੰਡ ਸੀ, ਜਿੱਥੇ ਮੁੱਖ ਗਲੀ ਦੇ ਵਿਚੋਂ ਦੀ ਇੱਕ ਨਦੀ ਵਗਦੀ ਸੀ। ਇਸ ਥਾਂ ਉੱਤੇ ਕਾਫਲੇ ਨੂੰ ਰੋਕ ਲਿਆ ਗਿਆ ਤੇ ਆਖਰੀ ਬੱਚੇ ਤੀਕ ਨੂੰ ਕਤਲ ਕਰ ਦਿੱਤਾ ਗਿਆ। ਨਦੀ ਲਹੂ ਨਾਲ ਲਾਲ ਹੋ ਗਈ ਤੇ ਲਾਸ਼ਾਂ ਨਾਲ ਪਿੰਡ ਦੀ ਗਲੀ ਭਰੀ ਪਈ ਸੀ। ਕੀ ਅਸਾਂ ਗਲਤ ਕੰਮ ਕੀਤਾ ਸੀ ? ਕੀ ਇਹ ਸਮੱਸਿਆ ਸਾਨੂੰ ਆਪਣੇ ਹੱਥਾਂ ਵਿਚ ਲੈਣੀ ਚਾਹੀਦੀ ਸੀ ਜਾਂ ਨਹੀਂ ? ਕੀ ਸਾਰਾ ਕਸੂਰ ਸਾਡਾ ਸੀ ? ਅੱਜ ਤੀਕ ਮੈਨੂੰ ਪਤਾ ਨਹੀਂ ਲੱਗਾ। ਅਸੀਂ ਚੰਗੀ ਭਾਵਨਾ ਨਾਲ ਕਾਰਜ ਕੀਤਾ ਸੀ। ਅਸੀਂ ਸ਼ਾਮ ਨੂੰ, ਭਿਆਨਕ ਨਿਰਾਸ਼ਤਾ ਵਿਚ ਇਕੱਠੇ ਹੋਏ ਤੇ ਸੋਗ ਮਨਾਇਆ। ਸਾਡੀਆਂ ਡਾਇਰੀਆਂ ਕਤਲਾਮ ਦੇ ਸ਼ਿਕਾਰ ਹੋਏ ਲੋਕਾਂ ਦੇ ਰਿਸ਼ਤੇਦਾਰਾਂ ਦੇ ਨਾਵਾਂ ਤੇ ਸਿਰਨਾਵਿਆਂ ਨਾਲ ਭਰੀਆਂ ਹੋਈਆਂ ਸਨ।

ਇਸ ਤੋਂ ਛੇਤੀ ਹੀ ਪਿੱਛੋਂ ਸਾਨੂੰ ਫ਼ੈਜ਼ ਨੇ ਸੱਦ ਘੱਲਿਆ। ਉਸ ਲਿਖਿਆ ਕਿ ਆਓ, ਇਕੱਠੇ ਹੋ ਜਾਈਏ। ਚਿੱਠੀ ਕਿਸੇ ਖ਼ਾਸ ਏਲਚੀ ਦੇ ਹੱਥ ਆਈ ਸੀ। ਅਸੀਂ ਰਾਵਲਪਿੰਡੀਓ ਗੱਡੀ ਤੇ ਚੜ੍ਹੇ। ਮੈਂ ਬੁਰਕਾ ਪਹਿਨ ਲਿਆ ਤੇ ਕੋਲ ਕੁਰਾਨ ਲੈ ਲਿਆ। ਮੈਂ ਇੱਕ ਅੰਗਰੇਜ਼ ਔਰਤ ਸੀ ਜੋ ਇਕੱਲੀਕਾਰੀ ਸਫ਼ਰ ਕਰ ਰਹੀ ਸੀ ਤੇ ਹਰ ਥਾਂ ਉੱਤੇ ਕਤਲ ਹੋ ਰਹੇ ਸਨ। ਸਾਡੇ ਉੱਤੇ ਭੈਅ ਭਾਰੂ ਸੀ। ਉਸ ਵਕਤ ਤੀਕ ਲਾਹੌਰ ਵਿਚ ਗੱਡੀਆਂ ਲਾਸ਼ਾਂ ਦੀਆਂ ਭਰੀਆਂ ਆ ਰਹੀਆਂ ਸੀ। ਪਾਗਲਪਨ ਫੈਲਿਆ ਹੋਇਆ ਸੀ।



ਜੀਵਨ ਖ਼ਤਰੇ ਭਰਿਆ ਹੋ ਗਿਆ ਸੀ। ਅਸੀਂ ਸ਼ਰਨਾਰਥੀ ਕੈਂਪਾਂ ਵਿਚ ਕੰਮ ਕੀਤਾ, ਬੀਮਾਰਾਂ ਦੀ ਸੰਭਾਲ ਕੀਤੀ, ਉਹਨਾਂ ਨੂੰ ਭੋਜਨ ਖਵਾਇਆ, ਮਾਂ, ਪਿਤਾ ਤੇ ਬੱਚਿਆਂ ਦੀ ਤਲਾਸ਼ ਕਰ ਰਹੇ ਪਰਿਵਾਰਾਂ ਦੀ ਸੰਭਾਲ ਕੀਤੀ। ਪਰਿਵਾਰ ਨਿੱਖੜ ਗਏ ਸਨ। ਸਾਰੇ ਪਾਸੇ ਬਦਅਮਨੀ ਸੀ। ਮੇਰੇ ਮਾਤਾ-ਪਿਤਾ ਲਈ ਇਹ ਸਾਰਾ ਕੁਝ ਪ੍ਰੇਸ਼ਾਨ ਕਰਨ ਵਾਲਾ ਸੀ ਅਤੇ ਉਹਨਾਂ ਯੂਰਪ ਮੁੜਨ ਦਾ ਫੈਸਲਾ ਕਰ ਲਿਆ। ਅਸੀਂ ਮੁੜ ਨਹੀਂ ਮਿਲ ਸਕੇ। ਫ਼ੈਜ਼ ਦੀ ਜੇਲ੍ਹ ਯਾਤਰਾ ਨੇ ਮੈਨੂੰ ਸਫ਼ਰ ਕਰਨ ਤੋਂ ਰੋਕੀ ਰੱਖਿਆ ਤੇ ਮੇਰੇ ਮਾਤਾ-ਪਿਤਾ ਚਲਾਣਾ ਕਰ ਗਏ। ਮੈਂ ਲੰਡਨ ਜਾਣ ਦੀ ਕੋਸ਼ਿਸ਼ ਕੀਤੀ ਤਾਂ ਕਿ ਆਪਣੇ ਗੰਭੀਰ ਬੀਮਾਰ ਪਿਤਾ ਨੂੰ ਵੇਖ ਸਕਾਂ। ਮੈਂ ਵੀਆਨਾ ਵਿਚ ਹੋ ਰਹੀ ਅਮਨ ਕਾਨਫਰੰਸ ਵਿਚ ਡੈਲੀਗੇਟ ਵਾਲੀ ਟਿਕਟ ਦਾ ਲਾਭ ਲੈਣਾ ਚਾਹੁੰਦੀ ਸੀ। ਪਰ ਸਰਕਾਰ ਨੇ ਜਾਣ ਦੀ ਆਗਿਆ ਨਾ ਦਿੱਤੀ। ਮੈਂ ਹੀ ਗਲਤੀ ਕੀਤੀ ਸੀ, ਜਦੋਂ ਮੈਂ ਬ੍ਰਿਟਿਸ਼ ਪਾਸਪੋਰਟ ਦੀ ਥਾਂ ਆਪਣੇ ਵਕੀਲਾਂ ਦੀ ਸਲਾਹ ਉੱਤੇ, ਪਾਕਿਸਤਾਨੀ ਪਾਸਪੋਰਟ ਲੈ ਲਈ ਸੀ। ਪਰ ਕਾਹਲੀ ਕੀਤੀ ਸੀ....

ਗਾਂਧੀ ਦਾ ਕਤਲ ਹੋ ਗਿਆ ਸੀ ਤੇ ਦੁਨੀਆਂ ਭੌਰ-ਭੌਰੀ ਹੋ ਗਈ ਸੀ। ਫ਼ੈਜ਼ ਸਸਕਾਰ ਵਿਚ ਸ਼ਾਮਿਲ ਹੋਣ ਲਈ ਭਾਰਤ ਗਿਆ। ਉਹਨਾਂ ਦਿਨਾਂ ਵਿਚ ਇਹ ਦਲੇਰੀ ਭਰਿਆ ਕੰਮ ਸੀ। ਪੱਤਰਕਾਵਾਂ ਦੀ ਪ੍ਰਸਿੱਧਤਾ ਬੜੀ ਵੱਧ ਗਈ ਸੀ। ਮੈਂ "ਪਾਕਿਸਤਾਨ ਟਾਈਮਜ਼" ਦੇ ਔਰਤਾਂ ਤੇ ਬੱਚਿਆਂ ਦੇ ਸਫ਼ੇ ਸੰਭਾਲ ਲਏ।

9 ਮਾਰਚ 1951 ਨੂੰ ਵਕਤ ਇੱਕ ਥਾਂ ਖਲੋ ਗਿਆ ਸੀ। ਬਦਨਾਮ ਰਾਵਲਪਿੰਡੀ ਸਾਜਿਸ਼ ਕੇਸ ਘੜਿਆ ਗਿਆ ਤੇ ਫ਼ੈਜ਼ ਨੂੰ ਹੋਰਨਾਂ ਫੌਜੀ ਅਫਸਰਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਜਿੰਨਾ ਚਿਰ ਦੂਸਰੇ ਫੜੇ ਨਹੀਂ ਗਏ, ਫ਼ੈਜ਼ ਨੂੰ ਮਹੀਨਿਆਂ-ਬੱਧ ਇਕੱਲੇ ਨੂੰ ਰੱਖਿਆ ਗਿਆ। ਪਾਰਲੀਮੈਂਟ ਰਾਹੀਂ ਆਨਰ-ਸੀ.ਸੀ ਐਕਟ ਪਾਸ ਕੀਤਾ ਗਿਆ ਤੇ ਹੈਦਰਾਬਾਦ ਸਿੰਧ ਦੇ ਰੇਗਿਸਤਾਨੀ ਸ਼ਹਿਰ ਵਿਚ ਗੁਪਤ ਰੂਪ ਵਿਚ ਜੇਲ੍ਹ ਵਿਚ, ਕੇਸ ਚਲਾਉਣ ਲਈ ਟ੍ਰਿਬਿਊਨਲ ਕਾਇਮ ਕੀਤਾ ਗਿਆ।

ਸਾਡਾ ਨਿੱਕਾ ਸੰਸਾਰ ਢਹਿ ਢੇਰੀ ਹੋ ਗਿਆ। ਮੈਂ ਪੂਰਾ ਸਮਾਂ "ਪਾਕਿਸਤਾਨ ਟਾਈਮਜ਼" ਵਿਚ ਕੰਮ ਕਰਨ ਲੱਗੀ। ਆਪਣੀ ਕਾਰ ਵੇਚ ਦਿੱਤੀ, ਸਾਈਕਲ ਖਰੀਦ ਲਿਆ। ਤੇ ਚਲਦੇ ਫਿਰਦੇ, ਕੰਮ ਕਰਦੇ ਪੱਤਰਕਾਰਾਂ ਵਰਗੀ ਜ਼ਿੰਦਗੀ ਜਿਊਣ ਲੱਗੀ। ਉਦੋਂ ਤੀਕ ਡਾ. ਤਾਸੀਰ ਵੀ ਚਲਾਣਾ ਕਰ ਗਏ ਤੇ ਮੇਰੀ ਭੈਣ ਨੂੰ ਤਿੰਨਾਂ ਬੱਚਿਆਂ ਦੀ ਪਾਲਣਾ ਕਰਨੀ ਪਈ। ਇਹ ਹਾਲਤ ਬਰਬਾਦੀ ਵਰਗੀ ਲੱਗਦੀ ਸੀ। ਪਰ ਹੌਂਸਲਾ ਪਰਤ ਆਇਆ ਤੇ ਲੰਮਾ ਸੰਘਰਸ਼ ਆਰੰਭ ਹੋ ਗਿਆ।

ਆਖ਼ਰਕਾਰ ਸਾਨੂੰ ਫ਼ੈਜ਼ ਨਾਲ ਕੇਂਦਰੀ ਜੇਲ੍ਹ ਵਿਚ ਹੈਦਰਾਬਾਦ ਮੁਲਾਕਾਤ ਕਰਨ ਦੀ ਆਗਿਆ ਮਿਲ ਗਈ। ਅਸਾਂ ਤੀਜੇ ਦਰਜ਼ੇ ਵਿਚ ਘੱਟੇ-ਮਿੱਟੀ ਵਿਚ, 24 ਘੰਟੇ ਸਫ਼ਰ ਕੀਤਾ। ਅਸੀਂ ਪੁਲਸ ਦੀ ਸਖ਼ਤ ਨਿਗਰਾਨੀ ਹੇਠ ਮੁਲਾਕਾਤ ਕੀਤੀ। ਸਾਨੂੰ ਕਾਨੂੰਨੀ ਸਹਾਇਤਾ ਦੀ ਵੀ ਲੋੜ ਪਈ। ਅਸਾਂ ਪੈਸਾ ਉਧਾਰ ਫੜਿਆ ਤੇ ਆਪਣਾ ਵਕੀਲ ਕੀਤਾ। ਕਾਨੂੰਨੀ ਕਾਰਵਾਈ ਆਰੰਭ ਹੋਈ। ਅੱਗੇ ਲੰਮੇ ਸਾਲ ਸਨ। ਮੈਨੂੰ ਹਰ ਦਿਨ ਤੋਂ ਡਰ ਲੱਗਦਾ ਤੇ ਰਾਤ ਦੀ ਉਡੀਕ ਕਰਦੀ। ਭੁੱਲਣ ਦੀ ਆਦਤ ਪੈ ਗਈ। ਮੈਂ ਹੈਰਾਨ ਹੁੰਦੀ ਸੀ ਕਿ ਦਿਨ ਕਿਵੇਂ ਲੰਘਣਗੇ। ਪਰ ਇਹ ਫ਼ੈਜ਼ ਦਾ ਹੌਂਸਲਾ ਸੀ ਕਿ ਜੋ ਮੈਨੂੰ ਕਾਇਮ ਰੱਖਦਾ ਸੀ।

ਫ਼ੈਜ਼ ਤੇ ਮੈਂ ਆਪਣੇ ਉਸ ਲੰਮੇ ਵਕਤ ਦੀਆਂ ਚਿੱਠੀਆਂ ਛਾਪ ਦਿੱਤੀਆਂ ਹਨ।

ਉਸਨੇ ਆਪਣੀਆਂ ਚਿੱਠੀਆਂ ਨੂੰ ਉਰਦੂ ਵਿਚ ਅਨੁਵਾਦ ਕੀਤਾ ਹੈ। ਮੇਰੀਆਂ ਅੰਗਰੇਜ਼ੀ ਵਿਚ ਹਨ। ਇਹ ਦੋ ਪੁਸਤਕਾਂ ਸਾਡੇ ਦੋ ਸਾਲਾਂ ਦੇ ਵਿਛੋੜੇ ਦੀ ਕਹਾਣੀ ਹਨ। ਇਹ ਫ਼ੈਜ਼ ਦੀ ਕਵਿਤਾ ਦੇ ਸਭ ਤੋਂ ਉਪਜਾਊ ਕਾਲ ਦੀ ਵੀ ਕਹਾਣੀ ਹੈ, ਜੋ ਜੇਲ੍ਹ ਦੇ ਉਹਨਾਂ ਸਾਲਾਂ ਵਿਚ ਲਿਖੀਆਂ ਗਈਆਂ ਹਨ। ਆਸ਼ਾਵਾਦ ਦੀ ਕਵਿਤਾ, ਆਸ, ਹੌਸਲੇ ਦੀ ਕਵਿਤਾ ਸਾਡੇ ਸਭ ਲਈ ਪ੍ਰੇਰਨਾ ਦਾ ਸੋਮਾ।

ਜਦੋਂ ਸਜ਼ਾ ਸੁਣਾਈ ਗਈ ਤੇ ਸੁਣਵਾਈ ਖ਼ਤਮ ਹੋਈ। ਫ਼ੈਜ਼ ਨੂੰ ਮਿੰਟਗੁਮਰੀ ਜੇਲ੍ਹ ਵਿਚ ਭੇਜ ਦਿੱਤਾ ਗਿਆ, ਘਰ ਦੇ ਕੁਝ ਨੇੜੇ। ਇਹ ਲਾਹੌਰੋਂ ਤਿੰਨ ਘੰਟੇ ਦਾ ਰਾਹ ਸੀ। ਅਸੀਂ ਚਾਰ ਸਾਲ ਦੀ ਹੋਈ ਸਜ਼ਾ ਦੇ ਮੁੱਕਣ ਦੀ ਉਡੀਕ ਕਰਨ ਲੱਗੇ। ਮਿੱਤਰ, ਇੱਕਜੁਟ ਹੋ ਗਏ ਸਨ, ਤੇ ਹੁਣ ਸਾਲਾਂ ਨੂੰ ਗਿਣਨਾ ਸੌਖਾ ਹੋ ਗਿਆ ਸੀ। ਮਹੀਨੇ, ਹਫਤੇ ਅਤੇ ਦਿਨਾਂ ਉਹਨਾਂ ਤੇ ਨਿਸ਼ਾਨੀ ਲਾਉਣੀ ਤੇ ਆਖਣਾ 'ਇਹ ਵੀ ਲੰਘ ਜਾਣਗੇ' ਕੁੜੀਆਂ ਜਵਾਨ ਹੋ ਰਹੀਆਂ ਸਨ। ਸਾਡੇ ਵਾਲ ਚਿੱਟੇ ਹੋ ਰਹੇ ਸਨ। ਸਾਨੂੰ ਕਿੰਨੀ ਸ਼ਕਤੀ ਦੀ ਜ਼ਰੂਰਤ ਸੀ ? ਸਾਡੇ ਕੋਲ ਕਿੰਨੀ ਜਮ੍ਹਾ ਹੋਈ ਤਾਕਤ ਸੀ ?

ਫਿਰ ਇਕ ਵਿਧਾਨਕ ਸੰਕਟ ਨੇ ਸਜ਼ਾ ਨੂੰ ਘਟਾ ਦਿੱਤਾ। ਇੱਕ ਕਾਨੂੰਨੀ ਨੁਕਤੇ ਤੇ ਪਾਰਲੀਮੈਂਟ ਉਠਾ ਦਿੱਤੀ ਗਈ ਤੇ ਆਰ.ਸੀ. ਸੀ. ਐਕਟ ਰੱਦ ਕਰ ਦਿੱਤਾ ਗਿਆ। ਅਸੀਂ ਰਿਹਾਈ ਲਈ ਅਰਜ਼ੀਆਂ ਦਿੱਤੀਆਂ। ਉਹ ਪ੍ਰਵਾਨ ਹੋ ਗਈਆਂ ਤੇ ਮੈਂ ਕਾਰ ਲੈ ਕੇ ਮਿੰਟਗੁਮਰੀ ਪਹੁੰਚੀ ਤਾਂ ਰਾਤ ਕਾਰਨ ਜੇਲ੍ਹ ਦੇ ਦਰਵਾਜ਼ੇ ਬੰਦ ਹੋ ਚੁੱਕੇ ਸਨ। ਤੇ ਸਵੇਰ ਹੁੰਦੇ ਸਾਰ ਉਨ੍ਹਾਂ ਨੂੰ ਬਦਨਾਮ ਗ੍ਰਿਫਤਾਰੀ ਐਕਟ ਅਧੀਨ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ਸੀ। ਬਾਕੀ ਕੈਦੀਆਂ ਨਾਲ ਵੀ ਇੰਝ ਹੀ ਹੋਇਆ। ਅਖ਼ੀਰ ਕੈਦੀਆਂ ਨੂੰ ਜ਼ਮਾਨਤ ਉੱਤੇ ਰਿਹਾ ਕੀਤਾ ਗਿਆ।

ਸੰਘਰਸ਼ ਮੁੱਕਣ ਦੇ ਨੇੜੇ ਆ ਗਿਆ ਸੀ। ਅਖ਼ੀਰ ਜ਼ਮਾਨਤ ਦੀ ਸ਼ਰਤ ਵੀ ਖ਼ਤਮ ਹੋ ਗਈ ਤੇ ਫ਼ੈਜ਼ ਨੂੰ 'ਪਾਕਿਸਤਾਨ ਟਾਈਮਜ਼' ਵਿਚ ਹਾਜ਼ਰ ਹੋਣ ਦਾ ਸੁਨੇਹਾ ਆ ਗਿਆ। ਫਿਰ ਉਸਨੇ ਚੀਨ ਜਾਣ ਲਈ ਪੱਤਰਕਾਰਾਂ ਦੇ ਇੱਕ ਡੈਲੀਗੇਸ਼ਨ ਦੀ ਅਗਵਾਈ ਕੀਤੀ ?

1958 ਵਿਚ ਬੜੀ ਮੁਸ਼ਕਿਲ ਨਾਲ ਉਸਨੇ ਤਾਸ਼ਕੰਦ ਵਿਚ ਅਫਰੀਕੀ ਏਸ਼ੀਆਈ ਐਸੋਸੀਏਸ਼ਨ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਯਾਤਰਾ ਕੀਤੀ। ਉਹ ਅਜੇ ਉੱਥੇ ਹੀ ਸਨ ਕਿ ਜਨਰਲ ਅਯੂਬ ਖਾਨ ਨੇ ਰਾਜਪਲਟੇ ਨਾਲ ਸੱਤਾ ਤੇ ਕਬਜ਼ਾ ਕਰ ਲਿਆ। ਸਿੱਟੇ ਵਜੋਂ ਸਭ ਪ੍ਰਗਤੀਵਾਦੀ ਗ੍ਰਿਫਤਾਰ ਕਰ ਲਏ ਗਏ। ਜੇਲ੍ਹਾਂ ਭਰ ਗਈਆਂ। 'ਪਾਕਿਸਤਾਨ ਟਾਈਮਜ਼' ਤੇ ਇਸ ਨਾਲ ਸਬੰਧਤ ਸਾਰੀਆਂ ਅਖ਼ਬਾਰਾਂ ਉੱਤੇ ਫੌਜ ਦਾ ਕਬਜ਼ਾ ਹੋ ਗਿਆ।

ਫ਼ੈਜ਼ ਲੰਡਨ ਦੀ ਯਾਤਰਾ ਉੱਤੇ ਗਿਆ ਤੇ ਆਪਣੀ ਫਿਲਮ 'ਜਾਗੋ ਹੂਆ ਸਵੇਰਾ' ਦੀ ਘੁੰਡ-ਚੁਕਾਈ ਵੇਖ ਵਾਪਸ ਪਰਤ ਆਇਆ। ਉਸ ਨੂੰ ਲਾਹੌਰ ਵਿਚ ਦੁਬਾਰਾ 15 ਦਸੰਬਰ 1958 ਨੂੰ ਗ੍ਰਿਫਤਾਰ ਕੀਤਾ ਗਿਆ। ਇੰਝ ਜੇਲ੍ਹ ਦਾ ਇੱਕ ਹੋਰ ਲੰਮਾ ਦੌਰ ਆਰੰਭ ਹੋਇਆ। ਪਰ ਇਹ ਛੇਤੀ ਹੀ ਖ਼ਤਮ ਹੋ ਗਿਆ। ਫਿਰ ਉਹ ਨੌਕਰੀ ਤੋਂ ਵਿਰਵਾ ਸੀ, ਭਾਵੇਂ ਕਿ ਮੈਂ ਅਜੇ ਵੀ 'ਪਾਕਿਸਤਾਨ ਟਾਈਮਜ਼' ਵਿਚ ਕੰਮ ਕਰਦੀ ਸੀ ਤੇ ਘ੍ਰਿਣਾਯੋਗ "ਸੁਲੇਰੀ" ਦੇ ਅਧੀਨ ਹਰ ਪਲ ਬਤੀਤ ਕਰਦੀ ਸੀ।

ਇਹ ਪੰਜਾਬ ਵਿਚ ਗਵਰਨਰ ਕਾਲਾ ਬਾਗ ਦੇ ਦਿਨ ਸਨ। ਫ਼ੈਜ਼ ਨੂੰ ਆਰਟਸ ਕੌਂਸਲ ਦਾ ਕੰਮ ਸੰਭਾਲਣ ਲਈ ਕਿਹਾ ਗਿਆ। ਇਸ ਵਿਚ ਕੁਝ ਸ਼ਰਤਾਂ ਅਤੇ ਪਾਬੰਦੀਆਂ ਸਨ। ਉਸਨੇ ਨਾਂਹ ਕਰ ਦਿੱਤੀ ਤੇ ਕਿਹਾ, "ਕੋਈ ਸ਼ਰਤਾਂ ਨਹੀਂ। ਕੰਮ ਕਰਨ ਦੀ ਪੂਰੀ ਖੁੱਲ



ਚਾਹੀਦੀ ਹੈ।" ਉਹ ਸਹਿਮਤ ਹੋ ਗਏ। ਕੁਝ ਸਮਾਂ ਕੰਮ ਚੱਲਦਾ ਰਿਹਾ ਤੇ ਉਸਨੇ ਕੌਂਸਲ ਦੇ ਕੰਮਾਂ ਵਿਚ ਨਵੀਂ ਜਾਨ ਪਾਈ। ਪਰ ਇਹ ਕੰਮ ਵੀ ਹੌਲੀ-ਹੌਲੀ ਤੇ ਅਵੱਸ਼ ਹੀ ਸੀ.ਆਈ. ਡੀ. ਦੀ ਨਿਗਰਾਨੀ ਹੇਠ ਆ ਗਿਆ। ਸਟਾਫ-ਮੈਂਬਰਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ। ਫ਼ੈਜ਼ ਨੇ ਅਨੁਭਵ ਕੀਤਾ ਕਿ ਇੰਝ ਕੰਮ ਕਰਨਾ ਅਸੰਭਵ ਸੀ। ਉਸਨੇ ਚੇਅਰਮੈਨ ਜਸਟਿਸ ਰਹਿਮਾਨ ਨੂੰ ਆਪਣਾ ਅਸਤੀਫ਼ਾ ਦੇ ਦਿੱਤਾ, ਜੋ ਇਹ ਗਵਰਨਰ ਕੋਲ ਲੈ ਗਿਆ। ਇਹ ਇਕਰਾਰ ਕੀਤਾ ਗਿਆ ਕਿ ਹੁਣ ਹੋਰ ਖੌਫ਼ ਪੈਦਾ ਨਹੀਂ ਕੀਤਾ ਜਾਵੇਗਾ। ਇਹਨਾਂ ਹੀ ਦਿਨਾਂ ਵਿਚ ਵਧੇਰੇ ਕੰਮ ਕਰਨ ਤੇ ਮਾਨਸਿਕ ਪ੍ਰੇਸ਼ਾਨੀ ਕਾਰਨ ਫ਼ੈਜ਼ ਨੂੰ ਦਿਲ ਦਾ ਹਲਕਾ ਜਿਹਾ ਦੌਰਾ ਪਿਆ। ਡਾ. ਸੈਲਟਜ਼ਰ ਨੇ ਉਹਨਾਂ ਦਾ ਇਲਾਜ ਕੀਤਾ।

ਫਿਰ ਲੈਨਿਨ ਸ਼ਾਂਤੀ ਪੁਰਸਕਾਰ ਦਾ ਐਲਾਨ ਹੋਇਆ। ਪ੍ਰੈਸ ਵਿਚ ਰੌਲਾ ਪੈ ਗਿਆ। ਕਿਸੇ ਨੇ ਸਵਾਗਤ ਕੀਤਾ, ਕਿਸੇ ਨੇ ਨਿੰਦਿਆ। ਫ਼ੈਜ਼ ਨੇ ਇਸ ਬਾਰੇ ਸੋਚਿਆ ਤੇ ਆਪਣੀਆਂ ਯੋਜਨਾਵਾਂ ਬਣਾਈਆਂ। ਸਾਲੀਮਾ ਯੂ. ਕੇ. ਵਿਚ ਆਪਣੀ ਉਚੇਰੀ ਪੜ੍ਹਾਈ ਲਈ ਬਿਸਤਰਾ ਬੰਨ੍ਹੀ ਬੈਠੀ ਸੀ। ਜਦੋਂ ਰੌਲਾ ਜ਼ਰਾ ਮੱਠਾ ਪਿਆ, ਜਨਰਲ ਅਯੂਬ ਖਾਂ ਨੇ ਫ਼ੈਜ਼ ਨੂੰ ਮਾਸਕੋ ਜਾਣ ਦੀ ਆਗਿਆ ਦੇ ਦਿੱਤੀ।

ਫਿਰ ਟਾਕਰੇ ਵਜੋਂ ਕੁਝ ਸ਼ਾਂਤੀ ਭਰਿਆ ਸਮਾਂ ਲੰਘਿਆ। ਅਸੀਂ ਸਾਰੇ ਜਣੇ ਦੋ ਸਾਲ ਲੰਡਨ ਰਹੇ। ਮੈਂ ਟੀਚਰ ਵਜੋਂ ਕੰਮ ਕਰਨ ਲਈ ਦੋ ਸਾਲ ਦਾ ਇਕਰਾਰਨਾਮਾ ਲਿਖਿਆ। ਮੋਨੀਜ਼ਾ ਸਕੂਲੇ ਦਾਖਲ ਹੋ ਗਈ ਤੇ ਸਲੀਮਾ ਯੂਨੀਵਰਸਿਟੀ ਚਲੇ ਗਈ। ਫ਼ੈਜ਼ ਨੇ ਖ਼ੂਬ ਸਫਰ ਕੀਤਾ, ਸੁੱਖ ਦੇ ਸਾਹ ਲਏ ਤੇ ਖੁਸ਼ੀ ਪ੍ਰਾਪਤ ਕੀਤੀ। ਪਰ ਉਸਨੂੰ ਮਾਤ-ਭੂਮੀ ਦੀ ਯਾਦ ਸਤਾਉਣ ਲੱਗੀ ਤੇ ਸਾਨੂੰ ਵੀ। ਅਖ਼ੀਰ ਉੱਤੇ ਫ਼ੈਜ਼ ਪਾਕਿਸਤਾਨ ਲਈ ਤੁਰ ਪਿਆ ਤੇ ਉਸਨੂੰ ਕਰਾਚੀ ਵਿਚ ਇਕ ਦਿਲਚਸਪ ਜ਼ਿੰਮੇਵਾਰੀ ਸੌਂਪੀ ਗਈ। ਮਨੀਜ਼ਾ ਨੇ ਓ ਲੈਵਲ ਪਾਸ ਕਰਕੇ ਚਲੇ ਆਈ ਤੇ ਮੇਰਾ ਵੀ ਠੇਕੇ ਦਾ ਸਮਾਂ ਪੂਰਾ ਹੋ ਗਿਆ। ਸਾਲੀਮਾ ਆਪਣੀ ਡਿਗਰੀ ਲੈਣ ਤੀਕ ਰੁਕੀ ਰਹੀ।

ਕਰਾਚੀ ਸਾਡੇ ਲਈ ਸ਼ਾਂਤੀ, ਕੰਮ ਤੇ ਚੰਗੇ ਮਿੱਤਰਾਂ ਦੀ ਸ਼ਰਨਗਾਹ ਸਾਬਿਤ ਹੋਈ। ਫ਼ੈਜ਼ ਨੇ 'ਹਾਰੂੰ ਪਰਿਵਾਰ' ਅਧੀਨ ਸਕੂਲ, ਕਾਲਜ, ਯਤੀਮਖਾਨਾ ਤੇ ਹਸਪਤਾਲ ਦਾ ਸ਼ਾਨਦਾਰ ਪ੍ਰਬੰਧ ਕਾਇਮ ਕਰ ਦਿੱਤਾ। ਮੈਂ ਅਮੀਨਾ ਲਈ ਇੱਕ ਨਰਸਰੀ ਸਕੂਲ ਚਲਾ ਲਿਆ ਤੇ ਅਨੀਜਾ ਨੇ ਕਿਨਾਰਡ ਕਾਲਜ ਲਾਹੌਰ ਵਿਚ ਦਾਖਲਾ ਲੈ ਲਿਆ। ਸਾਲੀਮਾ ਬਾਹਰੋਂ ਵਾਪਿਸ ਪਰਤ ਆਈ, ਸ਼ੋਹਾਬ ਨਾਲ ਸ਼ਾਦੀ ਕਰ ਲਈ ਤੇ ਲਾਹੌਰ ਦੇ ਨੈਸ਼ਨਲ ਕਾਲਜ-ਆਫ਼-ਆਰਟਸ ਵਿਚ ਨੌਕਰੀ ਕਰ ਲਈ। ਅਨੀਜ਼ਾ ਨੇ ਟੀ. ਵੀ. ਟਰੇਨਿੰਗ ਲਈ ਤੇ ਆਪਣੀ ਚੋਣ ਦੇ ਬੰਦੇ ਨਾਲ ਵਿਆਹ ਕਰਾ ਲਿਆ।

ਫਿਰ ਪੂਰਬੀ ਪਾਕਿਸਤਾਨ ਦਾ ਦੁਖਾਂਤ ਵਾਪਰਿਆ ਤੇ ਨੱਬੇ ਹਜ਼ਾਰ ਪਾਕਿਸਤਾਨੀ ਕੈਦੀ ਭਾਰਤ ਵਿਚ ਫਸ ਗਏ। ਹੁਣ ਭੁੱਟੋ ਪਾਕਿਸਤਾਨ ਦਾ ਪ੍ਰਧਾਨਮੰਤਰੀ ਸੀ ਅਤੇ ਉਸਨੇ ਫ਼ੈਜ਼ ਨੂੰ ਨੈਸ਼ਨਲ ਕੌਂਸਲ-ਆਫ਼-ਆਰਟਸ ਦੀ ਜ਼ਿੰਮੇਵਾਰੀ ਸਾਂਭਣ ਲਈ ਸੱਦਾ ਦਿੱਤਾ। ਅਸੀਂ ਇਸਲਾਮਾਬਾਦ ਚਲੇ ਗਏ ਤੇ ਮੈਂ ਸੀ. ਈ. ਐਫ. ਵਿਚ ਕੰਮ ਕਰਨ ਲਈ ਇਕਰਾਰ ਕੀਤਾ। ਮੈਂ ਇਸ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ। ਜੀਵਨ ਕੁਝ ਸੌਖੇਰਾ ਅਨੁਭਵ ਪ੍ਰਤੀਤ ਹੋਣ ਲੱਗਾ। ਘਰ ਨੂੰ ਤਿੰਨ ਦੋਹਤਰਿਆਂ ਨੇ ਭਾਗ ਲਾਇਆ।

ਪਰ ਹੌਲੀ-ਹੌਲੀ ਵਿਰੋਧੀ ਪ੍ਰੈਸ ਨੇ ਫ਼ੈਜ਼ ਦੇ ਵਿਰੁੱਧ ਮੁਹਿੰਮ ਸ਼ੁਰੂ ਕਰ ਦਿੱਤੀ ਤੇ ਨਾਲ ਹੀ ਭੁੱਟੋ ਦੇ ਵਿਰੁੱਧ ਵੀ ਕਿ 'ਇਕ ਕਮਿਊਨਿਸਟ ਨੂੰ ਸਭਿਆਚਾਰਕ ਸਲਾਹਕਾਰ ਬਣਾਇਆ

ਹੋਇਆ ਹੈ।' ਸਿੱਟੇ ਵਜੋਂ ਫ਼ੈਜ਼ ਨੇ ਛੁੱਟੀ ਲਈ ਤੇ ਲਾਹੌਰ ਚਲਾ ਗਿਆ। ਉਸਨੂੰ ਸਭਿਆਚਾਰ ਦੀ ਵਜ਼ਾਰਤ ਵਿਚ ਸਲਾਹਕਾਰ ਬਣਾ ਦਿੱਤਾ ਗਿਆ। ਅਸਾਂ ਇੱਕ ਛੋਟਾ ਜਿਹਾ ਘਰ ਉਸਾਰਿਆ ਤੇ ਦੋਸਤਾਂ ਨਾਲ ਰਲ ਕੇ ਇੱਕ ਨਰਸਰੀ ਸਕੂਲ ਚਾਲੂ ਕੀਤਾ।

ਦੁਬਾਰਾ ਕੁਝ ਸਮੇਂ ਲਈ ਸ਼ਾਂਤੀ ਨਸੀਬ ਹੋਣ ਲੱਗੀ। ਪਰ ਨਹੀਂ ਇੰਝ ਨਹੀਂ ਸੀ। ਜ਼ਿਆ-ਉਲ-ਹੱਕ ਨੇ ਦੇਸ਼ ਉੱਤੇ ਫੌਜੀ ਰਾਜ ਠੌਂਸ ਦਿੱਤਾ ਤੇ ਫ਼ੈਜ਼ ਨੇ ਅਨੁਭਵ ਕੀਤਾ ਕਿ ਇਸ ਸਰਕਾਰ ਨਾਲ ਰਲ ਕੇ ਕੰਮ ਕਰਨ ਦਾ ਸਵਾਲ ਹੀ ਨਹੀਂ ਉੱਠਦਾ। ਉਸਨੇ ਰੁਖ਼ਸਤ ਕੀਤੇ ਜਾਣ ਲਈ ਕਿਹਾ ਤੇ ਕਈ ਜਮ੍ਹਾਂ ਹੋਏ ਬਾਹਰਲੇ ਸੱਦੇ-ਪੱਤਰਾਂ ਦਾ ਲਾਭ ਲੈਣ ਲਈ ਆਗਿਆ ਮੰਗੀ। ਇਸਦਾ ਅਰਥ ਸੀ, ਸਵੈ-ਜਲਾਵਤਨੀ ਤੇ ਵਿਛੋੜੇ ਦਾ ਇਕ ਹੋਰ ਸਮਾਂ। ਪਰ ਅਸਾਂ ਇਸਨੂੰ ਇਹ ਜਾਣ ਕੇ ਪ੍ਰਵਾਨ ਕਰ ਲਿਆ ਕਿ ਨਿਰੰਤਰ ਪ੍ਰੇਸ਼ਾਨੀ ਦਾ ਇਹੀ ਉੱਤਰ ਸੀ ਤੇ ਨਾਲ ਹੀ ਕੋਈ ਅਰਥ-ਭਰਪੂਰ ਰੁਝੇਵੇਂ ਦੀ ਵੀ ਅਣਹੋਂਦ ਸੀ।

'ਲੋਟਸ' ਪੱਤ੍ਰਿਕਾ ਦੇ ਐਡੀਟਰ ਵਜੋਂ ਨਿਯੁਕਤੀ ਦੀ ਵੀ ਸੰਭਾਵਨਾ ਸੀ ਤੇ ਫ਼ੈਜ਼ ਨੇ ਫੈਸਲਾ ਕੀਤਾ ਕਿ ਉਹ ਪ੍ਰਵਾਨ ਕਰ ਲਵੇਗਾ। ਇਸਦਾ ਅਰਥ ਸੀ ਬੈਰੂਤ। ਅਸੀਂ ਦੋਵੇਂ ਉਸ ਵੇਲੇ ਮਾਸਕੋ ਵਿਚ ਸੀ ਜਦੋਂ ਇਹ ਪੇਸ਼ਕਸ਼ ਆਈ ਤੇ ਅਸੀਂ ਬੈਰੂਤ ਪਹੁੰਚ ਗਏ। ਉਥੇ ਅਸੀਂ ਫਲਸਤੀਨੀਆਂ ਦੇ ਬੜੇ ਕੋਲ ਹੋ ਕੇ ਰਹੇ ਤੇ ਕੰਮ ਕੀਤਾ ਤੇ ਬਿਨਾਂ ਕਿਸੇ ਰੋਕ ਦੇ ਸਫ਼ਰ ਕੀਤਾ। ਮੈਂ ਸੋਚਦੀ ਹਾਂ ਕਿ ਸਮੁੱਚੇ ਤੌਰ ਤੇ ਅਸੀਂ ਖੁਸ਼ ਸੀ। ਭਾਵੇਂ ਕਿ ਸਾਡਾ ਪਰਿਵਾਰ ਤੇ ਦੋਸਤ ਦੂਰ ਸਨ। ਸਾਡਾ ਛੋਟਾ ਜਿਹਾ ਘਰ ਮੈਡੀਟੇਰੀਅਨ ਸਾਗਰ ਦੇ ਸਾਹਮਣੇ ਸੀ। ਜਿੱਥੇ ਅਸੀਂ ਦੋ ਸਾਲ ਰਹੇ। ਅੰਤ ਅਜ਼ਰਾਈਲੀਆਂ ਨੇ ਹਮਲਾ ਕਰ ਦਿੱਤਾ। ਉਸ ਸਮੇਂ ਮੈਂ ਥੋੜ੍ਹੀ ਛੁੱਟੀ ਲੈ ਕੇ ਵਾਪਿਸ ਪਾਕਿਸਤਾਨ ਗਈ ਹੋਈ ਸੀ, ਪਰ ਇਹ ਬੈਰੂਤ ਨਾਲੋਂ ਪੱਕਾ ਵਿਛੋੜਾ ਹੀ ਸਾਬਤ ਹੋਇਆ। ਮੈਂ ਪਿਛਲ-ਝਾਤ ਮਾਰ ਕੇ ਵੇਖਦੀ ਹਾਂ ਤੇ ਇੰਝ ਲੱਗਦਾ ਹੈ ਕਿ ਇਹਨਾਂ ਦੋਵਾਂ ਸਾਲਾਂ ਵਿਚ ਅਸੀਂ ਦੋਵੇਂ ਹੀ ਵਿਕਾਸ ਕਰ ਰਹੇ ਸੀ। ਲਿਖਣਾ, ਸਫਰ ਕਰਨਾ ਵਿਸ਼ਵ ਦੇ ਸਭ ਤੋਂ ਬਹਾਦਰ ਲੋਕਾਂ ਨੂੰ ਮਿਲਣਾ ਤੇ ਸਭ ਤੋਂ ਉੱਤੇ, ਅਰਾਫਾਤ ਤੇ ਫਲਸਤੀਨੀਆਂ ਨੂੰ ਜਾਨਣਾ-ਸਮਝਣਾ।

ਜਦੋਂ ਅਜ਼ਰਾਈਲੀ ਬੈਰੂਤ ਪਹੁੰਚੇ ਤਾਂ ਸਭ ਕੁਝ ਤਬਾਹ ਹੋ ਗਿਆ। ਫ਼ੈਜ਼ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਕੇ ਯੂ. ਐਨ. ਓ. ਦੇ ਅਧਿਕਾਰੀਆਂ ਨਾਲ ਦਮੱਸ਼ਕ ਪਹੁੰਚਿਆ। ਉਸ ਵੈਰੀਆਂ ਦੇ ਨਿਸ਼ਾਨੇ ਹੇਠ ਸੀ ਤੇ ਉਸ ਕੋਲ ਰਾਜਦੂਤਕ ਪਾਸਪੋਰਟ ਨਹੀਂ ਸੀ। ਸਾਡੇ ਘਰ ਉੱਤੇ ਬੰਬਾਰੀ ਕੀਤੀ ਗਈ। ਕਈ ਕੀਮਤੀ ਕਿਤਾਬਾਂ ਤੇ ਚੀਜ਼ਾਂ ਤਬਾਹ ਹੋ ਗਈਆਂ। ਮਗਰੋਂ ਸੈਬਰਾ ਤੇ ਸ਼ਾਤੀਲਾ ਦਾ ਕਤਲਾਮ ਵੀ ਹੋਇਆ। ਬੈਰੂਤ ਸਾਡੇ ਲਈ ਇੱਕ ਦਲੇਰੀ-ਭਰੀ ਯਾਦ ਬਣ ਗਈ।

ਪਿੱਛੋਂ ਜਦੋਂ ਮੈਂ ਮਾਸਕੋ ਜਾ ਕੇ ਫ਼ੈਜ਼ ਨੂੰ ਮਿਲੀ ਤਾਂ ਮੈਂ ਅਨੁਭਵ ਕੀਤਾ ਕਿ ਉਹ ਇਸ ਦੁਖਾਂਤ ਤੋਂ ਕਿੰਨਾ ਦੁਖੀ ਸੀ। ਪਰ ਉਹ ਲਿਖਦਾ ਗਿਆ, ਸਫ਼ਰ ਕਰਦਾ - ਸਮੇਂ ਦੀਆਂ ਉਸ ਕੋਲ ਮੰਗਾਂ ਦਾ ਕੋਈ ਅੰਤ ਨਹੀਂ ਸੀ ਤੇ ਉਹ ਆਰਾਮ ਕਰਨ ਲਈ ਸਹਿਮਤ ਨਹੀਂ ਸੀ। ਜਦੋਂ ਲੰਡਨ ਵਿਚ ਉਸਦਾ ਸੰਗ੍ਰਹਿ ਛਪਿਆ ਤਾਂ ਉਹ ਪਹਿਲਾਂ ਹੀ ਆਪਣੇ ਸਮੇਂ ਦਾ ਇੱਕ ਲੀਜੈਂਡ (ਦੰਦ-ਕਥਾ) ਬਣ ਚੁੱਕਾ ਸੀ।

ਉਸ ਪ੍ਰਤੀ ਮੇਰੇ ਪਿਆਰ ਦਾ ਕੋਈ ਹੱਦ-ਬੰਨਾ ਨਹੀਂ ਸੀ ਤੇ ਹੁਣ ਅਸੀਂ ਇਸ ਗੱਲ ਬਾਰੇ ਸਹਿਮਤ ਹੋਣ ਦਾ ਫੈਸਲਾ ਕਰ ਲਿਆ ਸੀ ਕਿ ਸਾਨੂੰ ਆਪਣੀਆਂ ਜ਼ਿੰਦਗੀਆਂ ਦੀ



ਤੋਰ ਨੂੰ ਕੁਝ ਮੱਠਾ ਕਰ ਲੈਣਾ ਚਾਹੀਦਾ ਹੈ। "ਲੋਟਸ" ਪੱਤ੍ਰਿਕਾ ਟਿਊਨਿਸ ਲਿਜਾਈ ਗਈ ਸੀ ਤੇ ਮੁਈਮ ਬਸੀਸੋ (ਫਲਸਤੀਨੀ ਕਵੀ) ਵੀ ਸੁਰਗਵਾਸ ਹੋ ਗਿਆ ਸੀ। ਪਿੱਛੇ ਉਸਦਾ ਦੁੱਖਾਂ ਮਾਰਿਆ ਪਰਿਵਾਰ ਸੀ। ਫ਼ੈਜ਼ ਤੇ ਮੈਂ ਟਿਊਨਿਸ ਗਏ। ਬੈਰੂਤ ਪਿੱਛੋਂ ਇਹ ਉਜਾੜ ਤੇ ਗਰੀਬ ਸੀ ਤੇ ਫਲਸਤੀਨੀ ਖਿੰਡਰੇ-ਪੁੰਡਰੇ ਪਏ ਸਨ। ਹੁਣ ਟਿਊਨਿਸ ਰਹਿਣਾ ਪੈਣਾ ਸੀ, ਪਰ ਇਹ ਰਹਿਣ-ਯੋਗ ਥਾਂ ਨਹੀਂ ਸੀ। ਲੋੜ ਪੈਣ ਉੱਤੇ ਉੱਥੇ ਜਾਇਆ ਜਾ ਸਕਦਾ ਸੀ, ਜਾਂ ਜਿਵੇਂ ਕਿ ਲੋਟਸ ਦੀ ਮੰਗ ਉੱਤੇ।

ਸਾਡੀ ਆਖ਼ਰੀ ਯਾਦਗਾਰੀ ਛੁੱਟੀ 1984 ਦੀ ਗਰਮੀਆਂ ਦੀ ਰੁੱਤ ਵਿਚ ਅਲਮ-ਅੱਤਾ ਦੀ ਸੀ। ਇਹ ਥਾਂ ਸੁੰਦਰ ਤੇ ਸ਼ਾਂਤ ਸੀ ਤੇ ਸਾਡਾ ਇਥੇ ਆਰਾਮ ਕਰਨਾ ਵੀ। ਸਾਡੀਆਂ ਲੋੜਾਂ ਮੁਤਾਬਕ ਵਧੀਆ ਸੀ। ਫ਼ੈਜ਼ ਇੱਕ ਅਰਬੀ ਕਵਿਤਾ ਦਾ ਉਰਦੂ ਵਿਚ ਅਨੁਵਾਦ ਕਰ ਰਿਹਾ ਸੀ। ਉਸਨੇ ਇਹ ਮੁਕੰਮਲ ਕੀਤਾ, ਕਲਮ ਹੇਠਾਂ ਰੱਖੀ ਤੇ ਕਹਿਣ ਲੱਗਾ, "ਪਿਆਰੀ ਤੂੰ ਜਾਣਦੀ ਹੈ ਕਿ ਮੇਰੇ ਵਰਗਾ ਉਰਦੂ ਹੋਰ ਕੋਈ ਨਹੀਂ ਲਿਖ ਸਕਦਾ।" ਮੈਂ ਉਸਨੂੰ ਕਿਹਾ ਕਿ ਉਸਨੂੰ ਹੋਰ ਜ਼ਿਆਦਾ ਲਿਖਣਾ ਚਾਹੀਦਾ ਹੈ। ਉਸ ਆਖਿਆ ਕਿ ਉਹ ਲਿਖੇਗਾ। ਅਸੀਂ ਹੱਸੇ। ਸਾਡੀ ਦੁਭਾਸ਼ਣ ਕਮਰੇ ਵਿਚ ਆਈ ਤੇ ਕਹਿਣ ਲੱਗੀ, "ਉਹ ਤੁਸੀਂ ਕਿੰਨੇ ਖੁਸ਼ ਹੋ।" ਉਸਦਾ ਨਾਂ ਵੀਰਾ ਸੀ। ਉਹ ਸੁੰਦਰ ਸੀ। ਸਾਡੇ ਨਾਲ ਕਿੰਨੀਆਂ ਸੁੰਦਰ, ਦੁਭਾਸ਼ਣਾਂ ਰਹੀਆਂ ਸਨ, ਜਿਨ੍ਹਾਂ ਸਾਰੀਆਂ ਦੇ ਨਾਂ ਚੇਤੇ ਕਰਨੇ ਮੁਸ਼ਕਿਲ ਹਨ। ਵੀਰਾ, ਨਤਾਸ਼ਾ, ਮੀਲਾ, ਬੇਲਾ, ਤਾਨੀਆ, ਮਾਰੀਨਾ..........

ਮੈਂ ਸਮਝਦੀ ਹਾਂ ਕਿ ਮੇਰੀਆਂ ਸਿਮ੍ਰਿਤੀਆਂ ਵਿਚ ਖੱਪੇ ਹਨ। ਜਿਵੇਂ ਮੈਂ ਆਰੰਭ ਵਿਚ ਕਿਹਾ ਸੀ ਕਿ ਫ਼ੈਜ਼ ਨਾਲ ਬਿਤਾਈ ਜ਼ਿੰਦਗੀ ਨੂੰ ਲੱਖਾਂ ਹੀ ਪੰਨਿਆਂ ਨਾਲ ਵੀ ਬਿਆਨਿਆ ਨਹੀਂ ਜਾ ਸਕਦਾ। ਸਾਡਾ ਨਿੱਕਾ ਜਿਹਾ ਘਰ ਉਹਨਾਂ ਨਮੂਨਿਆਂ ਤੇ ਤੋਹਫ਼ਿਆਂ ਨਾਲ ਭਰਿਆ ਪਿਆ ਹੈ, ਜੋ ਅਸਾਂ ਆਪਣੇ ਸਫ਼ਰ ਸਮੇਂ ਇਕੱਠੇ ਕੀਤੇ ਸਨ। ਹੁਣ ਜਦੋਂ ਮੈਂ ਆਪਣੀ ਨਜ਼ਰ ਉਤਾਂਹ ਉਠਾਉਂਦੀ ਹਾਂ ਤਾਂ ਮੈਂ ਬੁਖ਼ਾਰਾ ਦੇ ਮਿੱਟੀ ਦੇ ਘੋੜੇ ਤੱਕਦੀ ਹਾਂ, ਲੈਬਨਾਨ ਦੇ ਕੋਮਲ ਹਰੇ ਸ਼ੀਸ਼ੇ, ਜਰਮਨੀ ਦੇ ਮਿੱਟੀ ਦੇ ਪਕਾਏ ਭਾਂਡੇ, ਦਾਗਸਤਾਨ ਦੇ ਖਿਡੌਣੇ, ਵੀਅਤਨਾਮ ਦੇ ਚੀਨੀ ਮਿੱਟੀ ਦੇ ਹਾਥੀ ਤੇ ਦਮੱਸ਼ਕ ਦੀ ਸੰਦੂਕੜੀ।

ਅਸਾਂ ਉਸਦੀ ਯਾਦ ਨੂੰ ਸ਼ਰਧਾਂਜਲੀ ਦੇਣ ਲਈ ਫ਼ੈਜ਼ ਫਾਊਂਡੇਸ਼ਨ ਸਥਾਪਿਤ ਕੀਤੀ ਹੈ। ਉਸ ਵਰਗੇ ਹੋਰ ਕਈ ਹੌਂਸਲੇ ਤੇ ਪਿਆਰ ਕਰਨ ਵਾਲੇ ਲੋਕਾਂ ਦੀ ਯਾਦ ਲਈ। ਪਿਛਲੇ ਦੋ ਸਾਲਾਂ ਦੌਰਾਨ ਅਸੀਂ 13 ਫਰਵਰੀ ਨੂੰ ਲਾਹੌਰ ਵਿਚ ਮੇਲਾ ਮਨਾਇਆ ਹੈ - ਫ਼ੈਜ਼ ਦਾ ਜਨਮਦਿਨ। ਸਾਲੀਮਾ ਤੇ ਮੈਂ ਇਹਨਾਂ ਹੀ ਦਿਨਾਂ ਵਿਚ ਸਕੈਂਡੇਨੇਵੀਆ ਤੋਂ ਵਾਪਸ ਪਰਤੇ ਹਾਂ। ਫ਼ੈਜ਼ ਸਵੀਡਿਨ ਭਾਸ਼ਾ ਵਿਚ ਅਨੁਵਾਦ ਹੋਇਆ ਤੇ ਪ੍ਰਕਾਸ਼ਕਾਂ ਨੇ ਉਸ ਦੀਆਂ ਕਿਤਾਬਾਂ ਨੂੰ ਨਾਰਵੇ, ਡੈਨਮਾਰਕ ਤੇ ਸਵੀਡਨ ਵਿਚ ਛਾਪਣ ਲਈ ਸਾਨੂੰ ਖੁੱਲਾ ਸੱਦਾ ਵੀ ਭੇਜਿਆ ਹੈ। ਉਹ ਕਿੰਨੇ ਪਿਆਰ-ਮੋਹੇ ਤੇ ਸ਼ਾਨਾਂ-ਮੱਤੇ ਸਨ। ਇਹ ਬੜਾ ਦਿਲ ਹਿਲਾਊ ਤਜ਼ਰਬਾ ਸੀ। ਜਿਵੇਂ ਕਿ ਫ਼ੈਜ਼ ਨਾਲ ਬਿਤਾਈ ਜ਼ਿੰਦਗੀ ਸੀ।

(ਨੋਟ :- ਇਹ ਯਾਦਾਂ ਏਸ਼ੀਆ-ਅਫਰੀਕੀ ਲੇਖਕ ਐਸੋਸੀਏਸ਼ਨ, ਨਵੀਂ ਦਿੱਲੀ ਵਲੋਂ 1988 ਵਿਚ ਯਾਦਗਾਰੀ ਪੁਸਤਕ ਵਜੋਂ ਛਾਪੀ ਗਈ Black Rainbow over my Homeland ਵਿਚੋਂ ਅੰਗਰੇਜ਼ੀ ਚੋਂ ਅਨੁਵਾਦ ਕੀਤੀਆਂ ਗਈਆਂ ਹਨ।)

# ਫ਼ੈਜ਼ ਦੀ ਗਵਰਨਰ ਨਾਲ ਯਾਰੀ

– ਡਾ. ਅਯੂਬ ਮਿਰਜ਼ਾ

ਇੱਕ ਦਿਨ ਗੱਲਾਂ-ਗੱਲਾਂ ਵਿਚ ਪੰਜਾਬ ਦੇ ਸਾਬਕਾ ਗਵਰਨਰ ਗੋਰਮਾਨੀ ਸਾਹਿਬ ਦਾ ਜ਼ਿਕਰ ਆ ਗਿਆ।

ਮੈਂ ਫ਼ੈਜ਼ ਸਾਹਿਬ ਨੂੰ ਪੁੱਛਿਆ, "ਫ਼ੈਜ਼ ਸਾਹਿਬ, ਆਪ ਕਦੀ ਗੋਰਮਾਨੀ ਸਾਹਿਬ ਨੂੰ ਮਿਲੇ ਵੀ ਹੋ?" ਕਹਿਣ ਲੱਗੇ, "ਹਾਂ ਭਈ, ਪੁਰਾਣੀ ਮੁਲਾਕਾਤ ਹੈ।"

ਅਰਜ਼ ਕੀਤਾ, "ਕੈਸੇ ਆਦਮੀ ਹਨ?" ਕਹਿਣ ਲੱਗੇ, "ਭਈ ਗੋਰਮਾਨੀ ਬਹੁਤ ਦਿਮਾਗੀ ਹਨ, ਪੜ੍ਹੇ-ਲਿਖੇ ਹਨ ਅਤੇ ਬੜੀ ਮੰਝੀ ਹੋਈ ਤਕਰੀਰ ਕਰਦੇ ਹਨ।"

"ਫ਼ੈਜ਼ ਸਾਹਿਬ ਅਸਾਂ ਤੇ ਗੋਰਮਾਨੀ ਸਾਹਿਬ ਨੂੰ ਕੇਵਲ ਇੱਕ ਵਾਰ ਕਰਾਚੀ ਸਿਨੇਮੇ ਦੇ ਕੋਲ ਵੇਖਿਆ ਸੀ। ਇਹ ਜਨਵਰੀ 1953 ਦੀ ਗੱਲ ਹੈ। ਮੈਂ ਵਿਦਿਆਰਥੀ ਸੀ ਅਤੇ ਕਰਾਚੀ ਦੇ ਵਿਦਿਆਰਥੀਆਂ ਉੱਤੇ ਇੱਕ ਦਿਨ ਪਹਿਲਾਂ, ਪੱਛਮੀ ਪਾਕਿਸਤਾਨ ਵਿਚ ਪਹਿਲੀ ਵਾਰੀ ਗੋਲੀ ਚਲਾਈ ਗਈ ਸੀ। ਦੂਸਰੇ ਰੋਜ਼ ਗੋਰਮਾਨੀ ਸਾਹਿਬ ਆਪਣੀ ਕਾਰ ਵਿਚ ਸਦਰ ਬਜ਼ਾਰ ਵਿਚ ਸਾਡੇ ਜਲੂਸ ਨੂੰ ਠੰਡਾ ਕਰਨ ਆਏ ਸੀ। ਸਾਡੇ ਵੇਖਦੇ ਹੀ ਵੇਖਦੇ ਇੱਕ ਨੌਜਵਾਨ ਨੇ ਇਹਨਾਂ ਦੀ ਕਾਰ ਦੀ ਟੈਂਕੀ ਨੂੰ ਅੱਗ ਲਾ ਦਿੱਤੀ। ਕਾਰ ਤੋਂ ਚੰਗਿਆੜੇ ਉੱਚੇ ਹੋਏ। ਗੋਰਮਾਨੀ ਸਾਹਿਬ ਪਿੱਛੇ ਹਟੇ। ਮਾਹੌਲ ਗਰਮ ਹੋ ਗਿਆ। ਅਚਾਨਕ ਜੰਨ੍ਹਾਟੇ ਨਾਲ ਕੋਈ ਦਸ ਗਜ਼ ਦੀ ਦੂਰੀ ਤੋਂ ਇੱਕ ਗੋਲੀ ਆਈ ਤੇ ਇਕ ਨੌਜਵਾਨ ਠੰਡਾ ਹੋ ਗਿਆ। ਫਿਰ ਗੋਲੀਆਂ ਦੀ ਬੁਛਾੜ ਸੀ। ਧੂੰਆਂ ਸੀ। ਭਗਦੜ ਸੀ।"

ਫ਼ੈਜ਼ ਸਾਹਿਬ ਕਹਿਣ ਲੱਗੇ, "ਹਾਂ ਭਈ, ਅਸੀਂ ਉਸ ਵਕਤ ਜੇਲ੍ਹ ਵਿਚ ਸੀ। ਆਪ ਲੋਕਾਂ ਦੀ ਹਿੰਮਤ, ਜੁਰਅਤ ਅਤੇ ਜਥੇਬੰਦੀ ਤੋਂ ਬਹੁਤ ਪ੍ਰਭਾਵਿਤ ਹੋਏ ਸੀ। ਸਾਡਾ ਈਮਾਨ ਤਾਜ਼ਾ ਹੋ ਗਿਆ ਕਿ ਅਜੇ ਦੇਸ਼ ਵਿਚ ਮਨਚਲੇ ਬਾਕੀ ਹਨ। ਆਪਣੀ ਨੌਜਵਾਨ ਨਸਲ ਤੋਂ ਅਸੀਂ ਪੁਰ-ਉਮੀਦ ਹੋ ਗਏ ਸੀ।

ਮੈਂ ਅਰਜ਼ ਕੀਤਾ, "ਫ਼ੈਜ਼ ਸਾਹਿਬ, ਆਪ ਨੇ ਕਰਾਚੀ ਵਿਦਿਆਰਥੀਆਂ ਦੇ ਨਾਂ ਕੋਈ ਕਵਿਤਾ ਨਹੀਂ ਲਿਖੀ? ਅਠਾਈ ਮੁੰਡੇ ਮਾਰੇ ਗਏ ਸਨ।"

ਕਹਿਣ ਲੱਗੇ, "ਭਈ ਇਸ ਤੋਂ ਪਹਿਲਾਂ ਈਰਾਨੀ ਵਿਦਿਆਰਥੀਆਂ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ। ਮੈਂ ਇਹਨਾਂ ਲਈ ਲਿਖ ਚੁੱਕਾ ਸੀ। ਕਰਾਚੀ ਦੇ ਵਿਦਿਆਰਥੀਆਂ ਦਾ ਮਜ਼ਮੂਨ ਵੀ ਉਹੀ ਸੀ। ਇਉਂ ਸਮਝ ਲਉ ਕਿ ਇਹ ਨਜ਼ਮ ਕਰਾਚੀ ਅਤੇ ਈਰਾਨ ਦੇ ਵਿਦਿਆਰਥੀਆਂ ਬਾਰੇ ਸਾਂਝੀ ਹੈ।"

ਮੈਂ ਆਖਿਆ, "ਜੇ ਆਪ ਨੇ ਕਿਤਾਬ ਵਿਚ ਇਸ ਗੱਲ ਦੀ ਵਿਆਖਿਆ ਕਰ ਦਿੱਤੀ ਹੁੰਦੀ" ਮੈਂ ਕਰਾਚੀ ਦੇ ਤਾਲਬ ਇਲਮਾਂ ਦੇ ਲਈ ਫ਼ੈਜ਼ ਤੋਂ ਕਵਿਤਾ ਲਿਖਵਾਉਣ ਦੀ ਇੰਝ ਕੋਸ਼ਿਸ਼ ਕਰ ਰਿਹਾ ਸੀ, ਜਿਵੇਂ ਕੋਈ ਅੱਲੜ ਮੁਟਿਆਰ ਘਾਗ "ਸਾਦ ਕੈਨ" (ਚਿੱਤਰਕਾਰ) ਤੋਂ ਪੋਰਟਰੇਟ ਬਣਵਾਉਣ ਦੀ ਪ੍ਰਵਾਨਗੀ ਲੈ ਰਹੀ ਹੋਵੇ। ਅਖ਼ੀਰ ਨੂੰ ਫ਼ੈਜ਼ ਸਾਹਿਬ ਆਖਣ



ਲੱਗੇ, "ਭਈ ਕਰਾਚੀ ਦੇ ਤਲਬਾ ਦਾ ਕਰਜ਼ ਤਾਂ ਅਸੀਂ 'ਸਰੇ-ਵਾਦੀਏ-ਸੀਨਾ' ਦੇ ਸਮਰਪਣ ਵਿਚ ਚੁਕਾ ਚੁੱਕੇ ਸੀ।

ਪੜ੍ਹਨ ਵਾਲਿਆਂ ਦੇ ਨਾਂ  
ਉਹ ਜਿਹੜੇ ਨਗਾਰੇ ਤੇ ਝੰਡਿਆਂ ਦੇ ਮਾਲਕਾਂ  
ਦੇ ਦਰਾਂ ਉੱਤੇ  
ਕਿਤਾਬ ਤੇ ਕਲਮ ਦੀ ਆਸ ਲੈ ਕੇ  
ਹੱਥ ਅੱਡੀ ਪਹੁੰਚੇ ਸਨ  
ਪਰ ਪਰਤ ਕੇ ਘਰ ਨਹੀਂ ਆਏ।  
ਉਹ ਨਿਰਛਲ  
ਜੋ ਭੋਲੇਪਨ ਵਿਚ  
ਆਪਣੇ ਨੰਨੇ ਚਿਰਾਗ਼ਾਂ ਦੀ ਲੋਅ ਦੀ ਲਗਨ ਲਈ  
ਪਹੁੰਚੇ ਸਨ  
ਜਿੱਥੇ ਘਟਾ-ਟੋਪ, ਬੇਅੰਤ  
ਰਾਤਾਂ ਦੇ ਪ੍ਰਛਾਵੇਂ ਸਨ।

ਭਈ, ਸਾਡੀ ਸਮਝ ਵਿਚ ਨਹੀਂ ਆਇਆ ਕਿ ਫ਼ੈਜ਼ ਤੇ ਗੋਰਮਾਨੀ ਦੀ ਦੋਸਤੀ ਕਿਉਂ ਕਰ ਹੋ ਸਕਦੀ ਹੈ। ਅਸਾਂ ਪੁੱਛਿਆ, "ਫ਼ੈਜ਼ ਸਾਹਿਬ ਆਪ ਦੀ ਗੋਰਮਾਨੀ ਨਾਲ ਮੁਲਾਕਾਤ ਕਿਵੇਂ ਹੋਈ? ਕਹਿਣ ਲੱਗੇ, "ਭਈ ਮੁਲਾਕਾਤ ਤਾਂ ਉਹਨਾਂ ਦਿਨਾਂ ਵਿਚ ਹੋਈ ਸੀ। ਜਦੋਂ ਅਸੀਂ ਲਾਹੌਰ ਪੜ੍ਹਾਉਂਦੇ ਹੁੰਦੇ ਸੀ ਅਤੇ ਗੋਰਮਾਨੀ ਸਾਹਿਬ ਸਿੱਖਿਆ ਮਹਿਕਮੇ ਵਿਚ ਪਾਰਲੀਮੈਂਟਰੀ ਸਕੱਤਰ ਸਨ। ਫਿਰ ਦਿੱਲੀ ਵਿਚ ਵੀ ਮੁਲਾਕਾਤਾਂ ਰਹੀਆਂ। ਤਾਜ਼ਾ ਮੁਲਾਕਾਤ ਜੇਲ੍ਹਖਾਨ ਤੋਂ ਨਿਕਲ ਕੇ ਹੋਈ। ਸਾਡੇ ਘਰ ਉੱਤੇ ਉਹਨਾਂ ਨੇ ਸੀ. ਆਈ. ਡੀ. ਦਾ ਪਹਿਰਾ ਬਿਠਾ ਦਿੱਤਾ ਸੀ। ਇਸ ਨਾਲ ਸਾਨੂੰ ਬੜੀ ਸਹੂਲਤ ਹੋ ਗਈ। ਭਈ ਵੇਖੋ ਨਾ, ਹੁਣ ਸਾਨੂੰ ਸਿਗਰਿਟ ਚਾਹੀਦੀ ਹੈ। ਅਸੀਂ ਬਜ਼ਾਰ ਜਾਵਾਂਗੇ ਤੇ ਸਾਡਾ ਪਹਿਰੇਦਾਰ ਵੀ ਨਾਲ ਜਾਵੇਗਾ। ਇਕ ਦਿਨ ਸਾਡੇ ਦੋਹਾਂ ਵਿਚ ਸਹਿਮਤੀ ਹੋ ਗਈ। ਮੈਂ ਵਾਅਦਾ ਕੀਤਾ ਕਿ ਜਦ ਤੂੰ ਬਜ਼ਾਰ ਤੋਂ ਸਿਗਰਿਟ ਲੈ ਕੇ ਵਾਪਸ ਨਹੀਂ ਆ ਜਾਂਦਾ ਮੈਂ ਘਰ ਤੋਂ ਬਾਹਰ ਨਹੀਂ ਜਾਵਾਂਗਾ। ਤੇ ਨਾਲ ਹੀ ਇਹ ਵੀ ਤਹਿ ਹੋਇਆ ਕਿ ਅਸੀਂ ਘਰ ਤੋਂ ਜਿੱਧਰ ਜਾਵਾਂਗੇ ਉਸਨੂੰ ਸਹੀ ਰਸਤੇ ਦੱਸਾਂਗੇ। ਭਈ ਅਸਾਂ ਕਿਹੜਾ ਖੁਫੀਆ ਕੰਮ ਕਰਨਾ ਸੀ। ਬੱਸ ਦੋਸਤਾਂ ਨੂੰ ਮਿਲਣ ਦੀ ਗੱਲ ਸੀ। ਸਾਡੇ ਦੋਸਤਾਂ ਨੂੰ ਸੀ. ਆਈ. ਡੀ. ਵੀ ਜਾਣਦੀ ਸੀ। ਬੜੇ ਮਜ਼ੇ ਨਾਲ ਸਾਡੇ ਤੇ ਸੀ. ਆਈ. ਡੀ. ਵਿਚਕਾਰ ਨਿਭਦੀ ਰਹੀ।

ਇਕ ਦਿਨ ਅਸੀਂ ਘਰ ਤੋਂ ਨਿਕਲੇ ਤਾਂ ਪਹਿਰੇਦਾਰ ਨੇ ਸਲਾਮ ਕੀਤਾ। ਐਲਸ ਨਾਲ ਹੀ ਆਖਣ ਲੱਗੀ The wretched of the Earth (ਦੁਨੀਆਂ ਦੇ ਦੁਖਿਆਰੇ) ਫਿਰ ਬੋਲੀ ਗਰੀਬ ਰੂਹ (Poor Soul) ਮੈਂ ਪਹਿਰੇਦਾਰ ਨੂੰ ਕਿਹਾ, "ਅੱਜ ਅਸੀਂ ਗਵਰਨਰ ਗੋਰਮਾਨੀ ਸਾਹਿਬ ਦੇ ਘਰ ਸੱਦੇ ਗਏ ਹਾਂ। ਪਹਿਰੇਦਾਰ ਭੁਚੱਕਾ ਜਿਹਾ ਰਹਿ ਗਿਆ।

ਸਮਝਿਆ ਸ਼ਾਇਦ ਅਸੀਂ ਮਜ਼ਾਕ ਕਰ ਰਹੇ ਹਾਂ। ਪਰ ਫਿਰ ਸ਼ਾਇਦ ਸੋਚ ਕੇ ਕਿ ਅਸੀਂ ਇਕਰਾਰ ਦੇ ਪੱਕੇ ਹਾਂ। ਉਸਨੂੰ ਗਲਤ ਰਾਹ ਤੇ ਨਹੀਂ ਪਾਵਾਂਗੇ, ਚੁੱਪ ਹੋ ਗਿਆ। ਉਹ ਸਾਡਾ ਗਵਰਨਰ-ਹਾਊਸ ਤੀਕ ਪਿੱਛਾ ਨਾ ਕਰ ਸਕਿਆ। ਉਸਦੀ ਏਨੀ ਹਿੰਮਤ ਨਹੀਂ ਸੀ।

ਕੁਝ ਦਿਨਾਂ ਬਾਅਦ ਅਸੀਂ ਫਿਰ ਗਵਰਨਰ ਦੇ ਘਰ ਗਏ। ਪਹਿਰੇਦਾਰ ਦੀ ਨੀਂਦ ਹਰਾਮ ਹੋ ਚੁੱਕੀ ਸੀ। ਇੱਕ ਦਿਨ ਮੈਨੂੰ ਰੋਕ ਕੇ ਪੁੱਛਦਾ ਹੈ ਕਿ ਸਾਹਿਬ ਮੈਨੂੰ ਜ਼ਰਾ ਇਹ ਤਾਂ ਸਮਝਾਓ ਕਿ ਇਕ ਪਾਸੇ ਸਾਨੂੰ ਹੁਕਮ ਮਿਲਿਆ ਹੋਇਆ ਹੈ ਕਿ ਆਪ ਉੱਤੇ ਕੜੀ ਨਿਗਾਰ ਰੱਖੋ। ਹਰ ਆਏ ਗਏ ਦੇ ਬਾਰੇ ਸਭ ਜਾਣਕਾਰੀ ਪ੍ਰਾਪਤ ਕਰੋ। ਦੂਸਰੇ ਪਾਸੇ ਆਪ ਆਏ ਦਿਨ ਗਵਰਨਰ ਸਾਹਿਬ ਦੇ ਘਰ "ਯਿਹ ਮਾਜਰਾ ਕਿਆ ਹੈ।" ਸਾਨੂੰ ਕੌਣ ਬੇਵਕੂਫ ਬਣਾ ਰਿਹਾ ਹੈ। ਮੈਂ ਤਾਂ ਬਾਲ ਬੱਚੇਦਾਰ ਆਦਮੀ ਹਾਂ। ਆਪ ਨਾਰਾਜ਼ ਨਾ ਹੋਵੋ। ਮੈਂ ਤੇ ਨੌਕਰੀ ਕਰ ਰਿਹਾ ਹਾਂ। ਫ਼ੈਜ਼ ਸਾਹਿਬ ਕਹਿਣ ਲੱਗੇ, "ਮੈਂ ਉਸ ਨੂੰ ਨੌਕਰੀ ਜਾਰੀ ਰੱਖਣ ਦੀ ਤਾਕੀਦ ਕੀਤੀ ਤੇ ਸਮਝਾਇਆ ਕਿ ਇਹਨਾਂ ਚੱਕਰਾਂ ਵਿਚ ਨਾ ਪਵੇ। ਸਿਰਫ਼ ਈਮਾਨ ਕਾਇਮ ਰੱਖੇ ਤੇ ਬੀਬੀ-ਬੱਚਿਆਂ ਦਾ ਪੇਟ ਪਾਲਦਾ ਰਹੇ।

ਮੇਰਾ ਈਮਾਨ ਡੋਲਣ ਲੱਗਾ। ਮੈਂ ਕਿਹਾ, "ਫ਼ੈਜ਼ ਸਾਹਿਬ, ਆਪ ਇਹ ਆਏ ਦਿਨ ਗਵਰਨਰ ਗੋਰਮਾਨੀ ਦੇ ਘਰ ਕੀ ਕਰਦੇ ਸੀ ? ਬੋਲੇ ਭਈ ਗੱਪਸ਼ੱਪ ਮਾਰਦੇ ਸੀ ਤੇ ਕਦੇ ਕੋਈ ਤਹਿਰੀਰ (ਲਿਖਤ) ਜਾਂ ਤਕਰੀਰ ਦੇ ਸੰਬੰਧੀ ਸਲਾਹ ਆਦਿ ਕਰ ਲਿਆ ਕਰਦੇ ਸੀ।"

ਫ਼ੈਜ਼ ਸਾਹਿਬ ਲਾਹੌਰ ਸੈਂਟਰਲ ਜੇਲ੍ਹ ਵਿਚ ਸਨ। ਇੱਕ ਦਿਨ ਦਰਦੇ-ਦਿਲ ਦੀ ਥਾਂ, ਉਹਨਾਂ ਦੇ ਦੰਦਾਂ ਵਿਚ ਸਖ਼ਤ ਦਰਦ ਹੋਇਆ। ਕਹਿਣ ਲੱਗੇ, "ਸਵੇਰੇ ਮੈਨੂੰ ਪੁਲਿਸ ਦੀ ਗੱਡੀ ਵਿਚ ਗਾਰਦ ਦੇ ਨਾਲ ਡੈਂਟਲ ਹਸਪਤਾਲ ਲਿਆਂਦਾ ਗਿਆ। ਲਾਹੌਰ ਸ਼ਹਿਰ ਦੇ ਗਲੀ-ਕੂਚਿਆਂ ਵਿਚੋਂ ਦੀ ਲੰਘੇ। ਤਾਜ਼ਾ ਹਵਾ ਨੂੰ ਬਾਰ-ਬਾਰ ਅੰਦਰ ਖਿੱਚਿਆ। ਖਾਂਚੇ ਵਾਲੇ, ਤਾਂਗਿਆਂ ਵਾਲੇ, ਰੇਹੜੇ, ਬੈਲ-ਗੱਡੀਆਂ, ਸਭ ਵਿਛੜੇ ਹੋਏ ਯਾਰਾਂ ਵਾਂਗੂੰ ਮੇਰੇ ਕਰੀਬ ਤੋਂ ਲੰਘੇ, ਬਹੁਤ ਮਜ਼ਾ ਆਇਆ। ਫਿਰ ਇਹ ਰੋਜ਼ ਦਾ ਕੰਮ ਬਣ ਗਿਆ। ਡਾਕਟਰ ਸਾਹਿਬ ਸਾਨੂੰ ਰੋਜ਼ ਬੁਲਵਾ ਲੈਂਦੇ। ਸਾਡੇ ਦੰਦਾਂ ਵਿਚ ਕੋਈ ਦਵਾ ਲਾ ਦਿੰਦੇ ਅਤੇ ਦੂਸਰੇ ਦਿਨ ਫਿਰ ਬੁਲਵਾ ਲੈਂਦੇ। ਇਕ ਦਿਨ ਨਾ ਜਾਣੇ ਕਿਉਂ ਜੇਲ੍ਹ ਵਾਲਿਆਂ ਦੇ ਪਾਸ ਕੋਈ ਗੱਡੀ ਨਹੀਂ ਸੀ। ਜੇਲ੍ਹਰ ਨੇ ਦੱਸਿਆ ਕਿ ਅੱਜ ਗੱਡੀ ਨਹੀਂ ਹੈ। ਅਸੀਂ ਜ਼ਿੱਦ ਕੀਤੀ, ਕਿ ਡਾਕਟਰ ਦੇ ਕੋਲ ਜਾਣਾ ਹੈ। ਜੇਲ੍ਹਰ ਨੇ ਕਿਹਾ, "ਫ਼ੈਜ਼ ਸਾਹਿਬ ਫਿਰ ਤੇ ਇਹ ਗੱਲ ਹੈ ਕਿ ਆਪ ਟਾਂਗੇ ਉੱਤੇ ਜਾਓ, ਪਰ ਆਪਨੂੰ ਹੱਥਕੜੀ ਲਵਾਉਣੀ ਪਵੇਗੀ।" ਮੈਂ ਆਖਿਆ, "ਮਨਜ਼ੂਰ ਹੈ। ਮੈਂ ਟਾਂਗੇ ਵਿਚ ਸਵਾਰ ਹੱਥਕੜੀ ਤੇ ਖ਼ੈਰ ਨਹੀਂ ਲਾਈ ਗਈ, ਪਰ ਪੁਲਿਸ ਵਾਲੇ ਸੰਗੀਨਾਂ ਤਾਣੀ ਮੇਰੇ ਦੋਹੀਂ ਪਾਸੇ ਬੈਠ ਗਏ, ਜਿਵੇਂ ਕਿ ਮੈਂ ਹੁਣੇ ਛਾਲ ਮਾਰ ਕੇ ਨੱਠ ਜਾਊਂਗਾ।"

ਅਜੀਬ ਦ੍ਰਿਸ਼ ਸੀ। ਅਸੀਂ ਲਾਹੌਰ ਦੀਆਂ ਜਾਣੀਆਂ-ਪਛਾਣੀਆਂ ਸੜਕਾਂ ਤੋਂ ਲੰਘ ਰਹੇ ਸੀ। ਲਾਹੌਰ ਸਾਡਾ ਤਮਾਸ਼ਾ ਵੇਖ ਰਿਹਾ ਸੀ। ਫਿਰ ਲੋਕਾਂ ਨੇ ਸਾਨੂੰ ਪਛਾਣ ਲਿਆ।



ਬਜ਼ਾਰ ਵਿਚੋਂ ਦੀ ਸਾਡਾ ਟਾਂਗਾ ਜਾ ਰਿਹਾ ਸੀ ਤੇ ਇਸਦੇ ਇਰਦ-ਗਿਰਦ ਬਾ-ਵਫ਼ਾ ਯਾਰਾਂ ਦਾ ਹਜੂਮ। ਇਸ ਵਿਚ ਨਾਨ-ਬਾਈਆਂ ਤੋਂ ਲੱਗ ਕੇ ਵੱਡੇ ਪੱਤਰਕਾਰਾਂ ਤੀਕ ਸ਼ਾਮਿਲ ਸਨ। ਬਿਲਕੁਲ ਜਲੂਸ ਵਰਗੀ ਸ਼ਕਲ ਬਣ ਗਈ। ਮੈਂ ਜ਼ਿੰਦਗੀ ਵਿਚ ਐਸਾ ਦਿਲ-ਖਿੱਚਵਾਂ ਜਲੂਸ ਨਹੀਂ ਵੇਖਿਆ। ਇਸ ਪਿੱਛੋਂ ਹੀ ਉਹ ਨਜ਼ਮ ਲਿਖੀ ਸੀ ।

**ਅੱਜ ਬਾਜ਼ਾਰ ਮੇਂ ਪਾਬ-ਜੌਲਾਂ ਚਲੋ।**
**ਅੱਜ ਪੈਰੀਂ ਬੇੜੀਆਂ ਪਾ ਕੇ ਚੱਲੋ।**

**2.**

ਫ਼ੈਜ਼ ਸਾਹਿਬ ਆਪ ਦੇ ਪਿਤਾ ਖਾਨ ਬਹਾਦਰ ਸਨ। ਤੁਹਾਡੇ ਪਿੰਡ ਵਿਚ ਤੁਹਾਡੀ ਕੋਈ ਜ਼ਮੀਨ ਆਦਿ ਨਹੀਂ ਸੀ ?

"ਭਈ ਜਾਇਦਾਦ ਤਾਂ ਕਾਫ਼ੀ ਸੀ। ਤੁਸੀਂ ਪਿੰਡ ਵਿਚਲੀ ਜ਼ਮੀਨ ਬਾਰੇ ਪੁੱਛ ਰਹੇ ਹੋ। ਮੈਂ ਆਖਿਆ, ਜੀ ਹਾਂ, ਇਹ ਇਸ ਲਈ ਪੁੱਛ ਰਿਹਾ ਹਾਂ ਕਿ ਮੇਰੇ ਤਜ਼ਰਬੇ ਵਿਚ ਤਾਂ ਇਹ ਆਇਆ ਹੈ ਕਿ ਜ਼ਮੀਨ ਦੀ ਵੰਡ ਉੱਤੇ ਲੋਕਾਂ ਵਿਚ ਲੰਮੇ ਝਗੜੇ ਖੜੇ ਹੋ ਜਾਂਦੇ ਹਨ।"

ਫ਼ੈਜ਼ ਸਾਹਿਬ ਆਖਣ ਲੱਗੇ, "ਭਈ ਇਹ ਜੋ ਕਿਸੇ ਨੇ ਜ਼ੰਨ, ਜ਼ਰ ਤੇ ਜ਼ਮੀਨ ਨੂੰ ਝਗੜੇ ਦੀ ਜੜ੍ਹ ਆਖਿਆ ਹੈ, ਤਾਂ ਇਹ ਠੀਕ ਹੀ ਆਖਿਆ ਸੀ। ਇਹ ਤਿੰਨੇ ਚੀਜ਼ਾਂ ਖੋਹਾ-ਮਾਹੀ ਦੇ ਰਾਜ ਪ੍ਰਬੰਧ ਵਿਚ ਫਸਾਦ ਦੀ ਜੜ੍ਹ ਹਨ। ਗ਼ੈਰ-ਇਸਤਿਹਾਲੀ ਤੇ ਇਨਸਾਫ਼-ਪਸੰਦ ਸਮਾਜਵਾਦੀ ਪ੍ਰਬੰਧ ਵਿਚ ਇਸ ਕਿਸਮ ਦੇ ਝਗੜੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਾਡੇ ਵਾਲਦ ਸਾਹਿਬ ਦੀ ਮੌਤ ਬਾਅਦ ਜ਼ਮੀਨ ਦਾ ਝਗੜਾ ਖੜਾ ਹੋ ਗਿਆ। ਅਸੀਂ ਤਾਂ ਵੱਖ ਹੋ ਗਏ। ਸਾਡੇ ਵੱਡੇ ਭਾਈ ਤੁਫੈਲ ਸਨ। ਉਹੀ ਮੁਕੱਦਮੇ ਲੜਦੇ ਸਨ।

ਮੈਂ ਪੁੱਛਿਆ, ਕੀ ਇਹ ਝਗੜਾ ਭਰਾਵਾਂ ਦੇ ਵਿਚਕਾਰ ਸੀ ? ਕਹਿਣ ਲੱਗੇ, ਇੰਝ ਨਹੀਂ ਸੀ। ਫਿਰ ਸੋਚ ਕੇ ਕਹਿਣ ਲੱਗੇ, ਇੰਝ ਹੀ ਸਮਝ ਲਓ। ਸਾਡੇ ਪਿਤਾ ਨੇ ਪਿੰਡ ਦੀ ਜ਼ਮੀਨ ਗਰੀਬ ਰਿਸ਼ਤੇਦਾਰਾਂ ਨੂੰ ਦਿੱਤੀ ਹੋਈ ਸੀ, ਜੋ ਅਜ਼ੀਜ ਵੀ ਸਨ ਤੇ ਮੁਜ਼ਾਰੇ ਵੀ। ਜ਼ਮੀਨ ਉਹਨਾਂ ਦੇ ਹੀ ਕਬਜ਼ੇ ਵਿਚ ਸੀ। ਸਾਡੇ ਭਰਾ ਤੁਫੈਲ ਮੁਕੱਦਮਾ ਲੜਦੇ ਸਨ ਤੇ ਕਚਹਿਰੀਆਂ ਵਿਚੋਂ ਮਕੁੱਦਮਾ ਜਿੱਤ ਕੇ, ਜੇਤੂ ਅੰਦਾਜ਼ ਵਿਚ ਵਾਪਸ ਲਾਹੌਰ ਘਰ ਆਉਂਦੇ ਸਨ, ਪਰ ਕਬਜ਼ਾ ਕਦੇ ਨਾ ਮਿਲਦਾ। ਮੈਂ ਇਹ ਤਮਾਸ਼ਾ ਵੇਖਦਾ ਸੀ ਤੇ ਇੱਕ ਅੱਧ ਵਾਰ ਕਿਹਾ ਵੀ ਕਿ ਤੁਫੈਲ ਭਾਈ ਜਾਣ ਦੇ। ਪਰ ਜ਼ਮੀਨ ਕੌਣ ਜਾਣ ਦਿੰਦਾ ਹੈ। ਇਸ ਝਗੜੇ ਕਾਰਨ ਸਾਡੇ ਪਿੰਡ ਜਾਣਾ ਵੀ ਬੰਦ ਹੋ ਗਿਆ ਤੇ ਮੇਰੀ ਮਾਂ ਨੂੰ ਪਿੰਡ ਛੱਡੇ ਜਾਣ ਦਾ ਬਹੁਤ ਸਦਮਾ ਸੀ।

ਜਦੋਂ ਮੈਂ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਤੁਫੈਲ ਭਾਈ ਫੌਤ ਹੋ ਚੁੱਕੇ ਸਨ। ਹੁਣ ਮੈਂ ਮਾਂ ਨੂੰ ਮਨਾ ਲਿਆ ਕਿ ਪਿੰਡ ਜਾ ਕੇ ਜ਼ਮੀਨ ਅਜੀਜ਼ਾਂ ਤੇ ਮੁਜਾਰਿਆਂ ਵਿਚ ਵੰਡ ਦੇਵੇ। ਇਸ ਕਾਰਨ ਮੈਂ ਪਿੰਡ ਪੈਗ਼ਾਮ ਭਿਜਵਾਇਆ ਅਤੇ ਇੱਕ ਦਿਨ ਤਹਿਸੀਲਦਾਰ ਤੇ ਪਟਵਾਰੀ ਨੂੰ ਨਾਲ ਲੈ ਕੇ ਪਿੰਡ ਪਹੁੰਚਿਆ। ਮੈਂ ਬਰਾਦਰੀ ਦੇ ਲੋਕਾਂ ਨੂੰ ਆਖਿਆ ਕਿ ਆਬਾਦੀ ਮਕਾਨ ਤੇ ਇੱਕ ਛੋਟਾ ਜਿਹਾ ਟੁਕੜਾ ਮੇਰੇ ਲਈ ਰਹਿਣ ਦਿਉ, ਬਾਕੀ ਸਭ ਲੈ ਲਵੋ ਤੇ ਮੈਂ ਉਥੇ ਹੀ ਜ਼ਮੀਨ ਸਭ ਦੇ ਨਾਂ ਕਰ ਦਿੱਤੀ। ਮੇਰੀ ਮਾਂ ਬਹੁਤ ਖੁਸ਼ ਸੀ ਕਿ ਉਹ

ਵਾਪਸ ਪਿੰਡ ਜਾਵੇਗੀ। ਉਹ ਪਿੰਡ ਗਈ ਤਾਂ ਉਸਦਾ ਉਪ-ਮਹਾਂ-ਦੀਪ ਦੀ ਸਭ ਤੋਂ ਵੱਡੀ ਚੌਧਰਾਣੀ ਵਰਗਾ ਸਵਾਗਤ ਹੋਇਆ। ਮੇਰੀ ਮਾਂ ਹਮੇਸ਼ਾਂ ਇਸ ਤੋਂ ਪਿੱਛੋਂ ਮੈਨੂੰ ਪਿਆਰ ਨਾਲ ਚੁੰਮਦੀ ਹੁੰਦੀ ਸੀ ਤੇ ਕਹਿੰਦੀ ਸੀ, "ਫ਼ੈਜ਼ ਇਸ ਤਰ੍ਹਾਂ ਦੇ ਫੈਸਲੇ ਤੂੰ ਪਹਿਲਾਂ ਕਿਉਂ ਨਾ ਕੀਤੇ ਤੇ ਇਹ ਫੈਸਲਾ ਤੇਰੇ ਦਿਮਾਗ ਵਿਚ ਕਿੱਥੋਂ ਆਇਆ ?"

ਇਹ ਵੱਡੇ ਕੰਮ ਤੋਂ ਮਗਰੋਂ ਖ਼ੁਸ਼ ਤੇ ਸੰਤੁਸ਼ਟ ਜਦੋਂ ਮੈਂ ਵਾਪਸ ਲਾਹੌਰ ਪਹੁੰਚਾ ਤਾਂ ਸੀ.ਆਈ.ਡੀ. ਤੋਂ ਲੈ ਕੇ ਐਲਸ ਤੱਕ ਸਭ ਪ੍ਰੇਸ਼ਾਨ ਸਨ ਕਿ ਇਹ ਬੰਦਾ ਕਿਤੇ ਗੁਪਤਵਾਸ ਹੋ ਗਿਆ ਹੈ। ਜਿਸਦੀ ਖਬਰ ਸੀ.ਆਈ.ਡੀ. ਨੂੰ ਵੀ ਨਾ ਹੋ ਸਕੀ। ਤੇ ਐਲਸ ਪ੍ਰੇਸ਼ਾਨ ਸੀ ਕਿ ਫ਼ੈਜ਼ ਠੀਕ ਹੀ ਕਿਸੇ ਉਲਟੇ ਕੰਮ ਵਿਚ ਉਲਝ ਨਾ ਗਿਆ ਹੋਵੇ। ਨਿੱਤ ਸੀ.ਆਈ.ਡੀ. ਘਰ ਆ ਰਹੀ ਸੀ ਤੇ ਐਲਸ, ਛੀਮੀ ਤੇ ਮੀਜ਼ੂ ਨੂੰ ਪ੍ਰੇਸ਼ਾਨ ਕਰ ਰਹੀ ਸੀ ਕਿ ਫ਼ੈਜ਼ ਕਿੱਥੇ ਹੈ ? ਐਲਸ ਛੀਮੀ ਤੇ ਮੀਜ਼ੂ ਨੇ ਸਬਰ ਦਾ ਪਿਆਲਾ ਪੀ ਲਿਆ ਤੇ ਸੋਚ ਲਿਆ ਕਿ ਹੁਣ ਫ਼ੈਜ਼ ਦੇ ਅੰਦਰ ਜਾਣ ਦੇ ਦਿਨ ਆਏ ਕਿ ਆਏ।

ਜਦੋਂ ਮੈਂ ਤਿੰਨਾਂ ਦਿਨਾਂ ਪਿੱਛੋਂ ਵਾਪਸ ਆਇਆ ਤਾਂ ਉਸਨੇ ਸਵਾਗਤੀ ਚੁੰਮਣ ਤੋਂ ਬਾਅਦ ਪੁੱਛਿਆ, "ਤੁਸੀਂ ਕਿੱਥੇ ਸੀ। ਮੈਂ ਆਖਿਆ ਮੈਂ ਸਿਆਲਕੋਟ ਪਿੰਡ ਵਿਚ ਗਿਆ ਹੋਇਆ ਸੀ। ਕਿਉਂ ? ਸਾਨੂੰ ਕੁਝ ਪਤਾ ਨਹੀਂ ਕਿ ਇਹ ਸੀ.ਆਈ.ਡੀ. ਕਿਉਂ ਦਿਨ ਵਿਚ ਬਾਰਾਂ ਵਾਰ ਆ ਕੇ ਪੁੱਛਦੀ ਸੀ ਕਿ ਫ਼ੈਜ਼ ਕਿੱਥੇ ਸੀ। ਅਸੀਂ ਪ੍ਰੇਸ਼ਾਨ ਹੋ ਗਏ। ਇਹਨਾਂ ਹੱਥਕੰਡਿਆਂ ਤੋਂ।"

ਫ਼ੈਜ਼ ਨੇ ਦੱਸਿਆ ਕਿ ਮੈਂ ਖ਼ੁਦ ਪ੍ਰੇਸ਼ਾਨ ਹੋ ਗਿਆ ਕਿ ਆਖਰ ਮਾਜਰਾ ਕੀ ਹੈ ? ਅਚਾਨਕ ਸੀ.ਆਈ.ਡੀ ਦਾ ਇੱਕ ਵੱਡਾ ਅਫ਼ਸਰ ਆਇਆ। ਕਹਿਣ ਲੱਗਾ, ਫ਼ੈਜ਼ ਸਾਹਿਬ ਘਰੇ ਨੇ ? ਮੈਂ ਆਖਿਆ ਹਾਂ ਏਥੇ ਹੀ ਹਾਂ। ਕਹਿਣ ਲੱਗਾ, ਸ਼ੁਕਰ ਖ਼ੁਦਾ ਦਾ ਦੋ ਦਿਨਾਂ ਤੋਂ ਸਾਰਾ ਮਹਿਕਮਾ ਚਿੰਤਤ ਹੈ। ਗਵਰਨਰ ਆਪਨੂੰ ਯਾਦ ਫ਼ੁਰਮਾ ਰਹੇ ਹਨ। ਜਲਦੀ ਚੱਲੋ, ਅਸੀਂ ਗਵਰਨਰ ਦੇ ਘਰ ਗਏ। ਗਵਰਨਰ ਗੋਰਮਾਨੀ ਕਹਿਣ ਲੱਗੇ, "ਯਾਰ ਖ਼ੁਦਾ ਦੇ ਵਾਸਤੇ ਦੱਸ ਕੇ ਜਾਇਆ ਕਰ। ਮੇਰਾ ਤੇ ਖ਼ੂਨ ਖੁਸ਼ਕ ਕਰ ਦਿੱਤਾ ਤੂੰ। ਇੱਕ ਬਹੁਤ ਜ਼ਰੂਰੀ ਤਕਰੀਰ ਦੇ ਬਾਰੇ ਵਿਚ ਸਲਾਹ ਕਰਨੀ ਹੈ। ਇਸ ਪਿੱਛੋਂ ਕਹਿਣ ਲੱਗੇ, ਕਿੱਥੇ ਸੀ ਤੁਸੀਂ ? ਮੈਂ ਉਹਨਾਂ ਨੂੰ ਸਾਰਾ ਕਿੱਸਾ ਸੁਣਾਇਆ ਕਿ ਇਸ ਤਰ੍ਹਾਂ ਜ਼ਮੀਨ ਵੰਡ ਆਇਆ ਹਾਂ। ਗੋਰਮਾਨੀ ਕਹਿਣ ਲੱਗੇ, "ਕੋਈ ਬਾਤ ਨਹੀਂ। ਸਾਡੇ ਕੋਲ ਬਹੁਤ ਮੁਤਰੱਕਾ ਜ਼ਮੀਨ ਹੈ। ਤੂੰ ਤਾਂ ਸਾਬਕਾ ਫੌਜੀ ਹੈ। ਅਲਾਟ ਕਰਵਾ ਲਓ। ਮੈਂ ਗੋਰਮਾਨੀ ਸਾਹਿਬ ਨੂੰ ਕਿਹਾ, "ਮੈਂ ਇੱਕ ਦੁੱਖ ਤੋਂ ਛੁਟਕਾਰਾ ਪਾਇਆ ਹੈ। ਆਪ ਮੈਨੂੰ ਫਿਰ ਉਸੇ ਵੱਲ ਧੱਕ ਰਹੇ ਹੋ।" ਗੋਰਮਾਨੀ ਸਾਹਿਬ ਕਹਿਣ ਲੱਗੇ, "ਫ਼ੈਜ਼ ਦੁਨੀਆਂ ਵਿਚ ਇਸ ਤੋਂ ਬਗੈਰ ਕੰਮ ਨਹੀਂ ਚੱਲਦਾ। ਇੱਕ ਗਲਤੀ ਕਰ ਆਏ ਹੋ। ਭਲਾ ਕੋਈ ਆਪਣੀ ਜ਼ਮੀਨ ਵੀ ਵੰਡਦਾ ਹੈ। ਹੁਣ ਦੂਸਰਾ ਗਲਤ ਕੰਮ ਨਾ ਕਰੋ। ਸਰਕਾਰੀ ਜ਼ਮੀਨ ਪਈ ਹੈ। ਮੇਰੇ ਅਖ਼ਤਿਆਰ ਵਿਚ ਹੈ। ਲੈ ਲਵੋ। ਇਸ ਤੋਂ ਕੋਈ ਸਿਆਣਾ ਆਦਮੀ ਨਾਂਹ ਨਹੀਂ ਕਰ ਸਕਦਾ। ਪਾਗਲ ਮੱਤ ਬਣੋ। ਪਰ ਮੇਰੀ ਅਕਲ ਇਹਨਾਂ ਚੱਕਰਾਂ ਤੋਂ ਮੁਕਤ ਹੋ ਚੁੱਕੀ ਸੀ ਤੇ ਮੈਂ ਪਾਗਲ ਬਣਨਾ ਪ੍ਰਵਾਨ ਕਰ ਲਿਆ ਸੀ।





## ਉਸਤਾਦ ਦਾਮਨ ਤੇ ਫ਼ੈਜ਼

– ਡਾ. ਅਯੂਬ ਮਿਰਜ਼ਾ

ਫ਼ੈਜ਼ ਸਾਹਿਬ ਨਾਲ ਕੌਮਾਂਤਰੀ ਪ੍ਰਸੰਗ ਵਿਚ ਗੱਲ ਅਸਲੇ ਤੇ ਜੰਗਲ ਦੀ ਹੋ ਰਹੀ ਸੀ। ਇਹ ਵਿਚਾਰੇ ਉਸਤਾਦ ਦਾਮਨ ਦੇ ਘਰ ਚੋਂ ਜੋ ਅਸਲਾ ਨਿਕਲਿਆ, ਉਸ ਪਿੱਛੇ ਕੌਣ ਲੋਕ ਸਨ ?

ਫ਼ੈਜ਼ ਕਹਿਣ ਲੱਗੇ, "ਬਕੋ ਮਤ! ਸਿਗਰਿਟ ਦਾ ਲੰਮਾ ਸੂਟਾ ਲੈ ਕੇ ਕਹਿਣ ਲੱਗੇ, "ਭਈ ਉਸਤਾਦ ਦਾਮਨ ਵੱਡਾ ਕਵੀ ਹੈ। ਲਾਹੌਰ ਵਿਚ ਵਿਦਿਆਰਥੀਆਂ ਅਤੇ ਨੌਜਵਾਨਾਂ ਦਾ ਇਕ ਕਵੀ-ਦਰਬਾਰ ਸੀ। ਪ੍ਰਧਾਨਗੀ ਮੈਂ ਕਰਨੀ ਸੀ। ਪ੍ਰਬੰਧਕਾਂ ਨੇ ਖ਼ਾਸ ਤੌਰ ਤੇ ਸਾਨੂੰ ਕਿਹਾ ਸੀ ਅਸੀਂ ਉਸਤਾਦ ਦਾਮਨ ਨੂੰ ਨਹੀਂ ਬੁਲਾਉਣਾ। ਅਸਾਂ ਕਿਹਾ, "ਠੀਕ ਹੈ।" ਉਹ ਵਿਚਾਰੇ ਕਵੀ ਦਰਬਾਰ ਨੂੰ ਸਿਆਸੀ ਤੇ ਸਮਾਜੀ ਸਾਹਿਤ ਦੀ ਹੱਦ ਤੋਂ ਦੂਰ ਰੱਖਣਾ ਚਾਹੁੰਦੇ ਸਨ। ਅਸੀਂ ਉੱਥੇ ਪਹੁੰਚੇ ਤਾਂ ਹਾਲ ਖਚਾਖਚ ਭਰਿਆ ਹੋਇਆ ਸੀ। ਵੱਡੀ ਗਿਣਤੀ ਵਿਚ ਸਰੋਤੇ ਹਾਜ਼ਰ ਸਨ। ਉਹਨਾਂ ਵਿਚ ਉਸਤਾਦ ਦਾਮਨ ਵੀ ਮੌਜੂਦ ਸਨ। ਪ੍ਰਬੰਧਕਾਂ ਨੇ ਮੇਰੇ ਕੰਨ ਵਿਚ ਦੱਸਿਆ ਕਿ ਉਸਤਾਦ ਦਾਮਨ ਆ ਗਿਆ ਹੈ। ਹੁਣ ਕੀ ਕੀਤਾ ਜਾਵੇ ? ਮੈਂ ਉਹਨਾਂ ਨੂੰ ਤਸੱਲੀ ਦਿੱਤੀ ਤੇ ਉਸਤਾਦ ਦਾਮਨ ਨੂੰ ਕੁਝ ਨ ਪੜ੍ਹਨ ਲਈ ਕਿਹਾ। ਉਸਤਾਦ ਦਾਮਨ ਨੇ ਕਿਹਾ, "ਫ਼ੈਜ਼ ਜੀ ਠੀਕ ਹੈ, ਜਿਸ ਤਰ੍ਹਾਂ ਤੁਹਾਡਾ ਹੁਕਮ। ਅੱਜਕੱਲ ਤਾਂ ਸਾਡੇ ਤੇ ਹੁਕਮ ਹੀ ਚੱਲ ਰਹੇ ਹਨ।" ਕਵੀ ਦਰਬਾਰ ਸ਼ੁਰੂ ਹੋਇਆ ਤੇ ਹਾਲ ਵਿਚੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। "ਉਸਤਾਦ ਦਾਮਨ, ਉਸਤਾਦ ਦਾਮਨ।" ਫਿਰ ਇਹ ਆਵਾਜ਼ਾਂ ਇੱਕ ਤੂਫਾਨੀ ਸ਼ੋਰ ਵਿਚ ਤਬਦੀਲ ਹੋ ਗਈਆਂ। ਮੇਰੇ ਲਈ ਕੋਈ ਚਾਰਾ ਨਾ ਰਿਹਾ। ਮੈਂ ਉਸਤਾਦ ਦਾਮਨ ਨੂੰ ਸਟੇਜ ਤੇ ਸੱਦਿਆ ਤੇ ਕਿਹਾ, ਉਸਤਾਦ ਜੀ ਜ਼ਰਾ ਧਿਆਨ ਨਾਲ ਇੱਕ ਸ਼ਿਅਰ ਪੜ੍ਹੋ ਤੇ ਟੁਰ ਜਾਓ। ਉਸਤਾਦ ਦਾਮਨ ਨੇ ਕਿਹਾ, "ਫ਼ੈਜ਼ ਜੀ ਜਿਸ ਤਰ੍ਹਾਂ ਹੁਕਮ।" ਅਤੇ ਉਸ ਨੇਕ ਬਖਤ ਨੇ ਮਾਈਕ ਉੱਤੇ ਜਾ ਕੇ ਕੇਵਲ ਇੱਕ ਕਤਾਹ ਪੜ੍ਹਿਆ, ਜਿਸ ਦਾ ਆਖਰੀ ਸ਼ਿਅਰ ਕੁਝ ਇਸ ਤਰ੍ਹਾਂ ਸੀ –

**ਨਾ ਕੁੜੀ, ਨਾ ਚਰਸ, ਨਾ ਸ਼ਰਾਬ 'ਦਾਮਨ',**
**ਤੇ ਸ਼ਾਇਰ ਦੇ ਘਰ ਚੋਂ ਬੰਬ ਨਿਕਲੇ।**

ਉਸਤਾਦ ਦਾਮਨ ਨੇ ਸ਼ਿਅਰ ਪੜ੍ਹਿਆ ਤੇ ਸਟੇਜ ਤੋਂ ਹੇਠਾਂ ਉਤਰਿਆ। ਸਰੋਤਿਆਂ ਨੇ ਏਨਾ ਹੰਗਾਮਾ ਕੀਤਾ, ਜੋ ਲਾਹੌਰ ਦੀ ਫਿਜ਼ਾ ਵਿਚ ਗੂੰਜ ਉੱਠਿਆ। •

# ਫ਼ੈਜ਼ – ਨੇੜਤਾ ਤੇ ਦੂਰੀ ਦਾ ਕ੍ਰਿਸ਼ਮਾ

**– ਇੰਤਜ਼ਾਰ ਹੁਸੈਨ**

ਫ਼ੈਜ਼ ਨੇ ਕਿਤੇ ਆਪਣੇ ਸੋਵੀਅਤ ਰੂਸ ਦੇ ਦਿਨਾਂ ਦਾ ਜ਼ਿਕਰ ਕਰਦੇ ਹੋਏ ਇੱਕ ਗੱਲ ਲਿਖੀ ਸੀ ਕਿ ਸ਼ਿਅਰ ਲਿਖਣ ਲਈ ਸ਼ਾਇਦ ਅਹਿਸਾਸ ਦੀ ਦੁਨੀਆਂ ਨਾਲ ਨੇੜਤਾ ਤੇ ਦੂਰੀ, ਪਿਆਰ ਤੇ ਅਲੱਗ ਹੋਣਾ, ਦੋਵੇਂ ਹੀ ਜ਼ਰੂਰੀ ਹਨ।

ਕਵਿਤਾ ਦੇ ਪ੍ਰਸੰਗ ਵਿਚ ਤਾਂ ਇਹ ਗੱਲ ਸੱਚੀ ਅਤੇ ਪੱਕੀ ਹੈ ਹੀ। ਪਰ ਫ਼ੈਜ਼ ਦੇ ਸੰਬੰਧ ਵਿਚ ਇਹ ਗੱਲ ਕੇਵਲ ਸ਼ਾਇਰੀ ਦੀ ਹੱਦ ਤੀਕ ਨਹੀਂ ਹੈ। ਉਹਨਾਂ ਦੇ ਜੀਵਨ ਉੱਤੇ ਵੀ ਇਸ ਦਾ ਪ੍ਰਛਾਵਾਂ ਪੈਂਦਾ ਨਜ਼ਰ ਆਉਂਦਾ ਹੈ। ਜੀਣ ਦੇ ਦੋ ਤੌਰ-ਤਰੀਕੇ ਸਾਡੇ ਜਾਣੇ-ਪਛਾਣੇ ਹਨ। ਇਕ ਤੌਰ-ਤਰੀਕੇ ਦੀ ਇੰਤਹਾ ਇਹ ਹੈ ਕਿ ਆਦਮੀ ਸਗ-ਦੁਨੀਆਂ (ਕੁੱਤੇ ਵਰਗਾ ਵਫ਼ਾਦਾਰ) ਬਣ ਜਾਵੇ। ਦੂਸਰੇ ਤਰੀਕੇ ਦੀ ਹੱਦ (ਇੰਤਹਾ) ਇਹ ਹੈ ਕਿ ਤਾਰਕ-ਅਲਦੀਨਾ (ਛੱਡ ਜਾਣ ਵਾਲਾ) ਬਣ ਜਾਵੇ। ਜ਼ਮਾਨੇ ਅਨੁਸਾਰ ਇਸ ਦੂਸਰੇ ਤਰੀਕੇ ਤੀਕ ਕੌਣ ਜਾਂਦਾ ਹੈ। ਅਦੀਬ (ਲੇਖਕ) ਅਤੇ ਬੁੱਧੀਮਾਨ ਪਹਿਲੇ ਦੇ ਨੇੜੇ-ਤੇੜੇ ਮੰਡਲਾਉਂਦੇ ਰਹਿ ਜਾਂਦੇ ਹਨ। ਹੁਣ ਇਹ ਆਪਣੀ ਆਪਣੀ ਕਿਸਮਤ ਹੈ ਜਾਂ ਸਲੀਕੇ ਅਤੇ ਬਦ-ਸਲੀਕੀ ਦਾ ਮਾਮਲਾ ਹੈ ਕਿ ਕਿਸੇ ਨੂੰ ਦੁਨੀਆਂ ਮਿਲ ਜਾਂਦੀ ਹੈ ਤੇ ਕੋਈ ਦੁਨੀਆਂ ਦੇ ਸਾਰੇ ਬਖੇੜਿਆਂ ਵਿਚ ਪੈ ਕੇ ਵੀ ਦੁਨੀਆਂ ਨੂੰ ਕਮਾ ਨਹੀਂ ਸਕਦਾ। ਆਪਣਾ ਅਦੀਬ / ਵਲਦੀਨ ਵੀ ਗਵਾ ਬੈਠਦਾ ਹੈ। ਫ਼ੈਜ਼ ਸਾਹਿਬ ਨੇ ਦੁਨੀਆਂ ਨਾਲ ਸੰਬੰਧ ਰੱਖਿਆ। ਪਰ ਇੱਕ ਬੇ-ਤੁਅਲਕੀ ਦੇ ਰਵੱਈਏ ਦੇ ਨਾਲ ਜ਼ਿੰਦਗੀ ਇਸ ਕਾਰੇ-ਸ਼ੀਸ਼ਾਗਿਰੀ ਵਿਚ ਤੁਅੱਲਕ ਅਤੇ ਬੇ-ਤੁਮੱਲਕੀ ਦਾ ਇਹ ਕਾਰੋਬਾਰ ਬਹੁਤ ਹੀ ਨਾਜ਼ੁਕ ਹੈ। ਪਰ ਫ਼ੈਜ਼ ਨੇ ਸਲੀਕੇ ਨਾਲ ਇਸ ਨੂੰ ਨਿਭਾਇਆ। ਤਾਂ ਹੀ ਉਹਨਾਂ ਨੇ ਜ਼ਿੰਦਗੀ ਵਿਚ ਠੋਕਰ ਨਹੀਂ ਖਾਧੀ। ਨਹੀਂ ਤੇ ਠੋਕਰਾਂ ਖਾਣਾ ਅਤੇ ਖਰਾਬ ਹੋਣਾ ਸਾਡੇ ਏਥੇ ਸ਼ਾਇਰਾਂ ਦੀ ਕਿਸਮਤ ਵਿਚ ਚਲਿਆ ਆਉਂਦਾ ਹੈ। 'ਮੀਰ' ਨੇ ਇੱਕ ਗੱਲ ਕਹੀ ਸੀ,

ਕਿਆ ਜਨੂੰ ਕਰ ਗਿਆ ਸ਼ਊਰ ਸੇ।

ਫ਼ੈਜ਼ ਸਾਹਿਬ ਨੇ ਸਾਰੇ ਜਨੂੰਨ ਕੀਤੇ। ਸ਼ਾਇਰੀ ਦਾ ਜਨੂੰਨ, ਇਨਕਲਾਬ ਦਾ ਜਨੂੰਨ, ਪਰ ਬੜੀ ਅਦਲ ਨਾਲ ਤੇ ਇਹ ਸੰਬੰਧ ਤੇ ਅਸਬੰਧ ਦਾ ਕ੍ਰਿਸ਼ਮਾ ਉਸਦੀ ਸ਼ਾਇਰੀ ਵਿਚ ਨਜ਼ਰ ਆਉਂਦਾ ਹੈ। ਸ਼ਾਇਰ ਕਦੇ ਤੁਅੱਲਕ ਪੈਦਾ ਕਰਨ ਦੇ ਚੱਕਰ ਵਿਚ ਮਾਰਿਆ ਜਾਂਦਾ ਹੈ, ਕਦੇ ਬੇ-ਤੁਅੱਲਕੀ ਉਸਨੂੰ ਲੈ ਬੈਠਦੀ ਹੈ। ਪਰ ਫ਼ੈਜ਼ ਸਾਹਿਬ ਨੇ ਨੇੜਤਾ ਤੇ ਦੂਰੀ, ਤੁਅੱਲਕ ਤੇ ਬੇ-ਤੁਅੱਲਕੀ ਦਾ ਗੁਰ ਸਮਝ ਲਿਆ ਸੀ।

ਅਜੇ ਕੱਲ ਹੀ ਭਾਰਤ ਦੇ ਟੀ. ਵੀ. ਉੱਤੇ ਮਜਰੂਹ ਸੁਲਤਾਨਪੁਰੀ ਇਹ ਕਹਿ ਰਹੇ ਸਨ ਕਿ ਫ਼ੈਜ਼ ਸਾਹਿਬ ਇਨਕਲਾਬੀ ਸ਼ਾਇਰ ਸਨ, ਐਪਰ ਉਨ੍ਹਾਂ ਨੇ ਇਨਕਲਾਬੀ ਨਾਹਰੇ-



ਬਾਜ਼ੀ ਨਹੀਂ ਕੀਤੀ। ਉਹਨਾਂ ਦਾ ਲਹਿਜਾ ਲੀਡਰਾਨਾ ਨਹੀਂ, ਆਸ਼ਕਾਨਾ ਸੀ। ਬੱਸ ਉਹ ਪ੍ਰਗਤੀਸ਼ੀਲਾਂ ਦੇ 'ਮੀਰ ਤੱਕੀ ਮੀਰ' ਸਨ।

ਚੰਗਾ ਹੋਇਆ ਇਹ ਗੱਲ ਫ਼ੈਜ਼ ਸਾਹਿਬ ਦੇ ਇੱਕ ਤਰੱਕੀਪਸੰਦ ਸਾਥੀ ਵਲੋਂ ਆਈ ਹੈ। ਨਹੀਂ ਤਾਂ ਇਸ ਵਕਤ ਅਜਿਹੀ ਗੱਲ ਕਹਿਣ ਉੱਤੇ ਫਸਾਦ ਹੋ ਸਕਦਾ ਸੀ। ਭਾਵੇਂ ਕਿ "ਮਜਰੂਹ ਸੁਲਤਾਨਪੁਰੀ" ਦਾ ਖ਼ਿਆਲ ਦਰੁਸਤ ਹੈ ਤੇ ਫਿਰ ਇਹ ਚੰਗਾ ਵੀ ਹੋਇਆ ਕਿ ਫ਼ੈਜ਼ ਸਾਹਿਬ ਦੇ ਬਹਾਨੇ, ਪ੍ਰਗਤੀਸ਼ੀਲ ਕਵੀ ਦੀ ਰਵਾਇਤ ਵਿਚ 'ਮੀਰ' ਵਾਲੀ ਇੱਕ ਲਹਿਰ ਵੀ ਆ ਗਈ। ਇੰਞ ਕਵੀ ਦੀ ਖਰੀ ਰਵਾਇਤ ਨਾਲ ਵੀ ਇਸਦਾ ਰਿਸ਼ਤਾ ਸਥਾਪਤ ਹੋਇਆ।

ਹੁੰਦਾ ਇਹ ਹੈ ਕਿ ਕਿਸੇ ਸਿਆਸੀ ਜੋਸ਼ ਵਿਚ ਸ਼ਾਇਰ ਹੰਗਾਮੇ ਵਿਚ ਕੁੱਦ ਪੈਂਦਾ ਹੈ ਐਪਰ ਹੰਗਾਮੇ ਵਿਚੋਂ ਨਿਕਲਣਾ ਉਸ ਨੂੰ ਨਹੀਂ ਆਉਂਦਾ। ਬੱਸ ਇਸੇ ਵਿਚ ਹੀ ਹਾਰ ਖਾ ਜਾਂਦਾ ਹੈ। ਇਸ਼ਕ ਦੇ ਜੋਸ਼ ਵਿਚ ਵੀ ਇਹੋ ਕੁਝ ਹੁੰਦਾ ਹੈ। ਕਦੇ ਕੋਈ ਜੋਸ਼ੀਲਾ ਆਸ਼ਕ ਚੰਗੀ ਸ਼ਾਇਰੀ ਕਰਦਾ ਨਹੀਂ ਲੱਭਾ। ਉੱਥੇ ਬਸ Involvement ਹੁੰਦੀ ਹੈ Detachment ਨਹੀਂ ਹੁੰਦੀ। ਫ਼ੈਜ਼ ਸਾਹਿਬ ਨੇ ਦੂਰੀ ਤੇ ਨੇੜਤਾ, ਪਿਆਰ ਤੇ ਅਲਹਿਦਗੀ ਦੀ ਨੀਤੀ ਨੂੰ ਅਪਣਾ ਲਿਆ ਸੀ। ਆਪਣੀ ਏਸੇ ਯੋਗਤਾ ਸਦਕਾ ਉਸਦਾ ਆਸ਼ਕਾਨਾ ਲਹਿਜਾ ਆਸ਼ਕਾਨਾ ਹੀ ਰਹਿੰਦਾ ਹੈ। ਉਹ ਖਾਲਸ ਇਨਕਲਾਬੀ ਕਵੀ ਬਣਨੋ ਰਹਿ ਗਏ। ਰਫੀਕ ਇਨਕਲਾਬੀ ਰੋਮਾਂਚਕਾਰੀ ਵਿਚ ਮਿਲਦੀ ਨਹੀਂ। ਉਸਦੇ ਨਾਲ ਦੇ ਤਰੱਕੀ-ਪਸੰਦਾਂ ਦੀ ਢਾਣੀ ਦਾ ਲਹਿਜਾ ਉੱਚਾ ਸੀ। ਕਿਤੇ ਪ੍ਰਚਾਰਕ ਵਾਲੀ ਘਨਘੋਰ ਗਰਜ, ਕਿਤੇ ਰਤਕ (ਰੋਣ) ਦਾ ਆਲਮ। ਫ਼ੈਜ਼ ਸਾਹਿਬ ਤਕਰੀਰ ਅਤੇ ਰੋਣ-ਧੋਣ, ਦੋਵਾਂ ਹੀ ਹਾਲਤਾਂ ਤੋਂ ਬਚ ਨਿਕਲੇ। ਇੱਕ ਸੰਤੁਲਤ ਲਹਿਜੇ ਨੂੰ ਆਪਣੀ ਕਲਾ ਬਣਾਇਆ। ਇਹਨਾਂ ਦੇ ਉੱਚੀ ਆਵਾਜ਼ ਵਾਲੇ ਸਮਕਾਲੀ ਛੇਤੀ ਹੀ ਚੁੱਪ ਹੋ ਗਏ। ਹੋ ਹੀ ਜਾਣਾ ਸੀ। ਸਟੇਜ ਉੱਤੇ ਆਦਮੀ ਕਿੰਨੇ ਕੁ ਦੇਰ ਖੜ੍ਹਾ ਰਹਿ ਸਕਦਾ ਹੈ ਤੇ ਕਿੰਨੀ ਦੇਰ ਉੱਚਾ ਬੋਲ ਸਕਦਾ ਹੈ। ਫ਼ੈਜ਼ ਸਾਹਿਬ ਹੌਲੀ-ਹੌਲੀ ਬੋਲੇ ਅਤੇ ਦੇਰ ਤੀਕ ਚੱਲੇ। ਕਿਸ ਸਲੀਕੇ ਨਾਲ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਅਤੇ ਕਾਵਿਕ ਤਜ਼ਰਬੇ ਵਿਚ ਇਕ ਸੰਤੁਲਨ ਕਾਇਮ ਰੱਖਿਆ ਜਾਵੇ ਅਤੇ ਇਸ ਕੋਮਲ ਸੰਤੁਲਨ ਨਾਲ ਸਾਥ ਨਿਭਾਉਂਦੇ ਹੋਏ ਇੱਕ ਲੰਮਾ ਰਚਨਾਤਮਿਕ ਸਫ਼ਰ ਕੀਤਾ। – (ਸ਼ਬਸਤਾਨ ਵਿਸ਼ੇਸ਼ ਫ਼ੈਜ਼ ਅੰਕ ਵਿਚੋਂ)

# ਖ਼ਾਲਦ ਸੁਹੇਲ ਅਤੇ ਅਸ਼ਫਾਕ ਹੁਸੈਨ ਵਲੋਂ ਫ਼ੈਜ਼ ਅਹਿਮਦ ਫ਼ੈਜ਼ ਬਾਰੇ ਵਾਰਤਾਲਾਪ

ਸੁਹੇਲ : ਇਸ ਤੋਂ ਪਹਿਲਾਂ ਕਿ ਆਪਾਂ ਫ਼ੈਜ਼ ਦੀ ਕਵਿਤਾ, ਸ਼ਖ਼ਸੀਅਤ ਅਤੇ ਵਿਚਾਰਧਾਰਾ ਉੱਤੇ ਕੇਂਦਰਤ ਹੋਈਏ, ਮੈਂ ਉਹਨਾਂ ਲੋਕਾਂ ਬਾਰੇ ਆਪਣੀ ਟਿੱਪਣੀ ਕਰਨੀ ਚਾਹਾਂਗਾ, ਜਿਨ੍ਹਾਂ ਵਿਚ ਫ਼ੈਜ਼ ਨੇ ਆਪਣਾ ਜੀਵਨ ਬਤੀਤ ਕੀਤਾ। ਮੈਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਪੂਰਬ ਦੇ ਲੋਕ ਜਜ਼ਬਾਤੀ ਹੁੰਦੇ ਹਨ ਅਤੇ ਉਹਨਾਂ ਦੇ ਆਪਣੇ ਲੇਖਕਾਂ, ਕਲਾਕਾਰਾਂ ਵਿਦਵਾਨਾਂ ਅਤੇ ਫਿਲਾਸਫਰਾਂ ਬਾਰੇ ਬੜੇ ਤਕੜੇ ਜਜ਼ਬਾਤੀ ਪ੍ਰਤੀਕਰਮ ਹੁੰਦੇ ਹਨ। ਜੇ ਉਹ ਉਹਨਾਂ ਨੂੰ ਪਸੰਦ ਕਰ ਲੈਣ, ਉਹ ਉਹਨਾਂ ਨੂੰ ਦੇਵਤਿਆਂ ਵਾਂਗ ਪੂਜਦੇ ਹਨ ਤੇ ਜੇ ਉਹ ਉਹਨਾਂ ਨੂੰ ਨਾ-ਪਸੰਦ ਕਰਨ ਤਾਂ ਉਹ ਉਹਨਾਂ ਨੂੰ ਪੱਥਰ ਮਾਰਨ ਲਈ ਤਿਆਰ ਹੋ ਜਾਂਦੇ ਹਨ। ਸਾਡੇ ਕੋਲ ਇਸ ਵਰਤਾਰੇ ਨੂੰ ਉਭਾਰਨ ਲਈ ਕਈ ਮਿਸਾਲਾਂ ਹਨ। ਸਰ ਮੁਹੰਮਦ ਇਕਬਾਲ ਨੂੰ ਏਨਾ ਪ੍ਰਵਾਨਿਆਂ ਤੇ ਪੂਜਿਆ ਗਿਆ ਕਿ ਉਹ ਉਸ ਨੂੰ ਇੱਕ ਪਵਿੱਤਰ ਪੁਰਸ਼ ਸਮਝਦੇ ਸੀ ਤੇ ਉਸ ਨੂੰ ਰਹਿਮਤ-ਉਲ-ਲਾਹ-ਅਲੇਹ (ਖ਼ੁਦਾ ਉਸਨੂੰ ਸ਼ਾਂਤੀ ਬਖਸ਼ੇ) ਲਿਖਦੇ ਸੀ। ਦੂਸਰੇ ਸਾਕਾਤ ਹਸਨ-ਮਿੰਟੋ ਤੋਂ ਏਨੀ ਘਿਰਣਾ ਕੀਤੀ ਜਾਂਦੀ ਸੀ ਕਿ ਉਸ ਦੀਆਂ ਸ਼ਾਹਕਾਰ ਰਚਨਾਵਾਂ ਨੂੰ ਵੀ ਪਾਠ-ਪੁਸਤਕਾਂ ਵਿਚੋਂ ਬਾਹਰ ਕੱਢ ਦਿੱਤਾ ਗਿਆ। ਤੁਸੀਂ ਇਸ ਵਤੀਰੇ ਬਾਰੇ ਕਿਵੇਂ ਸੋਚਦੇ ਹੋ ਅਤੇ ਇਸਨੂੰ ਫ਼ੈਜ਼ ਅਹਿਮਦ ਫ਼ੈਜ਼ ਨਾਲ ਕਿਵੇਂ ਸੰਬੰਧਤ ਕਰਦੇ ਹੋ ?

ਅਸ਼ਫਾਕ : ਮੇਰਾ ਵਿਚਾਰ ਹੈ ਕਿ ਪੂਰਬ ਦੇ ਲੋਕਾਂ ਦੇ ਅਤਿਵਾਦੀ ਵਿਚਾਰ ਉਹਨਾਂ ਦੇ ਸਮਾਜਕ ਮਨੋ-ਵਿਗਿਆਨ ਨਾਲ ਸਬੰਧਤ ਹਨ। ਇੱਕ ਮਨੋ-ਵਿਗਿਆਨੀ ਹੋਣ ਕਾਰਨ ਤੁਸੀਂ ਇਸਦੇ ਗਤੀ-ਵਿਗਿਆਨ ਬਾਰੇ ਬਿਹਤਰ ਸਮਝ ਰੱਖਦੇ ਹੋ। ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਪੂਰਬ ਦੇ ਲੋਕ ਆਪਣੇ ਕਵੀਆਂ ਤੇ ਅਦੀਬਾਂ ਬਾਰੇ ਬਹੁਤ ਜਜ਼ਬਾਤੀ ਹਨ। ਜੀਊਂਦੇ ਲੇਖਕਾਂ ਬਾਰੇ ਉਹਨਾਂ ਦੇ ਪ੍ਰਤੀਕਰਮ ਵਧੇਰੇ ਪ੍ਰਗਟਾਊ ਹੁੰਦੇ ਹਨ। ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦਾ ਹੁੰਗਾਰਾ ਵਧੇਰੇ ਸੰਜਮੀ ਹੋ ਜਾਂਦਾ ਹੈ। ਇਕਬਾਲ ਦਾ ਕੇਸ ਇੱਕ ਛੋਟ ਹੈ। ਉਸਦੀ ਕਵਿਤਾ ਤੇ ਸ਼ਖ਼ਸੀਅਤ ਪਾਕਿਸਤਾਨ ਤੇ ਪਾਕਿਸਤਾਨੀਆਂ ਦੀ ਮਾਨਸਿਕਤਾ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਉਸਦੀ ਉਂਗਲ ਉਹਨਾਂ ਦੀ ਨਬਜ਼ ਉੱਤੇ ਸੀ, ਭਾਵੇਂ ਇਹ ਨਬਜ਼ ਹੌਲੀ ਚੱਲ ਰਹੀ ਸੀ ਜਾਂ ਤੇਜ਼ ਜਾਂ ਕਿ ਇਹ ਨਬਜ਼ ਤੰਦਰੁਸਤ ਦੀ ਸੀ, ਜਾਂ ਕਿ ਬੀਮਾਰ ਆਦਮੀ ਸੀ। ਜਦੋਂ ਅਸੀਂ ਆਪਣੇ ਮਹਾਨ ਲੇਖਕਾਂ ਦੀਆਂ ਜ਼ਿੰਦਗੀਆਂ ਉੱਤੇ ਧਿਆਨ ਕੇਂਦਰਤ ਕਰਦੇ ਹਾਂ ਤਾਂ ਅਸੀਂ ਇੱਕ ਪਾਸੇ ਪ੍ਰਸ਼ੰਸਕਾਂ ਤੇ ਦੋਸਤਾਂ ਦੀ ਲੰਮੀ ਕਤਾਰ ਵੇਖਦੇ ਹਾਂ ਤੇ ਦੂਸਰੇ ਪਾਸੇ ਆਲੋਚਕਾਂ ਤੇ ਦੁਸ਼ਮਣਾਂ ਦੀ ਲੰਮੀ ਸੂਚੀ। ਇੱਕ ਕੌਮ ਵਜੋਂ ਸਾਡੇ ਵਿਚ ਸਹਿਨਸ਼ੀਲਤਾ ਦੀ ਘਾਟ ਹੈ। ਵਿਅਕਤੀਗਤ ਅਤੇ ਸਾਂਝੇ ਤੌਰ ਤੇ ਅਸੀਂ ਤਸਵੀਰ ਦਾ ਇੱਕ ਪਾਸਾ ਹੀ



ਵੇਖਦੇ ਹਾਂ। ਕੁਝ ਲੇਖਕ ਵੀ ਇਸੇ ਬਰਾਦਰੀ ਦਾ ਹਿੱਸਾ ਹਨ। ਉਹਨਾਂ ਦੇ ਵਤੀਰੇ ਵੀ ਅਜਿਹੇ ਹਨ।

ਜੇ ਅਸੀਂ ਫ਼ੈਜ਼ ਬਾਰੇ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਹਾਂ, ਸਾਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਕੀ ਸਾਹਿਤ ਤੇ ਜੀਵਨ ਬਾਰੇ ਸਾਡਾ ਵਤੀਰਾ ਅਤਿਵਾਦੀ ਹੈ ਜਾਂ ਸੰਤੁਲਤ ਹੈ। ਸਾਨੂੰ ਇਸ ਗੱਲ ਦੀ ਵੀ ਪਰਖ ਕਰਨੀ ਚਾਹੀਦੀ ਹੈ ਕਿ ਲੋਕਾਂ ਦਾ ਫ਼ੈਜ਼ ਬਾਰੇ ਵਤੀਰਾ ਕੀ ਹੈ।

ਮੇਰੀ ਰਾਏ ਵਿਚ, ਫ਼ੈਜ਼ ਆਪਣੇ ਵਿਚਾਰਾਂ ਤੇ ਵਤੀਰਿਆਂ ਵਿਚ ਸੰਕੀਰਨ ਨਹੀਂ ਸੀ। ਇਹ ਕੇਵਲ ਮੇਰੀ ਹੀ ਰਾਏ ਨਹੀਂ ਹੈ, ਇਸ ਬਾਰੇ ਹੋਰ ਲੋਕਾਂ ਨੇ ਵੀ ਟਿੱਪਣੀ ਕੀਤੀ ਹੈ। ਜੇ ਅਸੀਂ ਫ਼ੈਜ਼ ਦੇ ਕਲਾਸੀਕਲ ਕਵਿਤਾ ਬਾਰੇ ਵਤੀਰੇ ਬਾਰੇ ਵਿਚਾਰ ਕਰੀਏ, ਤਾਂ ਅਸੀਂ ਵੇਖ ਸਕਦੇ ਹਾਂ ਕਿ ਫ਼ੈਜ਼, ਗਾਲਿਬ, ਇਕਬਾਲ, ਸੌਦਾਅ ਅਤੇ ਫਾਰਸੀ ਉਰਦੂ ਦੇ ਹੋਰ ਪੁਰਾਤਨ ਕਵੀਆਂ ਦਾ ਸਤਿਕਾਰ ਕਰਦਾ ਸੀ। ਉਹਨੇ ਤਾਂ ਉਨ੍ਹਾਂ ਦੀ ਕਵਿਤਾ ਤੋਂ ਪ੍ਰੇਰਿਤ ਹੋ ਕੇ ਕਵਿਤਾਵਾਂ ਵੀ ਲਿਖੀਆਂ ਸਨ। ਫ਼ੈਜ਼ ਗਾਲਿਬ ਤੋਂ ਬਹੁਤ ਪ੍ਰਭਾਵਿਤ ਸੀ।

ਸਨਾਤਨੀ ਕਵੀਆਂ ਦੇ ਨਾਲ-ਨਾਲ ਫ਼ੈਜ਼ ਆਪਣੇ ਸਮਕਾਲੀ ਕਵੀਆਂ ਪਾਬਲੋ ਨੇਰੂਦਾ ਆਦਿ ਬਾਰੇ ਵੀ ਚੰਗੀ ਤਰ੍ਹਾਂ ਜਾਣੂ ਸੀ। ਕੁਝ ਲੋਕ ਅਨੁਭਵ ਕਰਦੇ ਹਨ ਕਿ ਫ਼ੈਜ਼ ਦੀ ਕਵਿਤਾ 'ਮੁਲਾਕਾਤ' ਉਸ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਸੀ। ਨੇਰੂਦਾ ਦੇ ਨਾਲ-ਨਾਲ ਫ਼ੈਜ਼ ਨੇ ਮਹਿਮੂਦ ਦਰਵੇਸ਼, ਨਾਜ਼ਿਮ ਹਿਕਮਤ ਅਤੇ ਵੀਹਵੀਂ ਸਦੀ ਦੇ ਹੋਰ ਮਹਾਨ ਕਵੀਆਂ ਦਾ ਪ੍ਰਭਾਵ ਵੀ ਗ੍ਰਹਿਣ ਕੀਤਾ ਸੀ। ਇਹ ਸਾਰੀਆਂ ਗੱਲਾਂ ਦੱਸਦੀਆਂ ਹਨ ਕਿ ਫ਼ੈਜ਼ ਦਾ ਆਪਣੇ ਸਮਕਾਲੀਆਂ ਪ੍ਰਤੀ ਵਿਹਾਰ ਬੜਾ ਸਤਿਕਾਰ-ਭਰਿਆ ਸੀ ਅਤੇ ਜੀਵਨ ਦੇ ਸਾਹਿਤ ਪ੍ਰਤੀ ਵਤੀਰਾ ਬੜਾ ਸੰਤੁਲਤ ਸੀ। ਸਾਹਿਤ ਪ੍ਰਤੀ ਉਸ ਦੀ ਸੰਤੁਲਤ ਪਹੁੰਚ, ਉਸਦੀ ਲਿਖਤੀ ਵਾਰਤਕ ਵਿਚ ਵੀ ਪ੍ਰਤੀਬਿੰਬਤ ਹੁੰਦੀ ਹੈ। ਜਦੋਂ ਮੈਂ ਉਸਨੂੰ ਆਪਣੀ ਪੱਤ੍ਰਿਕਾ "ਉਰਦੂ ਇੰਟਰਨੈਸ਼ਨਲ" ਵਾਸਤੇ ਇੱਕ ਲੇਖ ਲਿਖਣ ਲਈ ਆਖਿਆ ਸੀ ਤਾਂ ਉਸਨੇ 'ਜੋਸ਼' ਅਤੇ 'ਫਿਰਾਕ' ਬਾਰੇ ਲੇਖ ਲਿਖਿਆ ਸੀ ਅਤੇ ਜੋ ਕਿ ਉਹਨਾਂ ਦੀ ਕਵਿਤਾ ਬਾਰੇ ਕਾਫੀ ਸੰਤੁਲਤ ਰੀਵੀਊ ਸੀ।

ਤੇਰੀ ਇਸ ਰਾਏ ਬਾਰੇ ਕਿ ਪੂਰਬ ਦੇ ਲੋਕ ਜਜ਼ਬਾਤੀ ਹੁੰਦੇ ਹਨ, ਮੈਂ ਕਹਿ ਸਕਦਾ ਹਾਂ ਕਿ ਫ਼ੈਜ਼ ਨੂੰ ਇਸ ਤੋਂ ਛੋਟ ਸੀ। ਐਪਰ ਫ਼ੈਜ਼ ਪ੍ਰਤੀ ਲੋਕਾਂ ਦੇ ਪ੍ਰਤੀਕਰਮ ਕਾਫ਼ੀ ਤਗੜੇ ਤੇ ਤੀਬਰ ਰਹੇ ਹਨ। ਲੋਕੀਂ ਉਹਨਾਂ ਦਾ ਸਤਿਕਾਰ ਕਰਦੇ ਤੇ ਪਿਆਰ ਕਰਦੇ ਹਨ ਅਤੇ ਉਹਨਾਂ ਬਾਰੇ ਅਣਗਿਣਤ ਲੇਖ ਅਤੇ ਕਿਤਾਬਾਂ ਲਿਖੀਆਂ ਗਈਆਂ ਹਨ, ਜਿਹੜੀਆਂ ਕਾਫ਼ੀ ਖੁਸ਼ਾਮਦ-ਭਰੀਆਂ ਹਨ। ਜਿਹਨਾਂ ਲੋਕਾਂ ਨੇ ਉਸ ਨਾਲ ਵਕਤ ਬਿਤਾਇਆ ਸੀ, ਉਹ ਉਸਦੀ ਸ਼ਖ਼ਸੀਅਤ ਤੋਂ ਪ੍ਰੇਰਤ ਅਤੇ ਪ੍ਰਭਾਵਿਤ ਸਨ ਤੇ ਮੈਂ ਉਹਨਾਂ ਵਿਚੋਂ ਇੱਕ ਹਾਂ।

ਜਿੱਥੋਂ ਤੀਕ ਫ਼ੈਜ਼ ਦੀ ਆਲੋਚਨਾ ਦਾ ਸਬੰਧ ਹੈ, ਮੈਂ ਰਸ਼ੀਦ ਹਸਨ ਖਾਂ ਅਤੇ ਮੌਲਾਨਾ ਮਿਹਰੁਲ ਕਾਦਰੀ ਦੇ ਲੇਖ ਪੜ੍ਹੇ ਹਨ। ਜਿਹੜੇ ਉਸ ਦੀ ਭਾਸ਼ਾ ਦੀ ਵਰਤੋਂ ਦੀ ਆਲੋਚਨਾ ਕਰਦੇ ਹਨ ਅਤੇ ਸਲੀਮ ਅਹਿਮਦ, ਸਾਕੀ ਫਾਰੂਕੀ, ਵਜੀਰ ਆਗਾ ਅਤੇ ਅਨੀਸ ਨਾਗੀ ਵਰਗਿਆਂ ਨੇ ਉਸ ਦੀ ਸਾਹਿਤਕ

ਸ਼ੈਲੀ ਦੀ ਆਲੋਚਨਾ ਕੀਤੀ ਹੈ। ਮੇਰੀ ਰਾਏ ਅਨੁਸਾਰ, ਇਹਨਾਂ ਰੀਵੀਊਆਂ ਦੇ ਨਾਲ-ਨਾਲ ਲੋਕਾਂ ਨੂੰ ਆਪਣੀ ਰਾਏ ਬਣਾਉਣ ਲਈ ਉਸਦੀ ਕਵਿਤਾ ਵੀ ਪੜ੍ਹਨੀ ਚਾਹੀਦੀ ਹੈ। ਪਿਛਲੇ ਕੁਝ ਦਹਾਕਿਆਂ ਤੋਂ ਇਸ ਵਿਚ ਹਾਂ-ਪੱਖੀ ਤਬਦੀਲੀ ਆਈ ਹੈ। ਸਮਾਂ ਵੱਡਾ ਕਾਰਨ ਹੁੰਦਾ ਹੈ, ਜੋ ਜੀਵਨ ਵਿਚ ਸੰਤੁਲਨ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ।

ਸੁਹੇਲ : ਕਿਉਂਕਿ ਅਸੀਂ ਫ਼ੈਜ਼ ਦੀ ਸ਼ਖ਼ਸੀਅਤ ਬਾਰੇ ਗੱਲਾਂ ਕਰ ਰਹੇ ਹਾਂ, ਮੈਂ ਇਹ ਮੰਨਦਾ ਹਾਂ ਕਿ ਮੈਂ ਫ਼ੈਜ਼ ਨੂੰ ਕਦੇ ਮਿਲਿਆ ਨਹੀਂ, ਪਰ ਜਦੋਂ ਮੈਂ ਪੱਤਰਕਾਵਾਂ ਵਿਚ ਉਸ ਬਾਰੇ ਛਪੇ ਲੇਖ ਪੜ੍ਹਦਾ ਹਾਂ ਤਾਂ ਮੈਨੂੰ ਗੱਲ ਕੁਝ ਵਧਾ ਕੇ ਕੀਤੀ ਪ੍ਰਤੀਤ ਹੁੰਦੀ ਹੈ। ਇੰਝ ਲੱਗਦਾ ਹੈ ਕਿ ਉਹ ਕੋਈ ਦੇਵਤਾ ਜਾਂ ਮਹਾਂ-ਮਾਨਵ ਹੋਵੇ। ਇਹਨਾਂ ਲੇਖਾਂ ਵਿਚ ਲਿਖਿਆ ਹੁੰਦਾ ਹੈ ਕਿ ਉਹ ਹਰ ਇੱਕ ਦਾ ਦਿਲ ਜਿੱਤ ਲੈਂਦਾ ਸੀ। ਉਸਦਾ ਦਿਲ ਪਿਆਰ ਨਾਲ ਭਰਿਆ ਹੁੰਦਾ ਸੀ ਤੇ ਉਹ ਕਦੇ ਗੁੱਸੇ ਨਹੀਂ ਸੀ ਹੁੰਦਾ। ਉਹ ਕਦੇ ਈਰਖਾ ਨਹੀਂ ਸੀ ਕਰਦਾ, ਸਦਾ ਹੀ ਮੁਆਫ਼ ਕਰ ਦਿੰਦਾ ਸੀ। ਮੈਨੂੰ ਇੱਕ ਮਿਸਾਲ ਪੇਸ਼ ਕਰਨ ਦੀ ਆਗਿਆ ਦਿਉ। ਮੈਨੂੰ ਇਕ ਪੈਰਾ ਪੜ੍ਹਨ ਵਿਚ ਜੋ ਇਬਰਾਹੀਮ ਜਾਲੀਸ ਦੇ ਲੇਖ ਵਿਚੋਂ ਹੈ।

ਉਸਨੇ ਲਿਖਿਆ ਸੀ, " ਮੈਂ ਫ਼ੈਜ਼ ਨੂੰ ਕਈ ਵਾਰ ਮਿਲਿਆ ਸੀ, ਪਰ ਮੈਂ ਉਸਨੂੰ ਕਦੇ ਉਦਾਸ ਜਾਂ ਗੁੱਸੇ ਵਿਚ ਨਹੀਂ ਵੇਖਿਆ। ਕਦੇ ਵੀ ਨਹੀਂ। ਉਹ ਸ਼ਾਂਤ-ਚਿੱਤ ਵਿਖਾਲੀ ਦਿੰਦਾ ਸੀ ਤੇ ਸਦਾ ਹੀ ਨੌਜਵਾਨ ਲੋਕਾਂ ਨਾਲ ਪਿਆਰ ਕਰਦਾ ਸੀ। ਲੋਕ ਆਖਦੇ ਨੇ, ਕਿ ਸਭ ਮਨੁੱਖੀ ਜੀਵਾਂ ਦੇ ਦੋ ਪੱਖ ਹੁੰਦੇ ਹਨ। ਰੌਸ਼ਨ ਤੇ ਪਿਆਰਾ ਪੱਖ ਤੇ ਹਨ੍ਹੇਰਾ ਅਤੇ ਘ੍ਰਿਣਤ ਪੱਖ। ਪਰ ਮੈਂ ਫ਼ੈਜ਼ ਨੂੰ ਕਦੇ ਘ੍ਰਿਣਾ ਦੀ ਸਥਿਤੀ ਵਿਚ ਨਹੀਂ ਵੇਖਿਆ, ਮਿੱਤਰਾਂ ਨਾਲ ਵੀ ਨਹੀਂ। ਉਹ ਹਮੇਸ਼ਾਂ ਹੀ ਮੁਸਕਰਾਉਂਦਾ ਰਹਿੰਦਾ ਸੀ ਤੇ ਲੋਕਾਂ ਨੂੰ ਪੁੱਛਦਾ ਸੀ ਕਿ ਉਹਨਾਂ ਦਾ ਕੀ ਹਾਲ ਸੀ। ਜੇ ਕੋਈ ਮੈਨੂੰ ਪੁੱਛਦਾ ਸੀ ਕਿ ਉਹ ਪਿਆਰ, ਈਮਾਨਦਾਰੀ, ਸੱਚਾਈ ਤੇ ਹਮਦਰਦੀ ਨੂੰ ਇਕੱਠੇ ਤੱਕਣਾ ਚਾਹੁੰਦਾ ਸੀ ਤਾਂ ਮੈਂ ਉਸ ਨੂੰ ਆਖਦਾ ਸੀ ਕਿ ਉਹ ਛੇਤੀ ਹੀ ਫ਼ੈਜ਼ ਨੂੰ ਮਿਲਣ ਦੀ ਕੋਸ਼ਿਸ਼ ਕਰੇ।"

ਜਦੋਂ ਮੈਂ ਇਹ ਲੇਖ ਪੜ੍ਹਿਆ ਤਾਂ ਅਨੁਭਵ ਕੀਤਾ ਕਿ ਫ਼ੈਜ਼ ਕੋਈ ਸੰਤ ਸੀ। ਕਿਉਂਕਿ ਤੁਸੀਂ ਉਸਨੂੰ ਕਈ ਵਾਰ ਮਿਲੇ ਹੋ। ਇਸ ਬਾਰੇ ਤੁਹਾਡੀ ਕੀ ਰਾਏ ਹੈ?

ਅਸ਼ਫਾਕ : ਜੇ ਤੁਸੀਂ ਇਬਰਾਹੀਮ ਜਾਲੀਸ ਨਾਲ ਅਸਹਿਮਤ ਹੋ ਤਾਂ ਮੈਂ ਕੇਵਲ ਏਨਾ ਹੀ ਕਹਿ ਸਕਦਾ ਹਾਂ ਕਿ ਕਾਸ਼ ਤੁਸੀਂ ਫ਼ੈਜ਼ ਨੂੰ ਮਿਲੇ ਹੁੰਦੇ। ਇਹ ਲੇਖ ਇੱਕ ਪ੍ਰਭਾਵਵਾਦੀ ਲਿਖਤ ਹੈ, ਜਿਸ ਰਾਹੀਂ ਇਬਰਾਹੀਮ ਜਲੀਸ ਨੇ ਆਪਣੇ ਜਜ਼ਬਿਆਂ ਨੂੰ ਈਮਾਨਦਾਰੀ ਨਾਲ ਬਿਆਨ ਕੀਤਾ ਹੈ। ਮੈਂ ਉਸਦੇ ਸਾਥ ਵਿਚ ਬਹੁਤਾ ਸਮਾਂ ਨਹੀਂ ਗੁਜ਼ਾਰਿਆ, ਪਰ ਆਪਣੀ ਮੌਤ ਤੋਂ ਪਹਿਲਾਂ, ਜਦ ਉਹਨਾਂ ਨੇ ਟਰਾਂਟੋ ਦਾ ਗੇੜਾ ਮਾਰਿਆ ਸੀ, ਤਾਂ ਮੈਂ ਇਸ ਗੱਲੋਂ ਖੁਸ਼ਕਿਸਮਤ ਸੀ। ਕਿਉਂਕਿ ਪਾਕਿਸਤਾਨੀ ਅਤੇ ਭਾਰਤੀਆਂ ਦੀ ਬਰਾਦਰੀ ਦੀ ਉਹਨਾਂ ਦਿਨਾਂ ਵਿਚ ਬੜੀ ਘੱਟ ਗਿਣਤੀ ਹੁੰਦੀ ਸੀ। ਉਹਨਾਂ



ਮੁਲਾਕਾਤਾਂ ਵਿਚ ਮੈਂ ਉਹਨਾਂ ਨਾਲ ਕਈ ਗੱਲਾਂ ਬਾਰੇ ਵਿਚਾਰਾਂ ਕੀਤੀਆਂ ਸਨ ਤੇ ਵੱਖ-ਵੱਖ ਵਿਸ਼ਿਆਂ ਬਾਰੇ ਗੁਫ਼ਤਗੂ ਕੀਤੀ ਸੀ।

ਇਹਨਾਂ ਮੁਲਾਕਾਤਾਂ ਦੇ ਆਧਾਰ ਉੱਤੇ ਮੈਂ ਉਹਨਾਂ ਦੀ ਸ਼ਖ਼ਸੀਅਤ ਬਾਰੇ ਪ੍ਰਭਾਵ ਸਾਂਝੇ ਕਰ ਸਕਦਾ ਹਾਂ। ਈਮਾਨਦਾਰੀ ਦੀ ਗੱਲ ਹੈ ਕਿ ਮੇਰਾ ਪ੍ਰਭਾਵ, ਇਬਰਾਹੀਮ ਜਾਲੀਸ ਨਾਲੋਂ ਬਹੁਤਾ ਵੱਖਰਾ ਨਹੀਂ ਹੈ। ਜਲੀਸ ਨੇ ਆਪਣੇ ਲੇਖ ਵਿਚ ਉਸਦੀਆਂ ਸਿਫਤਾਂ ਸੀ ਸਤਰੰਗੀ ਪੀਂਘ ਸਿਰਜੀ ਹੈ। ਐਪਰ ਮੈਂ ਇੱਕ ਗੱਲ ਸਪੱਸ਼ਟ ਕਰਨੀ ਚਾਹੁੰਦਾ ਹਾਂ। ਇਹ ਕਹਿਣਾ ਕਿ ਉਹ ਬੜਾ ਨਿੱਘਾ, ਕ੍ਰਿਪਾਲੂ ਤੇ ਹਮਦਰਦੀ ਭਰਿਆ ਸੀ, ਇਸਦਾ ਇਹ ਅਰਥ ਨਹੀਂ ਕਿ, ਜੋ ਕੁਝ ਵੀ ਲੋਕ ਕਹਿੰਦੇ ਸੀ, ਉਹ ਉਸ ਨਾਲ ਸਹਿਮਤ ਹੋ ਜਾਂਦਾ ਸੀ। ਉਸ ਦੀਆਂ ਆਪਣੀਆਂ ਰਾਵਾਂ ਸਨ ਤੇ ਆਪਣਾ ਹੀ ਦ੍ਰਿਸ਼ਟੀਕੋਣ ਸੀ ਤੇ ਉਸਨੇ ਆਪਣੇ ਆਦਰਸ਼ਾਂ ਲਈ ਬਹੁਤ ਕੁਰਬਾਨੀਆਂ ਕੀਤੀਆਂ ਸਨ।

ਉਸਦੇ ਜੀਵਨ ਵਿਚ ਕਈ ਮੋੜ ਅਜਿਹੇ ਆਏ ਸਨ, ਜਿੱਥੇ ਉਹ ਇਹ ਇਕੱਲਾ ਖਲੋਤਾ ਹੁੰਦਾ ਸੀ ਤੇ ਭੀੜ ਦੇ ਮਗਰ ਨਹੀਂ ਤੁਰਦਾ ਸੀ। ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗਾਂ ਦੇ ਸਮੇਂ, ਉਸਨੇ ਕਦੇ ਵੀ ਭੜਕਾਊ ਜਾਂ ਘ੍ਰਿਣਾਜਨਕ ਦੇਸ਼-ਭਗਤੀ ਭਰੇ ਗੀਤ ਨਹੀਂ ਲਿਖੇ ਸਨ, ਸਗੋਂ ਉਸਨੇ "ਬਲੈਕ ਆਊਟ" ਅਤੇ 'ਸਿਪਾਹੀ ਦਾ ਮਰਸੀਆ" ਵਰਗੀਆਂ ਕਵਿਤਾਵਾਂ ਲਿਖ ਕੇ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ ਸਨ।

ਉਹ ਲੋਕਾਂ ਨੂੰ ਖੁਸ਼ ਕਰਨ ਵਾਲਾ ਵਿਅਕਤੀ ਨਹੀਂ ਸੀ, ਜੋ ਹਰ ਇੱਕ ਨੂੰ ਤੇ ਹਰ ਥਾਂ 'ਹਾਂ ਜੀ, ਹਾਂ ਜੀ' ਕਹਿੰਦਾ ਹੋਵੇ। ਜੇ ਕਿਸੇ ਗੰਭੀਰ ਵਾਰਤਾਲਾਪ ਸਮੇਂ ਕਿਸੇ ਨੇ ਕਿਹਾ ਕਿ ਵਿਸ਼ਵ ਸ਼ਕਤੀਆਂ ਦੀ ਬੇਇਨਸਾਫੀ ਦੇ ਵਿਰੁੱਧ ਲੜਨਾ ਅਤੇ ਅਮਨ ਦੀਆਂ ਲਹਿਰਾਂ ਦੀ ਹਮਾਇਤ ਕਰਨੀ, ਵਕਤ ਖਰਾਬ ਕਰਨਾ ਹੈ ਤਾਂ ਉਹ ਅਜਿਹੇ ਬੰਦੇ ਨਾਲ ਕਦੇ ਸਹਿਮਤ ਨਹੀਂ ਸੀ ਹੁੰਦਾ, ਭਾਵੇਂ ਕਿ ਉਹ ਕੁਝ ਸੰਗਾਊ ਸੀ ਜਾਂ ਉਹ ਸ਼ਾਂਤੀ ਸੁਭਾਅ ਵਾਲੀ ਸ਼ਖ਼ਸੀਅਤ ਸੀ। ਉਸਦੇ ਆਪਣੇ ਆਦਰਸ਼ ਸਨ, ਐਪਰ ਉਹ ਜਾਣਦਾ ਸੀ ਕਿ ਕਿਵੇਂ ਸ਼ਾਂਤੀ ਭਰਿਆ ਜੀਵਨ ਬਤੀਤ ਕਰਨਾ ਹੈ ਜੋ ਕਿ ਸਦੀਆਂ ਤੋਂ ਸਾਡੇ ਪੂਰਬ ਦੇ ਲੋਕਾਂ ਦੀ ਪਰੰਪਰਾ ਰਹੀ ਹੈ।

ਉਹ ਬੜਾ ਸਭਿਅਕ ਮਨੁੱਖ ਸੀ। ਜਦ ਉਹ ਅਸਹਿਮਤ ਹੁੰਦਾ ਸੀ, ਉਹ ਆਪਣੇ ਵਿਚਾਰ ਏਨੇ ਕੋਮਲ ਢੰਗ ਨਾਲ ਪ੍ਰਗਟ ਕਰਦਾ ਸੀ ਕਿ ਉਸਦੇ ਵਿਰੋਧੀ ਹਥਿਆਰ ਸੁੱਟ ਦਿੰਦੇ ਸਨ। ਕਿਉਂਕਿ ਉਹ ਮੁਆਫ਼ ਕਰਨ ਵਾਲਾ ਆਦਮੀ ਸੀ। ਇਸ ਲਈ ਕਈ ਲੋਕ ਉਸਨੂੰ ਇੱਕ ਦੇਵਤੇ ਵਾਂਗ ਪੇਸ਼ ਕਰਦੇ ਸਨ।

ਉਸਦੀ ਸ਼ਖ਼ਸੀਅਤ ਨੂੰ ਸਪੱਸ਼ਟ ਕਰਨ ਲਈ ਮੈਨੂੰ ਇੱਕ ਘਟਨਾ ਦੱਸਣ ਦੀ ਆਗਿਆ ਦਿਉ। ਇਹ ਗੱਲ 1971 ਵਿਚ ਉਦੋਂ ਵਾਪਰੀ ਸੀ, ਜਦੋਂ ਭਾਰਤ ਤੇ ਪਾਕਿਸਤਾਨ ਵਿਚ ਜੰਗ ਲੱਗੀ ਹੋਈ ਸੀ। ਬੰਗਲਾ ਦੇਸ਼ ਅਤੇ ਰੂਸ ਦੀ ਹਿਮਾਇਤ ਦਾ ਸਵਾਲ ਵੀ ਪਿਛੋਕੜ ਵਿਚ ਸੀ। ਲੋਕਾਂ ਨੇ ਫ਼ੈਜ਼ ਨੂੰ ਲੈਨਿਨ ਅਮਨ ਇਨਾਮ ਵਾਪਸ ਕਰਨ ਲਈ ਆਖਿਆ। ਕਈਆਂ ਨੇ ਉਸ

ਉੱਤੇ ਰੋੜੇ ਵੀ ਸੁੱਟੇ। ਜਦ ਉਸਨੇ ਆਪਣੀ ਰਾਏ ਦੱਸੀ ਤਾਂ ਉਸਨੇ ਆਪਣੇ ਦੁਸ਼ਮਣਾਂ ਨੂੰ ਫਿਟਕਾਰ ਨਹੀਂ ਪਾਈ ਤੇ ਨਾ ਹੀ ਮੰਦਾ ਬੋਲਿਆ। ਸਗੋਂ ਇਹ ਗੱਲ ਸਪੱਸ਼ਟ ਕੀਤੀ ਕਿ ਉਹ ਇਸ ਪੁਰਸਕਾਰ ਨੂੰ ਏਨਾ ਉੱਚਾ ਸਮਝਦਾ ਹੈ ਕਿ ਉਹ ਇਸਨੂੰ ਵਾਪਸ ਨਹੀਂ ਕਰੇਗਾ। ਕਿਉਂਕਿ ਉਹ ਸ਼ਾਂਤ ਸੁਭਾਅ ਦਾ ਇਨਸਾਨ ਸੀ। ਤੁਸੀਂ ਉਸਨੂੰ ਸੰਤ ਜਾਂ ਸੱਭਿਆ ਆਦਮੀ ਜਾਂ ਪਿਆਰਾ ਮਨੁੱਖ ਕਹਿ ਸਕਦੇ ਹੋ। ਇਹ ਗੱਲ ਤੁਹਾਡੇ ਦ੍ਰਿਸ਼ਟੀਕੋਣ ਅਤੇ ਸੋਚ ਉੱਤੇ ਨਿਰਭਰ ਹੈ।

ਆਉ ਇੱਕ ਹੋਰ ਘਟਨਾ ਸਾਂਝੀ ਕਰੀਏ, ਜੋ ਟਰਾਂਟੋ ਦੀ ਯਾਤਰਾ ਸਮੇਂ ਵਾਪਰੀ ਸੀ ਤੇ ਜਿਸ ਤੋਂ ਉਸਦੀ ਸ਼ਖ਼ਸੀਅਤ ਉੱਤੇ ਰੌਸ਼ਨੀ ਪੈਂਦੀ ਹੈ। ਇਹ ਗੱਲ 1980 ਦੀ ਹੈ ਤੇ ਡਾ. ਅਬਦੁੱਲ ਕਿਯੂਮ ਲੋਧੀ ਉਸਦੇ ਮੇਜ਼ਬਾਨ ਸਨ। ਲੋਕੀਂ ਗੱਲਾਂ ਮਾਰ ਰਹੇ ਸਨ ਤੇ ਪੀ ਰਹੇ ਸਨ। ਫ਼ੈਜ਼ ਸਾਹਿਬ ਆਪਣੀ ਵਿਸਕੀ ਦੀਆਂ ਚੁਸਕੀਆਂ ਲੈ ਰਹੇ ਤੇ ਲੋਕਾਂ ਦੇ ਸਵਾਲਾਂ ਦਾ ਜਵਾਬ ਦੇ ਰਹੇ ਸਨ। ਉਸ ਸ਼ਾਮ ਜੀਵਨ ਦੇ ਵੱਖ-ਵੱਖ ਖੇਤਰਾਂ ਅਤੇ ਵੱਖ-ਵੱਖ ਵਿਚਾਰਾਂ ਦੇ ਲੋਕ ਇਕੱਠੇ ਹੋ ਗਏ ਸਨ। ਭਾਰਤੀ ਪ੍ਰਸ਼ੰਸਕਾਂ ਵਿਚੋਂ ਇੱਕ ਭਾਰਤੀ ਜੋ ਹਿੰਦੂ ਪਰਿਵਾਰ ਵਿਚੋਂ ਸੀ, ਨੇ ਪੁੱਛਿਆ,

"ਫ਼ੈਜ਼ ਸਾਹਿਬ, ਕੀ ਤੁਸੀਂ ਦੱਸ ਸਕਦੇ ਹੋ ਕਿ ਤੁਹਾਡੇ ਪਾਕਿਸਤਾਨ ਵਿਚ ਪ੍ਰੇਮ ਚੰਦ ਕਿੰਨਾ ਕੁ ਮਹੱਤਵਪੂਰਨ ਹੈ ? ਕੀ ਉਸਨੂੰ ਅਣਡਿੱਠ ਨਹੀਂ ਕੀਤਾ ਜਾ ਰਿਹਾ ? ਫ਼ੈਜ਼ ਸਾਹਿਬ ਨੇ ਕਿਹਾ, 'ਪ੍ਰੇਮ ਚੰਦ ਮਹਾਨ ਲੇਖਕ ਸੀ। ਉਹ ਅਣਡਿੱਠ ਕਿਵੇਂ ਹੋ ਸਕਦਾ ਹੈ ? ਜਦ ਉਹ ਗੱਲ ਕਰ ਰਹੇ ਸਨ, ਤਾਂ ਇੱਕ ਰਾਜਸੀ ਕਾਰਕੁੰਨ ਨੇ ਦਖ਼ਲ ਦਿੰਦਿਆਂ ਕਿਹਾ "ਕਿ ਪਾਕਿਸਤਾਨ ਜਿੱਥੇ ਹਰ ਕੋਈ ਇਸਲਾਮ ਬਾਰੇ ਗੱਲਾਂ ਕਰਦਾ ਹੈ, ਉੱਥੇ ਗ਼ੈਰ-ਮੁਸਲਿਮ ਲੇਖਕ ਦਾ ਕਿਵੇਂ ਸਤਿਕਾਰ ਹੋ ਸਕਦਾ ਹੈ ? ਤੁਹਾਨੂੰ ਮਨ ਵਿਚ ਯਾਦ ਰੱਖਣਾ ਚਾਹੀਦਾ ਹੈ ਕਿ ਇਹ 1980 ਦਾ ਸਾਲ ਸੀ। ਜ਼ਿਆ-ਉਲ-ਹੱਕ ਨੇ ਪਾਕਿਸਤਾਨ ਵਿਚ ਫੌਜੀ ਰਾਜ ਲਾਗੂ ਕਰ ਦਿੱਤਾ ਸੀ ਤੇ ਫ਼ੈਜ਼ ਜਲਾਵਤਨ ਸੀ। ਫ਼ੈਜ਼ ਪਹਿਲੇ ਆਦਮੀ ਨਾਲ ਨਰਮ ਰਿਹਾ ਤੇ ਦੂਸਰੇ ਪ੍ਰਤੀ ਸਖ਼ਤ ਸੀ ਅਤੇ ਉਸਨੇ ਪੁੱਛਿਆ ਕਿ ਕੀ ਉਹ ਸੋਚਦਾ ਹੈ ਕਿ ਮੌਲਵੀ ਨਜ਼ੀਰ ਅਹਿਮਦ ਵੱਲ ਵੱਧ ਧਿਆਨ ਦਿੱਤਾ ਗਿਆ ਸੀ, ਕਿਉਂਕਿ ਉਹ ਮੁਸਲਮਾਨ ਸੀ। ਫਿਰ ਉਨ੍ਹਾਂ ਨੇ ਆਪਣੀ ਸੁਰ ਕੁਝ ਨਰਮ ਕਰ ਲਈ ਤੇ ਕਿਹਾ, "ਪਾਠ-ਪੁਸਤਕਾਂ ਵਿਚ ਪ੍ਰੇਮ ਚੰਦ ਅਤੇ ਨਜ਼ੀਰ ਅਹਿਮਦ ਦੋਵੇਂ ਹੀ ਸ਼ਾਮਿਲ ਹਨ ਤੇ ਜਦੋਂ ਵੀ ਲੋੜ ਪਵੇ ਦੋਵਾਂ ਲੇਖਕਾਂ ਬਾਰੇ ਵਾਰਤਾਲਾਪ ਕਰਦੇ ਹੋਏ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।

ਤੁਹਾਡੇ ਪ੍ਰਸ਼ਨ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ "ਹਾਂ ਜੀ, ਹਾਂ ਜੀ" ਕਰਨ ਵਾਲਾ ਸ਼ਖ਼ਸ ਸੀ। ਮੈਂ ਇਸ ਨਾਲ ਸਹਿਮਤ ਨਹੀਂ। ਸਾਨੂੰ ਇਹ ਗੱਲ ਵੀ ਅਨੁਭਵ ਕਰਨੀ ਚਾਹੀਦੀ ਹੈ ਕਿ ਚੀਜ਼ਾਂ ਵੱਖ-ਵੱਖ ਵਿਚਾਰਾਂ ਦੇ ਪੱਖ ਤੋਂ ਵੱਖ-ਵੱਖ ਦਿਸਦੀਆਂ ਹਨ। ਮੌਂਟ-ਐਵਰਿਸਟ ਦੀ ਚੋਟੀ, ਹਵਾਈ ਜਹਾਜ਼ ਵਿਚੋਂ ਵੱਖਰੀ ਦਿਸਦੀ ਹੈ। ਪਾਕਿਸਤਾਨ ਵਿਚ ਪ੍ਰੇਮ ਚੰਦ ਨੂੰ ਉਹ ਮਹੱਤਵ ਨਹੀਂ ਮਿਲੇਗਾ। ਜੋ ਇਲਾਮਾ ਇਕਬਾਲ ਦਾ ਹੈ, ਕਿਉਂਕਿ ਸਮਾਜਕ ਤੇ



ਰਾਜਸੀ ਪ੍ਰਭਾਵ ਦਾ ਫ਼ਰਕ ਹੈ।

ਜਦੋਂ ਅਸੀਂ ਫ਼ੈਜ਼ ਵਰਗੇ ਲੋਕਾਂ ਬਾਰੇ ਗੱਲ ਕਰਦੇ ਹਾਂ ਤਾਂ ਅਸੀਂ ਉਸ ਕਿਸਮ ਦੇ ਲੋਕਾਂ ਦੀ ਗੱਲ ਕਰਾਂਗੇ, ਜਿਨ੍ਹਾਂ ਨੇ ਦੂਸਰੇ ਲੋਕਾਂ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਨਾ ਕਰਨ ਦੀ ਕਲਾ ਸਿੱਖ ਲਈ ਹੈ। ਇਹ ਇੱਕ ਅਜਿਹੀ ਕਲਾ ਹੈ, ਜਿਸ ਨੂੰ ਸਿੱਖਣ ਲਈ ਕਾਫ਼ੀ ਸਮਾਂ ਤੇ ਮਿਹਨਤ ਚਾਹੀਦੀ ਹੈ। ਫ਼ੈਜ਼ ਕੋਈ ਦੇਵਤਾ ਜਾਂ ਸੰਤ ਨਹੀਂ ਸੀ, ਪਰ ਉਸਨੇ ਮਨੁੱਖੀ ਰਿਸ਼ਤਿਆਂ ਦੇ ਭੇਤਾਂ ਨੂੰ ਸਮਝ ਲਿਆ ਸੀ। ਜਿਸ ਕਾਰਨ ਉਹ ਇਕ ਸਫਲ ਤੇ ਪਿਆਰਾ ਮਨੁੱਖੀ ਜੀਵ ਬਣ ਗਿਆ ਸੀ।

ਸੁਹੇਲ : ਤੁਸਾਂ ਫ਼ੈਜ਼ ਦੀ ਸ਼ਖ਼ਸੀਅਤ ਦੇ ਦੋ ਪੱਖਾਂ ਉੱਤੇ ਧਿਆਨ ਕੇਂਦਰਿਤ ਕੀਤਾ ਹੈ। ਇੱਕ ਪੱਖ ਸੀ ਸਮਾਜਿਕ, ਜੋ ਸੰਤੁਲਤ ਅਤੇ ਸ਼ਾਂਤਮਈ ਸੀ ਤੇ ਇੱਕ ਵਿਚਾਰਧਾਰਕ ਪੱਖ ਸੀ ਜਿੱਥੇ ਸਮਝੌਤਾ ਨਹੀਂ ਹੋ ਸਕਦਾ। ਵਿਚਾਰਧਾਰਕ ਪੱਖ ਤੋਂ ਉਹ ਆਪਣੇ ਫਲਸਫੇ ਬਾਰੇ ਬਹੁਤ ਸਪੱਸ਼ਟ ਸੀ। ਆਪਣੇ ਪਹਿਲੇ ਸਵਾਲ ਬਾਰੇ ਮੈਂ ਉਸਦੇ ਸਮਾਜਕ ਪੱਖ ਉੱਤੇ ਵਧੇਰੇ ਜ਼ੋਰ ਦੇ ਰਿਹਾ ਸੀ। ਜਿੱਥੇ ਕਿ ਉਹ ਵਧੇਰੇ ਸੰਗਾਊ ਅਤੇ ਸੰਕੋਚਵਾਨ ਪ੍ਰਤੀਤ ਹੁੰਦਾ ਸੀ। ਆਪਣੀਆਂ ਲਿਖਤਾਂ ਕਾਰਨ ਉਹ ਮੈਨੂੰ ਅੰਤਰਮੁਖੀ ਪ੍ਰਤੀਤ ਹੁੰਦਾ ਸੀ। ਆਪਣੇ ਖਤ ਵਿਚ ਵੀ, ਜੋ ਉਸ ਐਲਸ ਨੂੰ ਜੇਲ੍ਹ ਵਿਚੋਂ ਲਿਖਿਆ ਸੀ, ਉਸਨੇ ਆਪਣੇ ਆਪ ਨੂੰ 'ਸੰਕੋਚਵਾਨ ਸੰਤ' ਆਖਿਆ ਸੀ। ਕਈ ਵਾਰ ਮੈਨੂੰ ਇੰਝ ਲੱਗਦਾ ਸੀ ਕਿ ਕਿਉਂਕਿ ਉਹ ਦੂਸਰੇ ਲੋਕਾਂ ਦੀਆਂ ਭਾਵਨਾਵਾਂ ਨੂੰ ਜਖ਼ਮੀ ਨਹੀਂ ਕਰਨਾ ਚਾਹੁੰਦਾ ਸੀ ਤਾਂ ਲੋਕ ਉਸਨੂੰ ਗਲਤ ਸਮਝ ਲੈਂਦੇ ਸਨ ਤੇ ਉਸਨੂੰ ਘਟੀਆ ਮਨੁੱਖ ਪ੍ਰਤੀਤ ਕਰ ਲੈਂਦੇ ਸਨ।

ਅਸ਼ਫਾਕ : ਹਾਂ, ਮੈਂ ਤੇਰੇ ਨਾਲ ਸਹਿਮਤ ਹਾਂ। ਮੈਂ ਸੋਚਦਾ ਹਾਂ ਕਿ ਕਿਸੇ ਦਾ ਵਿਹਾਰ ਉਸਦੇ ਸਮਾਜਕ ਵਾਤਾਵਰਨ ਤੋਂ ਪ੍ਰਭਾਵਤ ਹੁੰਦਾ ਹੈ। ਪੱਛਮ ਵਿਚ ਇੱਕ ਪਰੰਪਰਾ ਹੈ ਕਿ ਉੱਥੇ ਲੇਖਕਾਂ ਤੇ ਕਲਾਕਾਰਾਂ ਨਾਲ ਉਹਨਾਂ ਦੀਆਂ ਜ਼ਾਤੀ ਜ਼ਿੰਦਗੀਆਂ ਬਾਰੇ ਖੁੱਲ੍ਹੀਆਂ ਬਹਿਸਾਂ ਹੁੰਦੀਆਂ ਹਨ, ਜੋ ਕਿ ਪੂਰਬ ਵਿਚ ਕਦੇ ਸੁਣੀਆਂ ਵੀ ਨਹੀਂ ਹਨ। ਫ਼ੈਜ਼ ਚੋਣ ਕਰਦਾ ਸੀ। ਉਹ ਦਿੱਬ-ਦ੍ਰਿਸ਼ਟੀ ਵਜੋਂ ਹੀ ਜਾਣਦਾ ਹੁੰਦਾ ਸੀ ਕਿ ਕੀ ਕਹਿਣਾ ਹੈ, ਤੇ ਕਿਨ੍ਹਾਂ ਸਥਿਤੀਆਂ ਵਿਚ ਕੀ ਨਹੀਂ ਕਹਿਣਾ ਹੈ।

ਮੈਨੂੰ ਇਜਾਜ਼ਤ ਦਿਉ ਕਿ ਮੈਂ ਆਪਣੇ ਨੁਕਤੇ ਨੂੰ ਸਪੱਸ਼ਟ ਕਰਨ ਲਈ ਇੱਕ ਮਿਸਾਲ ਦਿਆਂ। 1981 ਵਿਚ ਇੱਕ ਹੋਰ ਗੇੜੇ ਵੇਲੇ ਮੈਂ ਉਸ ਨਾਲ ਇਹ ਵਿਚਾਰ ਕੀਤੀ ਕਿ ਮੈਂ ਇੱਕ ਪੱਤ੍ਰਿਕਾ ਦਾ ਸੰਪਾਦਨ ਕਰਨਾ ਚਾਹੁੰਦਾ ਹਾਂ। ਜਿਸਦਾ ਨਾਂ "ਉਰਦੂ ਇੰਟਰਨੈਸ਼ਨਲ" ਹੋਵੇ। ਆਰੰਭ ਵਿਚ ਉਹ ਇਸ ਦੇ ਨਾਮ ਬਾਰੇ ਮੇਰੇ ਨਾਲ ਸਹਿਮਤ ਨਾ ਹੋਇਆ ਅਤੇ ਉਸਨੇ 'ਸਬਾ', 'ਸਾਕੀ', 'ਨਿਗਾਰ' 'ਅਦਬੇ-ਲਤੀਫ' ਆਦਿਕ ਨਾਂ ਤਜਵੀਜ ਕੀਤੇ, ਪਰ ਜਦੋਂ ਮੈਂ ਉਸਨੂੰ ਦੱਸਿਆ ਕਿ ਮੈਂ ਚਾਹੁੰਦਾ ਹਾਂ ਕਿ ਮੈਂ ਕੌਮਾਂਤਰੀ ਤੌਰ ਤੇ ਉਹਨਾਂ ਉਰਦੂ ਦੇ ਲੇਖਕਾਂ ਨੂੰ ਇੱਕ ਪਲੇਟਫਾਰਮ ਦੇਣਾ ਚਾਹੁੰਦਾ ਹਾਂ, ਜੋ ਸਾਰੇ ਵਿਸ਼ਵ ਵਿਚ ਰਹਿ ਰਹੇ ਹਨ, ਤਾਂ ਉਹ ਸਹਿਮਤ ਹੋ ਗਏ ਤੇ ਆਖਣ ਲੱਗੇ, "ਨਾਂ ਵਿਚ ਕੀ ਪਿਆ ਹੈ ? ਮੁੱਖ ਗੱਲ ਤਾਂ ਉਹ ਕੋਸ਼ਿਸ਼ਾਂ ਹਨ ਜੋ ਤੁਸੀਂ

ਉਰਦੂ ਲਈ ਤੇ ਉਰਦੂ ਦੇ ਲੇਖਕਾਂ ਲਈ ਕਰਨਾ ਚਾਹੁੰਦੇ ਹੋ। ਉਹ ਮੰਨ ਗਏ ਤੇ ਜ਼ਿੱਦ ਨਾ ਕੀਤੀ। ਇਸ ਤੋਂ ਉਹਨਾਂ ਦੇ ਆਚਰਨ ਦੀ ਲੱਚਕ ਪ੍ਰਗਟ ਹੁੰਦੀ ਹੈ। ਉਹ ਮਿੱਠ-ਬੋਲਾ ਮਨੁੱਖ ਸੀ ਤੇ ਸਿਆਣਾ ਆਦਮੀ। ਇਹੀ ਕਾਰਨ ਹੈ ਕਿ ਬਹੁਤੇ ਲੋਕ ਉਸਨੂੰ ਸੰਤ ਸਮਝਦੇ ਸੀ।

ਸੁਹੇਲ : ਕੀ ਤੁਸੀਂ ਸਮਝਦੇ ਹੋ ਕਿ ਸ਼ਰਮਾਕਲ ਆਦਮੀ ਸੀ ?

ਅਸ਼ਫਾਕ : ਹਾਂ, ਕਈ ਗੱਲਾਂ ਵਿਚ ਉਹ ਸ਼ਰਮਾਕਲ ਸੀ। ਉਸਨੇ ਆਪਣੇ ਆਪ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਪਿਛੋਕੜ ਵਿਚ ਰਹਿਣਾ ਚਾਹੁੰਦਾ ਸੀ, ਭਾਵੇਂ ਕਿ ਉਸਦੇ ਪ੍ਰਸ਼ੰਸਕ ਉਸਨੂੰ ਸਾਹਮਣੇ ਜਾਂ ਕੇਂਦਰ ਵਿਚ ਲਿਆਉਣਾ ਚਾਹੁੰਦੇ ਸਨ। ਕਈ ਮੌਕੇ ਆਏ ਕਿ ਉਹ ਸਾਹਮਣੇ ਆ ਸਕਦਾ ਸੀ, ਪਰ ਉਹ ਨਹੀਂ ਆਇਆ। ਮੈਂ ਇੱਕ ਮਿਸਾਲ ਦਿੰਦਾ ਹਾਂ। 1936 ਵਿਚ ਜਦੋਂ ਪ੍ਰਗਤੀਸ਼ੀਲ ਲੇਖਕ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਸੀ, ਉਹ ਰਸ਼ੀਦ ਜਹਾਂ ਤੇ ਮਹਿਮੂਦ-ਅਲ-ਜ਼ਫ਼ਰ ਨਾਲ ਅੰਮ੍ਰਿਤਸਰ ਤੋਂ ਲਖਨਊ ਤੀਕ ਗਿਆ ਸੀ। ਉਸਨੇ ਇਸ ਮੀਟਿੰਗ ਬਾਰੇ ਇੱਕ ਲੇਖ ਵਿਚ ਇਹ ਵਿਚਾਰ ਸਾਂਝੇ ਕੀਤੇ ਸਨ। ਜਦ ਉਸਨੇ ਉਰਦੂ-ਇੰਟਰ ਨੈਸ਼ਨਲ ਵਿਚ 'ਫਿਰਾਕ' ਤੇ 'ਜੋਸ਼' ਬਾਰੇ ਲੇਖ ਲਿਖਿਆ ਸੀ। ਉਸ ਲੇਖ ਵਿਚ ਉਸਨੇ ਦੱਸਿਆ ਸੀ ਕਿ ਲਖਨਊ ਦੀ ਉਸ ਇਕੱਤਰਤਾ ਵਿਚ, ਉਸਨੂੰ ਕਵੀ ਵਜੋਂ ਬਹੁਤੇ ਲੋਕ ਨਹੀਂ ਜਾਣਦੇ ਸਨ ਕਿ ਉਹ ਕਵੀ ਹੈ, ਸੋ ਉਹ ਸਰੋਤਿਆਂ ਵਿਚ ਬੈਠਾ ਰਿਹਾ।

ਕੁਝ ਸਾਲਾਂ ਬਾਅਦ ਜਦੋਂ ਉਹ 'ਜੋਸ਼' ਨੂੰ ਮਿਲਿਆ ਤਾਂ ਉਸ ਨੇ ਫ਼ੈਜ਼ ਨੂੰ ਚਿੜਾਉਂਦੇ ਹੋਏ ਆਖਿਆ ਸੀ। 'ਤੂੰ ਲਖਨਊ ਵਿਚ ਐਨਾ ਸੰਗਾਊ ਕਿਉਂ ਸੀ ?' ਕੀ ਇੱਕ ਕੁਆਰੀ ਕੁੜੀ ਵਾਂਗੂ ਨਹੀਂ ਸੀ ਕਰ ਰਿਹਾ ਜੋ ਕਿ ਆਦਮੀਆਂ ਨਾਲ ਘੁਲਦੀ-ਮਿਲਦੀ ਨਹੀਂ ਹੁੰਦੀ। ਕੀ ਤੂੰ ਕਵੀ ਹੋਣ ਤੋਂ ਸ਼ਰਮਿੰਦਾ ਸੀ ? ਉਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਫ਼ੈਜ਼ ਸਾਰਾ ਜੀਵਨ ਹੀ ਸੰਗਾਊ ਰਿਹਾ।

ਸੁਹੇਲ : ਫ਼ੈਜ਼ ਸੰਗਾਊ ਆਦਮੀ ਸੀ, ਪਰ ਉਸ ਦੀ ਸੋਚ ਸਪੱਸ਼ਟ ਸੀ ਤੇ ਉਸਦਾ ਦ੍ਰਿਸ਼ਟੀਕੋਣ ਲਾ-ਜਵਾਬ ਸੀ। ਕੀ ਤੁਸੀਂ ਸੋਚਦੇ ਹੋ ਕਿ ਉਸਦੀ ਫਿਲਾਸਫੀ ਨੇ ਉਸਨੂੰ ਚੰਗਾ ਆਗੂ ਬਣਾਇਆ ਸੀ ?

ਅਸ਼ਫਾਕ : ਮੇਰਾ ਨਹੀਂ ਖ਼ਿਆਲ ਕਿ ਫ਼ੈਜ਼ ਵਿਚ ਚੰਗੇ ਆਗੂ ਦੇ ਕੋਈ ਗੁਣ ਸਨ, ਪਰ ਹਾਲਾਤ ਨੇ ਉਸਨੂੰ ਇਸ ਪਾਸੇ ਧਕੇਲ ਦਿੱਤਾ ਤੇ ਲੋਕੀਂ ਉਸ ਵੱਲ ਇੱਕ ਆਗੂ ਵਜੋਂ ਝਾਕਣ ਲੱਗ ਪਏ। ਮੈਨੂੰ ਇਹ ਮੰਨਣਾ ਪਵੇਗਾ ਕਿ ਉਸਨੇ ਆਪਣੇ ਪਿੱਛਲੱਗਾਂ ਤੇ ਪ੍ਰਸ਼ੰਸਕਾਂ ਨੂੰ ਨਿਰਾਸ਼ ਨਹੀਂ ਕੀਤਾ।

1947 ਵਿਚ ਪਾਕਿਸਤਾਨ ਦੇ ਜਨਮ ਤੋਂ ਪਹਿਲਾਂ ਮੈਂ ਉਸ ਨੂੰ ਇਕ ਆਗੂ ਵਜੋਂ ਨਹੀਂ ਵੇਖਿਆ ਸੀ। ਪਰ ਜਦੋਂ ਉਹ "ਪਾਕਿਸਤਾਨ ਟਾਈਮਜ਼" ਦਾ ਐਡੀਟਰ ਬਣ ਗਿਆ ਤਾਂ ਉਹ ਇਕ ਬੌਧਿਕ ਆਗੂ ਦੇ ਰੂਪ ਵਿਚ ਸਾਹਮਣੇ ਆਇਆ। ਇਹੀ ਸਮਾਂ ਸੀ, ਜਦੋਂ ਉਹ ਟਰੇਡ ਯੂਨੀਅਨ ਦੇ ਕੰਮ ਵਿਚ ਰੁੱਝ ਗਿਆ ਤੇ ਉਸਨੇ ਡਾਕ-ਵਰਕਰਾਂ ਦੇ ਸੰਘਰਸ਼ ਦਾ ਸਮਰਥਨ ਕੀਤਾ।

ਸੁਹੇਲ : ਜਦ ਮੈਂ ਉਸ ਦੀਆਂ ਜੀਵਨ-ਯਾਦਾਂ ਪੜ੍ਹੀਆਂ ਤਾਂ ਮੈਂ ਉਹਨਾਂ ਘਟਨਾਵਾਂ



ਤੋਂ ਜਾਣੂ ਹੋਇਆ, ਜਿਨ੍ਹਾਂ ਤੋਂ ਉਸਦੀ ਲੀਡਰਸ਼ਿਪ ਦੇ ਗੁਣਾਂ ਦਾ ਪਤਾ ਲੱਗਾ। ਸਕੂਲ ਵਿਚ, ਉਸਦੇ ਉਸਤਾਦਾਂ ਨੇ ਉਸਨੂੰ ਜਮਾਤ ਦਾ ਮਨੀਟਰ ਬਣਨ ਲਈ ਆਖਿਆ ਅਤੇ ਯੂਨੀਵਰਸਿਟੀ ਵਿਚ ਪ੍ਰੋਫੈਸਰਾਂ ਨੇ ਉਹਨਾਂ ਦੀ ਗੈਰ-ਹਾਜ਼ਰੀ ਵਿਚ ਜਮਾਤ ਨੂੰ ਲੈਕਚਰ ਦੇਣ ਲਈ ਕਿਹਾ। ਇਹਨਾਂ ਘਟਨਾਵਾਂ ਤੋਂ ਪੜ੍ਹਾਈ ਪ੍ਰਤੀ ਉਸਦੇ ਗੰਭੀਰ ਵਿਹਾਰ ਦਾ ਅਤੇ ਉਸਦੇ ਉਸਤਾਦ ਬਣਨ ਦੇ ਝੁਕਾਅ ਦਾ ਪਤਾ ਲੱਗਦਾ ਹੈ।

ਅਸ਼ਫਾਕ : ਇਹ ਸੱਚ ਹੈ ਕਿ ਸਕੂਲ ਅਤੇ ਯੂਨੀਵਰਸਿਟੀ ਵਿਚ ਉਸਦੀ ਪਛਾਣ ਹੋ ਗਈ ਸੀ ਪਰ ਮੈਂ ਅਜੇ ਵੀ ਤੁਹਾਡੇ ਨਾਲੋਂ ਵੱਖਰੀ ਰਾਏ ਵਾਲਾ ਹਾਂ ਤੇ ਕਹਿੰਦਾ ਹਾਂ ਕਿ ਉਸ ਵਿਚ ਰਵਾਇਤੀ ਸਮਾਜੀ ਜਾਂ ਰਾਜਸੀ ਆਗੂ ਬਣਨ ਦੇ ਗੁਣ ਨਹੀਂ ਸੀ। ਦੂਸਰੇ ਪਾਸੇ ਉਸਦੇ ਮਿੱਤਰ, ਸੱਜਾਦ ਜ਼ਹੀਰ ਦੀ ਸ਼ਖ਼ਸੀਅਤ ਵਿਚ ਉਹ ਸਾਰੇ ਗੁਣ ਸਨ, ਜਿਨ੍ਹਾਂ ਦੀ ਫ਼ੈਜ਼ ਵਿਚ ਘਾਟ ਸੀ, ਭਾਵੇਂ ਕਿ ਉਹ ਦੋਵੇਂ ਇੱਕ ਹੀ ਤਰੱਕੀ-ਪਸੰਦ ਲਹਿਰ ਦਾ ਹਿੱਸਾ ਸਨ।

ਸੁਹੇਲ : ਹੁਣ ਜਦ ਤੁਸੀਂ ਪ੍ਰਗਤੀਵਾਦੀ ਅੰਦੋਲਨ ਦਾ ਜ਼ਿਕਰ ਕੀਤਾ ਹੈ ਤਾਂ ਤੁਸੀਂ ਦੱਸੋ ਕਿ ਇਸ ਅੰਦੋਲਨ ਬਾਰੇ ਫ਼ੈਜ਼ ਦੇ ਕੀ ਵਿਚਾਰ ਸਨ ਤੇ ਇਸ ਲਹਿਰ ਨੂੰ ਉਸਨੂੰ ਕੀ ਦੇਣ ਸੀ ?

ਅਸ਼ਫਾਕ : ਇਹ ਸਵਾਲ ਵਿਸਥਾਰ-ਪੂਰਵਕ ਜਵਾਬ ਮੰਗਦਾ ਹੈ। ਮੇਰੇ ਸਮੇਤ, ਬਹੁਤ ਸਾਰੇ ਲੇਖਕ ਹਨ ਜਿਨ੍ਹਾਂ ਨੇ ਇਸ ਵਿਸ਼ੇ ਬਾਰੇ ਖੁੱਲ ਕੇ ਲਿਖਿਆ ਹੈ, ਪ੍ਰਗਤੀਵਾਦੀ ਅੰਦੋਲਨ ਮੁੱਖ ਤੌਰ ਤੇ ਅਜਿਹਾ ਅੰਦੋਲਨ ਸੀ, ਜੋ ਸਮਾਜ ਵਿਚ ਤਬਦੀਲੀ ਲਿਆਉਣਾ ਚਾਹੁੰਦਾ ਸੀ। ਇਹ ਸਾਹਿਤ ਦੇ ਪੁਰਾਣੇ ਕਿਲ੍ਹਿਆਂ ਵਿਚ ਨਵੀਆਂ-ਨਵੀਆਂ ਖਿੜਕੀਆਂ ਖੋਲ੍ਹਣਾ ਚਾਹੁੰਦਾ ਸੀ। ਇਹ ਅੰਦੋਲਨ ਲਿਖਣ ਦੇ, ਸਿਰਜਣਾ ਕਰਨ ਦੇ ਅਤੇ ਪ੍ਰਗਟਾਵੇ ਦੇ ਨਵੇਂ ਰਾਹ ਤਲਾਸ਼ਣਾ ਚਾਹੁੰਦਾ ਸੀ। ਬਦਕਿਸਮਤੀ ਨਾਲ ਇਸਨੂੰ ਕਮਿਊਨਿਯਮ ਦਾ ਵਿਸਥਾਰ ਹੀ ਸਮਝ ਲਿਆ ਗਿਆ। ਇਸ ਵਿਚ ਸ਼ੱਕ ਨਹੀਂ ਕਿ ਫ਼ੈਜ਼, ਸੱਜਾਦ ਜਹੀਰ ਅਤੇ ਹੋਰ ਬਹੁਤ ਸਾਰੇ ਪ੍ਰਗਤੀਵਾਦੀ ਲੇਖਕ, ਕਮਊਨਿਜ਼ਮ ਤੋਂ ਪ੍ਰਭਾਵਤ ਸਨ, ਪਰ ਇਹ ਅੰਦੋਲਨ ਸਾਮਵਾਦ ਦੇ ਆਦਰਸ਼ਾਂ ਦੇ ਫੈਲਾਅ ਤੋਂ ਕਾਫ਼ੀ ਵੱਧ ਸੀ। ਹੁਣ ਜਦ ਕੁਝ ਦਹਾਕੇ ਲੰਘ ਗਏ ਹਨ ਤੇ ਪੁਲ ਹੇਠੋਂ ਦੀ ਕਾਫ਼ੀ ਪਾਣੀ ਵਹਿ ਚੁੱਕਾ ਹੈ, ਹੁਣ ਅਸੀਂ ਇਸ ਅੰਦੋਲਨ ਦੇ ਪ੍ਰਭਾਵ ਨੂੰ ਵਧੇਰੇ ਯਥਾਰਥਕ ਤੇ ਘੱਟ ਜਜ਼ਬਾਤੀ ਢੰਗ ਨਾਲ ਵਿਚਾਰ ਸਕਦੇ ਹਾਂ।

ਜਿੱਥੋਂ ਤੀਕ ਫ਼ੈਜ਼ ਦਾ ਸੰਬੰਧ ਹੈ, ਉਹ ਇਸ ਲਹਿਰ ਤੋਂ ਪ੍ਰੇਰਿਤ ਤੇ ਪ੍ਰਭਾਵਿਤ ਹੋਇਆ ਸੀ ਅਤੇ ਇਸ ਨੂੰ ਖ਼ਿਆਲਾਂ ਦਾ ਇੱਕ ਨਵਾਂ ਸਕੂਲ ਸਮਝਦਾ ਸੀ। ਫ਼ੈਜ਼ ਨੇ ਕੇਵਲ ਕਾਫ਼ੀ ਕੁਝ ਹੀ ਨਹੀਂ ਸਿੱਖਿਆ, ਸਗੋਂ ਉਸਨੇ ਇਹ ਲਹਿਰ ਨੂੰ ਦੇਣ ਵੀ ਦਿੱਤੀ। ਅਸੀਂ ਇਸ ਨੂੰ ਕਿਸੇ ਬੈਂਕ ਦੇ ਖਾਤੇ ਵਾਂਗ ਨਹੀਂ ਵਿਚਾਰ ਸਕਦੇ, ਜਿਸ ਵਿਚੋਂ ਕੁਝ ਕੱਢਣਾ ਤੇ ਜਮ੍ਹਾ ਕਰਨਾ ਹੁੰਦਾ ਹੈ। ਪਰ ਅਸੀਂ ਕਹਿ ਸਕਦੇ ਹਾਂ ਫ਼ੈਜ਼ ਉਹਨਾਂ ਇਤਿਹਾਸਕ ਸ਼ਕਤੀਆਂ ਦਾ ਸਮਰਥਨ ਕਰ ਰਿਹਾ ਸੀ, ਜੋ ਸਮਾਜ ਵਿਚ ਪ੍ਰਗਤੀਸ਼ੀਲ ਪਰਿਵਰਤਨ ਲਿਆਉਣਾ ਚਾਹੁੰਦ ਸਨ। ਫ਼ੈਜ਼ ਦੀ ਇਸ ਅੰਦੋਲਨ ਨੂੰ ਅਦੁੱਤੀ ਦੇਣ ਇਹ ਸੀ ਕਿ ਉਹ ਇਸ ਅੰਦੋਲਨ ਵਿਚ ਸੰਤੁਲਨ ਕਾਇਮ ਕਰਨਾ ਚਾਹੁੰਦਾ ਸੀ। ਖ਼ਾਸ ਤੌਰ ਤੇ

ਜਦੋਂ ਇਹ ਇੱਕ ਹਨ੍ਹੇਰੀ ਵਾਂਗ ਆਇਆ ਸੀ ਤੇ ਅੰਦੋਲਨ ਦੀ ਸ਼ਿੱਦਤ ਕਾਰਨ ਕਈ ਲੇਖਕਾਂ ਦੇ ਪੈਰ ਹਿੱਲ ਗਏ ਸਨ। ਫ਼ੈਜ਼ ਆਪਣੀ ਸ਼ਖ਼ਸੀਅਤ ਅਤੇ ਫਲਸਫੇ ਕਾਰਨ ਸ਼ਾਂਤ ਤੇ ਅਡੋਲ ਰਿਹਾ ਸੀ ਤੇ ਉਸ ਨੇ ਆਪਣਾ ਸੰਤੁਲਨ ਗਵਾਇਆ ਨਹੀਂ ਸੀ ਅਤੇ ਉਸਨੇ ਸ਼ਾਹਕਾਰ ਸਿਰਜ ਕੇ, ਇਸ ਅੰਦੋਲਨ ਨੂੰ ਵਿਸ਼ੇਸ਼ ਦੇਣਾਂ ਦਿੱਤੀਆਂ ਸਨ। ਫ਼ੈਜ਼ ਪ੍ਰਗਤੀਸ਼ੀਲ ਆਕਾਸ਼-ਗੰਗਾ ਦੇ ਚਮਕਦਾਰ ਸਿਤਾਰਿਆਂ ਵਿਚੋਂ ਇੱਕ ਸੀ।

ਸੁਹੇਲ : ਤੁਸੀਂ ਕਿਵੇਂ ਸੋਚਦੇ ਹੋ ਕਿ ਫ਼ੈਜ਼ ਦੀ ਕਵਿਤਾ ਉਸਦੇ ਸਮਕਾਲੀਆਂ ਨਾਲੋਂ ਵੱਖਰੀ ਸੀ?

ਅਸ਼ਫਾਕ : ਮੀਰ, ਗਾਲਿਬ ਤੇ ਇਕਬਾਲ ਵਰਗੇ ਉਰਦੂ ਦੇ ਵੱਡੇ ਕਵੀਆਂ ਵਾਂਗ, ਫ਼ੈਜ਼ ਆਪਣੇ ਸਮਕਾਲੀਆਂ ਨਾਲੋਂ ਵੱਖਰਾ ਸੀ, ਕਿਉਂਕਿ ਉਹ ਲਾਜਵਾਬ ਸੀ। ਉਸਦੀ ਸ਼ੈਲੀ ਵੱਖਰੀ ਸੀ, ਜੋ ਨਰਮ, ਕੋਮਲ ਅਤੇ ਦਰਦਮੰਦ ਸੀ ਅਤੇ ਇਹੋ ਕਾਰਨ ਸੀ ਕਿ ਉਸਦੀ ਹਰਮਨ ਪਿਆਰਤਾ ਦੀ ਗਰਾਫ਼ (ਰੇਖਾ) ਸਮੇਂ ਨਾਲ ਉੱਪਰ ਚੜ੍ਹਦੀ ਗਈ ਹੈ।

ਸੁਹੇਲ : ਕੀ ਤੁਸੀਂ ਉਸਦੀ ਕਵਿਤਾ ਦੇ ਅਨੂਠੇਪਨ ਦੀਆਂ ਕੁਝ ਮਿਸਾਲਾਂ ਦੇ ਸਕਦੇ ਹੋ?

ਅਸ਼ਫਾਕ : ਅਸੀਂ ਉਸਦੇ ਅਨੂਠੇਪਨ ਨੂੰ ਉਸਦੇ ਕਵਿਤਾ ਦੇ ਪਹਿਲੇ ਸੰਗ੍ਰਹਿ "ਨਕਸ਼ੇ-ਫਰਿਆਦੀ" ਵਿਚ ਵੀ ਵੇਖ ਸਕਦੇ ਹਾਂ। ਆਪਣੀ ਇੱਕ ਕਵਿਤਾ ਵਿਚ ਉਹ ਲਿਖਦਾ ਹੈ -

**ਸੌਂ ਰਹੀ ਹੈ ਸੰਘਣੇ ਬਿਰਖਾਂ ਉੱਤੇ,**
**ਚਾਨਣੀ ਦੀ ਥੱਕੀ ਹੋਈ ਆਵਾਜ਼ ।(ਸਰੋਦੇ-ਸ਼ਬਾਨਾ)**

ਕਿਸੇ ਨੇ ਵੀ 1940 ਤੋਂ ਲੱਗ ਕੇ ਉਰਦੂ ਵਿਚ ਅਜਿਹੇ ਪ੍ਰਤੀਕ ਤੇ ਪ੍ਰਗਟਾਵਾ ਸੁਣਿਆ ਨਹੀਂ ਸੀ।

ਇੰਝ ਹੀ 'ਰਕੀਬ' ਕਵਿਤਾ ਵਿਚਲੀ ਪਹੁੰਚ ਵੀ ਲਾ-ਮਿਸਾਲ ਹੈ। ਜਿਸ ਵਿਚ ਈਰਖਾਲੂ ਅਤੇ ਗੁੱਸੇ ਹੋਣ ਦੀ ਥਾਂ, ਉਹ ਆਪਣੇ ਸ਼ਰੀਕ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ ਅਤੇ ਸਮਾਨਤਾਵਾਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਕਿਉਂਕਿ ਦੋਵੇਂ ਆਸ਼ਕ ਇਕੋ ਹੀ ਵਿਅਕਤੀ ਨੂੰ ਪਿਆਰ ਕਰਦੇ ਹਨ। ਇਹ ਪਹੁੰਚ ਵੀ ਲਾ-ਜਵਾਬ ਸੀ, ਜੋ ਫ਼ੈਜ਼ ਨੇ ਉਰਦੂ ਕਵਿਤਾ ਵਿਚ ਪ੍ਰਗਟਾਈ ਸੀ। ਫ਼ੈਜ਼ ਨੇ ਆਸ਼ਕ ਮਸ਼ੂਕ ਤੇ ਰਕੀਬ ਦੀ ਤਿਕੋਨ ਦੇ ਪਰਿਵਰਤਨ ਨੂੰ ਪੁਨਰ-ਭਾਸ਼ਿਤ ਕੀਤਾ ਸੀ।

ਇਹ ਜਿਹਨਾਂ ਕਵਿਤਾਵਾਂ ਦਾ ਮੈਂ ਜ਼ਿਕਰ ਕੀਤਾ ਹੈ, ਇਹ ਉਸਦੇ ਪਹਿਲੇ ਕਾਵਿ-ਸੰਗ੍ਰਹਿ ਵਿਚੋਂ ਹਨ। ਸਮੇਂ ਦੇ ਬੀਤਣ ਨਾਲ ਉਸ ਦਾ ਲਾ-ਜਵਾਬੀ ਗੁਣ ਹੋਰ ਵੀ ਸਪੱਸ਼ਟ ਹੁੰਦਾ ਗਿਆ।

ਸੁਹੇਲ : ਫ਼ੈਜ਼ ਦੀ ਕਵਿਤਾ ਬਾਰੇ ਛਪੇ ਰੀਵੀਊ ਪੜ੍ਹਦਿਆਂ, ਮੇਰਾ ਉਹਨਾਂ ਲੇਖਕਾਂ ਨਾਲ ਵਾਹ ਪਿਆ, ਜਿਹੜੇ ਪ੍ਰਗਤੀਸ਼ੀਲ ਅੰਦੋਲਨ ਦੇ ਆਲੋਚਕ ਸਨ। ਉਹ ਆਲੋਚਕ ਵੀ, ਜੋ ਅਨੁਭਵ ਕਰਦੇ ਹਨ ਕਿ ਪ੍ਰਗਤੀਵਾਦੀ ਅਦੀਬ ਕਵਿਤਾ ਲਿਖਣ ਦੀ ਥਾਂ ਨਾਹਰੇਬਾਜ਼ੀ ਕਰਦੇ ਹਨ, ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਫ਼ੈਜ਼ ਦੀ ਕਵਿਤਾ ਵਿਚ ਰਾਜਨੀਤੀ ਤੇ ਸੁਹਜ-ਸ਼ਾਸਤਰ,



ਰੂਪ ਤੇ ਵਸਤੂ ਦਾ ਸੰਤੁਲਨ ਹੈ। ਉਹ ਸਾਹਿਤਕ ਅਤੇ ਫਲਸਫਈ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਾ ਹੈ। ਇਸ ਢੰਗ ਨਾਲ ਉਸਦੀ ਕਵਿਤਾ ਉਸਦੇ ਸਮਕਾਲੀ ਕਵੀਆਂ ਦੀ ਲਿਖੀ ਕਵਿਤਾ ਨਾਲੋਂ ਕਿਤੇ ਵੱਧ ਸੰਤੁਲਤ ਹੈ।

ਅਸ਼ਫਾਕ : ਮੈਂ ਤੁਹਾਡੇ ਪ੍ਰਭਾਵ ਨਾਲ ਸਹਿਮਤ ਹਾਂ। ਪਰ ਮੈਂ ਇਹ ਗੱਲ ਪ੍ਰਗਟ ਕਰਨਾ ਚਾਹੁੰਦਾ ਹਾਂ ਕਿ ਪਹਿਲਾਂ ਕੋਈ ਕਵੀ ਤਾਂ ਹੋਵੇ ਤੇ ਬਾਕੀ ਗੱਲਾਂ ਤਾਂ ਬਾਅਦ ਵਿਚ ਆਉਂਦੀਆਂ ਨੇ। ਉਰਦੂ-ਕਵਿਤਾ ਦੀ ਪਰੰਪਰਾ ਵਿਚ ਕਾਫ਼ੀ ਸਾਰੇ ਗੈਰ-ਕਵੀ, ਜੋ ਕੇਵਲ ਤੁਕ-ਬੰਦੀ ਕਰਨ ਜੋਗੇ ਹੀ ਸਨ, ਉਹ ਸਹੀ ਕਵੀਆਂ ਨਾਲੋਂ ਵੱਧ ਗਿਣਤੀ ਵਿਚ ਰਹੇ ਹਨ। ਭਾਵੇਂ ਉਹ ਪ੍ਰਗਤੀਵਾਦੀ ਸਨ ਜਾਂ ਨਹੀਂ। ਮੇਰੀ ਰਾਇ ਵਿਚ ਇਸਦਾ ਇੱਕ ਕਾਰਨ ਉਰਦੂ ਸ਼ਾਇਰੀ ਵਿਚ ਇਹ ਰਿਹਾ ਹੈ ਕਿ ਉਹ ਲੋਕ ਕੇਵਲ ਲੇਖਕ ਹੀ ਨਹੀਂ ਸੀ ਹੁੰਦੇ ਸਗੋਂ ਉਹ ਅਦਾਕਾਰ-ਕਲਾਕਾਰ ਹੁੰਦੇ ਸਨ ਜੋ ਮੁਸ਼ਾਇਰਿਆਂ, ਕਵੀ-ਦਰਬਾਰਾਂ ਵਿਚ, ਵੱਡੀਆਂ ਭੀੜਾਂ ਸਾਹਮਣੇ, ਆਪਣੀਆਂ ਕਵਿਤਾਵਾਂ ਸੁਣਾਉਂਦੇ ਸਨ। ਇਹ ਗ਼ੈਰ-ਕਵੀ ਤੁੱਕਬੰਦੀ ਕਰਦੇ ਪ੍ਰਸਿੱਧ ਹੋ ਜਾਂਦੇ ਸਨ ਤੇ ਉਹ ਸਸਤੀ ਸ਼ੁਹਰਤ ਪ੍ਰਾਪਤ ਕਰ ਲੈਂਦੇ ਸਨ। ਇਹਨਾਂ ਵਿਚੋਂ ਕਈ ਸਾਰੇ ਪ੍ਰਗਤੀਵਾਦੀ ਅੰਦੋਲਨ ਵਿਚ ਆ ਸ਼ਾਮਿਲ ਹੋਏ ਤੇ ਉਹ ਪ੍ਰਸਿੱਧ ਹੋਣ ਲਈ ਨਾਹਰੇਬਾਜ਼ੀ ਵਾਲੀ ਕਵਿਤਾ ਲਿਖਦੇ ਸਨ। ਉਹ ਕਈ ਗਰੁੱਪਾਂ ਵਿਚ ਸ਼ਾਮਿਲ ਹੋ ਗਏ ਤੇ ਇੱਕ ਦੂਸਰੇ ਨਾਲ ਲੜਾਈਆਂ ਲੜਦੇ ਰਹੇ।

ਉਰਦੂ ਸ਼ਾਇਰੀ ਨੂੰ ਸਾਨੂੰ ਸਾਹਿਤਕ ਆਧਾਰ ਉੱਤੇ ਪਰਖਣ ਦੀ ਲੋੜ ਸੀ, ਤਾਂਕਿ ਸਹੀ ਕਵਿਤਾ ਪ੍ਰਵਾਨ ਹੁੰਦੀ ਤੇ ਗ਼ੈਰ-ਕਵਿਤਾ ਰੱਦ ਹੋ ਜਾਂਦੀ ਅਤੇ ਫਿਰ ਸਹੀ ਕਵਿਤਾ, ਕਲਾ ਲਈ ਜਾਂ ਕਲਾ ਜੀਵਨ ਲਈ ਦੇ ਆਧਾਰ ਉੱਤੇ ਵਿਚਾਰੀ ਜਾਂਦੀ। ਪਰ ਇਹ ਗੱਲ ਨਾ ਵਾਪਰੀ ਤੇ ਅੱਧੀ ਸਦੀ ਬਾਅਦ ਵੀ ਅਸੀਂ ਇਸੇ ਹੀ ਗੁਫ਼ਤਗੂ ਵਿਚ ਕਵੀਆਂ ਤੇ ਗ਼ੈਰ-ਕਵੀਆਂ ਨੂੰ ਵਿਚਾਰ ਰਹੇ ਹਾਂ।

ਜਦ ਅਸੀਂ ਉਰਦੂ ਦੇ ਉਹਨਾਂ ਗ਼ੈਰ-ਕਵੀਆਂ ਨੂੰ ਵਿਚਾਰਦੇ ਹਾਂ, ਜੋ ਰਾਜਸੀ ਮਨੋਰਥਾਂ ਦੀ ਪ੍ਰਾਪਤੀ ਲਈ ਆਪਣੀ ਕਵਿਤਾ ਨੂੰ ਨਾਹਰਿਆਂ ਵਾਂਗ ਵਰਤਦੇ ਰਹੇ ਸਨ ਤਾਂ ਸਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਉਰਦੂ ਭਾਸ਼ਾ ਦਾ ਇਹ ਸ਼ਹਿਰੀ ਸਵਾਦ ਵੀ ਹੈ ਤੇ ਇਸ ਨਾਲ ਖ਼ਾਸ ਤਰ੍ਹਾਂ ਦੀ ਸ਼ਾਇਰੀ ਰਚੀ ਜਾਂਦੀ ਹੈ। ਫ਼ੈਜ਼ ਨੇ ਇਸਦਾ ਜ਼ਿਕਰ ਕੀਤਾ ਹੈ ਕਿ ਉਰਦੂ ਜ਼ੁਬਾਨ ਗਾਲਿਬ ਤੇ ਇਕਬਾਲ ਵਰਗੇ ਕਵੀ ਪੈਦਾ ਕਰ ਸਕੀ ਹੈ, ਐਪਰ ਇਹ ਬੁੱਲੇ ਸ਼ਾਹ ਵਰਗਾ ਕਵੀ ਪੈਦਾ ਨਹੀਂ ਕਰ ਸਕੀ, ਜਿਸਨੇ ਪੰਜਾਬੀ ਵਿਚ ਲੋਕ ਕਵਿਤਾ ਨੂੰ ਜਨਮ ਦਿੱਤਾ ਸੀ।

ਸਾਨੂੰ ਇਹ ਗੱਲ ਵੀ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਬਹੁਤ ਸਾਰੇ ਪ੍ਰਗਤੀਵਾਦੀ ਕਵੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ, ਟਰੇਡ ਯੂਨੀਅਨਾਂ ਦੀਆਂ ਮੀਟਿੰਗਾਂ ਵਿਚ ਜਾਂਦੇ ਹੁੰਦੇ ਸਨ। ਉਹ ਆਮ ਬੋਲ-ਚਾਲ ਦੀ ਭਾਸ਼ਾ ਦੀ ਵਰਤੋਂ ਕਰਨੀ ਚਾਹੁੰਦੇ ਸਨ, ਕਿਉਂਕਿ ਉਹ ਮਜ਼ਦੂਰ ਗਾਲਿਬ ਵਰਗੇ ਕਵੀਆਂ ਦੀ ਨਫੀਸ ਸਾਹਿਤਕ ਭਾਸ਼ਾ ਨਹੀਂ ਸੀ ਸਮਝ

ਸਕਦੇ ਹੁੰਦੇ।
ਫ਼ੈਜ਼ ਦੀ ਹਮੇਸ਼ਾਂ ਹੀ ਇੱਕ ਵੱਖਰੀ ਸ਼ੈਲੀ ਸੀ ਤੇ ਭਾਸ਼ਾ ਸੀ ਅਤੇ ਸਾਹਿਤ ਪ੍ਰਤੀ ਵੱਖਰਾ ਵਤੀਰਾ ਸੀ। ਉਹ ਕਦੇ ਵੀ ਅਜਿਹੀਆਂ ਕਵਿਤਾਵਾਂ ਨਹੀਂ ਸੀ ਲਿਖਦਾ, ਜਿਹਨਾਂ ਨੂੰ ਨਾਹਰੇ ਕਿਹਾ ਜਾਵੇ।

ਸੁਹੇਲ : ਬਹੁਤ ਸਾਰੇ ਉਰਦੂ ਦੇ ਕਵੀ, ਜੋ ਇਤਿਹਾਸਕ ਜਾਂ ਰਾਜਸੀ ਘਟਨਾਵਾਂ ਉੱਤੇ ਸਪੱਸ਼ਟ ਕਵਿਤਾ ਲਿਖਦੇ ਸੀ, ਐਪਰ ਫ਼ੈਜ਼ ਅਜਿਹੀਆਂ ਘਟਨਾਵਾਂ ਉੱਤੇ ਲਿਖਦੇ ਹੋਏ ਵੀ, ਆਪਣਾ ਅਸਿੱਥੀ ਰਚਨਾਤਮਿਕ ਸ਼ੈਲੀ ਨੂੰ ਤਿਆਗਦਾ ਨਹੀਂ ਸੀ।

ਅਸ਼ਫਾਕ : ਪ੍ਰਗਤੀਵਾਦੀ ਅਤੇ ਗ਼ੈਰ-ਪ੍ਰਗਤੀਵਾਦੀ, ਦੋਹਾਂ ਹੀ ਲੇਖਕਾਂ ਨੇ ਸੰਬੋਧਨੀ ਕਵਿਤਾ ਲਿਖੀ ਹੈ, ਇਸ ਵਿਚੋਂ ਕੁਝ ਚੰਗੀ ਹੈ ਤੇ ਕੁਝ ਚੰਗੀ ਨਹੀਂ ਹੈ। ਮਾਓ-ਜੇ-ਤੁੰਗ ਨੇ ਆਪਣਿਆਂ ਲੇਖਾਂ ਵਿਚੋਂ ਇੱਕ ਲੇਖ ਵਿਚ ਲਿਖਿਆ ਹੈ ਕਿ ਲੇਖਕਾਂ ਨੂੰ ਆਪਣੇ ਆਪ ਨੂੰ ਇਹ ਗੱਲ ਪੁੱਛਣੀ ਚਾਹੀਦੀ ਹੈ ਕਿ ਉਹ ਕਿਹਨਾਂ ਲੋਕਾਂ ਲਈ ਲਿਖ ਰਹੇ ਹਨ। ਫ਼ੈਜ਼ ਨਫ਼ੀਸ ਪਾਠਕਾਂ ਲਈ ਲਿਖਦਾ ਸੀ, ਜਿਹਨਾਂ ਦਾ ਚੰਗਾ ਵਿਕਸਿਤ ਹੋਇਆ ਸਾਹਿਤਕ ਟੇਸਟ ਹੁੰਦਾ ਸੀ ਤੇ ਜਿਹਨਾਂ ਦਾ ਦਾਰਸ਼ਨਿਕ ਪਿਛੋਕੜ ਹੁੰਦਾ ਸੀ। ਇਹੀ ਕਾਰਨ ਸੀ ਕਿ ਫ਼ੈਜ਼ ਦੀ ਨਿਰਾਲੀ ਸਾਹਿਤਕ ਸ਼ੈਲੀ ਸੀ, ਜਿਸ ਬਾਰੇ ਫ਼ੈਜ਼ ਦੀ ਕਵਿਤਾ ਬਾਰੇ ਵਿਚਾਰ ਕਰਦਿਆਂ ਚੰਗੀ ਤਰ੍ਹਾਂ ਗੋਪੀ ਚੰਦ ਨਾਰੰਗ ਨੇ ਵਿਆਖਿਆ ਕੀਤੀ ਹੈ -
ਐਪਰ ਅਜਿਹੀਆਂ ਵੀ ਮਿਸਾਲਾਂ ਹਨ, ਜਦੋਂ ਫ਼ੈਜ਼ ਨੇ ਸੰਬੋਧਕੀ ਕਵਿਤਾਵਾਂ ਵੀ ਲਿਖੀਆਂ ਹਨ। ਇਹਨਾਂ ਵਿਚੋਂ ਕੁਝ ਉਸਦੀ ਬੈਰੂਤ ਵਿਚਲੀ ਠਹਿਰ ਦੌਰਾਨ ਲਿਖੀਆਂ ਸਨ ਤੇ ਕੁਝ ਲੋਕਾਂ ਨੂੰ ਪਰਿਵਰਤਨ ਲਈ ਪ੍ਰੇਰਿਤ ਕਰਨ ਲਈ ਲਿਖੀਆਂ ਸਨ। ਇਹ ਦੋ ਕਵਿਤਾਵਾਂ ਹਨ, ਫਲਸਤੀਨੀ ਬੱਚੇ ਲਈ 'ਲੋਰੀ' ਤੇ ਦੂਸਰੀ ਹੈ 'ਹਮ ਜੀਤੇਂਗੇ'
ਮੈਂ ਇਸ ਧਾਰਨਾ ਉੱਤੇ ਵੀ ਟਿੱਪਣੀ ਕਰਨੀ ਚਾਹੁੰਦਾ ਹਾਂ ਕਿ ਕੀ ਸੰਬੋਧਨੀ ਕਵਿਤਾ ਮਹਾਨ ਕਵਿਤਾ ਹੋ ਸਕਦੀ ਹੈ ਜਾਂ ਨਹੀਂ। ਇਹ ਗੱਲ ਜ਼ਰੂਰੀ ਤੌਰ ਤੇ ਠੀਕ ਨਹੀਂ। ਇਕਬਾਲ ਜੋ ਕਿ ਵੀਹਵੀਂ ਸਦੀ ਦੇ ਮਹਾਨ ਕਵੀਆਂ ਵਿਚੋਂ ਇੱਕ ਸੀ, ਨੇ ਕਈ ਅਸਚਰਜ ਕਵਿਤਾਵਾਂ ਲਿਖੀਆਂ ਸਨ, ਜੋ ਸੰਬੋਧਨੀ ਕਵਿਤਾ ਦਾ ਪ੍ਰਗਟਾਵਾ ਸਨ। ਉਹ ਮੁਸਲਮ-ਸੰਸਾਰ ਦੀਆਂ ਇਤਿਹਾਸਕ ਘਟਨਾਵਾਂ ਬਾਰੇ ਸਨ। ਇਸੇ ਤਰ੍ਹਾਂ ਹੀ ਫ਼ੈਜ਼ ਨੇ ਜੇਲ੍ਹ ਵਿਚਲੇ ਸਮੇਂ ਵਿਚ ਕੁਝ ਕਵਿਤਾਵਾਂ ਲਿਖੀਆਂ ਸਨ, ਜੋ ਕਿ ਉਸਦੇ ਅਨੁਭਵਾਂ ਬਾਰੇ ਰੌਸ਼ਨੀ ਪਾਉਂਦੀਆਂ ਹਨ ਤੇ ਉਹ ਭਾਵੇਂ ਸੰਬੋਧਨੀ ਕਵਿਤਾਵਾਂ ਹਨ, ਫਿਰ ਵੀ ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਹਨ।

ਸੁਹੇਲ : ਤੁਹਾਡੇ ਖ਼ਿਆਲ ਵਿਚ ਪ੍ਰਗਤੀਵਾਦੀ ਅੰਦੋਲਨ ਨੇ ਫ਼ੈਜ਼ ਦੀ ਪ੍ਰਸਿੱਧਤਾ ਅਤੇ ਹਰਮਨ ਪਿਆਰਤਾ ਵਿਚ ਕੀ ਹਿੱਸਾ ਪਾਇਆ ਸੀ?

ਅਸ਼ਫਾਕ : ਪ੍ਰਸਿੱਧਤਾ, ਹਰਮਨਪਿਆਰਤਾ ਅਤੇ ਮਹਾਨਤਾ ਦੇ ਵੱਖਰੇ-ਵੱਖਰੇ ਅਰਥ ਹਨ। ਲੇਖਕਾਂ ਨੂੰ ਇਸ ਦੀ ਕੀਮਤ ਦੇਣੀ ਪੈਂਦੀ ਹੈ ਤੇ ਫ਼ੈਜ਼ ਨੇ ਆਪਣੇ ਜੀਵਨ ਦੇ ਹਰ ਮੋੜ ਉੱਤੇ ਇਸਦੀ ਕੀਮਤ ਤਾਰੀ ਹੈ। ਜੇ ਕਿਸੇ ਅੰਦੋਲਨ



ਵਿਚ ਸ਼ਾਮਿਲ ਹੋਣਾ ਹੀ ਮਹਾਨਤਾ ਦਾ ਇੱਕੋ-ਇਕ ਪੈਮਾਨਾ ਹੈ, ਤਾਂ ਬਹੁਤ ਸਾਰੇ ਉਹ ਕਵੀ, ਜੋ ਅਮਨ ਲਹਿਰ ਵਿਚ ਸ਼ਾਮਿਲ ਹੋਏ ਸਨ ਤਾਂ ਉਹ ਸਾਰੇ ਹੀ ਅਮਨ-ਕਵੀ ਵਜੋਂ ਪ੍ਰਸਿੱਧ ਹੋ ਗਏ ਹੁੰਦੇ, ਪਰ ਇੰਝ ਹੋਇਆ ਨਹੀਂ ਸੀ। ਕੇਵਲ ਉਹੀ ਕਵੀ ਤੇ ਲੇਖਕ ਮਹਾਨ ਬਣੇ ਤੇ ਹਰਮਨ-ਪਿਆਰੇ ਹੋਏ, ਜੋ ਇਸ ਦੇ ਹੱਕਦਾਰ ਸਨ। ਜੇ ਕੋਈ ਛੋਟੇ ਰਾਹ ਰਾਹੀਂ ਇੰਝ ਕਰਦਾ ਹੈ ਤਾਂ ਉਹ ਇਸਨੂੰ ਗਵਾ ਵੀ ਛੇਤੀ ਹੀ ਬਹਿੰਦਾ ਹੈ। ਉਸੇ ਤਰ੍ਹਾਂ ਹੀ, ਜਿਵੇਂ ਭੁਕਾਨੇ ਵਿਚਲੀ ਹਵਾ ਵਕਤ ਲੰਘਣ ਉੱਤੇ ਨਿਕਲ ਜਾਂਦੀ ਹੈ। ਜੇ ਫ਼ੈਜ਼ ਦਿਲੋਂ ਪ੍ਰਗਤੀਵਾਦੀ ਨਾ ਹੁੰਦਾ ਤਾਂ ਪ੍ਰਗਤੀਵਾਦੀ ਅੰਦੋਲਨ ਨਾਲ ਉਸਦੀ ਨੇੜਤਾ ਨੇ ਉਸਦਾ ਨੁਕਸਾਨ ਹੀ ਕਰਨਾ ਸੀ।
ਮੈਨੂੰ ਇੱਕ ਮਿਸਾਲ ਰਾਹੀਂ ਇਸਦੀ ਵਿਆਖਿਆ ਕਰਨ ਦਿਉ। ਪਾਲ ਨੀਊਮੈਨ, ਜੋ ਔਰਤਾਂ ਦੀ ਲਹਿਰ ਦਾ ਸਮਰਥਕ ਹੈ, ਨੂੰ ਪੁੱਛਿਆ ਗਿਆ ਕਿ ਉਸਦੀ ਪਤਨੀ ਤੋਂ ਬਿਨਾਂ ਉਸਦਾ ਕੋਈ ਪ੍ਰੇਮੀ ਹੈ ਤਾਂ ਉਸਨੇ ਉੱਤਰ ਦਿੱਤਾ, "ਜਦੋਂ ਤੁਹਾਡੇ ਘਰ ਵਿਚ ਹੀ ਮਾਸ ਦਾ ਟੁਕੜਾ ਹੋਵੇ ਤਾਂ ਤੁਹਾਨੂੰ ਮੰਡੀ ਵਿਚੋਂ ਹੈਮ ਬਰਗਰ ਖਰੀਦਣ ਦੀ ਲੋੜ ਨਹੀਂ। ਭਾਵੇਂ ਉਹ ਆਪਣੀ ਪਤਨੀ ਦੀ ਪ੍ਰਸ਼ੰਸਾ ਕਰ ਰਿਹਾ ਸੀ। ਪਰ ਉਸਦੀ ਪਤਨੀ 'ਮਾਸ ਦਾ ਟੁਕੜਾ' ਆਖੇ ਜਾਣ ਤੋਂ ਨਰਾਜ਼ ਸੀ ਤੇ ਉਸਨੇ ਔਰਤ-ਵਿਰੋਧੀ ਲਹਿਰ ਬਾਰੇ ਟਿੱਪਣੀਆਂ ਦੀ ਆਲੋਚਨਾ ਕੀਤੀ ਸੀ।
ਦੂਸਰੇ ਪਾਸੇ ਫ਼ੈਜ਼ ਸਹੀ ਅਰਥਾਂ ਵਿਚ ਪ੍ਰਗਤੀਸ਼ੀਲ ਸੀ। ਇਹੀ ਕਾਰਨ ਹੈ ਕਿ ਫ਼ੈਜ਼ ਦੀ ਕਵਿਤਾ ਉਸਦੀ ਸ਼ਖ਼ਸੀਅਤ ਅਤੇ ਫਿਲਾਸਫੀ ਵਿਚ ਕੋਈ ਵਿਰੋਧ ਨਹੀਂ ਸੀ ਅਤੇ ਪ੍ਰਗਤੀਸ਼ੀਲ ਲਹਿਰ ਉਸਦੀ ਪਛਾਣ ਅਤੇ ਹਰਮਨ-ਪਿਆਰਤਾ ਦਾ ਅਟੁੱਟ ਅੰਗ ਬਣ ਗਈ ਸੀ।

ਸੁਹੇਲ : ਫ਼ੈਜ਼ ਬਾਰੇ ਆਪਣੀਆਂ ਮੁੱਢਲੀਆਂ ਵਾਰਤਾਲਾਪਾਂ ਵਿਚ ਤੁਸਾਂ ਵਿਚਾਰ ਕੀਤਾ ਸੀ ਕਿਵੇਂ ਰਾਜਨੀਤਿਕ ਚੇਤਨਾ ਨੇ ਉਸਦੀ ਚੇਤਨਾ ਨੂੰ ਪ੍ਰਭਾਵਿਤ ਕੀਤਾ ਸੀ। ਭਾਵੇਂ ਇਹ ਪੂਰਬੀ ਪਾਕਿਸਤਾਨ ਦਾ ਕੇਸ ਸੀ, ਜਾਂ ਈਰਾਨੀ ਵਿਦਿਆਰਥੀਆਂ ਦੀ ਦੁਰਦਸ਼ਾ ਸੀ। ਫਲਸਤੀਨੀਆਂ ਦਾ ਮਾਮਲਾ ਸੀ ਜਾਂ ਪਾਕਿਸਤਾਨ ਵਿਚ ਤਾਨਾਸ਼ਾਹੀ ਦੇ ਵਿਰੁੱਧ ਸੰਘਰਸ਼ ਦਾ ਮੁੱਦਾ ਸੀ। ਉਸਨੇ ਆਪਣੀ ਕਵਿਤਾ ਵਿਚ ਆਪਣੇ ਖ਼ਿਆਲਾਂ ਨੂੰ ਪ੍ਰਗਟ ਕੀਤਾ ਸੀ। ਮੈਂ ਕਈ ਵਾਰ ਉਸਦੇ ਗ਼ਜ਼ਲਾਂ ਦੀ ਚੋਣ ਕਰਨ ਬਾਰੇ ਹੈਰਾਨ ਹੁੰਦਾ ਹਾਂ, ਕਿਉਂਕਿ ਇਹ ਵਧੇਰੇ ਚਿੰਨਮਈ ਤੇ ਨਜ਼ਮਾਂ ਨਾਲੋਂ ਵਧੇਰੇ ਪ੍ਰਤੀਕਮਈ ਹੁੰਦੀਆਂ ਹਨ। ਨਜ਼ਮਾਂ ਵਧੇਰੇ ਬਿਰਤਾਂਤਕ ਹੁੰਦੀਆਂ ਹਨ। ਇਹੋ ਕਾਰਨ ਸੀ ਕਿ ਇਹਨਾਂ ਕਵਿਤਾਵਾਂ ਦਾ ਰਾਜਨੀਤਿਕ ਪਿਛੋਕੜ ਸਤਹਿ ਉੱਪਰ ਨਹੀਂ ਸੀ ਆਉਂਦਾ।

ਅਸ਼ਫਾਕ : ਭਾਵੇਂ ਗ਼ਜ਼ਲਾਂ ਹੋਣ ਤੇ ਭਾਵੇਂ ਨਜ਼ਮਾਂ, ਫ਼ੈਜ਼ ਸ਼ਬਦਾਂ ਦੀ ਵਰਤੋਂ ਬੜੇ ਸੰਕੋਚ ਨਾਲ ਕਰਦਾ ਸੀ ਤੇ ਉਹ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਅਲੰਕਾਰਾਂ ਤੇ ਪ੍ਰਤੀਕਾਂ ਦੀ ਵਰਤੋਂ ਕਰਦਾ ਸੀ। ਇਹੀ ਕਾਰਨ ਹੈ ਕਿ ਉਸਦੀ ਕਵਿਤਾ ਦੀਆਂ ਕਈ ਪਰਤਾਂ ਅਤੇ ਅਰਥ ਪ੍ਰਗਟ ਨਹੀਂ ਹੁੰਦੇ। ਨਜ਼ਮਾਂ ਵਿਚ ਕਿਉਂਕਿ ਸਿਰਲੇਖ ਦਿੱਤੇ ਹੁੰਦੇ ਹਨ, ਇਸ ਕਾਰਨ ਪਿਛੋਕੜ ਸਪੱਸ਼ਟ ਹੋ ਜਾਂਦਾ ਹੈ। ਕੁਝ ਕਵਿਤਾਵਾਂ ਵਿਚ ਉਹ ਤਾਰੀਖਾਂ ਲਿਖ ਦਿੰਦਾ ਸੀ, ਜਿਸ ਤੋਂ ਸਾਨੂੰ

ਉਸਦੀ ਪ੍ਰੇਰਨਾ ਦੇ ਖੁਰੇ ਲੱਭ ਜਾਂਦੇ ਸਨ। ਕਿਉਂਕਿ ਫ਼ੈਜ਼ ਦੀ ਕਾਵਿ-ਸ਼ੈਲੀ ਅਲੰਕਾਰਕ ਸੀ, ਇਸ ਨਾਲ ਪਾਠਕਾਂ ਨੂੰ ਉਹਨਾਂ ਦੀ ਆਪਣੀ ਰੁਚੀ ਤੇ ਸਮਝ ਅਨੁਸਾਰ ਅਰਥ ਕੱਢਣ ਦੀ ਖੁੱਲ੍ਹ ਹੁੰਦੀ ਸੀ। ਇਹ ਮਹਾਨ ਕਵਿਤਾ ਦੀ ਵਿਸ਼ੇਸ਼ਤਾਈ ਹੁੰਦੀ ਹੈ।

ਆਮ ਪਾਠਕ ਲਈ ਉਸਦੀ ਕਵਿਤਾ ਦਾ ਰਸ ਮਾਨਣ ਵਾਸਤੇ, ਉਹਨਾਂ ਨੂੰ ਪ੍ਰੇਰਨਾ ਬਾਰੇ ਜਾਨਣ ਦੀ ਲੋੜ ਨਹੀਂ ਹੁੰਦੀ। ਐਪਰ ਆਲੋਚਕਾਂ ਲਈ, ਸਬੰਧਤ ਰਾਜਸੀ ਪਿਛੋਕੜ ਨੂੰ ਜਾਨਣਾ ਜ਼ਰੂਰੀ ਹੁੰਦਾ ਹੈ ਤਾਂਕਿ ਉਹ ਉਹਨਾਂ ਕਵਿਤਾਵਾਂ ਨੂੰ ਸਹੀ ਭਾਂਤ ਸਮਝ ਸਕਣ। ਪ੍ਰਸੰਗ ਜਾਨਣ ਨਾਲ ਕਵਿਤਾਵਾਂ ਦੀਆਂ ਨਵੀਆਂ ਪਰਤਾਂ ਅਤੇ ਨਵੇਂ ਅਰਥ ਸਮਝ ਆ ਜਾਂਦੇ ਹਨ।

ਸੁਹੇਲ : ਫ਼ੈਜ਼ ਕੁਝ ਸਾਲ ਕੈਦ ਰਿਹਾ ਸੀ। ਇਸ ਤਜ਼ਰਬੇ ਨੇ ਤੁਹਾਡੀ ਸਮਝ ਅਨੁਸਾਰ ਉਸਦੀ ਕਵਿਤਾ ਉੱਤੇ ਕੀ ਪ੍ਰਭਾਵ ਪਾਇਆ?

ਅਸ਼ਫਾਕ : ਜੇ ਅਸੀਂ ਵੇਖੀਏ ਕਿ ਇਸ ਤਜ਼ਰਬੇ ਨੇ ਉਸਦੀ ਜਿੰਦਗੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਤਾਂ ਕੁਝ ਵਧੇਰੇ ਸਮਝ ਪੈ ਜਾਵੇਗੀ ਕਿ ਇਸਨੇ ਉਸਦੀ ਕਵਿਤਾ ਨੂੰ ਕਿਵੇਂ ਪ੍ਰਭਾਵਿਤ ਕੀਤਾ। ਦੇਰ ਤੀਕ ਜੇਲ੍ਹ ਵਿਚ ਰਹਿਣਾ, ਨਿਸ਼ਚੇ ਹੀ, ਜੀਵਨ ਨੂੰ ਬਦਲ ਦੇਣ ਵਾਲਾ ਤਜ਼ਰਬਾ ਹੁੰਦਾ ਹੈ। ਜਦੋਂ ਤੁਸੀਂ ਅਨੁਭਵ ਕਰਦੇ ਹੋ ਕਿ ਤੁਹਾਨੂੰ ਉਹਨਾਂ ਜੁਰਮਾਂ ਲਈ ਸਜ਼ਾ ਦਿੱਤੀ ਜਾ ਰਹੀ ਹੈ, ਜਿਹੜੇ ਤੁਸੀਂ ਕੀਤੇ ਹੀ ਨਹੀਂ ਹੁੰਦੇ, ਜਦੋਂ ਸੰਚਾਰ ਦੇ ਸਾਰੇ ਸਾਧਨ ਕੱਟੇ ਜਾਂਦੇ ਹਨ ਅਤੇ ਤੁਸੀਂ ਮਖੌਲ ਤੇ ਦੋਸ਼ ਦਾ ਨਿਸ਼ਾਨਾ ਬਣਦੇ ਹੋ ਤਾਂ ਤੁਹਾਡਾ ਜੀਵਨ ਬਦਲ ਜਾਂਦਾ ਹੈ ਤੇ ਇੰਝ ਹੀ ਤੁਹਾਡੀ ਕਵਿਤਾ ਵੀ ਬਦਲ ਜਾਂਦੀ ਹੈ।

ਜਦੋਂ ਟਰਾਂਟੋ ਵਿਚ ਅਸਾਂ ਫ਼ੈਜ਼ ਕਾਨਫਰੰਸ ਕੀਤੀ ਤਾਂ ਕਮਰ ਰਈਸ ਨੇ ਫ਼ੈਜ਼ ਦੀ ਜੇਲ੍ਹ-ਸ਼ਾਇਰੀ ਨੂੰ ਕੇਂਦਰ ਬਣਾ ਕੇ ਇਕ ਅਸਚਰਜ ਲੇਖ ਲਿਖਿਆ ਸੀ। ਕੁਝ ਹੋਰ ਵੀ ਵਿਦਵਾਨਾਂ ਨੇ ਜੇਲ੍ਹ-ਕਵਿਤਾਵਾਂ ਉੱਤੇ ਰੌਸ਼ਨੀ ਪਾਈ ਸੀ। ਬਹੁਤ ਲੋਕ, ਜੋ ਦੇਰ ਤੀਕ ਜੇਲ੍ਹ ਵਿਚ ਰਹਿੰਦੇ ਹਨ ਤਾਂ ਉਹ ਕੁਝ ਸਮੇਂ ਬਾਅਦ ਨਿਰਾਸ਼ ਹੋ ਜਾਂਦੇ ਹਨ। ਪਰ ਫ਼ੈਜ਼ ਆਸ਼ਾਵਾਦੀ ਰਿਹਾ ਤੇ ਇਹੋ ਆਸ਼ਾਵਾਦ ਉਸਦੇ ਦੋ ਕਾਵਿ-ਸੰਗ੍ਰਹਿਆਂ 'ਦਸਤੇ-ਸਬਾ' ਤੇ 'ਜ਼ਿੰਦਾ-ਨਾਮਾ' ਵਿਚ ਪ੍ਰਗਟ ਹੁੰਦਾ ਹੈ।

ਸੁਹੇਲ : ਫ਼ੈਜ਼ ਨੂੰ ਅਵਾਮ ਦਾ ਤਜਰਬਾ ਵੀ ਹੋਇਆ। ਰੂਸ, ਇੰਗਲੈਂਡ, ਅਮਰੀਕਾ, ਕੈਨੇਡਾ ਤੇ ਮੱਧ-ਪੂਰਬ ਦੇ ਦੇਸ਼ਾਂ ਵਿਚਲੇ ਸਫ਼ਰ ਨੇ ਉਸਦੀ ਕਵਿਤਾ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਅਸ਼ਫਾਕ : ਮੇਰਾ ਖ਼ਿਆਲ ਹੈ ਕਿ ਅਵਾਸ ਅਤੇ ਯਾਤਰਾ ਦੋ ਵੱਖਰੇ-ਵੱਖਰੇ ਤਜ਼ਰਬੇ ਹਨ। ਫ਼ੈਜ਼ ਕੋਈ ਵਿਸ਼ੇਸ਼ ਭਾਂਤ ਦਾ ਆਵਾਸੀ ਨਹੀਂ ਸੀ। ਇਹੀ ਕਾਰਨ ਹੈ ਕਿ ਉਸਦੀ ਕਵਿਤਾ ਉਹਨਾਂ ਅਵਾਸੀਆਂ ਵਰਗੀ ਨਹੀਂ, ਜਿਹੜੇ ਪੱਛਮ ਵਿਚ ਆਏ ਤੇ ਉੱਥੇ ਹੀ ਵੱਸ ਗਏ। ਜਦੋਂ ਅਸੀਂ ਉਰਦੂ ਦੀ ਅਵਾਸੀ ਕਵਿਤਾ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਫਤਖਾਰ ਆਰਿਫ਼, ਸਾਕੀ ਫਾਰੂਕੀ, ਜ਼ਾਹਿਰਾ ਨਿਗਾਹ (ਯੂ. ਕੇ.) ਅਤੇ ਉਰਦੂ ਦੇ ਉਹ ਕਵੀ ਚੇਤੇ ਆਉਂਦੇ ਹਨ, ਜੋ



ਉੱਤਰੀ ਅਮਰੀਕਾ ਵਿਚ ਜਾ ਵੱਸੇ ਹਨ। ਅਸੀਂ ਫ਼ੈਜ਼ ਨੂੰ ਕਵੀਆਂ ਦੇ ਉਸ ਗਰੁੱਪ ਵਿਚ ਸ਼ਾਮਿਲ ਨਹੀਂ ਕਰ ਸਕਦੇ। ਉਸਦੀ ਕਵਿਤਾ ਜਲਾਵਤਨੀ ਦੀ ਕਵਿਤਾ ਸੀ ਤੇ ਬਹੁਤ ਸ਼ਕਤੀਸ਼ਾਲੀ ਸੀ। ਇਹ ਇੱਕ ਵੱਖਰੀ ਬਹਿਸ ਹੈ, ਕਿ ਕੀ ਇਹ ਜਲਾਵਤਨੀ ਮਜਬੂਰੀ ਅਧੀਨ ਹੋਈ ਸੀ ਜਾਂ ਕਿ ਸਵੈ-ਸਹੇੜੀ ਸੀ। ਇਹ ਆਰਥਿਕ ਸੀ ਜਾਂ ਰਾਜਨੀਤਿਕ। ਫ਼ੈਜ਼ ਨੇ ਕੁਝ ਹੈਰਾਨ ਕਰਨ ਵਾਲੀਆਂ ਕਵਿਤਾਵਾਂ ਲਿਖੀਆਂ ਸਨ ਜਿਵੇਂ 'ਮੇਰੇ ਦਿਲ, ਮੇਰੇ ਮੁਸਾਫ਼ਰ' ਜੋ ਉਸਦੀ ਜਲਾਵਤਨੀ ਸ਼ਾਇਰੀ ਵਿਚ ਸ਼ਾਮਿਲ ਹਨ।

ਸੁਹੇਲ : ਜਲਾਵਤਨੀ ਸਮੇਂ ਲਿਖੀਆਂ ਉਸ ਦੀਆਂ ਸਾਰੀਆਂ ਕਵਿਤਾਵਾਂ ਦਾ ਸਮੁੱਚਾ ਪ੍ਰਭਾਵ, ਤੁਹਾਡੇ ਖ਼ਿਆਲ ਅਨੁਸਾਰ ਕੀ ਹੈ?

ਅਸ਼ਫਾਕ : ਫ਼ੈਜ਼ 1977 ਅਤੇ 1983 ਦੇ ਵਿਚਕਾਰ ਜਲਾਵਤਨ ਰਿਹਾ ਤੇ ਜਾਂ ਆਪਣੀ ਉਮਰ ਦੇ ਆਖਰੀ ਸਾਲ ਦੇ ਕੁਝ ਮਹੀਨੇ। ਉਸਦੀ ਜੇਲ੍ਹ ਦੀ ਕਵਿਤਾ ਵਿਚ ਆਸ਼ਾਵਾਦ ਹੈ, ਐਪਰ ਉਸ ਦੀ ਜਲਾਵਤਨੀ ਸਮੇਂ ਦੀ ਕਵਿਤਾ ਵਿਚ ਉਦਾਸੀ ਦੀਆਂ ਕੁਝ ਝਲਕੀਆਂ ਹਨ। ਐਪਰ ਫਲਸਤੀਨੀਆਂ ਦੀਆਂ ਮੁਸੀਬਤਾਂ ਨੂੰ ਨੇੜਿਉਂ ਵੇਖਣ ਨਾਲ ਉਸ ਨੂੰ ਉਦਾਸੀ ਵਿਚ ਡੂੰਘੀ ਤਰ੍ਹਾਂ ਨਾ ਖੁੱਭਣ ਵਿਚ ਸਹਾਇਤਾ ਕੀਤੀ। ਜਦੋਂ ਫ਼ੈਜ਼ ਦੀ ਨਿਜੀ ਜਲਾਵਤਨੀ ਫਲਸਤੀਨੀਆਂ ਦੀ ਸਾਂਝੀ ਉਦਾਸੀ ਵਿਚ ਘੁਲ-ਮਿਲ ਗਈ ਤਾਂ ਇਸਨੇ ਉਸਨੂੰ ਨਵੇਂ ਅਲੰਕਾਰ ਦਿੱਤੇ ਤੇ ਇਸ ਨਾਲ ਉਰਦੂ ਸ਼ਾਇਰੀ ਨੂੰ ਇੱਕ ਪ੍ਰਭਾਵਸ਼ਾਲੀ ਕਾਂਡ ਪ੍ਰਾਪਤ ਹੋਇਆ ਹੈ।

ਸੁਹੇਲ : ਫ਼ੈਜ਼ ਸਮਾਜਵਾਦੀ ਫਲਸਫੇ ਦਾ ਸਮਰਥਕ ਹੋਣ ਕਰ ਕੇ ਪ੍ਰਸਿੱਧ ਹੈ। ਪਰ ਜਦੋਂ ਅਸੀਂ ਉਸਨੂੰ ਪਾਕਿਸਤਾਨ ਦੇ ਇਸਲਾਮੀ-ਕਰਨ ਦੇ ਪ੍ਰਸੰਗ ਵਿਚ ਵੇਖਦੇ ਹਾਂ ਤਾਂ ਕੁਝ ਗੜਬੜ ਨਜ਼ਰ ਆਉਂਦੀ ਹੈ। ਕੁਝ ਉਸਨੂੰ ਆਸਤਕ ਸਮਝਦੇ ਹਨ, ਜਦਕਿ ਹੋਰ ਦੂਜੇ ਉਸਨੂੰ ਨਾਸਤਕ ਸਮਝਦੇ ਹਨ। ਕਈ ਤਾਂ ਇਹ ਵੀ ਆਖਦੇ ਹਨ ਕਿ ਉਹ ਆਪਣੀ ਮੌਤ ਤੋਂ ਪਹਿਲਾਂ ਉਹ ਆਪਣੇ ਜੱਦੀ ਪਿੰਡ ਗਿਆ ਸੀ ਤੇ ਉਸਨੇ ਲੋਕਲ ਮਸਜਿਦ ਵਿਚ ਨਮਾਜ਼ ਪੜ੍ਹੀ ਸੀ। ਜਦੋਂ ਲੋਕਾਂ ਨੇ ਉਸਨੂੰ ਉਸਦੇ ਵਿਸ਼ਵਾਸਾਂ ਬਾਰੇ ਸਿੱਧੇ ਸਵਾਲ ਪੁੱਛੇ ਤਾਂ ਉਸਨੇ ਗੱਲ ਟਾਲ ਦਿੱਤੀ। ਤੁਹਾਡਾ ਕੀ ਖ਼ਿਆਲ ਹੈ ਕਿ ਉਸਨੇ ਇਹ ਵਤੀਰਾ ਕਿਉਂ ਅਪਣਾਇਆ?

ਅਸ਼ਫਾਕ : ਮੇਰਾ ਖ਼ਿਆਲ ਹੈ ਕਿ ਇਹ ਪਹੁੰਚ ਠੀਕ ਸੀ। ਫ਼ੈਜ਼ ਤਲਖ਼ ਧਾਰਮਿਕ ਬਹਿਸਾਂ ਵਿਚ ਫਸਣਾ ਪਸੰਦ ਨਹੀਂ ਸੀ ਕਰਦਾ। ਅਸਲ ਵਿਚ ਉਹ ਕਿਸੇ ਗਰਮ ਬਹਿਸਾਂ ਵਿਚ ਨਹੀਂ ਸੀ ਉਲਝਦਾ। ਸਾਨੂੰ ਇਹ ਵੇਖਣ ਦੀ ਜ਼ਰੂਰਤ ਹੈ ਕਿ ਫ਼ੈਜ਼ ਅਤੇ ਸਲਮਾਨ ਰੁਸ਼ਦੀ ਦੋ ਵੱਖਰੇ-ਵੱਖਰੇ ਲੇਖਕ ਗਰੁੱਪਾਂ ਨਾਲ ਸਬੰਧਤ ਹਨ।

ਸਾਨੂੰ ਇਹ ਜਾਨਣ ਦੀ ਵੀ ਲੋੜ ਹੈ ਕਿ ਫ਼ੈਜ਼ ਆਪਣੇ ਆਪ ਨੂੰ ਸੰਖੇਪਤਾ ਨਾਲ ਅਲੰਕਾਰਕ ਢੰਗ ਨਾਲ ਪ੍ਰਗਟ ਕਰਦਾ ਸੀ। ਉਹ ਹਰ ਗੱਲ ਬਾਰੇ ਲੰਮੇ ਪ੍ਰਵਚਨ ਲਿਖਣ ਦਾ ਆਦੀ ਨਹੀਂ ਸੀ। ਕਈ ਕਵਿਤਾਵਾਂ ਹਨ, ਜਿਵੇਂ 'ਤੀਨ ਆਵਾਜ਼ੇਂ' ਜਿਸ ਵਿਚ ਉਸ ਨੇ ਧਰਮ-ਨਿਰਪੇਖ ਵਿਚਾਰਾਂ ਨੂੰ ਖੁੱਲ ਕੇ ਬਿਆਨ ਕੀਤਾ ਹੈ। ਮੈਂ ਤੇਰੇ ਇਸ ਖ਼ਿਆਲ ਨਾਲ ਸਹਿਮਤ ਨਹੀਂ

ਕਿ ਉਹ ਆਪਣੇ ਫਲਸਫੇ ਨੂੰ ਖੁੱਲ ਕੇ ਨਹੀਂ ਬਿਆਨਦਾ ਸੀ। ਇਹ ਜਾਨਣਾ ਜ਼ਰੂਰੀ ਹੈ ਕਿ ਫ਼ੈਜ਼ ਇਕਬਾਲ ਤੋਂ ਉਲਟ ਧਾਰਮਿਕ ਵਿਸ਼ਿਆਂ ਬਾਰੇ ਧਿਆਨ ਨਹੀਂ ਸੀ ਦਿੰਦਾ। ਉਸਦੇ ਮੁੱਦਿਆਂ ਤੇ ਵਿਸ਼ਿਆਂ ਦੀ ਚੋਣ ਬਿਲਕੁਲ ਵੱਖਰੀ ਸੀ। ਪਰ ਜਦੋਂ ਫ਼ੈਜ਼ ਆਪਣੀ ਸਮਾਜਿਕ ਜ਼ਿੰਦਗੀ ਵਿਚ ਧਾਰਮਿਕ ਲੋਕਾਂ ਨਾਲ ਅੰਤਰ-ਕਿਰਿਆ ਕਰਦਾ ਸੀ ਤਾਂ ਉਹਨਾਂ ਲੋਕਾਂ ਦੇ ਵਿਸ਼ਵਾਸਾਂ ਅਤੇ ਜੀਵਨ-ਤਰੀਕਿਆਂ ਦਾ ਪੂਰਾ ਸਤਿਕਾਰ ਕਰਦਾ ਸੀ।

ਕੁਝ ਅਜਿਹੇ ਲੇਖਕ ਹਨ, ਮਿਰਜ਼ਾ ਜਫਰੁਲ-ਹਸਨ ਵਰਗੇ ਜਿਨ੍ਹਾਂ ਨੇ ਫ਼ੈਜ਼ ਦੇ ਜੀਵਨ ਦੇ ਧਾਰਮਿਕ ਪੱਖਾਂ ਬਾਰੇ ਵਿਚਾਰ ਕੀਤੀ ਹੈ। ਉਹਨਾਂ ਨੇ ਪ੍ਰਾਰਥਨਾ ਵਿਚ ਅਗਵਾਈ ਕਰਨ ਵਾਲੀ ਉਸ ਘਟਨਾ ਦਾ ਜ਼ਿਕਰ ਕੀਤਾ ਤੇ ਲਿਖਿਆ ਹੈ। ਉਹਨਾਂ ਇਹ ਵੀ ਜ਼ਿਕਰ ਕੀਤਾ ਹੈ ਕਿ ਫ਼ੈਜ਼ ਕੁਝ ਧਾਰਮਿਕ ਰਸਮਾਂ ਉੱਤੇ ਚੱਲਦਾ ਸੀ। ਮਿਸਾਲ ਵਜੋਂ ਆਪਣੀ ਪਤਨੀ ਐਲਸ ਨਾਲ ਨਿਕਾਹ ਕਰਨ ਬਾਰੇ ਅਤੇ ਆਪਣੇ ਨਵ-ਜਨਮੇ ਪੋਤਰਿਆਂ ਦੇ ਕੰਨਾਂ ਵਿਚ 'ਅਜ਼ਾਨ' ਬਾਰੇ ਅਤੇ ਇੱਕ ਜੋੜੇ ਦੇ ਨਿਕਾਹ ਦੀ ਰਸਮ ਕਰਨ ਬਾਰੇ। ਮੇਰਾ ਖ਼ਿਆਲ ਹੈ ਕਿ ਇਹ ਧਰਮ ਦੇ ਸਮਾਜਿਕ ਤੇ ਸਭਿਆਚਾਰਕ ਪੱਖ ਹਨ। ਜਿਹੜੇ ਧਰਮ ਦੇ ਵਿਚਾਰਧਾਰਕ ਅਤੇ ਫਲਸਫੇ ਦੇ ਪੱਖਾਂ ਨਾਲੋਂ ਵੱਖਰੇ ਹਨ। ਕਿਉਂਕਿ ਫ਼ੈਜ਼ ਉਸ ਸਭਿਆਚਾਰ ਵਿਚ ਵਿਚਰ ਰਿਹਾ ਸੀ, ਉਹ ਆਪਣੀ ਬਰਾਦਰੀ ਦਾ ਹਿੱਸਾ ਬਣਨ ਲਈ ਕੁਝ ਕੁ ਰਸਮਾਂ ਦਾ ਪਾਲਣ ਕਰਦਾ ਸੀ।

ਦੂਸਰੇ ਪਾਸੇ ਰਸ਼ੀਦ ਨੇ ਆਪਣੀ ਵਸੀਅਤ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਉਹ ਚਾਹੁੰਦਾ ਹੈ ਕਿ ਉਸਨੂੰ ਜਲਾਇਆ ਜਾਵੇ ਅਤੇ ਲੋਕੀਂ ਆਪਣੀ ਵਸੀਅਤ ਉੱਤੇ ਅਮਲ ਕਰ ਸਕਦੇ ਹਨ, ਕਿਉਂਕਿ ਉਹ ਇੰਗਲੈਂਡ ਵਿਚ ਰਹਿੰਦਾ ਸੀ। ਜਿੱਥੇ ਕਿ ਇੱਕ ਵੱਖਰਾ ਸਭਿਆਚਾਰ ਹੈ। ਜੇ ਰਸ਼ੀਦ ਲਾਹੌਰ ਵਿਚ ਰਹਿੰਦਾ ਹੁੰਦਾ ਤਾਂ ਉਸਨੂੰ ਦਫ਼ਨ ਕੀਤਾ ਜਾਣਾ ਸੀ ਤੇ ਲੋਕਾਂ ਨੇ ਉਸਦੀ ਵਸੀਅਤ ਉੱਤੇ ਅਮਲ ਕਰਨ ਦਾ ਹੌਸਲਾ ਨਹੀਂ ਸੀ ਕਰਨਾ। ਜੇ ਤੁਸੀਂ ਫ਼ੈਜ਼ ਨੂੰ ਬਟਰੈਂਤ ਰਸਲ ਦੇ ਫਲਸਫੇ ਦੀ ਰੌਸ਼ਨੀ ਵਿਚ ਵੇਖਣਾ ਚਾਹੁੰਦੇ ਹੋ, ਤਾਂ ਤੁਸੀਂ ਨਿਰਾਸ਼ ਹੋਵੋਗੇ। ਤੁਹਾਨੂੰ ਫ਼ੈਜ਼ ਨੂੰ ਉਸ ਰੌਸ਼ਨੀ ਵਿਚ ਵੇਖਣਾ ਚਾਹੀਦਾ ਹੈ, ਜੋ ਕੁਝ ਉਹ ਸੀ। ਉਸਦੀ ਲਾਜਵਾਬ ਸ਼ਖ਼ਸੀਅਤ ਤੇ ਉਸਦੀ ਜੀਵਨ-ਸ਼ੈਲੀ ਦੇ ਪ੍ਰਸੰਗ ਵਿਚ।

ਸੁਹੇਲ : ਆਓ ਕੁਝ ਫ਼ੈਜ਼ ਦੀ ਪਰਿਵਾਰਕ ਜ਼ਿੰਦਗੀ ਬਾਰੇ ਗੱਲ ਕਰੀਏ। ਜਦੋਂ ਫ਼ੈਜ਼ ਨੇ ਐਲਸ ਨਾਲ ਸ਼ਾਦੀ ਕੀਤੀ ਤਾਂ ਉਸ ਵਕਤ ਰਲੀ-ਮਿਲੀ ਸ਼ਾਦੀ ਆਮ ਨਹੀਂ ਸੀ। ਇਹ ਇੱਕ ਨਵੀਂ ਪਰੰਪਰਾ ਸੀ। ਮੇਰੀ ਰਾਏ ਵਿਚ, ਐਲਸ ਨੇ ਫ਼ੈਜ਼ ਦੀ ਜ਼ਿੰਦਗੀ ਉੱਤੇ ਮਹਾਨ ਪ੍ਰਭਾਵ ਪਾਇਆ। ਤੁਸੀਂ ਐਲਸ ਨੂੰ ਕਈ ਵਾਰ ਮਿਲ ਚੁੱਕੇ ਹੋ। ਫ਼ੈਜ਼ ਨਾਲ ਉਸਦੇ ਰਿਸ਼ਤੇ ਨੇ ਤੁਹਾਡੇ ਉੱਤੇ ਸਭ ਤੋਂ ਵੱਧ ਕੀ ਪ੍ਰਭਾਵ ਪਾਇਆ ਅਤੇ ਉਹ ਉਹਨਾਂ ਜੋੜਿਆਂ ਤੋਂ ਕਿੰਨੇ ਕੁ ਵੱਖਰੇ ਸਨ, ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ ?

ਅਸ਼ਫਾਕ : ਆਪਣੇ ਜਾਤੀ ਪ੍ਰਭਾਵਾਂ ਦੇ ਆਧਾਰ ਉੱਤੇ ਮੈਨੂੰ ਉਹਨਾਂ ਦੇ ਆਪਸੀ ਨਿੱਘੇ ਸਬੰਧਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਕਿਉਂਕਿ ਮੈਂ ਉਹਨਾਂ ਨੂੰ ਸਮਾਜਿਕ



ਤੌਰ ਤੇ ਕਦੇ-ਕਦਾਈਂ ਹੀ ਮਿਲਦਾ ਰਿਹਾ ਹਾਂ ਤੇ ਅਜਿਹਾ ਮੇਲ-ਮਿਲਾਪ ਕਿਸੇ ਅਰਥ-ਭਰਪੂਰ ਰਾਏ ਲਈ ਕਾਫੀ ਨਹੀਂ ਹੁੰਦਾ। ਐਪਰ ਮੁਲਾਕਾਤਾਂ ਅਤੇ ਜੀਵਨੀਆਂ ਦੇ ਆਧਾਰ ਉੱਤੇ ਜੋ ਕੁਝ ਮੈਂ ਪੜ੍ਹਿਆ ਹੈ, ਮੈਂ ਕਹਿ ਸਕਦਾ ਹਾਂ ਕਿ ਐਲਸ ਦਾ ਭਾਰਤ ਆਉਣਾ ਅਤੇ ਫ਼ੈਜ਼ ਨਾਲ ਸ਼ਾਦੀ ਕਰਵਾਉਣਾ ਇੱਕ ਅਨੂਠਾ ਤਜ਼ਰਬਾ ਸੀ। ਐਲਸ ਨਾਲ ਵਿਆਹ ਕਰਵਾਉਣਾ ਫ਼ੈਜ਼ ਦੀ ਚੋਣ ਸੀ ਤੇ ਇਸ ਤੋਂ ਪਤਾ ਲੱਗਦਾ ਹੈ ਕਿ ਵਿਉਂਤ-ਬੱਧ ਸ਼ਾਦੀ ਦੀ ਪਰੰਪਰਾ ਨੂੰ ਉਹ ਪ੍ਰਵਾਨ ਨਹੀਂ ਸੀ ਕਰਨਾ ਚਾਹੁੰਦਾ। ਉਹਨਾਂ ਦੀ ਸ਼ਾਦੀ ਵਿਚ ਮੈਂ ਵਧੇਰੇ ਮਾਣ ਐਲਸ ਨੂੰ ਦੇਣਾ ਚਾਹੁੰਦਾ ਹਾਂ, ਕਿਉਂਕਿ ਐਲਸ ਨੇ ਆਪਣੇ ਆਪ ਨੂੰ ਨਵੀਂ ਕਲਚਰ ਅਤੇ ਸਮਾਜੀ ਵਾਤਾਵਰਨ ਅਨੁਸਾਰ ਢਾਲਣਾ ਸੀ। ਸਾਨੂੰ ਇਹ ਗੱਲ ਵੀ ਮੰਨਣੀ ਪਵੇਗੀ, ਕਿ ਐਲਸ ਭਾਰਤ ਨਾਲੋਂ ਵਧੇਰੇ ਵਿਕਸਿਤ ਅਤੇ ਅਗਾਂਹ-ਵਧੂ ਸਮਾਜ ਵਿਚ ਪਲੀ ਹੋਈ ਸੀ। ਇਸ ਲਈ ਉਹ ਆਪਣੇ ਨਾਲ ਪੱਛਮੀ ਕਲਚਰ ਦੇ ਅਸਚਰਜ ਤੋਹਫੇ ਲੈ ਕੇ ਆਈ ਸੀ। ਅਸੀਂ ਇਸਦਾ ਪ੍ਰਮਾਣ ਉਸ ਵੇਲੇ ਵੇਖਿਆ ਜਦੋਂ ਕੁਝ ਸਾਲਾਂ ਪਿੱਛੋਂ ਫ਼ੈਜ਼ ਕੈਦ ਹੋ ਗਿਆ ਤਾਂ ਉਹ ਜਜ਼ਬਾਤੀ ਅਤੇ ਮਾਇਕ ਤੌਰ ਤੇ ਬੱਚਿਆਂ ਨੂੰ ਪਾਲਣ ਤੇ ਫ਼ੈਜ਼ ਤੋਂ ਬਿਨਾਂ ਪਰਿਵਾਰ ਨੂੰ ਆਜ਼ਾਦਾਨਾ ਤੌਰ ਤੇ ਚਲਾਉਣ ਲੱਗੀ।

ਜਦ ਫ਼ੈਜ਼ ਕੈਦ ਹੋ ਗਿਆ ਤਾਂ ਉਹ ਐਲਸ ਦਾ ਮਾਨਸਿਕ ਸਾਥ ਪ੍ਰਾਪਤ ਕਰਨ ਵਿਚ ਖੁਸ਼ਕਿਸਮਤ ਸੀ। ਉਸਨੇ ਸੁੱਖ ਦਾ ਸਾਹ ਲਿਆ, ਕਿਉਂਕਿ ਉਸਨੂੰ ਭਰੋਸਾ ਸੀ ਕਿ ਐਲਸ ਬੱਚਿਆਂ ਨੂੰ ਪੜ੍ਹਾ ਸਕੇਗੀ ਤੇ ਉਹਨਾਂ ਦੀ ਦੇਖਭਾਲ ਕਰ ਸਕੇਗੀ। ਇਹ ਇੱਕ ਕਾਰਨ ਸੀ ਕਿ ਉਹ ਆਪਣੀ ਸਾਹਿਤਕ ਜ਼ਿੰਦਗੀ ਵੱਲ ਧਿਆਨ ਦੇ ਸਕਿਆ ਅਤੇ ਜੇਲ੍ਹ ਵਿਚ ਹੁੰਦੇ ਹੋਏ ਵੀ, ਨਵੇਂ ਅਲੰਕਾਰ ਸਿਰਜ ਸਕਿਆ। ਜੇ ਫ਼ੈਜ਼ ਨੇ ਪਿਛਾਂਹ-ਖਿਚੂ, ਰਵਾਇਤੀ ਅਤੇ ਧਾਰਮਿਕ ਭਾਰਤੀ ਔਰਤ ਨਾਲ ਸ਼ਾਦੀ ਕੀਤੀ ਹੁੰਦੀ ਤਾਂ ਉਹ ਔਰਤ ਸ਼ਾਇਦ ਐਲਸ ਵਾਂਗ ਬੱਚਿਆਂ ਦੀ ਅਸਚਰਜ ਢੰਗ ਨਾਲ ਦੇਖਭਾਲ ਨਾ ਕਰ ਸਕਦੀ ਹੁੰਦੀ।

ਇਹ ਐਲਸ ਹੀ ਸੀ, ਜਿਸਨੇ ਮਿਰਜ਼ਾ-ਜ਼ਫ਼ਰ-ਉਲ-ਹਸਨ ਨਾਲ ਸਾਥ ਦੇ ਕੇ, ਫ਼ੈਜ਼ ਦੇ ਖ਼ਤ, ਉਰਦੂ ਵਿਚ ਅਨੁਵਾਦ ਕਰਕੇ ਛਾਪੇ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਐਲਸ ਫ਼ੈਜ਼ ਦੇ ਖ਼ਤ ਸੰਭਾਲ ਕੇ ਰੱਖ ਰਹੀ ਸੀ, ਕਿਉਂਕਿ ਉਹ ਉਹਨਾਂ ਦੀ ਮਹੱਤਤਾ ਨੂੰ ਜਾਣਦੀ ਸੀ। ਖਤਾਂ ਦਾ ਇਹ ਸੰਗ੍ਰਹਿ ਉਰਦੂ ਅਦਬ ਲਈ ਇੱਕ ਵੱਡਾ ਤੋਹਫ਼ਾ ਹੈ।

ਸੁਹੇਲ : ਮੈਂ ਅਨੁਭਵ ਕਰਦਾ ਹਾਂ ਕਿ ਕਈ ਮਹਾਨ ਲੇਖਕਾਂ ਦੀਆਂ ਕੀਮਤੀ ਰਚਨਾਵਾਂ ਬਚਾਈਆਂ ਨਹੀਂ ਜਾ ਸਕਦੀਆਂ, ਕਿਉਂਕਿ ਉਨ੍ਹਾਂ ਦਾ ਪ੍ਰਬੰਧ ਮਾੜਾ ਸੀ। ਫ਼ੈਜ਼ ਦੇ ਟਾਕਰੇ ਉੱਤੇ ਐਲਸ ਕੁਝ ਵਧੇਰੇ ਸਿਖਿਅਤ ਸੀ। ਉਹ ਉਸ ਦੇ ਮੈਨੇਜਰ ਵਾਂਗ ਸੀ। ਉਹ ਉਸਨੂੰ ਇੱਕ ਕਮਰੇ ਵਿਚ ਛੱਡ ਦਿੰਦੀ ਸੀ, ਤੇ ਦਰਵਾਜ਼ਾ ਬੰਦ ਕਰਕੇ, ਕਹਿ ਦਿੰਦਾ ਸੀ ਕਿ ਜਿੰਨਾ ਚਿਰ ਮਨੋਰਥ ਪੂਰਾ ਨਹੀਂ ਹੁੰਦਾ। ਓਨਾ ਚਿਰ ਕਿਤੇ ਜਾਣਾ ਨਹੀਂ। ਮੈਂ ਸੋਚਦਾ ਹਾਂ ਕਿ ਬੜੇ ਘੱਟ ਉਰਦੂ ਦੇ ਲੇਖਕ ਹੋਣਗੇ, ਜਿਨ੍ਹਾਂ ਦੀਆਂ ਅਜਿਹੀਆਂ ਪਤਨੀਆਂ ਹੋਣਗੀਆਂ।

ਅਸ਼ਫਾਕ : ਤੁਸੀਂ ਠੀਕ ਹੋ। ਐਲਸ ਕੇਵਲ ਉਸਦੇ ਸੰਦੇਸ਼ ਨੂੰ ਸਾਂਭਣ ਅਤੇ ਵਿਕਸਿਤ ਕਰਨ ਵਿਚ ਹੀ ਸਰਗਰਮ ਨਹੀਂ ਸੀ, ਸਗੋਂ ਉਸ ਦੀਆਂ ਰਚਨਾਵਾਂ ਨੂੰ ਉਸਦੇ ਜਿਉਂਦੇ-ਜੀ ਹੀ ਨਹੀਂ ਸਾਂਭਦੀ ਸੀ, ਸਗੋਂ ਉਸਦੀ ਮੌਤ ਤੋਂ ਬਾਅਦ ਵੀ ਉਹੀ ਇਕੱਲੀ ਸੀ ਜਿਸਨੇ ਫ਼ੈਜ਼ ਫਾਊਂਡੇਸ਼ਨ ਦੇ ਵਿਕਾਸ ਲਈ ਵੀ ਆਗੂ ਕਰਤੱਵ ਨਿਭਾਇਆ।

ਐਲਸ ਫ਼ੈਜ਼ ਦੀਆਂ ਜੀਵਨੀਆਂ ਨੂੰ ਪ੍ਰਕਾਸ਼ਿਤ ਕਰਨ ਵਿਚ ਹੀ ਸਹਾਇਕ ਨਹੀਂ ਸੀ, ਸਗੋਂ ਉਹ ਵਿਸ਼ਵ ਭਰ ਵਿਚ ਵੱਖ-ਵੱਖ ਦੇਸ਼ਾਂ ਵਿਚ, ਫ਼ੈਜ਼ ਸੰਬੰਧੀ ਸੈਮੀਨਾਰਾਂ ਵਿਚ ਸ਼ਾਮਿਲ ਹੋਣ ਲਈ ਜਾਂਦੀ ਸੀ ਤੇ ਉਸਦੇ ਸੰਦੇਸ਼ ਨੂੰ ਫੈਲਾਉਂਦੀ ਸੀ। ਉਹ ਫ਼ੈਜ਼ ਦਾ ਅਜਾਇਬ ਘਰ ਸਥਾਪਤ ਕਰਨ ਲਈ ਵੀ ਸਰਗਰਮ ਰਹੀ ਸੀ, ਤੇ ਉਸਨੇ ਫ਼ੈਜ਼-ਮੇਲਾ ਮਨਾਉਣ ਦੀ ਪਰੰਪਰਾ ਵੀ ਸ਼ੁਰੂ ਕੀਤੀ।

ਫ਼ੈਜ਼ ਬਾਰੇ ਕੁਝ ਸੈਮੀਨਾਰਾਂ ਵਿਚ ਉਸਦੀ ਪੁੱਤਰੀ ਸਲੀਮਾ ਵੀ ਨਾਲ ਹੁੰਦੀ ਸੀ ਅਤੇ ਉਸਨੇ ਫ਼ੈਜ਼ ਦੇ ਸੁਨੇਹੇ ਨੂੰ ਪ੍ਰਚਾਰਨ ਵਿਚ ਉੱਘਾ ਹੱਥ ਵਟਾਇਆ। ਸਲੀਮਾ ਨੇ ਮੇਰੇ ਨਾਲ ਵੀ ਸੰਪਰਕ ਕੀਤਾ ਅਤੇ ਫ਼ੈਜ਼ ਬਾਰੇ ਆਪਣੀ ਕਿਤਾਬ ਛਾਪਣ ਲਈ ਮੈਨੂੰ ਪ੍ਰੇਰਿਤ ਕੀਤਾ। ਐਲਸ ਨੂੰ ਇਹ ਮਾਣ ਵੀ ਜਾਂਦਾ ਹੈ ਕਿ ਉਸਨੇ ਆਪਣੀਆਂ ਬੱਚੀਆਂ ਦੀ ਇੰਝ ਪਾਲਣਾ ਕੀਤੀ ਕਿ ਉਹ ਆਪਣੇ ਪਿਤਾ ਦੀ ਵਿਰਾਸਤ ਨੂੰ ਸਾਂਭਣ ਲਈ ਕੰਮ ਕਰਨ।

ਸੁਹੇਲ : ਕਈ ਲੇਖਕਾਂ ਕੋਲ ਪ੍ਰਸਿੱਧ ਹੋਣ ਲਈ ਇਕੋ ਹੀ ਕਾਰਨ ਹੁੰਦਾ ਹੈ। ਫ਼ੈਜ਼ ਕੋਲ ਕਈ ਕਾਰਨ ਸਨ। ਉਸ ਉੱਤੇ ਰਸ਼ਕ ਕੀਤਾ ਜਾਂਦਾ ਸੀ ਤੇ ਉਸਨੂੰ ਪੂਜਿਆ ਜਾਂਦਾ ਸੀ। ਜੀਵਨ ਦੇ ਕਈ ਖੇਤਰਾਂ ਨੇ ਕਈ ਕਲਾਕਾਰਾਂ ਵਲੋਂ।

ਅਸ਼ਫਾਕ : ਪ੍ਰਸਿੱਧ ਉਰਦੂ ਲੇਖਕਾਂ ਕੁਰੱਤੁਲ-ਐਨ-ਹੈਦਰ ਨੇ ਆਖਿਆ ਸੀ ਕਿ ਅਸੀਂ ਫ਼ੈਜ਼ ਦੇ ਯੁੱਗ ਵਿਚ ਰਹਿ ਰਹੇ ਹਾਂ। ਜਦ ਕੋਈ ਲੇਖਕ ਇੱਕ ਯੁੱਗ ਦਾ ਪ੍ਰਤੀਨਿਧ ਬਣ ਜਾਂਦਾ ਹੈ ਤਾਂ ਉਸ ਦਾ ਅਧਿਐਨ ਕਰਕੇ ਅਸੀਂ ਉਸ ਯੁੱਗ ਨੂੰ ਪੜ੍ਹ ਸਕਦੇ ਹਾਂ। ਪਿਛਲੀ ਅੱਧੀ ਸਦੀ ਵਿਚ ਅਸੀਂ ਹੋਰ ਕੋਈ ਕਵੀ ਜਾਂ ਲੇਖਕ ਨਹੀਂ ਵੇਖਦੇ, ਜੋ ਏਨਾ ਪ੍ਰਸਿੱਧ ਹੋਇਆ ਹੋਵੇ, ਜਿੰਨਾ ਕਿ ਫ਼ੈਜ਼।

ਉਸਦੇ ਕਈ ਪ੍ਰਸ਼ੰਸਕ ਲਾਹੌਰ ਅਤੇ ਅੰਮ੍ਰਿਤਸਰ ਦੇ ਵਿਦਿਆਰਥੀ ਸਨ। ਕੁਝ ਹੋਰ ਸਨ ਜੋ ਵਿਦਵਾਨ ਸਨ ਜਾਂ ਬੁੱਧੀ-ਜੀਵੀ, ਜੋ ਫ਼ੈਜ਼ ਦੀ ਮਹਿਮਾ ਗਾਉਂਦੇ ਸਨ। ਇਸ ਸੂਚੀ ਵਿਚ, ਸੂਫ਼ੀ ਗੁਲਾਮ ਮੁਸਤਫਾ ਤਬੱਸਮ, ਪਿਤਰਿਸ ਬੁਖਾਰੀ ਅਤੇ ਮੌਲਵੀ ਮੁਹੰਮਦ ਸ਼ਫ਼ੀ ਆਦਿ ਸਨ।

ਕਵੀ ਹੋਣ ਤੋਂ ਬਿਨਾਂ ਉਹ ਪੱਤਰਕਾਰੀ ਦੇ ਖੇਤਰ ਵਿਚ ਵੀ ਕੰਮ ਕਰਦਾ ਸੀ। ਜਦ ਉਹ ਜੇਲ੍ਹ ਵਿਚ ਸੀ ਤਾਂ ਉਸਦੇ ਪੱਤਰਕਾਰ ਮਿੱਤਰ ਸਨ, ਜਿਨ੍ਹਾਂ ਨੇ ਉਸ ਦੀ ਰਿਹਾਈ ਲਈ ਵੱਡਾ ਰੋਲ ਨਿਭਾਇਆ। ਅਖ਼ਬਾਰਾਂ ਅਤੇ ਰਸਾਲੇ ਜੋ ਉਹਨਾਂ ਵੇਲਿਆਂ ਵਿਚ ਛਪਦੇ ਸਨ, ਉਹ ਫ਼ੈਜ਼ ਦੀ ਪ੍ਰਸ਼ੰਸਾ ਨਾਲ ਭਰੇ ਹੁੰਦੇ ਸਨ ਅਤੇ ਉਸਦੀ ਰਿਹਾਈ ਲਈ ਰੋਸ ਕਰਦੇ ਸਨ।

ਫ਼ੈਜ਼ ਟਰੇਡ ਯੂਨੀਅਨ ਲਹਿਰ ਨਾਲ ਵੀ ਜੁੜਿਆ ਹੋਇਆ ਸੀ। ਉਹ ਕਾਫੀ ਹਰਮਨ ਪਿਆਰਾ ਸੀ ਤੇ ਲੋਕ ਉਸ ਦੀ ਰਾਜਨੀਤੀ ਦੀ ਦ੍ਰਿਸ਼ਟੀ ਦੀ ਕਦਰ ਕਰਦੇ ਸੀ।



ਫ਼ੈਜ਼ ਉਹਨਾਂ ਕਲਾਕਾਰਾਂ ਦੇ ਕਾਫੀ ਲਾਗੇ ਸੀ ਜੋ ਵੱਖ-ਵੱਖ ਮੀਡੀਏ ਨਾਲ ਜੁੜੇ ਹੋਏ ਸਨ। ਭਾਵੇਂ ਇਹ ਫਿਲਮ, ਡਰਾਮਾ, ਕਵਿਤਾ ਜਾਂ ਰਾਜਨੀਤੀ ਸੀ। ਫ਼ੈਜ਼ ਦੇ ਹਰ ਖ਼ਿਆਲ ਦੇ ਖੇਤਰ ਅਤੇ ਸਭ ਰੂਪਾਂ ਦੇ ਰਚਨਾਤਮਿਕ ਪ੍ਰਗਟਾਵੇ ਵਾਲੇ ਲੋਕਾਂ ਨਾਲ ਸਬੰਧ ਸੀ।

ਫ਼ੈਜ਼ ਆਪਣੇ ਸਮੇਂ ਦੀ ਪ੍ਰਗਤੀਸ਼ੀਲ ਤੇ ਅਮਨ ਲਹਿਰ ਦੇ ਨੇੜੇ ਸੀ ਤੇ ਇਹਨਾਂ ਸੰਬੰਧਾਂ ਨੇ ਉਸਦੀ ਹਰਮਨ ਪਿਆਰਤਾ ਨੂੰ ਵਧਾਇਆ। ਲੈਨਿਨ ਅਮਨ ਪੁਰਸਕਾਰ ਪ੍ਰਾਪਤ ਕਰਨਾ ਉਹਨਾਂ ਦੇ ਕੌਮਾਂਤਰੀ ਬਿੰਬ ਨੂੰ ਚਮਕਾਉਣ ਵਿਚ ਬੜਾ ਸਹਾਈ ਹੋਇਆ। ਕਿਉਂਕਿ ਫ਼ੈਜ਼ ਰਚਨਾਤਮਿਕ ਅਤੇ ਰਾਜਨੀਤਿਕ ਤੌਰ ਤੇ ਫਲਸਤੀਨੀ ਲਹਿਰ ਨਾਲ ਜੁੜਿਆ ਹੋਇਆ ਸੀ , ਉਹ ਯਾਸਰ ਅਰਾਫਾਤ ਦਾ ਮਿੱਤਰ ਬਣ ਗਿਆ ਅਤੇ ਉਸਨੇ ਅਫਰੀਕੀ ਏਸ਼ੀਆਈ ਪੱਤ੍ਰਿਕਾ 'ਲੋਟਿਸ' ਦੀ ਸੰਪਾਦਨਾ ਕੀਤੀ। ਇਹਨਾਂ ਸਾਰੀਆਂ ਸਰਗਰਮੀਆਂ ਸਦਕਾ ਉਹ ਬਹੁਤ ਪ੍ਰਸਿੱਧ ਹੋਇਆ। ਫੌਜੀ ਜਰਨੈਲਾਂ ਤੇ ਤਾਨਾਸ਼ਾਹਾਂ ਦੀ ਉਸ ਦੀ ਵਿਰੋਧਤਾ ਨੇ, ਉਸਨੂੰ ਉਹਨਾਂ ਲੋਕਾਂ ਵਿਚ ਹਰ ਦਿਲ ਅਜੀਜ਼ ਬਣਾਇਆ, ਜੋ ਆਜ਼ਾਦੀ ਅਤੇ ਪਾਕਿਸਤਾਨ ਵਿਚ ਲੋਕ-ਰਾਜ ਚਾਹੁੰਦੇ ਸਨ। ਫੈਜ਼ ਨੇ ਸਭਿਆਚਾਰਕ ਸਰਗਰਮੀਆਂ ਵਿਚ ਵੀ ਸਰਗਰਮ ਹਿੱਸਾ ਲਿਆ ਤੇ ਪਾਕਿਸਤਾਨ ਦੇ ਵਿਸ਼ਾਲ ਕਲਾਕਾਰ ਹਲਕਿਆਂ ਨੂੰ ਪ੍ਰੇਰਿਤ ਕੀਤਾ।

ਸੁਹੇਲ : ਇੰਝ ਪ੍ਰਤੀਤ ਹੁੰਦਾ ਹੈ ਕਿ ਬਹੁਤ ਸਾਰੀਆਂ ਵਿਸ਼ੇਸ਼ਤਾਈਆਂ ਦੇ ਨਾਲ-ਨਾਲ ਇੱਕ ਚੰਗੇ ਕਵੀ ਹੋਣ ਨੇ ਉਹਨਾਂ ਨੂੰ ਪ੍ਰਸਿੱਧ ਤੇ ਹਰਮਨ ਪਿਆਰਾ ਬਣਾਇਆ।

ਅਸ਼ਫਾਕ : ਤੁਸੀਂ ਠੀਕ ਆਖਦੇ ਹੋ। ਉਸਦੇ ਮਿੱਤਰਾਂ ਅਤੇ ਪ੍ਰਸ਼ੰਸਕਾਂ ਦਾ ਖੇਤਰ ਬੜਾ ਵਿਸ਼ਾਲ ਸੀ। ਐਪਰ ਉਸਦੇ ਆਲੋਚਕਾਂ ਦਾ ਘੇਰਾ ਵੀ ਛੋਟਾ ਨਹੀਂ ਸੀ। ਕਿਉਂਕਿ ਫ਼ੈਜ਼ ਦੀ ਸ਼ਖ਼ਸੀਅਤ ਬਹੁ-ਪੱਖੀ ਸੀ ਤੇ ਉਸਦੀਆਂ ਬੜੀਆਂ ਵਿਸ਼ੇਸ਼ਤਾਈਆਂ ਸਨ, ਉਸਦੇ ਸਮਰਥਕ ਬਹੁਤ ਸਨ ਜੋ ਉਸਦੇ ਜੀਵਨ ਫਲਸਫੇ ਨਾਲ ਜੁੜੇ ਹੋਏ ਸਨ।

ਸੁਹੇਲ : ਫ਼ੈਜ਼ ਦੀ ਕਵਿਤਾ, ਸ਼ਖ਼ਸੀਅਤ ਅਤੇ ਫਲਸਫੇ ਬਾਰੇ ਵਿਚਾਰਾਂ ਨੂੰ ਸਾਂਝਾ ਕਰਨ ਲਈ ਤੁਹਾਡਾ ਧੰਨਵਾਦ

ਅਸ਼ਫਾਕ : ਮੈਨੂੰ ਤੁਹਾਡਾ ਅਤੇ ਆਪਣੀ ਪਤਨੀ ਨਰਗਿਸ ਦਾ ਧੰਨਵਾਦ ਕਰਨ ਦੀ ਵੀ ਲੋੜ ਅਨੁਭਵ ਹੁੰਦੀ ਹੈ, ਜਿਸਨੇ ਇਸ ਇੰਟਰਵਿਊ ਦਾ ਪ੍ਰਬੰਧ ਕੀਤਾ ਅਤੇ ਆਪਣੇ ਮਨਪਸੰਦ ਕਵੀ ਫ਼ੈਜ਼ ਬਾਰੇ ਵਿਚਾਰ ਸਾਂਝੇ ਕਰਨ ਲਈ ਮੌਕਾ ਪ੍ਰਦਾਨ ਕੀਤਾ। ●

**ਨੋਟ :- "ਫ਼ੈਜ਼ ਅਮਨ ਦਾ ਕਵੀ" ਪੁਸਤਕ ਵਿਚੋਂ ਅੰਗਰੇਜ਼ੀ ਵਿਚੋਂ ਅਨੁਵਾਦ ਕੀਤਾ ਇੰਟਰਵਿਊ। ਇਹ ਲਿਖਤ ਪਾਕਿਸਤਾਨ ਸਟੱਡੀ ਸੈਂਟਰ, ਕਰਾਚੀ ਯੂਨੀਵਰਸਿਟੀ ਵਿਚੋਂ ਪ੍ਰਾਪਤ ਕਰਕੇ ਧੰਨਵਾਦ ਸਾਹਿਤ ਪੰਜਾਬੀ ਵਿਚ ਅਨੁਵਾਦ ਕੀਤੀ ਗਈ।**

# ਭੁੱਲਣਹਾਰ ਪੱਤਰਕਾਰ – ਫ਼ੈਜ਼

**– ਅਬਦੁਲ ਕਦੀਰ ਰਸ਼ਕ**

ਵਿਆਹ ਦੇ ਛੇਵੇਂ ਦਿਨ ਕੋਟ ਗੁੰਮ ਹੋ ਗਿਆ। ਫਿਰ ਗਹਿਣੇ ਚੋਰੀ ਹੋਏ ਤੇ ਜਦੋਂ ਕਰਾਂਚੀ ਜਾਂਦੇ ਹੋਏ ਕੱਪੜਿਆਂ ਨਾਲ ਭਰਿਆ ਸੂਟਕੇਸ ਗੁੰਮ ਹੋ ਗਿਆ ਤਾਂ ਬੇਗਮ ਫ਼ੈਜ਼ ਦੀ ਜਰਨ ਦੀ ਤਾਕਤ ਜਵਾਬ ਦੇ ਗਈ। ਪਤਨੀ ਦੇ ਚਿਹਰੇ ਉੱਤੇ ਵਿਰਵੇ ਰਹਿ ਜਾਣ ਦਾ ਅਹਿਸਾਸ ਵੇਖ ਕੇ ਫ਼ੈਜ਼ ਸਾਹਿਬ ਮੁਸਕਰਾਏ ਅਤੇ ਬੜੇ ਸ਼ਾਂਤ ਲਹਿਜੇ ਵਿਚ ਕਹਿਣ ਲੱਗੇ, 'ਬੀਵੀ ! ਤੁਮ ਨੇ ਸ਼ਾਇਰ ਦਾ ਵੋਹ ਮਿਸਰਾ ਤੋਂ ਜ਼ਰੂਰ ਸੁਨਾ ਹੋਗਾ, 'ਰਹਾ ਖਟਕਾ ਨਾ ਚੋਰੀ ਕਾ, ਦੁਆ ਦੇਤਾ ਹੂੰ ਰਾਹਜਨ ਕੋਵ

ਵਿਚਾਰੀ ਬੀਵੀ ਦਿਲ ਉੱਤੇ ਸਬਰ ਦਾ ਪੱਥਰ ਰੱਖ ਕੇ ਪਤੀ ਦੀਆਂ ਸ਼ਾਇਰਾਨਾ ਮੁਸਕਰਾਹਟਾਂ ਵਿਚ ਭਾਈਵਾਲ ਤਾਂ ਹੋ ਗਈ ਪਰ ਉਸਨੂੰ ਜ਼ਿੰਦਗੀ ਭਰ ਖਟਕਾ ਲੱਗਾ ਰਿਹਾ ਕਿ ਜੇ ਫ਼ੈਜ਼ ਸਾਹਿਬ ਇਸੇ ਰਫ਼ਤਾਰ ਨਾਲ ਗੱਲਾਂ ਭੁੱਲਦੇ ਰਹੇ ਅਤੇ ਚੀਜ਼ਾਂ ਗੁੰਮ ਕਰਦੇ ਰਹੇ ਤਾਂ ਵਿਆਹ ਦੇ ਸੂਟ ਦੀ ਤਰ੍ਹਾਂ ਕਿਸੇ ਰੋਜ਼ ਆਪਣੇ ਆਪ ਨੂੰ ਗੁੰਮ ਕਰ ਬੈਠਣਗੇ। ਫ਼ੈਜ਼ ਸਾਹਿਬ ਦੀ ਬੀਵੀ ਦਾ ਅੰਦਾਜ਼ਾ ਠੀਕ ਨਿਕਲਿਆ। ਅੰਤ ਨੂੰ ਫ਼ੈਜ਼ ਸਾਹਿਬ ਵਿਆਹ ਦੇ ਕੋਟ ਵਾਂਗੂੰ ਆਪਣੇ ਆਪ ਨੂੰ ਗੁੰਮ ਕਰ ਬੈਠੇ ਤੇ ਬੇਗਮ ਫ਼ੈਜ਼ ਹੱਥ ਮਲਦੀ ਰਹਿ ਗਈ।

ਫ਼ੈਜ਼ ਨਾਲ ਪਹਿਲੀ ਮੁਲਾਕਾਤ ਨਾਲੋਂ ਜ਼ਿਆਦਾ ਦਿਲਚਸਪ ਮੇਰਾ ਆਪਣਾ ਹੁਲੀਆ ਸੀ। ਸਰੀਰ ਉੱਤੇ ਖੁੱਲੀ ਆਸਤੀਨ ਦਾ ਕੁੜਤਾ, ਪੈਰੀਂ ਪਿਸ਼ੌਰੀ ਚੱਪਲ, ਆਰਡੀਨੈਂਸ ਕਲੋਦਿੰਗ ਫੈਕਟਰੀ ਦੇ ਮਜ਼ਦੂਰਾਂ ਦਾ ਨਾਹਰੇ ਲਾਉਂਦਾ ਜਲੂਸ, ਹੱਥ ਵਿਚ ਪਾਕਿਸਤਾਨੀ ਝੰਡਾ, ਮੋਢਿਆਂ ਤੇ ਹਵਾ ਵਿਚ ਫੜਫੜਾਉਂਦਾ ਰੁਮਾਲ। ਇਹ ਦਿਲਚਸਪ ਘਟਨਾ, ਉਸ ਇਤਿਹਾਸਕ ਦੌਰ ਦੀ ਯਾਦਗਾਰ ਹੈ, ਜਦ ਅਖ਼ਬਾਰਾਂ ਦੇ ਐਡੀਟਰ ਮੁਲ੍ਹਾਣੇ ਅਖਵਾਉਂਦੇ ਸੀ ਤੇ ਅਖ਼ਬਾਰਾਂ ਦੇ ਹੋਰ ਕਰਮਚਾਰੀ ਅੱਵਲ ਦਰਜੇ ਦੇ ਸਿਆਸੀ ਆਗੂ ਸਮਝੇ ਜਾਂਦੇ ਸੀ। ਜਲਸੇ ਜਲੂਸ ਸਭਿਆਚਾਰ ਦਾ ਮੌਸਮੀ ਮੇਵਾ ਗਿਣੇ ਜਾਂਦੇ ਸਨ।

ਆਰਡੀਨੈਂਸ ਕਲੋਦਿੰਗ ਫੈਕਟਰੀ ਦੇ ਮਜ਼ਦੂਰਾਂ ਦਾ ਇਹ ਜਲੂਸ ਆਪਣੀਆਂ ਮੰਗਾਂ ਮਨਵਾਉਣ ਲਈ ਮੁਸਲਿਮ ਲੀਗ ਦੇ ਮੁੱਖ ਦਫ਼ਤਰ ਲਕਸ਼ਮੀ ਚੌਂਕ ਵੱਲ ਜਾ ਰਿਹਾ ਸੀ। ਇਸ ਜਲੂਸ ਦੀ ਅਗਵਾਈ ਮੇਰੇ ਜ਼ਿੰਮੇ ਸੀ। ਲਾਹੌਰ ਦੇ ਦੋ ਅਖ਼ਬਾਰਾਂ 'ਪਾਕਿਸਤਾਨ ਟਾਈਮਜ਼' ਅਤੇ 'ਇਮਰੋਜ਼' ਸੰਪਾਦਕ, ਸ਼ਾਇਦ ਜ਼ਹੀਰ ਬਾਬਾ ਅਤੇ 'ਜਮੀਦ ਜਿਹਲਮੀ' ਛੱਤ ਉੱਤੇ ਆ ਕੇ ਖੜ੍ਹੇ ਹੋ ਗਏ। ਰੋਜ਼ਨਾਮਾ 'ਇਮਰੋਜ਼' ਦੇ ਇੱਕ ਸੀਨੀਅਰ ਐਡੀਟਰ ਸ਼ਿਕੋਰ ਅਹਿਸਨ ਹੇਠਾਂ ਉੱਤਰੇ ਅਤੇ ਮਜ਼ਦੂਰਾਂ ਦੇ ਇੱਕ ਵਫਦ ਨੂੰ ਮੌਲਾਨਾ ਚਿਰਾਗ਼ ਹਸਨ ਹਸਰਤ (ਸਵਰਗੀ) ਦੇ ਕੋਲ ਲੈ ਗਏ। ਮਜ਼ਦੂਰ ਵਫਦ ਮੁੜ ਕੇ ਆਇਆ ਤਾਂ ਫ਼ੈਜ਼ ਅਹਿਮਦ ਫ਼ੈਜ਼ ਆਪਣੇ ਕਮਰੇ ਦੇ ਸਾਹਮਣੇ ਖਲੋਤੇ ਸਨ। ਸਰੀਰ ਉੱਤੇ ਖੱਦਰ ਦਾ ਕੁੜਤਾ, ਹੱਥ ਵਿਚ ਸਿਗਰਿਟ ਅਤੇ ਬੁੱਲ੍ਹਾਂ ਉੱਤੇ ਮਿੱਠੀ ਮੁਸਕਾਨ।

ਫ਼ੈਜ਼ ਸਾਨੂੰ ਆਪਣੇ ਕਮਰੇ ਵਿਚ ਲੈ ਗਏ। ਮਜ਼ਦੂਰਾਂ ਨੇ ਆਪਣੀ ਵਾਰਤਾਲਾਪ ਦਾ ਆਰੰਭ ਕੀਤਾ ਤਾਂ ਫ਼ੈਜ਼ ਸਾਹਿਬ ਮਾਸਿਕ ਪੱਤ੍ਰਿਕਾ 'ਅਦਬੇ ਲਤੀਫ' ਨੂੰ ਪੜ੍ਹਨ ਵਿਚ ਰੁੱਝੇ ਦਿਖਾਈ ਦਿੱਤੇ। ਫ਼ੈਜ਼ ਭੁੱਲ ਚੁੱਕੇ ਸਨ ਕਿ ਮਜ਼ਦੂਰਾਂ ਦਾ ਜਲੂਸ ਦਫਤਰ ਦੇ ਬਾਹਰ ਖਲੋਤਾ ਹੈ ਤੇ ਉਨ੍ਹਾਂ ਦਾ ਪ੍ਰਤੀਨਿਧ-ਮੰਡਲ ਮੁਲਾਕਾਤ ਕਰਨ ਆਇਆ ਹੈ। ਉਹ ਮਜ਼ੇ ਨਾਲ ਮੁਸਕਰਾ ਰਹੇ ਸਨ। ਸਿਗਰਿਟ ਪੀ ਰਹੇ ਸਨ ਅਤੇ ਰਸਾਲੇ ਦੇ ਪੰਨੇ ਪਲਟ ਰਹੇ ਸਨ। ਬਹੁਤੇ ਮਜ਼ਦੂਰ ਫ਼ੈਜ਼ ਸਾਹਿਬ ਦੀ ਕਾਵਿਕ ਭੁੱਲਣ ਵਾਲੀ ਆਦਤ ਤੋਂ ਵਾਕਿਫ਼ ਨਹੀਂ ਸਨ। ਇਸੇ



ਕਾਰਨ ਉਨ੍ਹਾਂ ਨੂੰ ਫ਼ੈਜ਼ ਸਾਹਿਬ ਦੀ ਮਜ਼ਦੂਰ ਦੋਸਤੀ ਸ਼ੱਕੀ ਵਿਖਾਲੀ ਦਿੱਤੀ। ਫ਼ੈਜ਼ ਸਾਹਿਬ ਨੇ ਪੜ੍ਹਨ ਦੇ ਸਮੇਂ ਇਕ-ਦੋ ਵਾਰ ਮੇਰੀ ਤਰਫ ਮੁਸਕਰਾ ਕੇ ਵੇਖਿਆ ਤੇ ਵੇਖ ਕਿ ਦੁਬਾਰਾ ਪੜ੍ਹਨ ਵਿਚ ਰੁੱਝ ਗਏ।

ਵਫਦ ਦੇ ਲੀਡਰ ਨੇ ਗਲਾ ਪਾੜ ਕੇ ਰੋਸ ਪ੍ਰਗਟ ਕੀਤਾ, "ਫ਼ੈਜ਼ ਸਾਹਿਬ" ਉਹ ਜਵਾਬ ਵਿਚ ਮੁਸਕਰਾਏ ਅਤੇ ਗੁਣਗੁਣਾਉਣ ਦੇ ਅੰਦਾਜ਼ ਵਿਚ ਆਵਾਜ਼ ਆਈ, "ਅੱਛਾ, ਮਜ਼ਦੂਰ...... ਹਾਂ ਫੁਰਮਾਓ" ਫ਼ੈਜ਼ ਸਾਹਿਬ ਦੇ ਵਾਰਤਾਲਾਪ ਦੇ ਅੰਦਾਜ਼ ਤੋਂ ਮਜ਼ਦੂਰ ਦੋਸਤੀ ਦਾ ਮਹੱਲ ਧਰਤੀ ਤੇ ਡਿੱਗਦਾ ਨਜ਼ਰ ਆਉਣ ਲੱਗਾ। ਸਾਨੂੰ ਖ਼ਿਆਲ ਆਇਆ ਕਿ ਫ਼ੈਜ਼ ਸਾਹਿਬ ਜਾਣ ਬੁੱਝ ਕੇ ਮਜ਼ਦੂਰਾਂ ਨੂੰ ਅਣਡਿੱਠ ਕਰ ਰਹੇ ਹਨ। ਮੈਂ ਇੱਕ ਲੰਮੀ ਚੌੜੀ ਤਕਰੀਰ ਝਾੜਨ ਦੇ ਰੌਂਅ ਵਿਚ ਸੀ। ਪਰ ਮੈਂ ਤਕਰੀਰ ਝਾੜਨ ਤੋਂ ਪਹਿਲਾਂ 'ਅਦਬੇ ਲਤੀਫ' ਦੇ ਪੰਨਿਆਂ ਉੱਤੇ ਨਿਗਾਹ ਮਾਰਨੀ ਜ਼ਰੂਰੀ ਸਮਝੀ।

ਫ਼ੈਜ਼ ਸਾਹਿਬ 'ਅਦਬੇ-ਲਤੀਫ' ਦੀ ਜਿਸ ਲਿਖਤ ਨੂੰ ਪੜ੍ਹ ਰਹੇ ਸਨ, ਖ਼ਿਆਲ ਸੀ ਕਿ ਉਹ ਤੜਪਦੀ ਫੜਕਦੀ ਕੋਈ ਗ਼ਜ਼ਲ ਹੋਵੇਗੀ ਜਾਂ ਕੋਈ ਤਿੱਖੇ ਨਸ਼ਤਰ ਕਿਸਮ ਦਾ ਕੋਈ ਸ਼ਿਅਰ ਹੋਵੇਗਾ, ਪਰ ਉਹ ਆਪਣੀ ਕਾਵਿਕ ਰਵਾਇਤ ਦੇ ਉਲਟ ਵਾਰਤਕ ਪੜ੍ਹਨ ਵਿਚ ਰੁੱਝੇ ਹੋਏ ਸੀ।

ਮੈਂ ਸੀਟ ਤੋਂ ਉੱਠ ਕੇ ਰਸਾਲੇ ਉੱਤੇ ਦੁਬਾਰਾ ਨਿਗਾਹ ਮਾਰੀ ਤਾਂ ਮੇਰਾ ਸਾਰਾ ਗੁੱਸਾ ਹਰਨ ਹੋ ਗਿਆ। 'ਅਦਬੇ-ਲਤੀਫ' ਨੇ ਮੇਰੀ ਇੱਕ ਕਹਾਣੀ "ਸਮਝੌਤਾ" ਛਾਪੀ ਸੀ। ਫ਼ੈਜ਼ ਸਾਹਿਬ ਬੜੀ ਇਕਾਗਰਤਾ ਨਾਲ ਇਹ ਕਹਾਣੀ ਨੂੰ ਪੜ੍ਹ ਰਹੇ ਸਨ। ਉਸ ਕਹਾਣੀ ਦਾ ਬੁਨਿਆਦੀ ਨੁਕਤਾ-ਨਜ਼ਰ ਵੀ ਮਜ਼ਦੂਰ ਸੀ। ਕਹਾਣੀ ਦਾ ਪਲਾਟ ਫ਼ੈਜ਼ ਸਾਹਿਬ ਦੇ ਕਮਰੇ ਵਿਚ ਬੈਠੇ ਮਜ਼ਦੂਰਾਂ ਦੇ ਹਾਲਾਤ ਅਤੇ ਵਾਕਿਆਤ ਨਾਲ ਮਿਲਦਾ ਜੁਲਦਾ ਸੀ।

ਮੈਂ ਤਕਰੀਰ ਦਾ ਇਰਾਦਾ ਛੱਡ ਦਿੱਤਾ ਅਤੇ ਸਾਹਿਤ ਦੇ ਵਿਸ਼ੇ ਉਤੇ ਵਾਰਤਾਲਾਪ ਸ਼ੁਰੂ ਕਰ ਦਿੱਤੀ। ਉਹਨਾਂ ਨੇ ਰਸਾਲਾ ਠੱਪ ਕੇ ਇੱਕ ਪਾਸੇ ਰੱਖ ਦਿੱਤਾ। ਮੇਜ਼ ਦੀ ਦਰਾਜ਼ ਵਿਚੋਂ ਸਿਗਰਿਟ ਦਾ ਪੈਕਟ ਕੱਢਿਆ ਅਤੇ ਇੱਕ ਤਸੱਲੀ ਨਾਲ ਮੁਸਕਰਾਉਂਦੇ ਹੋਏ ਖਾਮੋਸ਼ ਰਹੇ। ਉਹ ਗੌਤਮ ਬੁੱਧ ਦੇ ਵਾਂਗ ਸ਼ਾਂਤ ਸਨ। ਪਰ ਮੈਨੂੰ ਉਹਨਾਂ ਦੀ ਸ਼ਾਂਤੀ ਚੰਗੀ ਨਾ ਲੱਗੀ। ਮੈਂ ਉੱਠਿਆ ਅਤੇ ਦਰਵਾਜ਼ੇ ਵੱਲ ਵਧਿਆ। ਫ਼ੈਜ਼ ਸਾਹਿਬ ਨੂੰ ਮੇਰੇ ਨਾਰਾਜ਼ ਹੋਣ ਦਾ ਅਹਿਸਾਸ ਹੋਇਆ ਤਾਂ ਪਿੱਛੇ ਤੋਂ ਆਵਾਜ਼ ਆਈ। 'ਰਸ਼ਕ ਸਾਹਿਬ ! ਕਦੇ ਫਿਰ ਮਿਲਿਓ। ਤੁਹਾਡੇ ਨਾਲ ਕੁਝ ਇਲਮੀ ਗੱਲਾਂ ਕਰਨੀਆਂ ਹਨ।"

ਵਫਦ ਦਾ ਖ਼ਿਆਲ ਸੀ ਕਿ ਫ਼ੈਜ਼ ਸਾਹਿਬ ਮਜ਼ਦੂਰਾਂ ਦੇ ਪ੍ਰਦਰਸ਼ਣ ਬਾਰੇ ਕੁਝ ਨਹੀਂ ਲਿਖਣਗੇ। ਤੇ ਮੇਰੀ ਕਹਾਣੀ ਕੇਵਲ ਇਸ ਲਈ ਪੜ੍ਹਨਗੇ ਕਿ ਸਮਾਜ ਵਿਚ ਮੇਰੀ ਥੋੜ੍ਹੀ ਬਹੁਤ ਇੱਜ਼ਤ ਆਬਰੂ ਹੈ। ਇਥੇ ਚੱਲਦੀ ਦਾ ਨਾਂ ਗੱਡੀ ਹੈ। ਦਿਲ ਦੇ ਚੋਰ ਕਦੇ ਫੜੇ ਨਹੀਂ ਜਾਂਦੇ। ਫ਼ੈਜ਼ ਸਾਹਿਬ ਵੀ ਚੱਲਦੀ ਗੱਡੀ ਪਕੜਦੇ ਹਨ। ਖ਼ੁਦਾ ਜਾਣੇ ਕਿੰਨੀਆਂ ਗੱਡੀਆਂ ਪਕੜ ਕੇ ਛੱਡ ਚੁੱਕੇ ਹਨ ਪਰ ਦੂਸਰੇ ਦਿਨ "ਪਾਕਿਸਤਾਨ ਟਾਈਮਜ਼" ਛਪਿਆ। ਤਾਂ ਹਾਲਾਤ ਬਿਲਕੁਲ ਹੀ ਵੱਖਰੇ ਸੀ। ਮੁਜ਼ਾਹਰਾਕਾਰਾਂ ਦੀ ਤਸਵੀਰ ਦੇ ਨਾਲ ਦੇ ਕਾਲਮ ਦੀ ਖ਼ਬਰ ਛਪੀ ਸੀ। ਅਗਲੇ ਦਿਨ "ਪਾਕਿਸਤਾਨ ਟਾਈਮਜ਼" ਵਿਚ ਫ਼ੈਜ਼ ਸਾਹਿਬ ਦਾ ਇੱਕ ਸੰਪਾਦਕੀ ਨੋਟ ਛਪਿਆ ਸੀ, ਜੋ ਉਹਨਾਂ ਦੀਆਂ ਕਵਿਤਾਵਾਂ ਵਾਂਗੂੰ ਖ਼ੂਬਸੂਰਤ ਅਤੇ ਜਾਨਦਾਰ ਸੀ। ਤੀਸਰੇ ਦਿਨ ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਂ ਨੇ ਮਜ਼ਦੂਰਾਂ ਦੇ ਵਫਦ ਨੂੰ ਬੁਲਾਇਆ ਅਤੇ ਉਹਨਾਂ ਦੀਆਂ ਕਈ ਮੰਗਾਂ ਪ੍ਰਵਾਨ ਕਰ ਲਈਆਂ। ਲਹਿਰਾਂ, ਮੁਜ਼ਾਹਰੇ ਅਤੇ ਮੋਚੀ ਦਰਵਾਜ਼ੇ ਦੇ ਬਾਗੋ-ਬਹਾਰ ਜਲਸੇ, ਲਾਹੌਰ-ਵਾਸੀਆਂ ਦੀ ਜ਼ਿੰਦਾਦਿਲੀ ਸਿਆਸਤ ਦਾ ਹਿੱਸਾ ਰਹੇ ਹਨ। ਦਾਤਾ ਦੀ ਇਸ ਨਗਰੀ

ਵਿਚ ਬੂਟਾ ਸਿੰਘ ਜੈਸੇ ਆਸ਼ਕ-ਜ਼ਾਰ ਦੀ ਮੌਤ ਉੱਤੇ ਵੀ ਜਲੂਸ ਨਿਕਲਦੇ ਰਹੇ ਹਨ। "ਪਾਕਿਸਤਾਨ ਟਾਈਮਜ਼" ਦੀਆਂ ਪਉੜੀਆਂ, ਛੱਤਾਂ ਅਤੇ ਦਫ਼ਤਰਾਂ ਵਿਚ ਬੈਠੇ ਮਜ਼ਦੂਰ ਵੀ ਲਾਹੌਰ ਦੀ ਜ਼ਿੰਦਾਦਿਲ ਸਿਆਸਤ ਦਾ ਹਿੱਸਾ ਸਨ। ਫ਼ੈਜ਼ ਸਾਹਿਬ ਨਾਲ ਜਿਸ ਜਲੂਸ ਦੇ ਸਮੇਂ ਮੁਲਾਕਾਤ ਹੋਈ ਸੀ, ਉਸਦਾ ਸੰਖੇਪ ਸਮਾਜਿਕ ਅਤੇ ਰਾਜਸੀ ਪਿਛੋਕੜ ਇਸ ਤਰ੍ਹਾਂ ਸੀ –

ਪੰਜਾਬ ਵਿਚ ਪਹਿਲੀ ਪ੍ਰਾਂਤਕ ਚੋਣ ਦੀ ਆਮਦ ਸੀ। ਲੋਕੀਂ ਦੇਰ ਤੋਂ ਇਸ ਚੋਣ ਦੇ ਮੇਵੇ ਨੂੰ ਤਰਸ ਰਹੇ ਸਨ। ਹਿਜਰਤ (ਦੇਸ਼-ਨਿਕਾਲਾ) ਅਤੇ ਛੱਡੀਆਂ ਜਾਇਦਾਦਾਂ ਦੀ ਲੁੱਟ-ਖਸੁੱਟ ਨੇ ਲਾਹੌਰ-ਵਾਸੀਆਂ ਅਤੇ ਸ਼ਰਨਾਰਥੀਆਂ ਵਿਚ ਨਿਰਾਸਤਾ ਫੈਲਾ ਦਿੱਤੀ ਸੀ। 'ਮਜੀਦ ਲਾਹੌਰੀ ਅਤੇ ਹਾਜੀ ਲੌਕ ਲੱਕ ਦੀ ਹਾਸਰਸੀ ਕਵਿਤਾ, ਸਮਾਜੀ ਬੇਇਨਸਾਫੀਆਂ ਦੇ ਵਿਰੁੱਧ ਜ਼ੋਰਾਂ ਉੱਤੇ ਸੀ। ਲਾਹੌਰ ਦੇ ਪ੍ਰਸਿੱਧ ਪੱਤਰਕਾਰ ਮਿਸਾਲ ਵਜੋਂ ਮੁਲਾਣਾ ਚਿਰਾਗ਼-ਦੀਨ ਹਸਨ ਹਸਰਤ ਅਤੇ ਮੁਲਾਣਾ ਅਬਦੁਲ ਮਜੀਦ ਸਾਲਕ ਬੇਇਨਸਾਫੀਆਂ ਦੇ ਵਿਰੁੱਧ ਜ਼ੋਰਦਾਰ ਹਸਾਉਣੇ ਅਤੇ ਗੰਭੀਰ ਕਾਲਮ ਲਿਖ ਰਹੇ ਸਨ। ਫ਼ੈਜ਼ ਅਹਿਮਦ ਫ਼ੈਜ਼ ਅਤੇ ਮੇਰੇ ਸਮੇਤ ਕਈ ਪੱਤਰਕਾਰ, ਮਜ਼ਦੂਰਾਂ, ਕਿਸਾਨਾਂ ਅਤੇ ਸਮਾਜਿਕ ਤੌਰ ਤੇ ਲਿਤਾੜੇ ਤਬਕਿਆਂ ਦੇ ਜਲੂਸਾਂ ਦੀ ਅਗਵਾਈ ਕਰ ਰਹੇ ਸਨ। ਮੁਸਲਿਮ ਲੀਗ ਦਾ ਰਾਜਸੀ ਪਤਨ ਸ਼ੁਰੂ ਹੋ ਚੁੱਕਾ ਸੀ। ਇਸਦੇ ਪ੍ਰਭਾਵ ਦੀ ਕੁਰਸੀ ਸਰਕਦੀ ਨਜ਼ਰ ਆ ਰਹੀ ਸੀ।

ਲਾਹੌਰ ਦੀ ਆਰਡੀਨੈਂਸ ਕਲੋਦਿੰਗ ਫੈਕਟਰੀ ਅਹਿਮਦ ਸਈਦ ਕਰਮਾਨੀ ਦੇ ਚੋਣ ਹਲਕੇ ਵਿਚ ਸਥਿਤ ਸੀ। ਇਸ ਫੈਕਟਰੀ ਦੇ ਮਜ਼ਦੂਰਾਂ ਦੇ ਕਈ ਮਸਲੇ ਸਨ। ਪਰ ਮਜ਼ਦੂਰ ਜਦ ਵੀ ਆਪਣੇ ਹੱਕਾਂ ਦੀ ਮੰਗ ਕਰਦੇ, ਪੁਲਸ ਉਹਨਾਂ ਨੂੰ ਗ੍ਰਿਫਤਾਰ ਕਰ ਲੈਂਦੀ। ਮਜ਼ਦੂਰ ਲੀਡਰ ਮਿਰਜ਼ਾ ਇਬਰਾਹੀਮ ਵੀ ਕੈਦਬੰਦ ਰਹਿ ਕੇ ਜੇਲ੍ਹ ਦੀਆਂ ਸਖ਼ਤੀਆਂ ਝੱਲ ਚੁੱਕੇ ਸਨ। ਪਰ ਇਹ ਕੁਰਬਾਨੀਆਂ ਹਾਲੀਂ ਤੀਕ ਰੰਗ ਨਾ ਲਿਆਈਆਂ ਸਨ। ਚੋਣਾਂ ਮਜ਼ਦੂਰਾਂ ਦੀਆਂ ਮੰਗਾਂ ਦੀ ਪੂਰਤੀ ਲਈ ਇੱਕ ਸੁਨਹਿਰੀ ਮੌਕਾ ਸੀ ਅਤੇ ਮਜ਼ਦੂਰ ਇਸ ਸੁਨਹਿਰੀ ਮੌਕੇ ਦਾ ਫਾਇਦਾ ਉਠਾਉਣ ਦਾ ਪ੍ਰਣ ਕਰ ਚੁੱਕੇ ਸੀ। ਲਾਹੌਰ ਦੀਆਂ ਇੱਕੋ ਵੇਲੇ ਚਾਰ ਅਖ਼ਬਾਰਾਂ ਜ਼ਿੰਮੀਦਾਰ, ਪਾਕਿਸਤਾਨ ਟਾਈਮਜ਼, ਅਮਰੋਜ਼ ਅਤੇ ਅਹਿਸਾਨ ਨੇ ਮਜ਼ਦੂਰਾਂ ਦੇ ਹੱਕ ਵਿਚ ਕਲਮਾਂ ਚਲਾਈਆਂ, ਜਿਸ ਨਾਲ ਮਜ਼ਦੂਰਾਂ ਦੇ ਹੱਕਾਂ ਦੀ ਜੰਗ ਤੇਜ਼ਤਰ ਹੋ ਗਈ। ਮੇਰੀ ਗਰੀਬਾਨਾ ਅਗਵਾਈ ਤੇ ਫ਼ੈਜ਼ ਦੀ, ਕਲਮ ਦੇ ਜ਼ੋਰ ਨੇ ਐਸਾ ਰੰਗ ਬੰਨਿਆ ਕਿ ਮਜ਼ਦੂਰਾਂ ਦੇ ਵਿਰੁੱਧ ਪੁਲਸ ਦੀ ਕਾਰਵਾਈ ਦਾ ਜਾਦੂ ਟੁੱਟ ਗਿਆ।

ਇਸ ਦੌਰ ਵਿਚ ਬੇਗਮ ਫ਼ੈਜ਼ ਦਾ ਕਹਿਣਾ ਸੀ ਕਿ ਫ਼ੈਜ਼ ਸਾਹਿਬ ਭੀੜ ਨੂੰ ਪਸੰਦ ਕਰਦੇ ਹਨ। ਫ਼ੈਜ਼ ਈਦ ਤੇ ਅਤੇ ਹੋਰ ਧਾਰਮਿਕ ਤਿਉਹਾਰਾਂ ਵਿਚ ਹਜੂਮ ਨੂੰ ਵੇਖ ਕੇ ਫੁੱਲੇ ਨਹੀਂ ਸਮਾਉਂਦੇ ਸਨ। ਫ਼ੈਜ਼ ਨੂੰ ਇਨਸਾਨੀ ਜ਼ਿੰਦਗੀ ਅਤੇ ਇਨਸਾਨ ਦੇ ਇਨਕਲਾਬ ਪ੍ਰੇਰਿਤ ਕਾਰਨਾਮਿਆਂ ਵਿਚ ਏਨੀ ਦਿਲਚਸਪੀ ਸੀ, ਜੋ ਉਸਦੀ ਜ਼ਿੰਦਗੀ ਨੂੰ ਪਿਆਰਨ ਵਾਲੀ ਕਵਿਤਾ ਤੋਂ ਪ੍ਰਗਟ ਹੁੰਦੀ ਹੈ। ਉਹ ਪਾਠਕਾਂ / ਸਰੋਤਿਆਂ ਉੱਤੇ ਵਿਸ਼ਵਾਸ ਰੱਖਦੇ ਸਨ। ਉਹਨਾਂ ਨੂੰ ਇਸ ਰਵਾਇਤ ਨਾਲ ਮੁਹੱਬਤ ਸੀ, ਜੋ ਇਨਸਾਨ ਨੂੰ ਅੱਗੇ ਵਧਣਾ ਸਿਖਾਉਂਦੀ ਹੈ। ਇਹ ਗੱਲਾਂ ਆਪਣੀ ਜਗ੍ਹਾਂ ਪੱਥਰ ਉੱਤੇ ਲੀਕ ਵਾਂਗ ਸਨ ਤੇ ਬੇਗਮ ਫ਼ੈਜ਼ ਨੇ ਆਪਣੀ ਥਾਂ ਠੀਕ ਹੀ ਸੋਚਿਆ ਹੋਵੇਗਾ।

ਪਰ ਮੈਂ ਫ਼ੈਜ਼ ਸਾਹਿਬ ਨਾਲ ਪਹਿਲੀ ਮੁਲਾਕਾਤ ਵਿਚ ਉਹਨਾਂ ਦੀ ਭੁੱਲਣਹਾਰ ਰੁਚੀ ਨੂੰ ਵੇਖ ਲਿਆ ਸੀ। ਉਹ ਆਪਣੀ ਲੋਕ-ਪੱਖੀ ਸ਼ਾਇਰੀ ਰਾਹੀਂ ਲੋਕਾਂ ਨੂੰ ਇੱਕ ਐਸੀ ਥਾਂ ਪਹੁੰਚਾਉਣਾ ਚਾਹੁੰਦੇ ਸਨ, ਜਿੱਥੇ ਮੁਕੰਮਲ ਆਜ਼ਾਦੀ ਹੋਵੇ ਤੇ ਸ਼ਰਧਾਵਾਨਾਂ ਦਾ ਅਜਿਹਾ ਹਜੂਮ ਨਾ ਹੋਵੇ ਕਿ ਉਹਨਾਂ ਦੇ ਜੋ ਜੀਅ ਆਇਆ, ਪਏ ਕਰਨ। ਬੱਚਿਆਂ ਵਰਗੀ



ਮਸੂਮੀਅਤ ਨਾਲ ਹਰ ਚੀਜ਼ ਨੂੰ ਵੇਖਣ। ਐਸੇ ਮੌਕਿਆਂ ਉੱਤੇ ਉਹਨਾਂ ਦੀ ਸ਼ਖ਼ਸੀਅਤ ਵਿਚ ਬੜੀ ਨਿਰਛਲਤਾ ਝਲਕਦੀ ਸੀ। ਸ਼ਾਇਦ ਉਹ ਐਸਾ ਮੌਕਾ ਹੁੰਦਾ ਹੈ, ਜਿਸ ਬਾਰੇ ਐਲਸ ਫ਼ੈਜ਼ ਨੇ ਇੱਕ ਵਾਰ ਆਖਿਆ ਸੀ, "ਜਦ ਅਸਮਾਨ ਉੱਤੇ ਬੱਦਲ ਛਾਂ ਜਾਂਦੇ ਹਨ ਅਤੇ ਤੇਜ਼ ਹਵਾ ਚੱਲਣ ਲੱਗਦੀ ਹੈ, ਤਾਂ ਕਵੀ ਦੇ ਮਨ ਵਿਚ ਸ਼ਿਅਰ ਕਹਿਣ ਦੀ ਭਾਵਨਾ ਜਾਗ ਪੈਂਦੀ ਹੈ।

ਮੈਂ ਪਹਿਲੀ ਮੁਲਾਕਾਤ ਵਿਚ ਹੀ ਫ਼ੈਜ਼ ਦੀ ਭੁੱਲਣਹਾਰ ਤਬੀਅਤ ਦੇਖ ਹੈਰਾਨ ਰਹਿ ਗਿਆ। ਇਕ ਵਾਰ ਉਹਨਾਂ ਨੇ ਜੇਲ੍ਹ ਤੋਂ ਹਸਪਤਾਲ ਜਾਂਦੇ ਹੋਏ ਹੱਦ ਕਰ ਦਿੱਤੀ। ਹੋਇਆ ਇੰਝ ਕਿ ਉਹਨਾਂ ਦੀ ਬੇਟੀ ਸਲੀਮਾ ਤਾਂਗੇ ਉੱਤੇ ਘਰ ਜਾ ਰਹੀ ਸੀ। ਫ਼ੈਜ਼ ਸਾਹਿਬ ਸਿਪਾਹੀਆਂ ਨਾਲ ਹਸਪਤਾਲ ਵਿਚੋਂ ਨਿਕਲੇ। ਜਦ ਬੇਟੀ ਨੇ ਬਾਪ ਨੂੰ ਹੱਥਕੜੀਆਂ ਵਿਚ ਜਕੜੇ ਵੇਖਿਆ ਤਾਂ ਬੇਟੀ ਦੇ ਹਿਰਦੇ ਵਿਚ ਬੇਇੰਤਹਾ ਪਿਆਰ ਉਮੜ ਆਇਆ। ਉਹ ਚਾਹੁੰਦੀ ਸੀ ਕਿ ਇਕ ਛਿਣ ਲਈ ਆਪਣੇ ਕੈਦੀ ਬਾਪ ਨੂੰ ਮਿਲੇ ਅਤੇ ਕੁਝ ਦੇਰ ਲਈ ਬਾਪ ਦੇ ਸਾਏ ਦਾ ਲੁਤਫ਼ ਲਵੇ। ਸਲੀਮਾ ਨੇ ਆਵਾਜ਼ਾਂ ਦਿੱਤੀਆਂ, ਹੱਥ ਹਿਲਾ ਹਿਲਾ ਕੇ ਪੁਕਾਰਿਆ। ਪਰ ਬਾਪ ਆਪਣੇ ਖ਼ਿਆਲਾਂ ਵਿਚ ਮਗਨ, ਬੇਟੀ ਦੀ ਪਿਆਰ ਭਰੀ ਆਵਾਜ਼ ਤੋਂ ਦੂਰ ਚਲੇ ਗਿਆ ਤੇ ਐਸੇ ਚੁੱਪ-ਚਾਪ ਮਾਹੌਲ ਵੱਲ ਵਧਦਾ ਗਿਆ, ਜਿੱਥੇ ਅਤਿ ਦੀ ਸ਼ਾਂਤੀ ਵੀ ਅਜ਼ੀਜ਼ਾਂ ਲਈ ਸੁਹਾਵਣੀ ਰੂਹ ਬਣ ਜਾਂਦਾ ਹੈ।

ਕੈਦ-ਬੰਦੀ ਜੇਲ੍ਹ ਦੀਆਂ ਕਾਲ-ਕੋਠੜੀਆਂ ਪੁਰਾਣੇ ਹੁਰੀਅਤ-ਪਸੰਦ ਪੱਤਰਕਾਰਾਂ ਅਤੇ ਸਾਹਿਤਕਾਰਾਂ ਦੀ ਸਮਾਜਿਕ ਕਿਸਮਤ ਰਹੀ ਹੈ। ਅਖ਼ਬਾਰ ਨਵੀਸ ਘਰ ਤੋਂ ਖਾਲੀ ਹੱਥ ਜੇਲ੍ਹ ਜਾਂਦੇ ਹਨ। ਹੁਣ ਤੇ ਸਿਆਸੀ ਕੈਦੀਆਂ ਨੂੰ ਵੀ ਜੇਲ੍ਹ ਜਾ ਕੇ ਜੇਬਾਂ ਖਾਲੀ ਕਰਨੀਆਂ ਪੈਂਦੀਆਂ ਹਨ। 1950 ਤੀਕ ਰਾਜਸੀ ਕੈਦੀ ਦੀ ਜੇਬ ਖਾਲੀ ਕਰਵਾ ਲਈ ਜਾਂਦੀ ਸੀ। ਮੁਲਾਣਾ ਅਬੂਉਲ-ਕਲਾਮ ਆਜ਼ਾਦ ਰਾਂਚੀ ਜੇਲ੍ਹ ਗਏ ਤਾਂ ਉਹਨਾਂ ਦੇ ਦੋਵੇਂ ਹੱਥ ਖਾਲੀ ਸਨ। ਜਦੋਂ ਪਰਤ ਕੇ ਦਿੱਲੀ ਆਏ ਤਾਂ ਉੱਚੀ ਪੱਧਰ ਦੀ ਇੱਕ 'ਗੁਬਾਰੇ-ਖਾਤਰ' ਦੇ ਲੇਖਕ ਬਣ ਕੇ ਆਏ। ਉਪ-ਮਹਾਂਦੀਪ ਦੇ ਦੂਸਰੇ ਪ੍ਰਸਿੱਧ ਪੱਤਰਕਾਰ ਮੁਲਾਣਾ ਹਸਰਤ ਮੋਹਾਨੀ ਦੀ ਜ਼ਿੰਦਗੀ ਦੇ ਵਧੇਰੇ ਭਾਗ ਸਿਆਸੀ ਲੜਾਈ ਲੜਦੇ ਅਤੇ ਜੇਲ੍ਹ ਵਿਚ ਚੱਕੀ ਚਲਾਉਂਦੇ ਲੰਘਿਆ। ਉਹਨਾਂ ਦੀ ਲੰਮੀ ਤੋਂ ਲੰਮੀ ਜੇਲ੍ਹ-ਯਾਤਰਾ ਉਹਨਾਂ ਦੀ ਪ੍ਰਸਿੱਧ ਕਿਤਾਬ 'ਸਫੀਰੇ-ਸੁਖ਼ਨ' ਦੀ ਰਚਨਾ ਦਾ ਕਾਰਨ ਬਣੀ। ਚੌਧਰੀ ਅਫਜ਼ਲ ਹੱਕ ਜੇਲ੍ਹ ਗਏ ਤਾਂ ਮਜਲਸੇ-ਅਹਿਰਾਰ ਦੇ ਸਿਆਸੀ ਲੀਡਰ ਸਨ। ਪਰ ਜੇਲ੍ਹ ਦੀ ਜ਼ਿੰਦਗੀ ਨੇ ਉਹਨਾਂ ਦਾ ਪੱਲਾ ਜ਼ਿੰਦਗੀ ਤੇ ਆਜ਼ਾਦੀ ਹਿੰਦ ਵਰਗੀਆਂ ਕਿਤਾਬਾਂ ਅਤੇ ਨਗਾਰ-ਸ਼ਾਂਤ ਨਾਲ ਭਰ ਦਿੱਤਾ ਅਤੇ ਉਹ ਉਪ-ਮਹਾਂਦੀਪ ਦੇ ਪ੍ਰਸਿੱਧ ਲੇਖਕ ਬਣ ਗਏ। ਰੋਜ਼ਨਾਮਾ ਜ਼ਿੰਮੀਦਾਰ ਦੇ ਬਾਨੀ ਮੁਲਾਣਾ ਜ਼ਫ਼ਰ ਅਲੀ ਖਾਨ ਦੀਆਂ ਕਾਵਿ-ਕਿਤਾਬਾਂ ਦਾ ਵਧੇਰੇ ਭਾਗ ਜੇਲ੍ਹਾਂ ਵਿਚ ਮੁਕੰਮਲ ਹੋਇਆ।

ਪਰ ਪੱਤਰਕਾਰੀ ਦੇ ਇਤਿਹਾਸ ਵਿਚ ਅਜਿਹਾ ਘੱਟ ਹੀ ਹੋਇਆ ਕਿ ਕਿਸੇ ਪੱਤਰਕਾਰ ਦੇ ਸਿਰ ਉੱਤੇ ਹਕੂਮਤ ਦੇ ਵਿਰੁੱਧ ਬਗਾਵਤ ਦੇ ਦੋਸ਼ ਦੀ ਤਲਵਾਰ ਲਟਕ ਰਹੀ ਹੋਵੇ। ਪੱਤਰਕਾਰ ਨੂੰ ਮੌਤ ਦੀ ਸਜ਼ਾ ਜਾਂ ਉਮਰ-ਕੈਦ ਦੇਣ ਲਈ ਅਦਾਲਤ ਦਾ ਸਪੈਸ਼ਲ ਟਰੀਬਿਊਨਲ ਬਣਾਇਆ ਗਿਆ ਹੋਵੇ ਅਤੇ ਹੁਸੈਨ ਸ਼ਹੀਦ ਸੁਹਰਾਵਰਦੀ ਵਰਗੇ ਵਕੀਲ ਉਸ ਮੁਕੱਦਮੇ ਵਿਚ ਪੇਸ਼ ਹੋਣ। ਇਸਦੇ ਬਾਵਜੂਦ ਮੁਲਜ਼ਮ ਸੰਪਾਦਕ ਨੇ ਚੜ੍ਹਦੀ ਕਲਾ ਦਾ ਪ੍ਰਮਾਣ ਦਿੱਤਾ ਹੋਵੇ।

ਜਦੋਂ ਰਾਵਲਪਿੰਡੀ ਸਾਜਿਸ਼ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਫ਼ੈਜ਼ ਅਹਿਮਦ ਫ਼ੈਜ਼ ਮੇਜਰ ਅਕਬਰ ਖਾਂ ਅਤੇ ਸੱਜਾਦ ਜ਼ਹੀਰ ਤੋਂ ਬਿਨਾਂ ਵੀ ਹੋਰ ਕਈ ਮੁਲਜ਼ਮ ਅਦਾਲਤ ਵਿਚ ਪੇਸ਼ ਹੋਏ। ਕਾਨੂੰਨ ਦੇ ਆਪਣੇ ਤਕਾਜ਼ੇ ਹੁੰਦੇ ਨੇ, ਜਿਹਨਾਂ ਨੂੰ ਬਦਲ ਸਕਣਾ ਸੰਭਵ ਨਹੀਂ

ਹੁੰਦਾ। ਰਾਵਲਪਿੰਡੀ ਕੇਸ ਦੇ ਮੌਕੇ ਆਮ ਅਫ਼ਵਾਹ ਇਹ ਸੀ ਕਿ ਵੱਡੇ ਦੋਸ਼ੀਆਂ, ਫ਼ੈਜ਼ ਅਹਿਮਦ ਫ਼ੈਜ਼ ਅਤੇ ਮੇਜਰ ਜਨਰਲ ਅਕਬਰ ਖਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਐਸੀਆਂ ਸੰਭਾਵਨਾਵਾਂ ਦੇ ਸਨਮੁੱਖ ਵੱਡੇ ਤੋਂ ਵੱਡਾ ਆਦਮੀ ਦਹਿਲ ਜਾਂਦਾ ਹੈ। ਕਾਵਿਕ ਭੁੱਲਣਹਾਰੀ ਖ਼ਤਮ ਹੋ ਜਾਂਦੀ ਹੈ। ਜ਼ਿੰਦਾਦਿਲੀ ਦੇ ਚਸ਼ਮੇ ਸੁੱਕ ਜਾਂਦੇ ਹਨ। ਐਪਰ ਫ਼ੈਜ਼ ਸਾਹਿਬ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਐਸੇ ਹੀ ਦੌਰ ਦੀ ਯਾਦਗਾਰ ਹਨ। ਰਾਵਲਪਿੰਡੀ ਸਾਜਿਸ਼ ਕੇਸ ਦੀ ਦੋਸ਼ੀ ਬੇਗਮ ਨਸੀਮ ਜਹਾਂ ਨੇ ਰਿਹਾਈ ਪਿੱਛੋਂ ਮੈਨੂੰ ਦੱਸਿਆ ਕਿ ਰਾਵਲਪਿੰਡੀ ਸਾਜਿਸ਼ ਕੇਸ ਦੇ ਕੈਦੀਆਂ ਦੀ ਜ਼ਿੰਦਗੀ ਵਿਚ ਇੱਕ ਰਾਤ ਅਤਿ ਭਿਆਨਕ ਅਤੇ ਕੰਬਾਉਣ ਵਾਲੀ ਸੀ। ਐਸੀ ਕਾਲੀ ਰਾਤ ਜਿਸ ਦਾ ਸਾਹਮਣਾ ਕਰਨ ਲਈ ਸ਼ੇਰਦਿਲ ਗੁਰਦਾ ਚਾਹੀਦਾ ਸੀ। ਸ਼ਾਇਦ ਰੂਮੀ-ਦਰਾਜੀ ਨੇ ਅਜਿਹੀਆਂ ਭਿਆਨਕ ਰਾਤਾਂ ਨਾ ਵੇਖੀਆਂ ਹੋਣ। ਰਾਵਲਪਿੰਡੀ ਕੇਸ ਦੀ ਸੁਣਵਾਈ ਦਾ ਆਖਰੀ ਦਿਨ ਖਤਮ ਹੋਣ ਉੱਤੇ ਹੁਸੈਨ ਸ਼ਹੀਦ ਸੁਹਰਾਵਰਦੀ, ਫ਼ੈਜ਼ ਅਤੇ ਅਕਬਰ ਨੂੰ ਇੱਕ ਪਾਸੇ ਲੈ ਗਏ ਅਤੇ ਉਹਨਾਂ ਨੂੰ ਬਹੁਤ ਅਫ਼ਸੋਸ ਨਾਲ ਇਹ ਨਿਰਾਸ਼ਾਜਨਕ ਖ਼ਬਰ ਸੁਣਾਈ ਕਿ ਉਹਨਾਂ ਨੂੰ ਫੈਸਲੇ ਦੇ ਦਿਨ ਮੌਤ ਦੀ ਸਜ਼ਾ ਹੋ ਸਕਦੀ ਹੈ। ਪਰ ਇਸ ਖ਼ਬਰ ਦੇ ਬਾਵਜੂਦ ਫ਼ੈਜ਼ ਸਾਹਿਬ ਨੇ ਸਿਗਰਿਟਾਂ ਦਾ ਪੂਰਾ ਕੋਟਾ ਪੀਤਾ ਤੇ ਆਪਣੀ ਜ਼ਿੰਦਗੀ ਦੀਆਂ ਬੇਹਤਰੀਨ ਨਜ਼ਮਾਂ ਲਿਖੀਆਂ –

ਕਹਿ ਦੇ ਆਪਣੀ ਲੈਲਾਓਂ ਸੇ ਰੌਸ਼ਨੀਓਂ ਕੇ ਸ਼ਹਿਰ,
ਆਜ ਕੀ ਸ਼ਬ ਜਬ ਦੀਆ ਜਲਾਏਂ, ਊਂਚੀ ਰੱਖੇ ਲੋਅ।

ਫ਼ੈਜ਼ ਅਹਿਮਦ ਫ਼ੈਜ਼ ਦੀ ਪੱਤਰਕਾਰੀ ਕਲਾ ਅਤੇ ਸ਼ਾਇਰੀ ਵਾਂਗੂੰ ਸੁਹਰਾਵਰਦੀ ਦੀ ਕਾਨੂੰਨਦਾਨੀ, ਕਈ ਵਾਰ ਬੜੇ ਹੈਰਾਨਕੁੰਨ ਰੰਗ ਸਨ। ਮਿਸਾਲ ਵਜੋਂ ਅਕਬਰ ਖਾਂ ਦੀ ਗ੍ਰਿਫਤਾਰੀ ਦੇ ਮੌਕੇ ਇੱਕ ਐਸਾ ਕਾਗਜ਼ ਮਿਲਿਆ ਜਿਸ ਉੱਤੇ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਹੋਇਆ ਸੀ – G. G. should be removed. ਇਸਤਗਾਸਾ ਦਾ ਦਾਆਵਾ ਸੀ ਕਿ ਇਹ ਇਕ ਖੁਫ਼ੀਆ ਹੁਕਮਨਾਮਾ ਸੀ। ਜੋ ਪਾਕਿਸਤਾਨ ਦੇ ਗਵਰਨਰ ਜਨਰਲ ਜੀ. ਜੀ. ਨੂੰ ਹਟਾਉਣ ਲਈ ਲਿਖਿਆ ਗਿਆ ਸੀ।

ਸੁਣਵਾਈ ਦੇ ਆਖ਼ਰੀ ਦਿਨ ਸੁਹਰਾਵਰਦੀ ਸਾਹਿਬ ਨੇ ਇਕ ਅਜਿਹਾ ਅਕਲਮੰਦੀ ਵਾਲਾ ਤੇ ਮੰਡਕੀ ਪੱਤਾ ਸੁੱਟਿਆ ਕਿ ਜੱਜ ਸਾਹਿਬਾਨ ਹੈਰਾਨ ਰਹਿ ਗਏ। ਸੁਣਵਾਈ ਦੇ ਆਖਰੀ ਪਲਾਂ ਵਿਚ ਸਹਿਰਾਵਰਦੀ ਸਾਹਿਬ ਕਮਾਲ ਦੀ ਸੰਜੀਦਗੀ ਨਾਲ ਉੱਠੇ ਅਤੇ ਫੁਰਮਾਇਆ, "ਮਾਈ ਲਾਰਡ"! ਮੇਰਾ ਮੁਅੱਕਲ ਅਕਬਰ ਖਾਂ ਇਕ ਆਰਮੀ ਅਫਸਰ ਹੈ। ਸੰਭਵ ਹੈ ਉਹਨਾਂ ਨੇ 'ਗਿਲਗਿਲ ਗੈਰੀਜਨ' ਨੂੰ ਹਟਾਉਣ ਦਾ ਹੁਕਮ ਜਾਰੀ ਕੀਤਾ ਹੋਵੇ। ਇਹ ਦੂਰ-ਅੰਦੇਸ਼ੀ ਸੁਹਰਾਵਰਦੀ ਦੀ ਕਾਨੂੰਨੀ ਜ਼ਿੰਦਗੀ ਦਾ ਹਿੱਸਾ ਸੀ। ਨਹੀਂ ਤੇ ਐਸੇ ਨੁਕਤੇ ਕਿੱਥੇ ਸੁਝਦੇ ਨੇ।

ਫ਼ੈਜ਼ ਸਾਹਿਬ ਦੀਆਂ ਖ਼ੂਬਸੂਰਤ ਕਵਿਤਾਵਾਂ ਸੁੰਦਰਤਾ ਦੇ ਮੁਕਾਬਲੇ ਵਿਚ ਪੇਸ਼ ਕੀਤੀਆਂ ਜਾਣ ਤਾਂ ਯਕੀਨੀ ਤੌਰ 'ਤੇ ਵਿਸ਼ਵ-ਸੁੰਦਰਤਾ ਵਿਚ ਪਹਿਲੇ ਨੰਬਰ ਤੇ ਆਉਣੀਆਂ ਪਰ ਬਦਸੂਰਤਾਂ ਦਾ ਵੀ ਆਪਣਾ ਇੱਕ ਹੁਸਨ ਹੁੰਦਾ ਹੈ। ਫ਼ੈਜ਼ ਸਾਹਿਬ ਨੇ ਖ਼ੂਬਸੂਰਤ ਨਜ਼ਮਾਂ ਦੇ ਨਾਲ-ਨਾਲ ਪੰਜਾਹ ਦੇ ਜੇਲ੍ਹ-ਖਾਨਿਆਂ ਦੀ ਬਦਸੂਰਤ, ਰਵਾਇਤ ਉੱਤੇ ਵੀ ਟਿੱਪਣੀ ਕੀਤੀ ਹੈ। ਫ਼ੈਜ਼ ਸਾਹਿਬ ਨੇ 'ਪਾਕਿਸਤਾਨ ਟਾਈਮਜ਼' ਦੇ ਸੰਪਾਦਕੀ ਸਮੇਂ ਹੈਦਰਾਬਾਦ ਸਿੰਧ ਦੀ ਸਭ ਤੋਂ ਬਦਸੂਰਤ ਕੇਂਦਰੀ ਜੇਲ੍ਹ ਵੀ ਵੇਖੀ ਸੀ। ਪਰ ਉਹ ਸਾਹੀਵਾਲ ਸੈਂਟਰਲ ਜੇਲ੍ਹ ਦੀ ਬਦਸੂਰਤੀ ਦੇ ਵਧੇਰੇ ਨਿੰਦਕ ਸਨ। ਫ਼ੈਜ਼ ਸਾਹਿਬ ਦੇ ਕਿਸੇ ਸ਼ਿਅਰ ਜਾਂ ਪੰਕਤੀ ਵਿਚ ਜਦ ਵੀ ਜ਼ਮਾਨੇ ਦੀ ਤਲਖ਼ੀ ਬੋਲਦੀ ਹੈ ਤਾਂ ਉਹ ਸਾਹੀਵਾਲ ਜੇਲ੍ਹ ਦਾ ਕੋਈ ਤਲਖ਼ ਤੁਰਸ਼ ਤਜ਼ਰਬਾ ਹੁੰਦਾ ਹੈ। ਜੇਲ੍ਹ ਦੀਆਂ ਸਖ਼ਤੀਆਂ ਤੇ ਪ੍ਰੇਸ਼ਾਨੀਆਂ ਨੂੰ ਭੁੱਲਣਾ



ਸੰਭਵ ਨਹੀਂ ਹੁੰਦਾ, ਪਰ ਕਈ ਵਾਰ ਇਹਨਾਂ ਸ਼ਹਿਰਾਂ ਦੇ ਵਾਸੀ, ਜਿੱਥੇ ਜੇਲ੍ਹਾਂ ਸਥਿਤ ਹੁੰਦੀਆਂ ਹਨ, ਇਹਨਾਂ ਤਲਖ਼ੀਆਂ ਨੂੰ ਮਿਟਾਉਣ ਦੀ ਜ਼ਰੂਰ ਕੋਸ਼ਿਸ਼ ਕਰਦੇ ਹਨ। ਸਾਹੀਵਾਲ ਦੇ ਲੋਕਾਂ ਨੂੰ ਫ਼ੈਜ਼ ਸਾਹਿਬ ਦੀ ਜੇਲ੍ਹ-ਯਾਤਰਾ ਤੇ ਉਹਨਾਂ ਦੁੱਖਾਂ ਦਾ ਪਤਾ ਸੀ, ਜੋ ਉਹਨਾਂ ਨੇ ਇਸ ਸ਼ਹਿਰ ਦੀ ਨਾਰਾਜ਼ਗੀ ਦੇ ਜ਼ਮਾਨੇ ਜੇਲ੍ਹ-ਖਾਨੇ ਵਿਚ ਝੱਲੇ ਸਨ ਤੇ ਇਹ ਘਟਨਾਵਾਂ ਉਹਨਾਂ ਦੀ ਜ਼ਿੰਦਗੀ ਦਾ ਤਲਖ਼ ਤਜ਼ਰਬਾ ਬਣ ਗਏ ਸਨ।

ਮੈਂ ਇਕ ਹਫਤਾਵਰ ਅਖ਼ਬਾਰ ਦਾ ਸੰਪਾਦਕ ਸੀ ਅਤੇ ਸਾਹੀਵਾਲ-ਵਾਸੀਆਂ ਨੇ ਜੇਲ੍ਹ-ਯਾਤਰਾ ਦੀ ਗਲਤੀ ਨੂੰ ਧੋਣ ਲਈ ਫ਼ੈਜ਼ ਸਾਹਿਬ ਨਾਲ ਇੱਕ ਰੰਗਾਰੰਗ ਅਦਬੀ ਸ਼ਾਮ ਮਨਾਉਣ ਦਾ ਫੈਸਲਾ ਕਰ ਲਿਆ। ਸਾਹੀਵਾਲ ਦੇ ਡਿਪਟੀ ਕਮਿਸ਼ਨਰ ਮੁਸਤਫ਼ਾ ਜ਼ੈਦੀ ਕਿਸੇ ਜ਼ਮਾਨੇ ਵਿਚ 'ਤੇਗ ਇਲਾਹਾਬਾਦੀ' ਅਖਵਾਉਂਦੇ ਹੁੰਦੇ ਸਨ। ਉਹ ਖ਼ੁਦ ਵੀ ਇਕ ਜਾਣੇ-ਪਛਾਣੇ ਕਵੀ ਸਨ। ਉਹਨਾਂ ਨੇ ਸਾਹੀਵਾਲ ਦੇ ਬਦਲਿਆਕੀ ਅਦਾਰੇ ਦੇ ਸਹਿਯੋਗ ਨਾਲ ਫ਼ੈਜ਼ ਦੀ ਸ਼ਾਨ ਵਿਚ ਸ਼ਾਮ ਮਨਾਉਣ ਦਾ ਪ੍ਰੋਗਰਾਮ ਪੱਕਾ ਕੀਤਾ। ਸਾਹੀਵਾਲ ਦੀ ਜਨਤਾ ਦਾ ਨਿੱਘ-ਭਰਿਆ ਜਜ਼ਬਾ ਇਹ ਸੀ ਕਿ ਫ਼ੈਜ਼ ਸਾਹਿਬ ਦੇ ਨਾਲ ਐਸੀ ਜ਼ੋਰਦਾਰ ਸ਼ਾਮ ਮਨਾਈ ਜਾਵੇ ਕਿ ਉਹਨਾਂ ਦੇ ਜ਼ਿਹਨ ਵਿਚੋਂ ਸਾਹੀਵਾਲ ਜੇਲ੍ਹ ਦੀਆਂ ਸਭ ਬਦਸੂਰਤ ਯਾਦਾਂ ਧੋ ਦਿੱਤੀਆਂ ਜਾਣ।

ਵਿਸ਼ਵ ਵਿਚ ਹਰ ਕੋਮਲ-ਕਲਾ ਦਾ ਫ਼ਨਕਾਰ ਮਿਲਦਾ ਹੈ, ਪਰ ਲਾਹੌਰ ਦੇ ਦੋ ਕਲਾਕਾਰ 'ਫਰੀਦਾ ਖ਼ਾਨਮ' ਅਤੇ 'ਮਹਿੰਦੀ ਹਸਨ' ਨੇ ਫ਼ੈਜ਼ ਦਾ ਕਲਾਮ ਸੁਣਾਉਣ ਵਿਚ, ਜੋ ਦਰਜ਼ਾ ਪ੍ਰਾਪਤ ਕੀਤਾ ਹੈ, ਉਸਦਾ ਕੋਈ ਜਵਾਬ ਨਹੀਂ ਹੈ। ਇਹ ਦੋਵੇਂ ਕਲਾਕਾਰ ਆਪਣੀ ਕਲਾ ਵਿਚ ਐਨੇ ਪ੍ਰਬੀਨ ਹਨ ਕਿ ਆਲ ਇੰਡੀਆ ਰੇਡੀਓ ਅਤੇ ਅੰਮ੍ਰਿਤਸਰ ਟੈਲੀ ਨੇ ਤਿੰਨਾਂ ਕਲਾਕਾਰਾਂ ਮਲਕਾ-ਏ-ਤਰੰਨਮ, ਨੂਰ-ਜਹਾਨ, ਮਹਿੰਦੀ ਹਸਨ ਅਤੇ ਫ਼ਰੀਦਾ ਖਾਨਮ ਦੀਆਂ ਆਵਾਜ਼ਾਂ ਵਿਚ ਫ਼ੈਜ਼ ਸਾਹਿਬ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਅਤੇ ਨਜ਼ਮਾਂ ਨੂੰ ਸੁਰੱਖਿਅਤ ਕਰ ਲਿਆ ਹੈ।

ਸਾਹੀਵਾਲ ਵਿਚ ਮਨਾਈ ਜਾਣ ਵਾਲੀ ਸ਼ਾਮ ਵਿਚ ਫ਼ੈਜ਼ ਦੇ ਰੂਹੇ-ਰਵਾਂ ਇਹੀ ਸਭ ਕਲਾਕਾਰ ਸਨ। ਜਦੋਂ ਲਾਹੌਰ ਦੇ ਹੋਰ ਕਲਾਕਾਰਾਂ ਅਬਦੁਲ ਸ਼ਕੋਰ ਬੇਦਿਲ, ਸਰੱਈਆ ਬੇਗ਼ਮ, ਸ਼ਾਹਜਹਾਂ ਬੇਗ਼ਮ ਹੋਰਾਂ ਨੇ ਸਾਹੀਵਾਲ ਵਿਚ ਫ਼ੈਜ਼ ਦੀ ਸ਼ਾਮ ਮਨਾਉਣ ਦੀ ਖ਼ਬਰ ਸੁਣੀ ਤਾਂ ਉਹਨਾਂ ਵੀ ਸਫ਼ਰ ਲਈ ਤਿਆਰੀ ਕੱਸ ਲਈ। ਇੰਝ ਸਾਹੀਵਾਲ ਫ਼ੈਜ਼ ਦਾ ਕਲਾਮ ਗਾਉਣ ਵਾਲੇ ਖੁਸ਼ੀ-ਭਰੇ ਪ੍ਰਿੰਦਿਆਂ ਦਾ ਆਲ੍ਹਣਾ ਬਣ ਗਿਆ।

ਲਾਹੌਰ ਵਿਚ ਫ਼ੈਜ਼ ਨੂੰ ਪਛਾਨਣ ਵਾਲੇ ਲੇਖਕਾਂ ਅਤੇ ਕਵੀਆਂ ਦੀ ਕੋਈ ਘਾਟ ਨਹੀਂ ਸੀ। ਇਹਨਾਂ ਸਿਆਣਿਆਂ ਨੇ ਫ਼ੈਜ਼ ਦੀ ਮੌਤ ਉੱਤੇ ਬਹੁਤ ਕੁਝ ਲਿਖਿਆ ਹੈ। ਐਪਰ ਫ਼ੈਜ਼ ਸ਼ਾਮ ਦੇ ਮੌਕੇ ਉੱਤੇ ਜਿਨ੍ਹਾਂ ਲੋਕਾਂ ਨੂੰ ਸੱਦਿਆ ਗਿਆ ਸੀ, ਉਨ੍ਹਾਂ ਵਿਚ ਉਰਦੂ ਦੇ ਬਜ਼ੁਰਗ ਸ਼ਾਇਰ 'ਸੂਫ਼ੀ ਗੁਲਾਮ ਮੁਸਤਫਾ ਤਬੱਸਮ, ਹਮੀਦ ਅਖ਼ਤਰ, ਅਬਦੁੱਲਾ ਮਲਕ ਅਤੇ ਰਾਕਮ-ਅਲਹਰੂਫ਼ ਸ਼ਾਮਿਲ ਸਨ। ਸਾਹੀਵਾਲ ਵਿਚ ਮਜੀਦ ਅਜਮਦ ਸਾਹਿਤ ਦੀ ਲੋਅ ਜਗਾਈ ਬੈਠੇ ਸਨ, ਉਹ ਆਪਣੇ ਪ੍ਰਸ਼ੰਸਕਾਂ ਸਮੇਤ ਸ਼ਾਮਿਲ ਹੋਏ। ਜਦ ਫ਼ੈਜ਼ ਸਾਹਿਬ, ਸਮੇਤ ਅਦੀਬ ਅਤੇ ਸ਼ਾਇਰ ਸਾਹੀਵਾਲ ਵਿਚ ਇਕੱਠੇ ਹੋ ਗਏ ਤਾਂ ਇਹ ਇੱਕ ਵਿਸ਼ਾਲ ਸਾਹਿਤਕ ਜਸ਼ਨ ਦਾ ਮੌਕਾ ਪੈਦਾ ਹੋ ਗਿਆ।

ਕਲਾਮ-ਫ਼ੈਜ਼ ਦੀ ਗਾਇਕੀ ਤੋਂ ਬਿਨਾਂ ਪ੍ਰੋਗਰਾਮ ਇਹ ਸੀ ਕਿ ਲੋਕਾਂ ਨਾਲ ਫ਼ੈਜ਼ ਸਾਹਿਬ ਦੀ ਜਾਣ-ਪਛਾਣ ਬਜ਼ੁਰਗ ਸ਼ਾਇਰ ਸੂਫ਼ੀ ਗੁਲਾਮ ਮੁਸਤਫਾ ਤਬੱਸਮ ਸਾਹਿਬ ਕਰਵਾਉਣਗੇ। ਅਬਦੁਲ ਸ਼ਕੋਰ ਬੇਦਿਲ ਸਾਜ਼ਾਂ ਤੋਂ ਬਗੈਰ ਕਲਾਮ-ਫ਼ੈਜ਼ ਪੜ੍ਹਨਗੇ ਤੇ ਮੈਂ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਫ਼ੈਜ਼ ਸਾਹਿਬ ਦੀ ਸ਼ਖ਼ਸੀਅਤ ਬਾਰੇ ਰੌਸ਼ਨੀ ਪਾਵਾਂਗਾ। ਮੈਂ

ਸ਼ਾਮੇ-ਫ਼ੈਜ਼ ਤੋਂ ਬਹੁਤ ਪਹਿਲਾਂ ਆਪਣੀ ਕਿਤਾਬ 'ਸ਼ਖ਼ਸੀਅਤੇ' ਵਿਚ ਇਹਨਾਂ ਉੱਤੇ ਟਿੱਪਣੀ ਕਰ ਚੁੱਕਾ ਸੀ।

ਐਪਰ ਸਾਹੀਵਾਲ ਜੇਲ੍ਹ ਦੀ ਤਰ੍ਹਾਂ ਸਾਹੀਵਾਲ ਦੇ ਸਾਹਿਤ-ਪ੍ਰੇਮੀਆਂ ਦੀਆਂ ਆਪਣੀਆਂ ਵਿਸ਼ੇਸ਼ ਰਵਾਇਤਾਂ ਹਨ। ਉਹਨਾਂ ਦਾ ਵਿਚਾਰ ਸੀ ਕਿ ਫ਼ੈਜ਼ ਸਾਹਿਬ ਨੇ ਸਾਹੀਵਾਲ ਜੇਲ੍ਹ ਵਿਚ ਏਨੀਆਂ ਸਖ਼ਤੀਆਂ ਸਹੀਆਂ ਹਨ ਕਿ ਹੁਣ ਕੋਈ ਤੀਸਰਾ ਆਦਮੀ ਉਹਨਾਂ ਦੇ ਅਤੇ ਫ਼ੈਜ਼ ਸਾਹਿਬ ਦੇ ਦਰਮਿਆਨ ਰੋਕ ਨਹੀਂ ਬਣ ਸਕਦਾ। ਬਦਲੇ ਹੋਏ ਪ੍ਰੋਗਰਾਮ ਅਨੁਸਾਰ ਸੂਫ਼ੀ ਸਾਹਿਬ ਨੇ ਫ਼ੈਜ਼ ਦੀ ਸੰਖੇਪ ਜਾਣ-ਪਛਾਣ ਕਰਵਾਈ ਤੇ ਉਸਦੇ ਨਾਲ ਹੀ ਕਲਾਕਾਰਾਂ ਦੀਆਂ ਆਵਾਜ਼ਾਂ ਸਾਹੀਵਾਲ ਦੀ ਫਜ਼ਾ ਵਿਚ ਗੂੰਜਣ ਲੱਗੀਆਂ ਅਤੇ ਸਭ ਤਲਖ਼ੀਆਂ ਦੂਰ ਹੋ ਗਈਆਂ, ਜੋ ਇੱਕ ਸਮੇਂ ਸਾਹੀਵਾਲ ਜੇਲ੍ਹ ਨੇ ਪੈਦਾ ਕੀਤੀਆਂ ਸਨ।

ਸਾਹੀਵਾਲ ਇਕ ਦੂਰ-ਦੁਰਾਡਾ ਇਲਾਕਾ ਹੈ। ਫ਼ੈਜ਼ ਸਾਹਿਬ ਕੈਦ ਸਮੇਂ ਕੇਵਲ ਇਕ ਅਜਨਬੀ ਸਨ। ਪਰ ਹੁੰਦਾ ਇਹ ਹੈ ਕਿ ਜੋ ਸਖ਼ਸ਼ ਔਖੇ ਵੇਲੇ ਜਨਤਾ ਦਾ ਸਾਥ ਦਿੰਦਾ ਹੈ, ਬਹੁਤ ਸਾਰੀਆਂ ਅੱਖਾਂ ਲੁਕ-ਲੁਕ ਕੇ ਉਸਦੀ ਰਖਵਾਲੀ ਤੇ ਨਿਗਰਾਨੀ ਕਰਦੀਆਂ ਹਨ। ਸਾਹੀਵਾਲ ਸਾਹਿਤਕ ਪਲੇਟਫਾਰਮ ਉੱਤੇ ਇਕ ਐਸੇ ਬਜ਼ੁਰਗ ਨਾਲ ਗੱਲ ਹੋਈ, ਜੋ ਚਿੱਟੇ ਅਨਪੜ੍ਹ ਸਨ। ਉਹਨਾਂ ਨੇ ਜ਼ਿੰਦਗੀ ਵਿਚ ਨਾ ਕਦੇ ਫ਼ੈਜ਼ ਨੂੰ ਵੇਖਿਆ ਸੀ ਤੇ ਫ਼ੈਜ਼ ਦੀ ਕਿਤਾਬ 'ਦਸਤੇ-ਸਬਾ' ਪੜ੍ਹੀ ਸੀ। ਨਾ ਹੀ 'ਪਾਕਿਸਤਾਨ ਟਾਈਮਜ਼' ਦਾ ਕੋਈ ਐਸਾ ਅੰਕ ਪੜ੍ਹਿਆ ਸੀ, ਜੋ ਫ਼ੈਜ਼ ਨੇ ਕਦੇ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਸੀ। ਪਰ ਜਦੋਂ ਤੀਕ ਫ਼ੈਜ਼ ਸਾਹੀਵਾਲ ਜੇਲ੍ਹ ਵਿਚ ਨਜ਼ਰਬੰਦ ਰਹੇ, ਇਹ ਆਦਮੀ ਬੜੀ ਬਕਾਇਦਗੀ ਨਾਲ ਉਨ੍ਹਾਂ ਦੀ ਸੰਗਤ ਕਰਦਾ ਰਿਹਾ। ਮੀਂਹ ਆਵੇ ਜਾਂ ਹਨ੍ਹੇਰੀ ਇਹ ਸ਼ਖ਼ਸ ਹਰ ਰੋਜ਼ ਫ਼ੈਜ਼ ਨੂੰ ਮਿਲਣ ਆਉਂਦਾ ਰਿਹਾ। ਫ਼ੈਜ਼ ਸਾਹਿਬ ਹੈਰਾਨ ਸਨ ਕਿ ਇਹ ਸ਼ਖ਼ਸ ਕੌਣ ਸੀ ? ਮਜ਼ੇ ਦੀ ਗੱਲ ਇਹ ਸੀ ਕਿ ਜਦ ਫ਼ੈਜ਼ ਦੀ ਸ਼ਾਮ ਦੇ ਮੌਕੇ ਉੱਤੇ ਉਸ ਸਖ਼ਸ਼ ਦੀ ਵਾਕਫੀਅਤ ਕਰਾਉਣ ਲਈ ਕਿਹਾ ਗਿਆ ਤਾਂ ਉਸਨੇ ਇਨਕਾਰ ਕਰ ਦਿੱਤਾ। ਉਹ ਆਪਣਾ ਨਾਮ ਤੇ ਪਤਾ ਦੱਸ ਕੇ ਆਪਣੀ ਨੇਕੀ ਨੂੰ ਦਰਿਆ-ਬੁਰਦ ਨਹੀਂ ਕਰਨਾ ਚਾਹੁੰਦਾ ਸੀ। ਜਦੋਂ ਲੋਕਾਂ ਨੇ ਉਸਨੂੰ ਜ਼ਿਆਦਾ ਮਜਬੂਰ ਕੀਤਾ ਤਾਂ ਉਹ ਅੱਖਾਂ ਵਿਚ ਅੱਥਰੂ ਤੇ ਬੀਤ ਗਏ ਦਾ ਰੰਗਭਰੀ ਸਭਾ ਵਿਚੋਂ ਉੱਠ ਕੇ ਚਲਾ ਗਿਆ।

ਸਾਹੀਵਾਲ ਵਿਚ ਸ਼ਾਮੇ-ਫ਼ੈਜ਼ ਦਾ ਇੱਕ ਖ਼ੂਬਸੂਰਤ ਪਹਿਲੂ ਇਹ ਸੀ ਕਿ ਇਸ ਮੌਕੇ ਉੱਤੇ ਗਾਈਆਂ ਗਈਆਂ ਗ਼ਜ਼ਲਾਂ ਤੇ ਨਜ਼ਮਾਂ ਨੇ ਪ੍ਰਸਿੱਧੀ ਦਾ ਉੱਚਾ ਦਰਜ਼ਾ ਹਾਸਿਲ ਕਰ ਲਿਆ। ਇਹ ਗ਼ਜ਼ਲਾਂ ਉਰਦੂ ਸਾਹਿਤ ਵਿਚ ਹਮੇਸ਼ਾ ਜ਼ਿੰਦਾ ਰਹਿਣਗੀਆਂ। ਮਹਿੰਦੀ ਹਸਨ ਨੇ ਸਾਡੀ ਹਾਜ਼ਰੀ ਵਿਚ ਫ਼ੈਜ਼ ਸਾਹਿਬ ਦੀ ਇਹ ਮਸ਼ਹੂਰ ਗ਼ਜ਼ਲ ਪਹਿਲੀ ਵਾਰ ਗਾਈ -

ਗੁਲੋਂ ਮੇਂ ਰੰਗ ਭਰੇ, ਬਾਦੇ-ਨੌਂ-ਬਹਾਰ ਚਲੇ,
ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ।

ਇਸ ਮੌਕੇ ਉੱਤੇ ਮਲਕਾ-ਤਰੰਨਮ 'ਨੂਰ-ਜਹਾਂ' ਅਤੇ ਫਰੀਦਾ ਖਾਨਮ ਦੀਆਂ ਗਾਈਆਂ ਗ਼ਜ਼ਲਾਂ ਵੀ ਮੁਲਕ ਦੇ ਅਦਬੀ ਰਿਕਾਰਡ ਦਾ ਹਿੱਸਾ ਬਣ ਗਈਆਂ।

ਲਾਹੌਰ ਤੇ ਕਰਾਂਚੀ ਦੇ ਸਾਹਿਤਕ ਦਾਨਸ਼ਵਰਾਂ ਨੇ ਫ਼ੈਜ਼ ਦੀ ਬਾਗ਼ੋ-ਬਹਾਰ ਜ਼ਿੰਦਗੀ ਅਤੇ ਸ਼ਾਇਰੀ ਬਾਰੇ ਵਿਚਾਰ-ਭਰਪੂਰ ਲਿਖਤਾਂ ਲਿਖੀਆਂ ਹਨ। ਇਹਨਾਂ ਰੰਗਾਂ-ਰੰਗ ਲਿਖਤਾਂ ਤੋਂ ਸਾਬਤ ਹੁੰਦਾ ਹੈ ਕਿ ਫ਼ੈਜ਼ ਆਪਣੇ ਦੌਰ ਦਾ ਵੱਡੇ ਕੱਦ ਵਾਲਾ ਕਵੀ ਸੀ। ਇਕਬਾਲ ਅਤੇ ਜੋਸ਼ ਦੇ ਬਾਅਦ ਉਨ੍ਹਾਂ ਦੀ ਸ਼ਾਇਰੀ ਦਾ ਤੀਸਰਾ ਨੰਬਰ ਆਉਂਦਾ ਹੈ। ਪਰ ਫ਼ੈਜ਼ ਸਾਹਿਬ ਦੇ ਜੀਵਨ ਬਾਰੇ ਲਿਖਣ ਵਾਲਿਆਂ ਨੇ - ਉਸਦੀ ਪੱਤਰਕਾਰੀ ਵਿਚ ਨੰਬਰ ਲਾਉਣੇ ਵਿਸਾਰ ਦਿੱਤੇ ਸਨ। ਅਖ਼ਬਾਰ ਨਵੀਸੀ, ਵਿਚ ਵੀ ਅਲਤਾਫ਼ ਹੁਸੈਨ, ਸੰਪਾਦਕ



'ਡਾਨ' ਤੇ ਹਮੀਦ ਨਿਜ਼ਾਮੀ ਦੇ ਪਿੱਛੋਂ ਉਹਨਾਂ ਦਾ ਤੀਸਰਾ ਨੰਬਰ ਆਉਂਦਾ ਹੈ।

ਜੇ ਉਹ 'ਪਾਕਿਸਤਾਨ ਟਾਈਮਜ਼' ਤੋਂ ਆਪਣੀ ਮਰਜ਼ੀ ਨਾਲ ਅਲੱਗ ਨਾ ਹੋ ਜਾਂਦੇ ਤਾਂ ਅਲਤਾਫ਼ ਹੁਸੈਨ ਦੀ ਮੌਤ ਦੀ ਸੂਰਤ ਵਿਚ ਹਮੀਦ ਨਿਜ਼ਾਮੀ ਤੋਂ ਪਿੱਛੋਂ ਉਹਨਾਂ ਦਾ ਦੂਸਰਾ ਨੰਬਰ ਹੋਣਾ ਸੀ।

ਫ਼ੈਜ਼ ਅਹਿਮਦ ਫ਼ੈਜ਼ ਨਜ਼ਮ ਅਤੇ ਗ਼ਜ਼ਲ ਵਾਂਗ ਅੰਗਰੇਜ਼ੀ ਸੰਪਾਦਕੀ ਵਿਚ ਵੀ 'ਆਮਦ' ਅਤੇ 'ਆਵਰਦ' ਦਾ ਪੂਰਾ ਖ਼ਿਆਲ ਰੱਖਦੇ ਸਨ। ਜਦੋਂ ਤੀਕ ਮੂਡ (ਰੌਂਅ) ਨਾ ਬਣਦਾ, ਉਹ ਸੰਪਾਦਕੀ ਨਹੀਂ ਸੀ ਲਿਖਦੇ। ਉਹ ਸਵੇਰੇ ਉੱਠ ਕੇ ਅਖ਼ਬਾਰਾਂ ਦਾ ਅਧਿਐਨ ਕਰਨ ਪਿੱਛੋਂ ਆਪਣੇ ਦਿਮਾਗ ਵਿਚ ਸੰਪਾਦਕੀ ਲਈ ਕੋਈ ਵਿਸ਼ਾ ਚੁਣ ਲੈਂਦੇ ਸੀ। ਫ਼ੈਜ਼ ਸਾਹਿਬ ਦੇ ਸੰਪਾਦਕੀ ਲਿਖਣ ਦਾ ਤਰੀਕਾ ਉਹਨਾਂ ਦੇ ਸਮਕਾਲੀ ਮਿਸਾਲ ਵਜੋਂ ਅਲਤਾਫ ਹੁਸੈਨ ਜਾਂ ਹਮੀਦ ਨਿਜ਼ਾਮੀ ਨਾਲੋਂ ਵੱਖਰਾ ਸੀ। ਇਹ ਅਖ਼ਬਾਰ-ਨਵੀਸ ਸੁਬਾਹ-ਸਵੇਰੇ ਤਾਜ਼ਾ ਦਮ ਹੋਣ ਦਾ ਲਾਭ ਉਠਾ ਕੇ, ਕਿਸੇ ਤਾਜ਼ਾ ਵਿਸ਼ੇ ਉੱਤੇ ਸੰਪਾਦਕੀ ਲਿਖਦੇ ਸਨ। ਪਰ ਫ਼ੈਜ਼ ਸਾਹਿਬ ਦੀ ਸੰਪਾਦਕੀ ਦਾ ਵਿਸ਼ਾ ਜਦੋਂ ਪੂਰੀ ਤਰ੍ਹਾਂ ਪੱਕ ਜਾਂਦਾ ਤਾਂ ਉਹ ਸ਼ਿਅਰ ਲਿਖਣ ਦੇ ਅੰਦਾਜ਼ ਵਿਚ ਕਲਮ ਸੰਭਾਲਣ ਅਤੇ ਉੱਚ-ਪੱਧਰ ਦਾ ਸੰਪਾਦਕੀ ਲਿਖਣ ਦਾ ਫਰਜ਼ ਨਿਭਾਉਂਦੇ।

ਫ਼ੈਜ਼ ਸਾਹਿਬ ਦੋਸਤਾਂ ਦੀ ਮਜਲਸ ਜਮਾਉਂਦੇ ਤਾਂ ਇਹਨਾਂ ਉੱਤੇ "ਬਾਬਰ-ਬਾ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ" ਦਾ ਮਾਹੌਲ ਭਾਰੂ ਹੋ ਜਾਂਦਾ। ਕੋਈ ਅੰਦਾਜ਼ਾ ਨਹੀਂ ਕਰ ਸਕਦਾ ਸੀ ਕਿ ਇਹ ਸ2ਾਹਿਬ ਇਨਕਲਾਬੀ ਕਵੀ ਹਨ ਅਤੇ ਰੂਸ ਦੀਆਂ ਤਕਰੀਬਨ ਸਭ ਭਾਸ਼ਾਵਾਂ ਵਿਚ ਉਨ੍ਹਾਂ ਦੀਆਂ ਕਿਤਾਬਾਂ ਦਾ ਅਨੁਵਾਦ ਹੋ ਚੁੱਕਾ ਹੈ।

ਇੱਕ ਵਾਰ ਮੈਂ, ਹਮੀਦ ਅਖ਼ਤਰ ਅਤੇ ਅਬਦੁੱਲਾ-ਮਲਕ ਫ਼ੈਜ਼ ਸਾਹਿਬ ਦੇ ਕਮਰੇ ਵਿਚ ਬੈਠੇ ਸੀ ਕਿ ਕਰਾਚੀ ਤੋਂ ਕੁਝ ਸੂਝਵਾਨ ਲਾਹੌਰ ਆਏ ਹੋਏ ਸਨ। ਸਾਹਿਤਕ ਗੱਪ-ਸ਼ੱਪ ਦਾ ਸਿਲਸਿਲਾ ਲੰਬਾ ਹੋ ਗਿਆ ਤਾਂ ਸ਼ਾਮ ਦੇ ਪ੍ਰਛਾਵੇਂ ਲਾਹੌਰ ਦੇ ਬੂਹੇ-ਬਾਰੀਆਂ ਉੱਤੇ ਲਰਜ਼ਨ ਲੱਗੇ। ਇਸ ਸਮੇਂ ਦੌਰਾਨ ਫ਼ੈਜ਼ ਸਾਹਿਬ ਦੇ ਦੋ ਆਦਮੀ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ ਅੰਦਰ ਝਾਕਣ ਲੱਗੇ ਤੇ ਫ਼ੈਜ਼ ਸਾਹਿਬ ਨੂੰ ਸਾਹਿਤਕ ਗੱਲਾਂ ਵਿਚ ਰੁੱਝੇ ਵੇਖ ਮੂੰਹ ਲਟਕਾਈ ਵਾਪਿਸ ਚਲੇ ਜਾਂਦੇ। ਕਰਾਂਚੀ ਦੇ ਬੁੱਧੀਮਾਨਾਂ ਦਾ ਖ਼ਿਆਲ ਸੀ ਕਿ ਇਹ ਲੋਕ ਫ਼ੈਜ਼ ਸਾਹਿਬ ਦੇ ਦੋਸਤ ਜਾਂ ਪ੍ਰਸ਼ੰਸਕ ਹਨ। ਕਿਉਂਕਿ ਫ਼ੈਜ਼ ਅਮਲੇ ਦੇ ਕਿਸੇ ਵੀ ਮੈਂਬਰ ਨੂੰ ਅਧੀਨ ਹੋਣ ਦਾ ਅਹਿਸਾਸ ਨਹੀਂ ਹੋਣ ਦਿੰਦੇ ਸਨ। ਪਰ ਉਹਨਾਂ ਵਿਚ ਇਕ ਟਾਈਪਿਸਟ ਸੀ ਤੇ ਦੂਸਰਾ ਕੰਪਾਜ਼ੀਟਰ ਜੋ ਰਾਤ ਤੋਂ ਪਹਿਲਾਂ ਫ਼ੈਜ਼ ਦੇ ਸੰਪਾਦਕੀ ਨਾਲ ਨਿਪਟਣਾ ਚਾਹੁੰਦੇ ਸਨ। ਪਰ ਫ਼ੈਜ਼ ਸਾਹਿਬ ਦੇ ਸਾਹਿਤਕ ਸ਼ੁਗਲ ਪੁੱਠੇ ਉੱਤੇ ਹੱਥ ਨਹੀਂ ਰੱਖਣ ਦਿੰਦੇ ਸੀ।

ਅਖ਼ੀਰ ਸ਼ਾਮ ਢਲੇ ਬੇਗਮ ਐਲਸ ਨੇ ਪਿਆਰ ਭਰੇ ਗੁੱਸੇ ਨਾਲ ਫ਼ੈਜ਼ ਨੂੰ ਘੂਰ ਕੇ ਵੇਖਿਆ ਜਿਸਦਾ ਸਾਫ਼-ਸਿੱਧਾ ਅਰਥ ਸੀ ਕਿ ਭਲੇਮਾਣਸ ਇਹ ਅਦੀਬਾਨਾ (ਸਾਹਿਤਕ ਗੱਲਾਂ) ਬੰਦ ਕਰੋ। ਬੰਦਾ ਖ਼ੁਦਾ! ਤੁਸੀਂ ਪੱਤਰਕਾਰ ਵੀ ਹੋ, ਜਿਸਦਾ ਪੇਸ਼ਾ ਈਰਖਾਲੂ ਪਤਨੀ ਦਾ ਦਰਜ਼ਾ ਰੱਖਦਾ ਹੈ ਅਤੇ ਇਹ ਪੱਤਰਕਾਰ ਪਤਨੀ, ਸੁੰਦਰ ਤੋਂ ਸੁੰਦਰ ਪਤਨੀਆਂ ਨੂੰ ਆਪਣੇ ਅਤੇ ਆਪਣੇ ਪਤੀ, ਅਰਥਾਤ ਪੱਤਰਕਾਰਾਂ ਦੇ ਵਿਚਕਾਰ ਭਾਰੂ ਨਹੀਂ ਹੋਣ ਦਿੰਦੀਆਂ। ਫ਼ੈਜ਼ ਸਾਹਿਬ ਨੇ ਆਪਣੀ ਅਸਲ ਅਤੇ 'ਵੱਡੀ' ਬੀਵੀ ਤੋਂ ਨਜ਼ਰ ਹਟਾ ਕੇ ਪੱਤਰਕਾਰੀ ਦੀ ਈਰਖਾਲੂ ਬੀਵੀ ਵੱਲ ਤੱਕਿਆ, ਜੋ ਸ਼ਾਮ ਢਲੇ ਸੋਲਾਂ ਸ਼ਿੰਗਾਰ ਕੀਤੀ ਫ਼ੈਜ਼ ਨੂੰ ਕਲਮ ਚਲਾਉਣ ਦਾ ਸੱਦਾ ਦੇ ਰਹੀ ਸੀ। •

# ਫ਼ੈਜ਼ ਦਾ ਆਖ਼ਰੀ ਇੰਟਰਵਿਊ

**– ਬੇਗਮ ਤਾਸੀਰ**
**( ਫ਼ੈਜ਼ ਦੀ ਵੱਡੀ ਸਾਲੀ)**

ਸੋਲਾਂ ਨਵੰਬਰ ਨੂੰ ਮੈਂ ਆਪਣੇ ਭਣਵਈਏ ਫ਼ੈਜ਼ ਅਹਿਮਦ ਫ਼ੈਜ਼ ਨੂੰ ਮਾਡਲ ਟਾਊਨ ਵਿਚ ਉਹਨਾਂ ਦੀ ਰਿਹਾਇਸ਼ ਸਥਾਨ ਉੱਤੇ ਮੁਲਾਕਾਤ ਕਰਕੇ ਪਾਕਿਸਤਾਨ ਵਿਚ ਔਰਤਾਂ ਦੀ ਸਥਿਤੀ ਦੇ ਬਾਰੇ ਉਹਨਾਂ ਦਾ ਦ੍ਰਿਸ਼ਟੀਕੋਣ ਜਾਨਣਾ ਸੀ। ਮੈਂ ਪੁੱਛਣਾ ਚਾਹੁੰਦੀ ਸੀ ਕਿ ਘਟੀਆ ਸਮਝੇ ਜਾਣ ਦੇ ਵਤੀਰੇ ਨੂੰ ਕਿਸ ਤਰ੍ਹਾਂ ਬਦਲਿਆ ਜਾ ਸਕਦਾ ਹੈ। ਬਦਕਿਸਮਤੀ ਨਾਲ ਇਹ ਉਹਨਾਂ ਦਾ ਆਖ਼ਰੀ ਇੰਟਰਵਿਊ ਸਾਬਤ ਹੋਇਆ। ਇਸ ਤੋਂ ਅਗਲੇ ਦਿਨ ਉਹ ਆਪਣੇ ਪਿੰਡ ਚਲੇ ਗਏ ਅਤੇ ਵਾਪਸ ਆ ਕੇ ਸਖ਼ਤ ਬੀਮਾਰ ਹੋ ਗਏ।

ਫ਼ੈਜ਼ ਸਾਹਿਬ ਨੇ ਇਸ ਵਿਸ਼ੇ ਉੱਤੇ ਬਹੁਤ ਭਰੋਸੇ ਅਤੇ ਤੀਖਣ ਅਹਿਸਾਸ ਨਾਲ ਆਪਣੇ ਖ਼ਿਆਲਾਂ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ,

"ਔਰਤਾਂ ਆਪਣੇ ਹੱਕਾਂ ਨੂੰ ਮਰਦਾਂ ਦੇ ਹੱਕਾਂ ਤੋਂ ਵੱਖਰੀ ਕੋਈ ਚੀਜ਼ ਸਮਝਦੀਆਂ ਹਨ ਅਤੇ ਇਸ ਲਈ ਵੱਖਰਾ ਸੰਘਰਸ਼ ਕਰ ਰਹੀਆਂ ਹਨ, ਜਦਕਿ ਮਰਦਾਂ ਅਤੇ ਔਰਤਾਂ ਦੇ ਮਸਲੇ ਵੱਖਰੇ-ਵੱਖਰੇ ਨਹੀਂ ਕੀਤੇ ਜਾ ਸਕਦੇ। ਇਸ ਸਥਿਤੀ ਦੀ ਨਿਰਭਰਤਾ ਸਾਰੀਆਂ ਔਰਤਾਂ ਉੱਤੇ ਹੈ। ਪੁਰਾਣੇ ਤੇ ਪੱਛੜੇ ਸਮਾਜਾਂ ਵਿਚ, ਜਿੱਥੇ ਮਰਦ ਤੇ ਔਰਤ ਦੀ ਮਿਹਨਤ ਦੀ ਵੰਡ ਵਿਚ ਕੋਈ ਫ਼ਰਕ ਨਹੀਂ, ਉੱਥੇ ਇਹਨਾਂ ਦੇ ਹਾਲਾਤ ਇਕੋ ਜਿਹੇ ਨਹੀਂ। ਔਰਤਾਂ ਦੀ ਹਾਲਤ ਉਸ ਪ੍ਰਬੰਧ ਦੇ ਅਨੁਸਾਰ ਚੰਗੀ ਜਾਂ ਮਾੜੀ ਹੁੰਦੀ ਹੈ, ਜਿਸਦੇ ਅਧੀਨ ਉਹ ਜ਼ਿੰਦਗੀ ਗੁਜ਼ਾਰਦੀਆਂ ਹਨ। ਜਿਸ ਸਮਾਜੀ ਪ੍ਰਬੰਧ ਵਿਚ, ਮਰਦ ਦੀ ਜ਼ਾਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ, ਉਥੇ ਔਰਤ ਦੀ ਹਾਲਤ ਵਿਚ ਸਮਾਜ ਦੇ ਇਕ ਮੈਂਬਰ ਹੋਣ ਦੀ ਹਾਲਤ ਵਿਚ ਅਵੱਸ਼ ਹੀ ਮਰਦ ਤੋਂ ਪ੍ਰਭਾਵਿਤ ਹੋਵੇਗੀ।

ਪਾਕਿਸਤਾਨ ਦੇ ਜਿਹਨਾਂ ਇਲਾਕਿਆਂ ਵਿਚ ਟਾਕਰੇ ਵਜੋਂ ਔਰਤਾਂ ਨੂੰ ਚੰਗੇਰੀ ਹੈਸੀਅਤ ਦਿੱਤੀ ਜਾਂਦੀ ਹੈ, ਇਸਦਾ ਕਾਰਨ ਇਹ ਹੈ ਕਿ ਉੱਥੇ ਮਰਦ ਵੀ ਤਰੱਕੀ ਕਰ ਚੁੱਕੇ ਹਨ। ਇਸ ਲਈ ਇਹ ਸੋਚਣਾ ਗਲਤ ਹੈ ਕਿ ਔਰਤਾਂ ਮਰਦਾਂ ਤੋਂ ਬਿਨਾਂ ਆਪਣੇ ਅਧਿਕਾਰ ਮੰਨਵਾਂ ਸਕਦੀਆਂ ਹਨ। ਸਪੱਸ਼ਟ ਹੈ ਕਿ ਜਦ ਮਰਦ ਵਿਦਿਅਕ, ਦਿਮਾਗੀ ਅਤੇ ਸਮਾਜਿਕ ਪੱਖ ਤੋਂ ਪਛੜਿਆ ਹੋਇਆ ਹੋਵੇਗਾ ਤਾਂ ਔਰਤਾਂ ਨੂੰ ਵੀ ਜ਼ਿਆਦਾ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ।

ਸਾਡੇ ਕਈ ਇਲਾਕਿਆਂ ਵਿਚ ਸਥਿਤੀ ਬਹੁਤ ਹੀ ਅਫ਼ਸੋਸ ਵਾਲੀ ਹੈ। ਮਿਸਾਲ ਵਜੋਂ ਪਿੰਡਾਂ ਵਿਚ ਬਾਲਗ ਔਰਤਾਂ ਦੀ ਸ਼ਾਦੀ ਛੋਟੇ ਬੱਚਿਆਂ ਨਾਲ ਕਰ ਦਿੱਤੀ ਜਾਂਦੀ ਹੈ ਜਾਂ ਬਰਾਦਰੀ ਵਿਚ ਰਿਸ਼ਤਾ ਨਾ ਹੋਣ ਕਾਰਨ ਉਸ ਦੀ ਸ਼ਾਦੀ ਨਹੀਂ ਕੀਤੀ ਜਾਂਦੀ। ਉਸਨੂੰ ਜਾਇਦਾਦ ਦੇ ਹਿੱਸੇ ਤੋਂ ਵਿਰਵਾ ਰੱਖਿਆ ਜਾਂਦਾ ਹੈ। ਨਵਾਬਪੁਰ ਦੀ ਘਟਨਾ (ਜਿੱਥੇ ਔਰਤਾਂ ਨੂੰ ਨੰਗਾ ਕਰਕੇ ਜਲੂਸ ਕੱਢਿਆ ਗਿਆ ਤੇ ਪਿੱਛੋਂ ਉਹਨਾਂ ਦੇ ਜਿਸਮਾਂ ਨੂੰ ਲਹੂ ਲੁਹਾਨ ਕੀਤਾ ਗਿਆ) ਮਰਦਾਂ ਦੀ ਗ਼ੈਰ-ਸਭਿਅਕ ਸੋਚਣੀ ਦਾ ਹੀ ਸਬੂਤ ਹੈ। ਜਿਨ੍ਹਾਂ ਇਲਾਕਿਆਂ ਵਿਚ ਸਮਾਜੀ-ਪ੍ਰਬੰਧ ਪਛੜੇਵੇਂ ਉੱਤੇ ਅਧਾਰਿਤ ਹੁੰਦੇ ਹਨ, ਉਥੇ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ। ਇਹ ਅਸਲ ਵਿਚ ਸਮਾਜਿਕ ਢਾਂਚੇ ਦਾ ਮਸਲਾ ਹੈ। ਜਿੱਥੇ ਸਮਾਜ ਦਾ ਇਹ ਢਾਂਚਾ ਜ਼ਿਆਦਾ ਰੌਸ਼ਨ-ਖ਼ਿਆਲ ਹੈ ਅਤੇ ਔਰਤ ਮਰਦ ਦੋਵਾਂ ਦੀ



ਪਾਲਣਾ ਹਿੱਤ ਬਰਾਬਰ ਮੌਕੇ ਮਿਲਦੇ ਹਨ। ਉੱਥੇ ਵੀ ਕੁਝ ਨਾ ਕੁਝ ਫ਼ਰਕ ਬਾਕੀ ਰਹਿ ਜਾਂਦਾ ਹੈ। ਪਰ ਇਹ ਐਨਾ ਜ਼ਿਆਦਾ ਨਹੀਂ ਹੁੰਦਾ, ਜਿੰਨਾ ਪੱਛੜੇ ਸਮਾਜਾਂ ਵਿਚ ਹੁੰਦਾ ਹੈ।

ਔਰਤਾਂ ਨੂੰ ਦਿਮਾਗੀ ਅਤੇ ਸਮਾਜੀ ਤੌਰ ਤੇ ਮਰਦਾਂ ਦੇ ਬਰਾਬਰ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਸਿਆਸੀ ਅਤੇ ਸਮਾਜੀ ਪ੍ਰਬੰਧ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਜਾਵੇ।

ਔਰਤਾਂ ਅਤੇ ਮਰਦਾਂ ਨੇ ਇਕੱਠੇ ਮਿਲ ਕੇ ਕੰਮ ਕਰਨਾ ਹੈ ਅਤੇ ਇਹ ਉਸੇ ਹੀ ਹਾਲਤ ਵਿਚ ਸੰਭਵ ਹੈ ਜਦ ਔਰਤਾਂ ਦੇ ਹੱਕਾਂ ਦਾ ਸੰਘਰਸ਼ ਕੇਵਲ ਇਕ ਛੋਟੇ ਜਿਹੇ ਤਬਕੇ ਤੱਕ ਸੀਮਤ ਨਾ ਹੋਵੇ, ਸਗੋਂ ਪੂਰੀ ਆਬਾਦੀ ਵੱਲੋਂ ਇੱਕ ਜਨਤਕ ਰਾਜਸੀ ਸੰਘਰਸ਼ ਦੀ ਸ਼ਕਲ ਧਾਰਨ ਕਰ ਲਵੇ। ਘਰਾਂ ਵਿਚ ਬੰਦ ਰਹਿਣ ਵਾਲੀਆਂ ਔਰਤਾਂ ਤਦ ਹੀ ਆਜ਼ਾਦ ਹੋ ਸਕਦੀਆਂ ਹਨ ਜਦ ਉਹ ਰਾਜਸੀ ਲਹਿਰਾਂ ਵਿਚ ਹਿੱਸਾ ਲੈਣ। ਸਿਆਸੀ ਪ੍ਰਬੰਧ ਇੱਕ ਬਹੁਤ ਬੁਨਿਆਦੀ ਚੀਜ਼ ਹੈ ਅਤੇ ਬਾਕੀ ਹਰ ਚੀਜ਼ ਇਸ ਨਾਲ ਸਬੰਧਤ ਹੈ। ਇਕ ਪੱਛੜੇ ਅਤੇ ਬੇਇਨਸਾਫੀ ਉੱਤੇ ਅਧਾਰਿਤ ਪ੍ਰਬੰਧ ਨੂੰ ਬਦਲੇ ਬਗ਼ੈਰ ਆਪ ਕੁਝ ਤਬਦੀਲੀ ਨਹੀਂ ਲਿਆ ਸਕਦੇ। ਸਿਆਸੀ ਪ੍ਰਬੰਧ ਹੀ ਦਰਅਸਲ ਸਮਾਜੀ ਪ੍ਰਬੰਧ ਹੈ। ਮਿਸਾਲ ਵਜੋਂ ਅਨਪੜ੍ਹਤਾ ਨੂੰ ਹੀ ਲੈ ਲਵੋ। ਦੁਨੀਆਂ ਭਰ ਵਿਚ, ਕਿਸੇ ਥਾਂ ਵੀ, ਅੱਜ ਤੱਕ ਇਹ ਨਹੀਂ ਹੋਇਆ ਕਿ ਵੱਡੇ ਪੱਧਰ ਦੀ ਰਾਜਸੀ ਲਹਿਰ ਦੇ ਬਿਨਾਂ ਅਨਪੜ੍ਹਤਾ ਦੂਰ ਹੋਈ ਹੋਵੇ। ਫਿਰ ਸਿਆਸੀ ਸੰਘਰਸ਼ ਦੇ ਬਿਨਾਂ ਸਿਆਸੀ ਅੰਦੋਲਨ ਨਹੀਂ ਚੱਲ ਸਕਦਾ। ਇਸੇ ਲਹਿਰ ਕਾਰਨ ਅਨਪੜ੍ਹਤਾ ਦਾ ਖ਼ਾਤਮਾ ਸਿਰੇ ਚੜ੍ਹੇਗਾ। ਸਿਆਸੀ ਪ੍ਰਬੰਧ ਦੀਆਂ ਖਰਾਬੀਆਂ ਦੇ ਅਸਰਾਂ ਤੋਂ ਸਮਾਜ ਵੀ ਸੁਰੱਖਿਅਤ ਨਹੀਂ। ਮਸਲਿਆਂ ਤੋਂ ਭਰਪੂਰ ਢੰਗ ਨਾਲ ਲਾਭ ਉਠਾਉਣ ਦੇ ਵਾਸਤੇ ਇਹ ਜ਼ਰੂਰੀ ਹੈ ਕਿ ਲੋਕ ਆਪਣੀ ਜੱਦੋ-ਜ਼ਹਿਦ (ਸੰਘਰਸ਼) ਨੂੰ ਜਾਰੀ ਰੱਖਣਾ ਚਾਹੁੰਦੇ ਹੋਣ।

ਇਸ ਵਕਤ ਸਾਡੇ ਇਥੇ ਜ਼ਿਆਦਾਤਰ ਵਸੀਲੇ ਕੁਝ ਲੋਕਾਂ ਦੇ ਹੱਥਾਂ ਵਿਚ ਹਨ। ਇਸ ਲਈ ਜਨਤਾ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਨਹੀਂ ਲਿਆਂਦਾ ਜਾ ਸਕਦਾ। ਕੋਈ ਵੀ ਇਨਕਲਾਬ ਬਿਨਾਂ ਕਾਰਨ ਨਹੀਂ ਵਾਪਰਦਾ। ਇਹ ਨਾ ਇਨਸਾਫੀ ਦੇ ਵਿਰੁੱਧ ਇਕ ਪ੍ਰਤੀਕਰਮ ਦੇ ਤੌਰ ਤੇ ਉਭਰਦਾ ਹੈ। ਕਿਊਬਾ ਦੀ ਮਿਸਾਲ ਲੈ ਲਵੋ। ਉੱਥੇ 70% ਅਨਪੜ੍ਹਤਾ ਸੀ। ਕੋਈ ਸਿਹਤ-ਆਮ ਦਾ ਪ੍ਰਬੰਧ ਨਹੀਂ ਸੀ। ਉਥੋਂ ਦੇ ਨਵੇਂ ਪ੍ਰਬੰਧ ਨੇ ਇਨਕਲਾਬ ਤੋਂ ਪਿੱਛੋਂ ਇਨ੍ਹਾਂ ਸਾਰੇ ਮਸਲਿਆਂ ਨਾਲ ਨਿਪਟਣਾ ਸ਼ੁਰੂ ਕੀਤਾ। ਸਮਾਜੀ ਪ੍ਰਬੰਧ ਨੂੰ ਬਦਲਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਅਸੀਂ ਕਿਸੇ ਇੱਕ ਮਸਲੇ ਨੂੰ ਵੱਖਰਾ ਕਰਕੇ ਹੱਲ ਨਹੀਂ ਕਰ ਸਕਦੇ। ਮਿਸਾਲ ਵਜੋਂ ਪਰਿਵਾਰ-ਯੋਜਨਾ ਨੂੰ ਵਿਦਿਆ ਤੇ ਦਵਾਈਆਂ ਤੋਂ ਬਗੈਰ ਪ੍ਰਚਲਿਤ ਨਹੀਂ ਕਰ ਸਕਦੇ।

ਭਾਰਤ ਵਿਚ ਫੈਮਿਲੀ ਪਲੈਨਿੰਗ ਅਸਫਲ ਹੋ ਗਈ, ਸਗੋਂ ਇੰਦਰਾ ਨੂੰ ਇਸ ਨਾਲ ਚੋਣਾਂ ਵਿਚ ਨੁਕਸਾਨ ਉਠਾਉਣਾ ਪਿਆ। ਜਦਕਿ ਚੀਨ ਵਿਚ ਫੈਮਿਲੀ ਪਲੈਨਿੰਗ ਕਾਮਯਾਬ ਰਹੀ। ਔਰਤਾਂ ਨੂੰ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿਚ ਹਿੱਸਾ ਲੈਣਾ ਚਾਹੀਦਾ ਹੈ। ਖ਼ਾਸ ਤੌਰ ਤੇ ਮੁਲਾਜ਼ਮ-ਪੇਸ਼ਾ ਔਰਤਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਦੀ ਤਲਾਸ਼ ਨਾਲ ਹੀ ਹਾਲਤਾਂ ਦੀ ਬਿਹਤਰੀ ਦੀ ਕੋਈ ਸੂਰਤ ਨਿਕਲ ਸਕਦੀ ਹੈ। ਔਰਤਾਂ ਅਤੇ ਮਰਦਾਂ ਨੂੰ ਵੱਖੋ-ਵੱਖਰੇ ਖਾਨਿਆਂ ਵਿਚ ਵੰਡਿਆ ਨਹੀਂ ਜਾ ਸਕਦਾ। ਜਦ ਤੱਕ ਮਰਦਾਂ ਨੂੰ ਸਮਾਜੀ-ਪ੍ਰਬੰਧ ਵਿਚ ਇਨਸਾਫ਼ ਨਹੀਂ ਮਿਲੇਗਾ, ਔਰਤਾਂ ਵੀ ਇਸ ਤੋਂ ਵਿਰਵੀਆਂ ਰਹਿਣਗੀਆਂ। (ਸ਼ਬਸਤਾਨ) •

# ਲੈਨਿਨ ਸ਼ਾਂਤੀ ਪੁਰਸਕਾਰ ਲੈਣ ਸਮੇਂ ਕੀਤਾ ਭਾਸ਼ਣ

**ਫੈਜ਼ ਅਹਿਮਦ ਫੈਜ਼**

ਸ਼ਬਦ ਰਚਣੇ ਤੇ ਉਨ੍ਹਾਂ ਨੂੰ ਤਰਤੀਬ ਦੇਣੀ ਕਵੀਆਂ ਅਤੇ ਲਿਖਾਰੀਆਂ ਦਾ ਕਸਬ ਹੁੰਦਾ ਹੈ। ਪਰ ਜੀਵਨ ਵਿਚ ਕਈ ਅਜਿਹੇ ਮੌਕੇ ਆਉਂਦੇ ਹਨ ਜਦੋਂ ਸ਼ਬਦ ਨਹੀਂ ਲੱਭਦੇ। ਮੇਰੇ ਵਾਸਤੇ ਇਹ ਅਜਿਹਾ ਹੀ ਮੌਕਾ ਹੈ, ਮੇਰੇ ਕੋਲ ਉਹ ਸ਼ਬਦ ਨਹੀਂ ਜਿਨ੍ਹਾਂ ਨਾਲ ਮੈਂ ਲੈਨਿਨ ਪੁਰਸਕਾਰ ਕਮੇਟੀ, ਹੋਰ ਸੋਵੀਅਤ ਅਦਾਰਿਆਂ ਅਤੇ ਦੋਸਤਾਂ ਦਾ ਢੁੱਕਵਾਂ ਧੰਨਵਾਦ ਕਰ ਸਕਾਂ, ਉਸ ਮਾਣ ਸਤਿਕਾਰ ਵਾਸਤੇ ਜੋ ਇਨ੍ਹਾਂ ਮੈਨੂੰ ਦਿੱਤਾ ਹੈ। ਸ਼ਾਂਤੀ ਪੁਰਸਕਾਰ ਅਮੁੱਲਾ ਹੈ ਕਿਉਂਕਿ ਇਸ ਨਾਲ ਲੈਨਿਨ ਦਾ ਸਤਿਕਾਰਤ ਅਤੇ ਪਵਿੱਤਰ ਨਾਂ ਜੁੜਿਆ ਹੋਇਆ ਹੈ। ਲੈਨਿਨ ਸਾਡੇ ਸਮਿਆਂ ਦਾ ਆਜ਼ਾਦੀ ਅਤੇ ਸ਼ਾਂਤੀ ਦਾ ਸਭ ਤੋਂ ਵੱਧ ਆਦਰਯੋਗ ਝੰਡਾਬਰਦਾਰ ਸੀ, ਸ਼ਾਂਤੀ ਜਿਹੜੀ ਕਿ ਮਨੁੱਖੀ ਜੀਵਨ ਵਿਚਲੀ ਸੁੰਦਰਤਾ ਅਤੇ ਸ੍ਰੇਸ਼ਠਤਾ ਲਈ ਪਹਿਲੀ ਸ਼ਰਤ ਹੈ। ਮੈਨੂੰ ਆਪਣੇ ਜੀਵਨ ਅਤੇ ਕੰਮ ਵਿਚ ਕੋਈ ਏਦਾਂ ਦੀ ਚੀਜ਼ ਨਹੀਂ ਦਿਸਦੀ ਜਿਹੜੀ ਮੈਨੂੰ ਇਸ ਉੱਘੇ ਮਾਣ ਲਈ ਯੋਗ ਬਣਾਉਂਦੀ ਹੋਵੇ। ਪਰ, ਮੈਂ ਇਕ ਕਾਰਨ ਸੋਚ ਸਕਦਾ ਹਾਂ, ਸ਼ਾਂਤੀ ਅਤੇ ਆਜ਼ਾਦੀ ਲਈ ਭਖਦੀ ਇੱਛਾ, ਜਿਹਨੇ ਮੈਨੂੰ ਤੇ ਮੇਰੇ ਸਾਥੀਆਂ ਨੂੰ ਹਮੇਸ਼ਾ ਪ੍ਰੇਰਿਆ ਹੈ। ਇਹ ਇੱਛਾ ਆਪਣੇ ਆਪ ਵਿਚ ਏਨੀ ਤਕੜੀ ਹੈ ਕਿ ਸ਼ਾਂਤੀ ਤੇ ਆਜ਼ਾਦੀ ਦੀ ਅਭਿਲਾਸ਼ਾ ਰੱਖਣ ਵਾਲੇ ਆਮ ਵਿਅਕਤੀ ਵੀ ਸਤਿਕਾਰ ਦੇ ਯੋਗ ਸਮਝੇ ਜਾਂਦੇ ਹਨ।

ਪਾਗਲਪਨ ਦੀ ਬਿਮਾਰੀ ਵਾਲੇ ਜਾਂ ਜੁਰਮਪੇਸ਼ਾ ਲੋਕਾਂ ਤੋਂ ਬਿਨਾਂ ਬਾਕੀ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਸ਼ਾਂਤੀ ਅਤੇ ਆਜ਼ਾਦੀ ਖ਼ੂਬਸੂਰਤ ਖਿਆਲ ਹਨ। ਹਰ ਕੋਈ ਦੇਖ ਸਕਦਾ ਹੈ ਕਿ ਸ਼ਾਂਤੀ ਕਣਕ ਦੇ ਲਹਿਲਹਾਂਦੇ ਖੇਤ ਵਿਚੋਂ ਝਾਕਦੀ ਹੈ, ਚਿਨਾਰ ਦੇ ਰੁੱਖ 'ਚੋਂ ਦਿਸਦੀ ਹੈ, ਲਾੜੀ ਦੇ ਘੁੰਡ 'ਚੋਂ ਨਜ਼ਰ ਆਉਂਦੀ ਹੈ, ਬੱਚਿਆਂ ਦੇ ਹੱਸਦੇ ਹੱਥਾਂ 'ਚੋਂ, ਲਿਖਾਰੀ ਦੀ ਕਲਮ 'ਚੋਂ, ਕਲਾਕਾਰ ਦੇ ਬੁਰਸ਼ 'ਚੋਂ। ਸਾਨੂੰ ਸਾਰਿਆਂ ਨੂੰ ਇਲਮ ਹੈ ਕਿ ਆਜ਼ਾਦੀ ਇਨ੍ਹਾਂ ਸਾਰੀਆਂ ਗੱਲਾਂ ਦੀ ਗਾਰੰਟੀ ਦਿੰਦੀ ਹੈ ਤੇ ਗੁਲਾਮੀ ਇਨ੍ਹਾਂ ਸਾਰੇ ਗੁਣਾਂ ਨੂੰ ਮਾਰਦੀ ਹੈ ਜਿਹੜੇ ਮਨੁੱਖ ਨੂੰ ਪਸ਼ੂ ਤੋਂ ਵੱਖਰਿਆਉਂਦੇ ਹਨ – ਸੂਝ ਤੇ ਸੁੱਘੜਤਾ, ਸੱਚ ਤੇ ਇਨਸਾਫ, ਅਣਖ ਤੇ ਦਲੇਰੀ, ਨਿਰਮਲਤਾ ਤੇ ਸਹਿਨਸ਼ੀਲਤਾ ਦੇ ਗੁਣ। ਇਸ ਲਈ ਤਰਕ ਨਾਲ ਵਿਚਾਰਿਆਂ, ਗੱਲ ਨੂੰ ਸਮਝਣ ਵਾਲੇ ਮਨੁੱਖਾਂ ਦਰਮਿਆਨ ਸ਼ਾਂਤੀ ਅਤੇ ਆਜ਼ਾਦੀ ਦੀ ਪ੍ਰਾਪਤੀ ਦੀ ਕਾਇਮੀ ਬਾਰੇ ਕਿਸੇ ਕਿਸਮ ਦੀ ਕੋਈ ਅਸਹਿਮਤੀ ਨਹੀਂ ਹੋਣੀ ਚਾਹੀਦੀ। ਬਦਕਿਸਮਤੀ ਨਾਲ ਪਰ, ਇਸ ਤਰ੍ਹਾਂ ਹੈ ਨਹੀਂ, ਕਿਉਂਕਿ ਸਮੇਂ ਦੇ ਸ਼ੁਰੂ ਤੋਂ ਹੀ ਵਿਰੋਧੀ ਤਾਕਤਾਂ ਜ਼ੋਰ ਲਾਉਂਦੀਆਂ ਰਹੀਆਂ ਹਨ। ਇਹ ਤਾਕਤਾਂ ਹਨ, ਸਿਰਜਣਾ ਤੇ ਤਬਾਹੀ ਦੀਆਂ, ਚੜ੍ਹਾਅ ਅਤੇ ਉਤਰਾਅ ਦੀਆਂ, ਰੌਸ਼ਨੀ ਅਤੇ ਹਨ੍ਹੇਰੇ ਦੀਆਂ, ਇਨਸਾਫ



ਅਤੇ ਬੇਇਨਸਾਫੀ ਦੀਆਂ। ਇਨ੍ਹਾਂ ਵਿਰੋਧੀ ਤਾਕਤਾਂ ਦਾ ਆਪਸੀ ਖੇਲ ਅੱਜ ਤੱਕ ਚੱਲ ਰਿਹਾ ਹੈ। ਨਾਲ ਹੀ ਇਸ ਸਮੇਂ ਜਿਹੜੀਆਂ ਸਮੱਸਿਆਵਾਂ ਸਾਡੇ ਸਾਹਮਣੇ ਹਨ, ਉਹ ਪਹਿਲਾਂ ਨਾਲੋਂ ਬਹੁਤ ਬਦਲ ਚੁੱਕੀਆਂ ਹਨ। ਜੰਗ ਦਾ ਅੱਜ ਅਰਥ ਕਬੀਲਿਆਂ ਦੀ ਆਪਸੀ ਖ਼ੂਨੀ ਲੜਾਈ ਨਹੀਂ। ਨਾ ਹੀ ਸ਼ਾਂਤੀ ਤੋਂ ਸਾਡਾ ਭਾਵ ਹੈ ਕਿ ਕਤਲੇਆਮ ਖ਼ਤਮ ਹੋ ਜਾਵੇ। ਅੱਜ ਲੜਾਈ ਤੋਂ ਸਾਡਾ ਭਾਵ ਹੈ ਸਮੁੱਚੀ ਮਨੁੱਖਤਾ ਦਾ ਸਰਬਨਾਸ਼। ਇਨ੍ਹਾਂ ਦੋ ਸ਼ਬਦਾਂ 'ਤੇ ਸਰਬਨਾਸ਼ ਤੇ ਬਚਾਉ, ਮਨੁੱਖੀ ਇਤਿਹਾਸ ਦਾ ਖਾਤਮਾ ਜਾਂ ਬਚਾਅ ਨਿਰਭਰ ਕਰਦਾ ਹੈ। ਇਨ੍ਹਾਂ ਦੋ ਸ਼ਬਦਾਂ 'ਤੇ ਨਿਰਭਰ ਕਰਦਾ ਹੈ ਕਿ ਮਨੁੱਖ ਦਾ ਵਸੇਬਾ ਬਚੇਗਾ ਜਾਂ ਸਦਾ ਲਈ ਤਬਾਹ ਹੋ ਜਾਵੇਗਾ। ਇਸੇ ਤਰ੍ਹਾਂ ਸਾਡੇ ਸਮੇਂ ਤੱਕ ਮਨੁੱਖ ਕੋਲ ਕੁਦਰਤੀ ਸੋਮਿਆਂ ਅਤੇ ਪੈਦਾਵਾਰ ਦੇ ਤਰੀਕਿਆਂ 'ਤੇ ਕਾਬੂ ਪਾਉਣ ਦੀ ਲੋੜੀਂਦੀ ਯੋਗਤਾ ਨਹੀਂ ਸੀ ਕਿ ਉਹ ਸਾਰੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰ ਸਕਦਾ। ਇਸ ਲਈ ਇਸ ਗੱਲ ਦੀ ਥੋੜ੍ਹੀ ਜਿਹੀ ਤੁੱਕ ਬਣਦੀ ਸੀ ਕਿ ਉਹ ਆਪਣੀ ਲੋੜ ਲਈ ਦੂਜਿਆਂ ਤੋਂ ਲੁੱਟ ਖੋਹ ਕਰਦਾ ਸੀ। ਅੱਜ ਹਾਲਤ ਇਹ ਨਹੀਂ। ਮਨੁੱਖ ਦੀ ਪ੍ਰਵੀਣਤਾ ਨੇ ਵਿਗਿਆਨ ਤੇ ਤਕਨੀਕ ਨੂੰ ਅਜਿਹੀ ਉਚਾਈ 'ਤੇ ਪਹੁੰਚਾ ਦਿੱਤਾ ਹੈ ਕਿ ਸਾਰੇ ਮੂੰਹਾਂ 'ਚ ਬੁਰਕੀ ਪਾਈ ਜਾ ਸਕਦੀ ਹੈ, ਸਾਰੀਆਂ ਜਿਸਮਾਨੀ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ, ਬਸ਼ਰਤੇ ਕਿ ਕੁਦਰਤ ਦੀਆਂ ਸੀਮਤ ਹੱਦਾਂ, ਪੈਦਾਵਾਰ ਦੇ ਅਸੀਮਤ ਤਰੀਕੇ ਕੁਝ ਮੁਨਾਫਾਖੋਰਾਂ ਜਾਂ ਨਿੱਜੀ ਹਿੱਤਾਂ ਵਾਲੇ ਲੋਕਾਂ ਦੀ ਹਿਰਸ ਪੂਰੀ ਕਰਨ ਵੱਲ ਨਾ, ਸਗੋਂ ਸਾਰੇ ਲੋਕਾਂ ਦੀ ਭਲਾਈ ਵੱਲ ਸੇਧਤ ਹੋਣ ਅਤੇ ਮਨੁੱਖ ਦੀ ਵਿਗਿਆਨਕ ਅਤੇ ਸਨਅਤੀ ਯੋਗਤਾ ਨੂੰ ਢਾਹੂ ਕੰਮਾਂ ਨਾਲੋਂ ਉਸਾਰੂ ਕੰਮਾਂ ਵੱਲ ਲਾਇਆ ਜਾਵੇ। ਇਹ ਸਭ ਕੁਝ ਸਿਰਫ਼ ਅਜਿਹੇ ਸਮਾਜਿਕ ਢਾਂਚੇ ਵਿਚ ਸੰਭਵ ਹੋ ਸਕਦਾ ਹੈ ਜਿਹੜਾ ਇਨਸਾਫ, ਬਰਾਬਰਤਾ, ਆਜ਼ਾਦੀ ਅਤੇ ਸਰਬੱਤ ਦੇ ਭਲੇ 'ਤੇ ਉਸਰਿਆਂ ਹੋਵੇ ਨਾ ਕਿ ਲਾਲਚ, ਸ਼ੋਸ਼ਣ ਅਤੇ ਇਜਾਰੇਦਾਰੀ ਹਿੱਤਾਂ 'ਤੇ। ਇਹਦੇ ਲਈ ਕੰਮ ਕਰਨ ਦੀ ਲੋੜ ਹੈ, ਸਿਰਫ਼ ਗੱਲਾਂ ਦੀ ਨਹੀਂ। ਅਮਲੀ ਪੱਧਰ 'ਤੇ ਕੋਸ਼ਿਸ਼ ਦੀ ਲੋੜ ਹੈ ਅਤੇ ਇਸ ਕੋਸ਼ਿਸ਼ ਵਿਚ ਸ਼ਾਂਤੀ ਲਈ ਜੱਦੋਜਹਿਦ ਅਤੇ ਆਜ਼ਾਦੀ ਲਈ ਲੜਾਈ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਸ਼ਾਂਤੀ ਤੇ ਆਜ਼ਾਦੀ ਦੇ ਵੈਰੀ ਇਕੋ ਜਮਾਤ ਦੇ, ਇਕੋ ਨਸਲ ਦੇ ਹੁੰਦੇ ਹਨ। ਇਕ ਪਾਸੇ ਸਾਮਰਾਜਵਾਦੀ ਤਾਕਤਾਂ ਹਨ ਜਿਨ੍ਹਾਂ ਦੇ ਹਿੱਤ ਅਤੇ ਇਜਾਰਾਦਾਰੀ ਸਿਰਫ਼ ਤਾਕਤ ਨਾਲ ਹੀ ਬਚ ਸਕਦੇ ਹਨ ਅਤੇ ਈਰਖਾ 'ਤੇ ਹੀ ਪਲਦੇ ਹਨ। ਇਨ੍ਹਾਂ ਦੇ ਵਿਰੋਧ ਵਿਚ ਉਹ ਖੜ੍ਹੇ ਹਨ ਜਿਹੜੇ ਮਨੁੱਖੀ ਜੀਵਨ ਨੂੰ ਬੈਂਕਾਂ ਅਤੇ ਫੈਕਟਰੀਆਂ ਤੋਂ ਵੱਧ ਅਹਿਮੀਅਤ ਦਿੰਦੇ ਹਨ, ਜਿਹੜੇ ਦੂਜਿਆਂ 'ਤੇ ਹੁਕਮ ਚਲਾਉਣ ਨਾਲੋਂ ਮਿਲ ਕੇ ਕੰਮ ਕਰਨਾ ਜ਼ਿਆਦਾ ਪਸੰਦ ਕਰਦੇ ਹਨ। ਸੰਖੇਪ 'ਚ ਸਿਆਸਤ ਅਤੇ ਸਦਾਚਾਰ ਵਿਚ, ਸਾਹਿਤ ਅਤੇ ਕਲਾ ਵਿਚ, ਰੋਜ਼ਾਨਾ ਜੀਵਨ ਵਿਚ, ਉਸਾਰੂ ਤੇ ਢਾਹੂ ਤਾਕਤਾਂ ਦਰਮਿਆਨ ਇਹ ਜੱਦੋ-ਜਹਿਦ ਬਹੁਤ ਸਾਰੇ ਮੋਰਚਿਆਂ ਉੱਤੇ ਅਤੇ ਅਨੇਕਾਂ ਰੂਪਾਂ ਵਿਚ ਕੀਤੀ ਜਾ ਰਹੀ

ਹੈ। ਜਿਹੜੇ ਆਜ਼ਾਦੀ ਦਾ ਸਤਿਕਾਰ ਕਰਦੇ ਹਨ ਅਤੇ ਸ਼ਾਂਤੀ ਨੂੰ ਪਿਆਰ ਕਰਦੇ ਹਨ, ਉਨ੍ਹਾਂ ਲਈ ਹਰ ਮੋਰਚੇ 'ਤੇ ਚੌਕਸ ਰਹਿਣ ਦੀ ਲੋੜ ਹੈ। ਉਦਾਹਰਨ ਵਜੋਂ ਸਾਮਰਾਜਵਾਦ ਤੇ ਵਿਰੋਧੀ ਤਾਕਤਾਂ ਵਿਚਲੇ ਇਸ ਨਾ ਰੋਕੇ ਜਾ ਸਕਣ ਵਾਲੇ ਝਗੜੇ ਤੋਂ ਬਿਨਾਂ ਕੋਈ ਥੋੜ੍ਹਾ ਸਮਾਂ ਪਹਿਲਾਂ ਆਜ਼ਾਦ ਹੋਏ ਮੁਲਕਾਂ ਵਿਚਾਲੇ ਹਿੰਸਕ ਆਪਸੀ ਵਿਰੋਧਤਾਈਆਂ ਹਨ। ਇਸ ਕਿਸਮ ਦੇ ਫ਼ਰਕ ਪਾਕਿਸਤਾਨ ਅਤੇ ਗੁਆਂਢੀ ਮੁਲਕ ਭਾਰਤ ਦਰਮਿਆਨ ਹਨ, ਅਫਰੀਕਾ ਦੇ ਇਸ ਮੁਲਕ ਦੇ ਦੂਜੇ ਨਾਲ ਹਨ। ਇਹ ਗੱਲ ਸਾਫ਼ ਹੈ ਕਿ ਉਹ ਤਾਕਤਾਂ ਹੀ ਇਕ ਗੱਲ ਦਾ ਫਾਇਦਾ ਉਠਾ ਸਕਦੀਆਂ ਹਨ ਜਿਹੜੀਆਂ ਦੁਨੀਆਂ ਵਿਚ ਸ਼ਾਂਤੀ ਅਤੇ ਵਿਸ਼ਵ ਭਰ ਦੇ ਭਾਈਚਾਰੇ ਦੀਆਂ ਚਾਹਵਾਨ ਨਹੀਂ। ਇਸ ਲਈ ਇਹ ਨਿਹਾਇਤ ਹੀ ਜ਼ਰੂਰੀ ਹੈ ਕਿ ਸ਼ਾਂਤੀ ਨੂੰ ਪਿਆਰ ਕਰਨ ਵਾਲੇ ਲੋਕ ਇਨ੍ਹਾਂ ਝਗੜਿਆਂ ਦੇ ਇਨਸਾਫ ਵਾਲੇ ਹੱਲ ਲੱਭਣ ਵਿਚ ਸਹਾਇਤਾ ਕਰਨ।

ਕੁਝ ਦਿਨ ਪਹਿਲਾਂ ਜਦੋਂ ਦੁਨੀਆਂ ਭਰ ਵਿਚ ਸੋਵੀਅਤ ਯੂਨੀਅਨ ਦੀ ਪੁਲਾੜ ਵਿਚ ਪ੍ਰਾਪਤੀ ਦਾ ਚਰਚਾ ਸੀ, ਮੇਰੇ ਮਨ ਵਿਚ ਇਹ ਸੋਚ ਵਾਰ-ਵਾਰ ਆਈ ਕਿ ਜਦ ਹੁਣ ਅਸੀਂ ਆਪਣੀ ਹੀ ਧਰਤੀ ਨੂੰ ਦੂਜਿਆਂ ਸਿਤਾਰਿਆਂ ਤੋਂ ਦੇਖ ਸਕਦੇ ਹਾਂ, ਇਹ ਛੋਟੇ ਛੋਟੇ ਧਰਤੀ ਦੇ ਟੁਕੜੇ, ਲੋਕਾਂ ਦੇ ਛੋਟੇ-ਛੋਟੇ ਸਮੂਹਾਂ ਉੱਪਰ ਕਾਬਜ਼ ਹੋਣ ਦੀ ਭਾਵਨਾ ਕਿੰਨੀ ਮੂਰਖਤਾ ਵਾਲੀ ਗੱਲ ਹੈ। ਕੀ ਸਾਡੇ ਦਰਮਿਆਨ ਸੂਝ ਵਾਲੇ, ਈਮਾਨਦਾਰ ਤੇ ਇਨਸਾਫ ਪਸੰਦ ਏਨੇ ਵੀ ਲੋਕ ਨਹੀਂ ਜਿਹੜੇ ਦੂਜਿਆਂ ਨੂੰ ਸਮਝਾ ਲੈਣ ਕਿ ਵਿਸ਼ਵ ਨੂੰ ਜਾਣ ਵਾਲਾ ਰਾਹ ਹੁਣ ਸਾਫ਼ ਹੈ। ਅਸੀਂ ਦੁਨੀਆਂ ਭਰ ਦੀਆਂ ਅਮੀਰੀਆਂ ਪਾ ਸਕਦੇ ਹਾਂ। ਸਾਨੂੰ ਆਪਣੇ ਸਾਰੇ ਫੌਜੀ ਅੱਡੇ ਬੰਦ ਕਰ ਦੇਣੇ ਚਾਹੀਦੇ ਹਨ ਅਤੇ ਸਾਰੇ ਬੰਬ, ਰਾਕਟ ਅਤੇ ਬੰਦੂਕਾਂ ਸਮੁੰਦਰ ਵਿਚ ਸੁੱਟ ਦੇਣੀਆਂ ਚਾਹੀਦੀਆਂ ਹਨ। ਸਾਨੂੰ ਇਕੱਠੇ ਹੋ ਕੇ ਵਿਸ਼ਵ ਨੂੰ ਜਿੱਤਣ ਲਈ ਅੱਗੇ ਵੱਧਣਾ ਚਾਹੀਦਾ ਹੈ ਜਿੱਥੇ ਸਾਡੇ ਸਾਰਿਆਂ ਵਾਸਤੇ ਥਾਂ ਹੈ, ਜਿੱਥੇ ਕਿਸੇ ਨੂੰ ਵੀ ਦੂਜੇ ਨਾਲ ਲੜਨ ਦੀ ਲੋੜ ਨਹੀਂ, ਜਿੱਥੇ ਅਸੀਮਤ ਥਾਂ ਹੈ ਅਤੇ ਜਿੱਥੇ ਅਣਗਿਣਤ ਸੰਸਾਰ ਹਨ? ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਭਾਵੇਂ ਸਾਡੇ ਰਾਹ ਵਿਚ ਅਨੇਕਾਂ ਮੁਸ਼ਕਿਲਾਂ ਹਨ, ਅਸੀਂ ਮਨੁੱਖਤਾ ਨੂੰ ਇਹ ਗੱਲ ਦਰਸਾਉਣ ਵਿਚ ਕਾਮਯਾਬ ਹੋਵਾਂਗੇ।

ਮੈਨੂੰ ਇਸ ਗੱਲ ਦਾ ਯਕੀਨ ਹੈ ਕਿ ਮਨੁੱਖਤਾ ਨੇ ਹੁਣ ਤੱਕ ਕਦੇ ਵੀ ਆਪਣੇ ਦੁਸ਼ਮਣਾਂ ਅੱਗੇ ਹੱਥਿਆਰ ਨਹੀਂ ਸੁੱਟੇ, ਹੁਣ ਵੀ ਜੇਤੂ ਹੋਵੇਗੀ ਅਤੇ ਅਖ਼ੀਰ ਨੂੰ ਨਫਰਤ, ਧੱਕਾ ਅਤੇ ਜੰਗ, ਸ਼ਾਂਤੀ ਅਤੇ ਵਿਸ਼ਵ ਭਰ ਦੇ ਭਾਈਚਾਰੇ ਅੱਗੇ ਹਾਰ ਜਾਣਗੀਆਂ। ਮੈਨੂੰ ਇਸ ਗੱਲ ਦਾ ਯਕੀਨ ਹੈ ਕਿ ਆਪਾਂ ਸਾਰੇ ਰਲ ਕੇ ਰਹਾਂਗੇ। ਜਿਸ ਤਰ੍ਹਾਂ ਫਾਰਸੀ ਕਵੀ ਹਾਫਿਜ਼ ਬਹੁਤ ਦੇਰ ਪਹਿਲਾਂ ਚਾਹੁੰਦਾ ਸੀ ਕਿ ਅਸੀਂ ਰਹੀਏ -

**ਹਰ ਦਿਸਦੀ ਨੀਂਹ ਨੁਕਸ ਵਾਲੀ ਹੈ,**
**ਪਿਆਰ ਦੀ ਨੀਂਹ ਹੀ ਨੁਕਸੋਂ ਬਿਨਾਂ ਹੈ।** (1963)





# ਨਵੇਂ ਪਾਠਕਾਂ ਲਈ ਫ਼ੈਜ਼

**- ਗੁਰਦੀਪ ਡੇਹਰਾਦੂਨ**

ਇਸ ਲੇਖ ਵਿਚ ਮੈਂ ਪਾਠਕਾਂ ਨਾਲ ਬੈਠ ਕੇ ਫ਼ੈਜ਼ ਅਹਿਮਦ ਫ਼ੈਜ਼ ਪੜ੍ਹਨਾ ਚਾਹੁੰਦਾ ਹਾਂ ਕਿਉਂਕਿ ਸ਼ਾਇਰੀ ਦੀ ਗੱਲ ਸ਼ਾਇਰੀ ਪੜ੍ਹਨ ਨਾਲ ਹੀ ਹੋ ਸਕਦੀ ਹੈ। ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸ਼ਾਇਰਾਂ ਬਾਰੇ ਦੋ ਗੱਲਾਂ ਕਰਨੀਆਂ ਜ਼ਰੂਰੀ ਸਮਝਦਾ ਹਾਂ।

ਸ਼ਾਇਰ ਤਿੰਨ ਜ਼ੁਮਰਿਆਂ ਵਿਚ ਵੰਡੇ ਜਾ ਸਕਦੇ ਹਨ। ਇੱਕ ਉਹ ਜੋ ਸ਼ਾਇਰੀ ਕਰਨ ਉੱਤੇ ਬਜ਼ਿਦ ਹਨ। ਉਨ੍ਹਾਂ ਦਾ ਕੱਦ ਸਾਧਾਰਨ ਪਾਠਕ ਤੋਂ ਉੱਚਾ ਨਹੀਂ ਹੁੰਦਾ ਅਤੇ ਉਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੁੰਦੀ ਹੈ। ਉਨ੍ਹਾਂ ਨੂੰ ਦਾਦ ਨਹੀਂ ਮਿਲਦੀ ਅਤੇ ਉਨ੍ਹਾਂ ਦੀ ਗਿਣਤੀ ਵੱਡੀ ਹੋਣ ਦਾ ਕਾਰਨ ਹੈ - ਜੇ ਫਲਾਣਾ ਐਹੋ ਜਿਹਾ ਕੁਝ ਲਿਖ ਕੇ ਖ਼ਾਸ-ਉਲ-ਖ਼ਾਸ ਹੋ ਸਕਦਾ ਹੈ ਤੇ ਮੈਂ ਕਿਉਂ ਨਹੀਂ?

ਦੂਸਰੇ ਉਹ ਸ਼ਾਇਰ ਹੁੰਦੇ ਹਨ ਜੋ ਖਾਸੇ ਸਿਰ ਕੱਢ ਹੁੰਦੇ ਹਨ। ਦਰਮਿਆਨੀ, ਪਰ ਦਾਦ ਸਾਰੀ ਬਟੋਰ ਲੈਂਦੇ ਹਨ। ਜਿਸਦਾ ਕਾਰਨ ਲੋਕ ਜਜ਼ਬਿਆਂ ਨੂੰ ਜ਼ੁਬਾਨ ਦੇਣਾ ਹੈ। ਦਰਅਸਲ ਹਰ ਅਹਿਦ ਵਿਚ, ਲੋਕ ਮਨਾਂ ਵਿਚ ਬਹੁਤ ਕੁਝ ਅਜਿਹਾ ਹੁੰਦਾ ਹੈ ਜਿਸਨੂੰ ਉਹ ਜ਼ੁਬਾਨ ਨਹੀਂ ਦੇ ਸਕਦੇ। ਜੋ ਇਨ੍ਹਾਂ ਹਸਰਤਾਂ, ਤੜਪਾਂ, ਗਿਲਿਆਂ, ਨਾਫ਼ਰਮਾਨੀਆਂ, ਬਗਾਵਤਾਂ ਨੂੰ ਜ਼ੁਬਾਨ ਦਿੰਦਾ ਹੈ, ਲੋਕਾਂ ਨੂੰ ਆਪਣੀ ਧੁਰ ਅੰਦਰ ਦੀ ਗੱਲ ਕਰਦਾ ਜਾਪਦਾ ਹੈ ਅਤੇ ਉਹ ਦਾਦ ਦਿੰਦੇ ਹਨ।

ਤੀਸਰੇ ਜ਼ੁਮਰੇ ਵਿਚ ਬਹੁਤ ਵੱਡੇ ਵਿਰਲੇ ਸ਼ਾਇਰ ਆਉਂਦੇ ਨੇ, ਉਹ ਵੀ ਹਰ ਦੌਰ ਵਿਚ ਨਹੀਂ। ਇਹ ਉਹ ਸ਼ਾਇਰ ਨੇ ਜੋ ਲੋਕਾਂ ਨੂੰ ਨਵੀਆਂ ਧੜਕਣਾਂ ਦਿੰਦੇ ਨੇ ਅਤੇ ਦਿਲਾਂ ਦਾ ਜ਼ਰਫ਼ ਬੇਪਨਾਹ ਵਧਾਉਂਦੇ ਨੇ। ਉਨ੍ਹਾਂ ਨੂੰ ਦਾਦ ਬਹੁਤ ਘੱਟ ਮਿਲਦੀ ਹੈ, ਕਿਉਂਕਿ ਇਹ ਸ਼ਾਇਰੀ ਲੋਕਾਂ ਦੀ ਪਹੁੰਚ ਤੋਂ ਅੱਗੇ ਹੁੰਦੀ ਹੈ। ਫ਼ੈਜ਼ ਇਸ ਜ਼ੁਮਰੇ ਦਾ ਸ਼ਾਇਰ ਹੈ ਪਰ ਉਸਨੂੰ ਦਾਦ ਦੂਸਰੇ ਜ਼ੁਮਰੇ ਦੇ ਸ਼ਾਇਰਾਂ ਤੋਂ ਵੀ ਵੱਧ ਮਿਲੀ। ਇਸਦੇ ਕਾਰਨ

1) ਫ਼ੈਜ਼ ਦਾ ਪਸੰਦੀਦਾ ਜ਼ੁਬਾਨ ਦੇ ਨਾਲ ਜੁੜੇ ਹੋਣਾ।
2) ਉਸ ਜ਼ੁਬਾਨ ਨੂੰ ਨਵਾਂ ਅਤੇ ਵੱਧ ਕੁਝ ਕਹਿਣ ਲਈ ਢਾਲ ਸਕਣਾ।
3) ਸਮੇਂ ਦੀ ਮੰਗ ਅਤੇ ਫ਼ੈਜ਼ ਦਾ ਉਸ ਲਈ ਰਣਖੇਤਰ ਵਿਚ ਉਤਰਨਾ।

ਸਮੇਂ ਦੀ ਜੱਦੋਜਹਿਦ (ਤਾਨਾਸ਼ਾਹੀ ਦੇ ਖ਼ਿਲਾਫ) ਨੇ ਫ਼ੈਜ਼ ਦੀ ਸ਼ਾਇਰੀ ਨੂੰ ਪ੍ਰੇਰਣਾ ਵੀ ਦਿੱਤੀ, ਵਿਸ਼ੇ ਵੀ ਦਿੱਤੇ, ਸੰਦਰਭ ਅਤੇ ਵਿਆਖਿਆ ਵੀ, ਜਿਸ ਨਾਲ ਉਹ ਆਪਣੇ ਸਮੇਂ ਤੋਂ ਪਹਿਲਾਂ ਹੀ ਲੋਕਾਂ ਤੱਕ ਪਹੁੰਚ ਗਈ।

ਹੁਣ ਮੈਂ ਅਸਲ ਕੰਮ, ਪਾਠਕਾਂ ਨਾਲ ਫ਼ੈਜ਼ ਸਾਂਝਾ ਕਰਨ ਵੱਲ ਆਉਂਦਾ ਹੈ। ਇਹ ਉਹ ਸ਼ਾਇਰੀ ਹੈ ਜਿਸਨੂੰ ਸਾਡੇ ਸਿਰਮੌਰ ਜੁਝਾਰ ਕਵੀ ਨੇ ਨਕਾਰਿਆ ਸੀ ਅਤੇ ਗਾਲਾਂ ਕੱਢੀਆਂ ਸਨ। ਫ਼ੈਜ਼ ਦੀ ਪਹਿਲੀ ਕਿਤਾਬ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਇਸ ਨਕਾਰੀ ਗਈ ਸ਼ਾਇਰੀ ਦਾ ਇਕ ਸ਼ਿਅਰ ਸੁਣੋ -

**ਜਿਸ ਧਜ ਸੇ ਕੋਈ ਮਕਤਲ ਮੇਂ ਗਿਯਾ ਵੋ ਸ਼ਾਨ ਸਲਾਮਤ ਰਹਿਤੀ ਹੈ**
**ਯੇ ਜਾਨ ਤੋ ਆਨੀ ਜਾਨੀ ਹੈ ਇਸ ਜਾਂ ਕੀ ਤੋ ਕੋਈ ਬਾਤ ਨਹੀਂ।**

ਇਕੱਤੀ ਸਾਲ ਦੀ ਉਮਰ ਵਿਚ ਫ਼ੈਜ਼ 'ਨਕਸ਼ੇ ਫਰਿਆਦੀ' ਲੈ ਕੇ ਪਾਠਕਾਂ ਸਾਹਮਣੇ ਆਇਆ। ਕਿਤਾਬ ਦੇ ਨਾਂ ਤੋਂ ਜ਼ਾਹਰ ਹੈ ਕਿ ਫ਼ੈਜ਼ ਨੇ ਹੁਸਨ ਦੇ ਚਿਹਰੇ ਤੋਂ ਪਰਦਾ ਸਰਕਾਇਆ ਹੈ ਅਤੇ ਨਕਸ਼ ਪਾਠਕਾਂ ਸਾਹਮਣੇ ਲਿਆਂਦੇ ਹਨ। ਗ਼ਾਲਬ ਦਾ ਸ਼ਿਅਰ ਹੈ –

**ਨਕਸ਼ ਫਰਿਆਦੀ ਹੈ ਕਿਸਕੀ ਸ਼ੋਖ਼ੀ-ਏ-ਤਹਰੀਰ ਕਾ,**
**ਕਾਗਜ਼ੀ ਹੈ ਪੈਰਹਨ ਹਰ ਪੈਕਰੇ ਤਸਵੀਰ ਕਾ।**

ਭਾਵ – ਨਕਸ਼ (ਹੁਸਨ) ਨੇ ਫ਼ਰਿਆਦੀਆਂ ਵਾਲਾ ਲਿਬਾਸ ਪਾਇਆ ਹੈ, ਇਹ ਕਿਸਦੀ ਤਹਰੀਰ (ਲਿਖ ਕੇ ਬਿਆਨ ਕਰਨਾ) ਦੀ ਛੇੜਛਾੜ ਦਾ ਗਿਲਾ ਕਰ ਰਿਹਾ ਹੈ। ਸੰਦਰਭ ਇਰਾਨ ਦੀ ਪੁਰਾਤਨ ਅਦਾਲਤ ਦਾ ਹੈ ਜਿੱਥੇ ਫ਼ਰਿਆਦੀ ਕਾਗਜ਼ ਦੇ ਕੱਪੜੇ ਪਾ ਕੇ ਪੇਸ਼ ਹੁੰਦਾ ਸੀ।

ਹੁਸਨ ਦੇ ਨਕਸ਼ਾਂ ਤੋਂ ਪਰਦਾ ਹਟਾਉਣ ਵਾਲਾ ਸ਼ਾਇਰ ਹੁਸਨ ਨਾਲ ਆਪਣਾ ਨੇੜ ਇਸ ਤਰ੍ਹਾਂ ਬਿਆਨ ਕਰਦਾ ਹੈ –

**ਹਾਏ ਉਸ ਜਿਸਮ ਕੇ ਕੰਬਖ਼ਤ ਦਿਲਆਵੇਜ਼ ਖ਼ਤੂਤ,**
**ਆਪ ਹੀ ਕਹੀਏ ਕਹੀਂ ਐਸੇ ਭੀ ਅਫ਼ਸੂੰ ਹੋਂਗੇ।**

ਯਾਨੀ ਉਸ ਕੰਬਖ਼ਤ ਦੇ ਤਿੱਖੇ ਨਕਸ਼ ਦਿਲ 'ਚ ਲਹਿ ਜਾਣ ਵਾਲੇ ਨੇ, ਤੁਸੀਂ ਹੀ ਦੱਸੋ ਹੈ ਏਦਾਂ ਦੀ ਜਾਦੂਈ ਤਾਸੀਰ ਹੋਰ ਕਿੱਥੇ? ਹੁਸਨ ਦੇ ਨਕਸ਼ਾਂ ਨਾਲ ਆਪਣੀ ਪ੍ਰਤੀਬੱਧਤਾ ਨੂੰ ਹੋਰ ਪੱਕੀ ਉਹ ਇੰਝ ਕਰਦਾ ਹੈ –

**ਅਪਨਾ ਮੌਜ਼ੂਏ ਸੁਖ਼ਨ ਇਨ ਕੇ ਸਿਵਾ ਔਰ ਨਹੀਂ,**
**ਤਬ-ਏ-ਸ਼ਾਇਰ ਕਾ ਵਤਨ ਇਨ ਕੇ ਸਿਵਾ ਔਰ ਨਹੀਂ।**

ਭਾਵ – ਮੇਰੀ ਸ਼ਾਇਰੀ ਦਾ ਵਿਸ਼ਾ ਹੁਸਨ ਤੋਂ ਸਿਵਾ ਹੋਰ ਨਹੀਂ 'ਤੇ ਇਸ ਵਿਚ ਹੀ ਸ਼ਾਇਰ ਦੀ ਰੂਹ ਟਿਕਦੀ ਹੈ।

'ਨਕਸ਼ੇ ਫਰਿਆਦੀ' ਵਿਚ – ਤੂੰ ਜੋ ਮਿਲ ਜਾਏ ਤੋ ਤਕਦੀਰ ਨਹੂੰ ਹੋ ਜਾਏ – ਵਾਲਾ ਫ਼ੈਜ਼ ਅਗਲੀ ਕਿਤਾਬ 'ਦਸਤੇ ਸਬਾ' ਵਿਚ – ਤੁਮਸੇ ਚਲਤੀ ਰਹੀ ਯੇ ਰਾਹ ਯੂੰਹੀ ਅੱਛਾ ਹੈ। ਤੁਮ ਨੇ ਮੁੜ ਕਰ ਭੀ ਨਾ ਦੇਖਾ ਤੋ ਕੋਈ ਬਾਤ ਨਹੀਂ – ਕਹਿਣ ਵਾਲਾ ਕੱਦ ਕੱਢ ਆਉਂਦਾ ਹੈ। ਖ਼ਿਆਲਾਂ ਵਿਚ ਪੁਖ਼ਤਗੀ ਅਤੇ ਨਿਖਾਰ ਦੀ ਕਮੀ ਦੇ ਬਾਵਜੂਦ ਨੌਜਵਾਨ ਫ਼ੈਜ਼ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਜਿਸ ਸਮਾਜ ਵਿਚ ਅਕਲ ਦੀ ਕੋਈ ਗੱਲ ਨਹੀਂ ਮੰਨੀ ਜਾਂਦੀ ਉੱਥੇ ਦੀਵਾਨਗੀ (ਚਾਲੂ ਕਦਰਾਂ ਨੂੰ ਨਕਾਰ ਦੇਣਾ) ਤੋਂ ਸਿਵਾ ਹੋਰ ਕੋਈ ਚਾਰਾ ਨਹੀਂ।

**ਬਜੁਜ਼ ਦੀਵਾਨਗੀ ਵਾਂ ਔਰ ਚਾਰਾ ਭੀ ਕਹੋ ਕਿਯਾ ਹੈ**
**ਜਹਾਂ ਅਕਲੋਖ਼ਿਰਦ ਕੀ ਏਕ ਭੀ ਮਾਨੀ ਨਹੀਂ ਜਾਤੀ।**

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਕੁਦਰਤ ਅਤੇ ਉਸਦੀਆਂ ਦੇਣਾਂ (ਧਰਤੀ, ਹਵਾ, ਪਾਣੀ ਅਤੇ ਇਨਸਾਨੀ ਮਿਹਨਤ) ਮੁਨਾਫ਼ਾ ਕਮਾਉਣ ਵਾਸਤੇ ਨਹੀਂ ਤਾਂ ਇਸ ਨੂੰ ਕੁਫ਼ਰ ਸਮਝਿਆ ਜਾਂਦਾ ਹੈ। ਅਜਿਹੀ ਹਾਲਤ ਵਿਚ ਸੱਚ ਨੂੰ ਦੀਵਾਨਗੀ ਅਖ਼ਤਿਆਰ ਕਰਨੀ ਪੈਂਦੀ ਹੈ।



ਦੇਖਣ ਵਾਲੀ ਗੱਲ ਇਹ ਹੈ ਕਿ ਆਪਣੀ ਪਹਿਲੀ ਕਿਤਾਬ ਵਿਚ ਹੀ ਫ਼ੈਜ਼ ਨੇ ਸ਼ਾਇਰੀ ਲਈ ਅਰਥ ਰੱਖਣ ਵਾਲੇ ਲਫ਼ਜ਼ਾਂ ਨੂੰ ਨਵਾਂ ਕੰਟੈਂਟ ਦੇਣਾ ਸ਼ੁਰੂ ਕਰ ਦਿੱਤਾ ਸੀ। ਦੀਵਾਨਗੀ ਜੋ ਆਸ਼ਕ ਦੇ ਮਹਿਬੂਬ ਵੱਲੋਂ ਨਕਾਰੇ ਜਾਣ ਜਾਂ ਸਮਾਜ ਵਲੋਂ ਇਸ਼ਕ ਉੱਤੇ ਹੋਣ ਵਾਲੇ ਦਮਨ ਦਾ ਪ੍ਰਤੀਕਰਮ ਸੀ, ਇਸੇ ਸੱਚ ਨੂੰ ਨਾ ਮੰਨਣ ਵਾਲੇ ਸਮਾਜ ਨੂੰ ਨਕਾਰਨ ਵਾਲਾ ਅਮਲ ਬਣ ਗਈ। 'ਦਸਤੇ ਸਬਾ' ਵਿਚ ਫ਼ੈਜ਼ ਕਹਿੰਦਾ ਹੈ –

**ਦਸਤੇ ਸਇਆਦ ਭੀ ਆਜਜ਼ ਹੈ ਕਫ਼ੇ ਗੁਲਚੀਂ ਭੀ**
**ਬੂਏ ਗੁਲ ਠਹਿਰੀ ਹੈ ਨਾ ਬੁਲਬੁਲ ਕੀ ਜ਼ਬਾਂ ਠਹਿਰੀ ਹੈ।**

ਭਾਵ – ਬੁਲਬੁਲ ਨੂੰ ਫੜ ਕੇ ਪਿੰਜਰੇ ਪਾਉਣ ਵਾਲਾ ਫਾਂਦਕੀ ਬੁਲਬੁਲ ਦੀ ਫ਼ਰਿਆਦ ਨੂੰ ਕੈਦ ਨਹੀਂ ਕਰ ਸਕਦਾ ਅਤੇ ਨਾ ਹੀ ਫੁਲ ਸਮੇਟਣ ਵਾਲਾ ਮਹਿਕਾਂ ਨੂੰ ਆਪਣੇ ਕਬਜ਼ੇ ਵਿਚ ਰੱਖ ਸਕਦਾ ਹੈ।

'ਦਸਤੇ ਸਬਾ' ਵਾਲਾ ਰੰਗ 'ਜ਼ਿੰਦਾਨਾਮਾ', 'ਦਸਤੇ ਤਹੇ ਸੰਗ', 'ਸਰੇ ਵਾਦੀਏ ਸੀਨਾ', 'ਸ਼ਾਮ-ਏ ਸ਼ਹਿਰੇ ਯਾਰਾ' ਅਤੇ 'ਗੁੱਬਾਰੇ ਅਇਆਮ' ਵਿਚ ਨਿਖਰਦਾ ਜਾਂਦਾ ਹੈ ਅਤੇ ਅਖ਼ੀਰ ਵਿਚ ਕੋਈ 1975 ਪਿੱਛੋਂ ਇਸ ਵਿਚ ਇੱਕ ਯਾਸਖੇਜ਼ੀ (ਉਦਾਸੀ) ਦਾ ਰੰਗ ਵੀ ਝਲਕਣ ਲੱਗਦਾ ਹੈ।

ਫ਼ੈਜ਼ ਦੀ ਪ੍ਰੇਰਣਾ ਇਨਕਲਾਬ ਹੈ। ਉਹ ਹਯਾਤ ਦੀਆਂ ਰੰਗੀਨੀਆਂ ਦੇ ਨਗ਼ਮੇ ਗਾਉਂਦਾ ਅੱਗੇ ਵੱਧਦਾ ਹੈ। ਉਸਦੀ ਪ੍ਰਗਤੀਸ਼ੀਲਤਾ ਵਿਚ ਇੱਕ ਕਲਾਸਕੀਅਤ ਹੈ।

**ਕੌਨ ਇਤਨਾ ਗ਼ਨੀ ਹੈ ਜਿਸਸੇ ਕੋਈ**
**ਨਕਦੇ ਸ਼ਮਸ਼ੇ ਕਮਰ ਕੀ ਬਾਤ ਕਰੇ**
**ਜਿਸਕੋ ਜੌਂਕੇ ਨਬਰਦ ਹੋ ਹਮਸੇ**
**ਜਾਏ ਤਸਕੀਰੇ ਕਾਇਨਾਤ ਕਰੇ**

ਅਰਥ – ਏਦਾਂ ਦਾ ਧਨੀ ਕੌਣ ਹੈ ਜਿਸ ਨਾਲ ਚੰਦ ਅਤੇ ਸੂਰਜ ਦੀ ਦੌਲਤ ਦੀ ਗੱਲ ਕਰੀਏ। ਜਿਨ ਸਾਡਾ ਮੁਕਾਬਲਾ ਕਰਨਾ ਹੈ ਜਾ ਕੇ ਦੁਨੀਆਂ ਨੂੰ ਆਪਣੇ ਵੱਲ ਕਰੇ। ਇਸ ਨਜ਼ਮ 'ਹਮਦ' ਵਿਚ ਸ਼ਾਇਰ ਹੋਰ ਕਹਿੰਦਾ ਹੈ –

**ਮਲਕਾ-ਏ ਸ਼ਹਿਰੇ ਜ਼ਿੰਦਗੀ ਤੇਰਾ**
**ਸ਼ੁਕਰ ਕਿਸ ਤੌਰ ਸੇ ਅਦਾ ਕੀਜੇ**
**ਦੌਲਤੇ ਦਿਲ ਕਾ ਕੁਛ ਸ਼ੁਮਾਰ ਨਹੀਂ**
**ਤੰਗਦਸਤੀ ਕਾ ਕਿਯਾ ਗਿਲੀ ਕੀਜੇ**
**ਜੋ ਤੇਰੇ ਹੁਸਨ ਕੇ ਫ਼ਕੀਰ ਹੁਏ**
**ਉਨਕੋ ਤਸ਼ਵੀਸ਼ਸੇ ਰੋਜ਼ਗਾਰ ਕਹਾਂ**
**ਦਰਦ ਬੇਚੇਂਗੇ ਗੀਤ ਗਾਏਂਗੇ**
**ਇਸਸੇ ਖ਼ੁਸ਼ਵਕਤ ਕਾਰੋਬਾਰ ਕਹਾਂ**

ਭਾਵ ਹੈ ਜ਼ਿੰਦਗੀ ਦੀ ਸ਼ਹਿਰ ਦੀ ਮਲਿਕਾ ਤੇਰੀਆਂ ਬਖਸ਼ੀਆਂ ਨਿਹਮਤਾਂ ਲਈ ਤੇਰਾ ਸ਼ੁਕਰ ਕਰਨ ਜੋਗੇ ਅਸੀਂ ਕਿੱਥੇ ਹਾਂ। ਦਿਲ ਦੀਆਂ ਦੌਲਤਾਂ ਦੇ ਰੂਬਰੂ ਹੱਥ ਤੰਗ ਹੋਣ ਦਾ

ਗਿਲਾ ਕੀ ਕਰੀਏ ? ਤੇਰੇ ਹੁਸਨ ਦੇ ਫ਼ਕੀਰਾਂ ਨੂੰ ਰੋਜ਼ੀ ਦੀ ਚਿੰਤਾ ਕੀ, ਦਰਦ ਵੇਚਣ 'ਤੇ ਗੀਤ ਗਾਉਣ ਨਾਲੋਂ ਚੰਗਾ ਕਾਰੋਬਾਰ ਕਿਹੜਾ ਹੈ ?

ਫ਼ੈਜ਼ ਦੀ ਰੁਮਾਨੀਅਤ, ਕਲਾਸਕੀਅਤ ਅਤੇ ਪ੍ਰਗਤੀਸ਼ੀਲਤਾ ਇੱਕ ਥਾਂ ਹੋ ਕੇ ਇਸ ਤਰ੍ਹਾਂ ਦੇ ਸ਼ਿਅਰਾਂ ਵਿਚ ਢਲਦੀ ਹੈ

**ਰੰਗ ਪੈਰਾਹਨ ਕਾ ਖ਼ੁਸ਼ਬੂ ਜ਼ੁਲਫ਼ ਲਹਿਰਾਨੇ ਕਾ ਨਾਮ**
**ਮੌਸਮੇ ਗੁਲ ਹੈ ਤੁਮਹਾਰੇ ਬਾਮ ਪਰ ਆਨੇ ਕਾ ਨਾਮ**

ਬਹਾਰ ਰੰਗ ਤੇ ਮਹਿਕਾਂ ਦੀ ਰੁੱਤ ਹੈ। ਫ਼ੈਜ਼ ਉਪਰਲੇ ਸ਼ਿਅਰ ਵਿਚ ਕਹਿੰਦਾ ਹੈ ਰੰਗ ਤੇਰੇ ਲਿਬਾਸ ਦਾ ਨਾਂ ਹੈ, ਖੁਸ਼ਬੂ ਤੇਰੇ ਜ਼ੁਲਫਾਂ ਖਿਲਾਰਨ ਦਾ ਅਤੇ ਤੇਰਾ ਬਨੇਰੇ ਉੱਤੇ ਆ ਖੜਨਾ ਬਹਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਫ਼ੈਜ਼ ਦਾ ਰੰਗ ਜ਼ਿੰਦਗੀ ਅਤੇ ਮਹਿਬੂਬਾ ਦੇ ਇੱਕ-ਮਿਕ ਹੋ ਜਾਣ ਵਿਚ ਨਿਖਰਦਾ ਹੈ। ਉਹ ਜ਼ਿੰਦਗੀ ਵਿਚ ਜ਼ਹਿਰ ਘੋਲਣ ਵਾਲੀ ਵਿਵਸਥਾ ਨਾਲ ਟੱਕਰ ਲੈਣ ਵਾਲੇ ਲਸ਼ਕਰਾਂ ਵਿਚ ਸ਼ਾਮਲ ਹੁੰਦਾ ਹੈ। ਉਸਦੇ ਤਰਾਨੇ ਜ਼ਿੰਦਗੀ ਨੂੰ ਗਲਘੋਟੂ ਨਜ਼ਾਮ ਤੋਂ ਸੁਰਖ਼ਰੂ ਕਰਵਾਉਣ ਦੀ ਮੰਜ਼ਿਲ ਦੀ ਗੱਲ ਛੇੜਦੇ ਹਨ -

**ਕਟਦੇ ਭੀ ਚਲੋ ਬੜ੍ਹਤੇ ਭੀ ਚਲੋ**
**ਬਾਜ਼ੂ ਭੀ ਬਹੁਤ ਹੈਂ ਸਰ ਭੀ ਬਹੁਤ**
**ਚਲਤੇ ਭੀ ਚਲੋ ਕਿ ਅਬ ਡੇਰੇ**
**ਮੰਜ਼ਲ ਹੀ ਪੇ ਡਾਲੇ ਜਾਏਂਗੇ**

ਫ਼ੈਜ਼ ਦੇ ਸਾਰੇ ਦਰਦ ਜ਼ਿੰਦਗੀ ਵਲੋਂ ਆਉਂਦੇ ਹਨ ਅਤੇ ਉਸਨੂੰ ਕਿਸੇ ਨਾਲ ਜੋ ਵੀ ਗਿਲਾ ਹੈ ਜ਼ਿੰਦਗੀ ਕਰਕੇ ਹੈ। ਜੋ ਜ਼ਿੰਦਗੀ ਦਾ ਦੋਖੀ ਹੈ ਉਸਦਾ ਵੈਰੀ ਹੈ।

**ਕਿਸੀ ਕਾ ਦਰਦ ਹੋ ਕਰਤੇ ਹੈਂ ਤੇਰੇ ਨਾਮ ਰਕਮ**
**ਗਿਲਾ ਹੈ ਜੋ ਭੀ ਕਿਸੀ ਸੇ ਤੇਰੇ ਸਬਬ ਸੇ ਹੈ**

(ਤੇਰੇ ਨਾਮ ਰਕਮ - ਤੇਰਾ ਨਾਂ ਨਾਲ ਜੋੜਦੇ ਹਾਂ)

ਫ਼ੈਜ਼ ਹੁਸਨ ਇਸ਼ਕ ਤੇ ਇਨਕਲਾਬ ਦਾ ਸ਼ਾਇਰ ਹੈ। ਉਸਦੀਆਂ ਗ਼ਜ਼ਲਾਂ, ਨਜ਼ਮਾਂ, ਰੁਬਾਈਆਂ, ਗੀਤਾਂ ਅਤੇ ਕਤਿਆਂ ਵਿਚ ਇਹ ਸਾਰੇ ਝੁਕਾਅ ਇਕਮਿਕ ਹੋਏ ਪਏ ਹਨ ਅਤੇ ਹੈਨ ਵੀ ਇੱਕ ਤੋਂ ਇੱਕ ਖੂਬਸੂਰਤ ਅੰਦਾਜ਼ ਵਿਚ। ਸੈਂਕੜਿਆਂ ਦੀ ਗਿਣਤੀ ਵਿਚ। ਇਨ੍ਹਾਂ ਵਿਚੋਂ ਹਰ ਪਾਠਕ ਆਪਣੀ ਪਹੁੰਚ ਮੁਤਾਬਕ ਆਪਣੇ ਸੋਹਜ ਦੀ ਤਸਕੀਨ ਕਰ ਸਕਦਾ ਹੈ। ਫ਼ੈਜ਼ ਨਿਗਾਹੇ ਯਾਰ ਦਾ ਕਰਜ਼ਾ ਉਤਾਰਨ ਲਈ ਸਭ ਕੁਝ ਵਾਰ ਦਿੰਦਾ ਹੈ -

**ਕਰਜ਼ੇ ਨਿਗਾਹੇ ਯਾਰ ਅਦਾ ਕਰ ਚੁਕੇ ਹੈਂ ਹਮ**
**ਸਬ ਕੁਛ ਨਿਸਾਰੇ ਰਾਹੇ ਵਫ਼ਾ ਕਰ ਚੁਕੇ ਹੈਂ ਹਮ**
**ਉਨਕੀ ਨਜ਼ਰ ਮੇਂ ਕਿਆ ਕਰੇਂ ਫੀਕਾ ਹੈ ਅਬ ਭੀ ਰੰਗ**
**ਜਿਤਨਾ ਲਹੂ ਥਾ ਸਰਫ਼ੇ ਕਬਾ ਕਰ ਚੁਕੇ ਹੈਂ ਹਮ**
**(ਸਰਫ਼ੇ ਕਬਾ - ਪੋਸ਼ਾਕ ਰੰਗਣ ਉੱਤੇ ਖਰਚ ਕਰਨਾ)**



**ਗ਼ਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ ਜੋ ਚਾਹੇ ਲਗਾ ਦੋ ਡਰ ਕੈਸਾ**
**ਗ਼ਰ ਜੀਤ ਗਏ ਤੋ ਕਿਆ ਕਹਿਨਾ, ਹਾਰੇ ਭੀ ਤੋਂ ਬਾਜ਼ੀ ਮਾਤ ਨਹੀਂ।**

**ਚਲੇ ਹੈਂ ਜਾਨੋਂਈਮਾਂ ਆਜ਼ਮਾਨੇ ਆਜ ਦਿਲਵਾਲੇ**
**ਵੋ ਲਾਏਂ ਲਸ਼ਕਰੇ ਅਗ਼ਿਆਰੋ ਆਦਾ ਹਮ ਭੀ ਦੇਖੇਂਗੇ**
**ਵੋ ਆਏਂ ਤੋ ਸਰੇ ਮਕਤਲ ਤਮਾਸ਼ਾ ਹਮ ਭੀ ਦੇਖੇਂਗੇ**
**(ਅਗ਼ਿਆਰੋ ਆਦਾ - ਦੁਸ਼ਮਣਾਂ ਦੀ ਫੌਜ)**

ਫ਼ੈਜ਼ ਦਾ ਇਸ਼ਕ ਵੀ ਉਸਦਾ ਹੀ ਮਾਮਲਾ ਨਹੀਂ, ਇਹ ਸਭ ਦਿਲਾਂ ਦੀ ਧੜਕਣ ਹੈ। ਵਫ਼ਾ ਦਾ ਇਮਤਿਹਾਨ ਵੀ ਇੱਕ ਵਿਆਪਕ ਲੋਕ ਲਹਿਰ ਹੈ।

**ਹੁਈ ਫਿਰ ਇਮਤਿਹਾਨੇਂ ਇਸ਼ਕ ਕੀ ਤਦਬੀਰ ਬਿਸਮਿੱਲਾਹ**
**ਹਰ ਇਕ ਜਾਨਬ ਮਚਾ ਕੋਹਰਾਮੇਂ ਜ਼ਾਰੋਗੀਰ ਬਿਸਮਿੱਲਾਹ**
**ਗਲੀ ਕੂਚੋਂ ਮੇਂ ਬਿਖਰੀ ਸ਼ੋਰਸ਼ੇ ਜ਼ੰਜੀਰ ਬਿਸਮਿੱਲਾਹ**
**(ਕੋਹਰਾਮੇਂ ਜ਼ਾਰੋਗੀਰ - ਜੰਗ ਦਾ ਸ਼ੋਰ, ਫੜਫੜਾਈ ਦਾ ਹੰਗਾਮਾ**
**ਸ਼ੋਰਸ਼ੇ ਜ਼ੰਜੀਰ - ਹਥਕੜੀਆਂ ਅਤੇ ਬੇੜੀਆਂ ਦੇ ਖੜਕਣ ਦਾ ਰੌਲਾ)**

ਫ਼ੈਜ਼ ਆਸ਼ਕਾਂ ਦੀ ਵਫ਼ਾ ਦਾ ਜ਼ਿਕਰ ਇੰਝ ਕਰਦਾ ਹੈ -

**ਜਬ ਘੁਲੀ ਤੇਰੀ ਰਾਹੋਂ ਮੇਂ ਸ਼ਾਮੇਂ ਸਿਤਮ**
**ਹਮ ਚਲੇ ਆਏ ਲਾਏ ਜਹਾਂ ਤੱਕ ਕਦਮ**
**ਲਬ ਪੈ ਹਰਫ਼ੇ ਗ਼ਜ਼ਲ ਦਿਲ ਮੇਂ ਕੰਦੀਲੇ ਗ਼ਮ**
**ਅਪਨਾ ਗ਼ਮ ਥਾ ਗਵਾਹੀ ਤੇਰੇ ਹੁਸਨ ਕੀ**
**ਦੇਖ ਕਾਇਮ ਰਹੇ ਉਸ ਗਵਾਹੀ ਪੇ ਹਮ**
**ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ**
**(ਕੰਦੀਲ - ਮਸ਼ਾਲ)**

ਉਪਰਲੀਆਂ ਸਤਰਾਂ ਨਜ਼ਮ 'ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ' ਵਿਚੋਂ ਲਈਆਂ ਗਈਆਂ ਹਨ। ਦਰਅਸਲ ਇਹ 25 ਸਤਰਾਂ ਦੀ ਨਜ਼ਮ ਸਾਡੇ ਵੇਲਿਆਂ ਦਾ ਮਹਾਂਕਾਵਿ ਹੈ। ਜ਼ਿੰਦਗੀ ਤੱਕ ਰਸਾਈ ਦੀ ਘਾਲਣਾ 'ਤੇ ਉਸਦੇ ਹੁਸਨ ਦੀ ਗਵਾਹੀ ਦੀ ਦਾਸਤਾਨ ਹੈ। ਇਹ 25 ਸਤਰਾਂ ਦੀ ਨਜ਼ਮ ਜਿਸਨੂੰ ਗਾਉਂਦੀਆਂ ਮਹਿਫ਼ਿਲਾਂ ਚਸ਼ਮਤਰ ਹੋ ਜਾਂਦੀਆਂ ਸੀ ਜੇ ਅੱਜ ਦੇ ਪਾਠਕਾਂ ਨੂੰ ਅਜ਼ਬਰ ਹੋ ਜਾਏ ਤਾਂ ਉਨ੍ਹਾਂ ਦੇ ਸੋਹਜਸੁਆਦ ਵਿਚ ਜਾਨ ਪੈ ਸਕਦੀ ਹੈ। ਨਜ਼ਮ ਵਿਚੋਂ ਹੋਰ ਵੰਨਗੀ ਦਿੱਤੇ ਬਿਨਾਂ ਰਿਹਾ ਨਹੀਂ ਜਾ ਸਕਦਾ -

**ਨਾਰਸਾਈ ਅਗਰ ਅਪਨੀ ਤਕਦੀਰ ਥੀ**
**ਤੇਰੀ ਉਲਫ਼ਤ ਤੋਂ ਅਪਨੀ ਹੀ ਤਦਬੀਰ ਥੀ**
**ਕਿਸਕੋ ਸ਼ਿਕਵਾ ਹੈ ਗ਼ਰ ਸ਼ੌਕ ਕੇ ਕਾਫ਼ਲੇ**
**ਹਿਜਰ ਕੀ ਕਤਲਗਾਹੋਂ ਸੇ ਸਭ ਜਾ ਮਿਲੇ**
**ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ**

**ਔਰ ਨਿਕਲੇਂਗੇ ਅਸ਼ਾਕ ਕੇ ਕਾਫ਼ਲੇ**
**ਜਿਨ ਕੀ ਰਾਹੇਂ ਤਲਬ ਸੇ ਹਮਾਰੇ ਕਦਮ**
**ਮੁਖ਼ਤਸਰ ਕਰ ਚਲੇ ਦਰਦ ਕੇ ਫ਼ਾਸਲੇ**
**ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ**

**(ਨਾਰਸਾਈ = ਨਾ ਪਹੁੰਚ ਹੋਣਾ, ਅਲਮ = ਝੰਡੇ, ਅਸ਼ਾਕ – ਆਸ਼ਕ ਦਾ ਬਹੁਵਚਨ, ਮੁਖ਼ਤਸਰ = ਘੱਟ ਕਰ ਦੇਣਾ)**

ਹੁਣ ਤੱਕ ਪਾਠਕਾਂ ਨਾਲ ਜੋ ਸ਼ਿਅਰ ਸਾਂਝੇ ਕੀਤੇ ਹਨ ਉਹ ਆਮ ਗ਼ਜ਼ਲਾਂ ਅਤੇ ਨਜ਼ਮਾਂ ਵਿਚੋਂ ਹੀ ਲਏ ਗਏ ਹਨ। ਫ਼ੈਜ਼ ਨੇ ਬਹੁਤ ਸ਼ਾਇਰਾਨਾ ਗੀਤ ਵੀ ਲਿਖੇ ਹਨ ਇਥੋਂ ਤੱਕ ਕਿ ਫਿਲਮੀ ਗੀਤ ਵੀ। ਮੈਂ ਇੱਥੇ ਫ਼ੈਜ਼ ਦੇ ਇੱਕ ਗੀਤ ਦਾ ਜ਼ਿਕਰ ਕਰਨਾ ਚਾਹਾਂਗਾ, ਏਨਾ ਸ਼ਾਇਰਾਨਾ ਗੀਤ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਸ਼ਾਇਦ ਹੀ ਕਿਤੇ ਮਿਲੇ –

**ਯੇ ਧੂਪ ਕਿਨਾਰਾ ਸ਼ਾਮ ਢਲੇ**
**ਮਿਲਤੇ ਹੈਂ ਦੋਨੋਂ ਵਕਤ ਜਹਾਂ**
**ਜੋ ਰਾਤ ਨਾ ਦਿਨ, ਜੋ ਆਜ ਨਾ ਕਲ**
**ਪਲ ਪਰ ਭਰ ਕੋ ਅਮਰ ਪਲ ਭਰ ਕੋ ਧੂਆਂ**
**ਇਸ ਧੂਪ ਕਿਨਾਰੇ ਪਲ ਦੋ ਪਲ**
**ਹੋਠੋਂ ਕੀ ਲਪਕ**
**ਬਾਹੋਂ ਕੀ ਖ਼ਨਕ**
**ਯੇ ਮੇਲ ਹਮਾਰਾ ਝੂਠ ਨਾ ਸੱਚ**
**ਕਿਉ ਗਰ ਕਰੋ ਕਿਉਂ ਦੋਸ਼ ਧਰੋ**
**ਕਿਸ ਕਾਰਨ ਝੂਠੀ ਬਾਤ ਕਰੋ**
**ਜਬ ਤੇਰੀ ਸਮੁੰਦਰ ਆਂਖੋਂ ਮੇਂ**
**ਇਸ ਸ਼ਾਮ ਕਾ ਸੂਰਜ ਡੂਬੇਗਾ**
**ਸੁਖ ਸੋਏਂਗੇ ਘਰ ਦਰ ਵਾਲੇ**
**ਔਰ ਰਾਹੀ ਅਪਨੀ ਰਾਹ ਲੇਗਾ**

ਸ਼ਾਮ ਦੇ ਵੇਲੇ, ਧੁੱਪ ਦੇ ਪੱਛਮੀ ਕੰਢੇ ’ਤੇ ਰਾਤ ਅਤੇ ਦਿਨ ਦਾ ਮਿਲਣਾ ਕੀ ਖ਼ੂਬਸੂਰਤ ਤਸੱਵਰ ਹੈ। ਸਮਾਂ ਕਦੇ ਧੂੰਏਂ ਵਾਂਗ ਉੜਦਾ ਜਾਂਦਾ ਹੈ ਅਤੇ ਕਦੇ ਇਹ ਹੀ ਇਹੋ ਹੈ ਇਸ ਤੋਂ ਪਰੇ ਹੋਰ ਕੁਝ ਹੈ ਹੀ ਨਹੀਂ। ਉੱਪਰ ਦਿੱਤਾ ਗੀਤ ਫ਼ੈਜ਼ ਦੇ ਬਿੰਬਾਂ ਵੱਲ ਲੈ ਆਉਂਦਾ ਹੈ। ਫ਼ੈਜ਼ ਬਿੰਬਾਂ ਦਾ ਬਾਦਸ਼ਾਹ ਹੈ। ਉਸ ਨੇ ਬੇਸ਼ੁਮਾਰ ਖ਼ੂਬਸੂਰਤ ਬਿੰਬ ਉਰਦੂ ਸ਼ਾਇਰੀ ਨੂੰ ਦਿੱਤੇ ਹਨ। ਕੁਝ ਮਿਸਾਲਾਂ –

**ਸ਼ਮੇਂ ਨਜ਼ਰ ਖ਼ਯਾਲ ਕੇ ਅੰਜੁਮ ਜਿਗਰ ਕੇ ਦਾਗ਼**
**ਜਿਤਨੇ ਚਿਰਾਗ਼ ਹੈਂ ਤੇਰੀ ਮਹਿਫ਼ਲ ਸੇ ਆਏ ਹੈਂ**
**(ਅੰਜੁਮ = ਤਾਰੇ)**

**ਯਾਦੇ ਗ਼ਜ਼ਾਲ ਚਸ਼ਮਾਂ ਜ਼ਿਕਰੇ ਸਮਨ ਉਜ਼ਾਰਾਂ**
**ਜਬ ਚਾਹਾ ਕਰ ਲੀਆ ਹੈ ਕੁੰਜੇ ਕਫ਼ਸ ਬਹਾਰਾਂ**



(ਹਰਨੋਟਿਆਂ ਵਰਗੀਆਂ ਅੱਖਾਂ ਨੂੰ ਯਾਦ ਕਰ ਕੇ, ਫੁੱਲਾਂ ਵਰਗੇ ਰੁਖ਼ਸਾਰਾਂ ਦਾ ਜ਼ਿਕਰ ਕਰ ਕੇ ਜਦੋਂ ਜੀਅ ਕੀਤਾ ਅਸੀਂ ਆਪਣੀ ਕੈਦ ਕੋਠੜੀ ਵਿਚ ਬਹਾਰ ਲੈ ਆਂਦੀ ਹੈ।

**ਬਜ਼ਮੇਂ ਖ਼ਯਾਲ ਮੇਂ ਤੇਰੇ ਹੁਸਨ ਕੀ ਸ਼ਮ੍ਹਾਂ ਜਲ ਗਈ**
**ਦਰਦ ਕਾ ਚਾਂਦ ਬੁਝ ਗਿਆ ਹਿਜਰ ਕੀ ਰਾਤ ਢਲ ਗਈ।**

**ਯਕ ਜਾਨ ਨਾ ਹੋ ਸਕੀਏ ਅਨਜਾਨ ਨਾ ਬਨ ਸਕੀਏ**
**ਯੂੰ ਟੂਟ ਗਈ ਦਿਲ ਮੇਂ ਸ਼ਮਸ਼ੀਰੇ ਸ਼ਨਾਸ਼ਾਈ**
**(ਸ਼ਨਾਸ਼ਾਈ – ਧੁਰ ਅੰਦਰ ਦੀ ਪਛਾਣ)**

**ਕਬ ਮਹਿਕੇਗੀ ਫ਼ਸਲੇਗੁਲ ਕਬ ਬਹਿਕੇਗਾ ਮਹਿਖ਼ਾਨਾ**
**ਕਬ ਸੁਬਹੋਸੁਖ਼ਨ ਹੋਗੀ ਕਬ ਸ਼ਾਮੇਨਜ਼ਰ ਹੋਗੀ।**

**ਖ਼ੁਆਬ ਕਿਤਨੇ ਤੇਰੀ ਰਾਹੋਂ ਮੇਂ ਸੰਗਸਾਰ ਹੁਏ**
**(ਸੰਗਸਾਰ – ਪੱਥਰ ਮਾਰ ਕੇ ਮਾਰ ਦੇਣਾ)**

**ਯੇ ਜਫ਼ਾਏ ਗ਼ਮ ਕਾ ਚਾਰਾ ਵੋ ਨਜਾਤੇ ਦਿਲ ਕਾ ਆਲਮ**
**ਤੇਰਾ ਹੁਸਨ ਦਸਤੇ ਈਸਾ ਤੇਰੀ ਯਾਦ ਰੂਏ ਮਰੀਅਮ**

ਫ਼ੈਜ਼ ਲੰਮਾ ਅਰਸਾ ਵਿਵਸਥਾ ਦੇ ਜ਼ੁਲਮਾਂ ਦੇ ਖਿਲਾਫ਼ ਲੜਿਆ, ਜੇਲ੍ਹਾਂ ਅਤੇ ਕਾਲ–ਕੋਠੜੀਆਂ ਵਿਚ ਸਿਤਮ ਦੇ ਸਾਏ ਹੇਠ ਜੀਵਿਆ। ਜੇਲ੍ਹ ਬਾਰੇ ਉਸ ਨੇ ਬਹੁਤ ਸ਼ਿਅਰ ਕਹੇ ਹਨ। ਉਂਝ ਜੇ ਫ਼ੈਜ਼ ਛਾਪਣ ਵਾਲੇ ਉਨ੍ਹਾਂ ਸ਼ਿਅਰਾਂ ਨੂੰ ਇੱਕ ਥਾਂ ਕਰ ਕੇ ਛਾਪਣ ਤਾਂ ਚੰਗਾ ਹੋਵੇ।

ਵੰਨਗੀ ਵੇਖੋ–

**ਚਾਂਦ ਤਾਰੇ ਇਧਰ ਨਹੀਂ ਆਤੇ**
**ਵਰਨਾ ਜ਼ਿੰਦਾਂ ਮੇਂ ਆਸਮਾਂ ਹੈ ਵਹੀ**
**(ਜ਼ਿੰਦਾਂ = ਜੇਲ੍ਹ)**

ਜੇਲ੍ਹ ਦੀ ਸ਼ਾਮ ਸਵੇਰ ਨੂੰ ਫ਼ੈਜ਼ ਮਹਿਬੂਬ ਨਾਲ ਜੋੜੀ ਰੱਖਦਾ ਹੈ –

**ਬੁਝਾ ਜੋ ਰੋਜ਼ਨੇ ਜ਼ਿੰਦਾਂ ਤੋ ਦਿਲ ਯੇ ਸਮਝਾ ਹੈ**
**ਤੇਰੀ ਮਾਂਗ ਸਿਤਾਰੋਂ ਸੇ ਭਰ ਗਈ ਹੋਗੀ**
**ਚਮਕ ਉਠੇ ਹੈਂ ਸਲਾਸਲ ਤੋਂ ਹਮਨੇ ਜਾਨਾ ਹੈ**
**ਅਬ ਸੁਬਹ ਤੇਰੇ ਰੁਖ਼ ਪਰ ਬਿਖਰ ਗਈ ਹੋਗੀ**
**(ਰੋਜ਼ਨੇ ਜ਼ਿੰਦਾਂ = ਜੇਲ੍ਹ ਦਾ ਦਰੀਚਾ, ਸਲਾਸਲ = ਜ਼ੰਜੀਰਾਂ, ਹਥਕੜੀਆਂ)**

**ਕਫ਼ਸ ਉਦਾਸ ਹੈ ਯਾਰੋ ਸਬਾ ਸੇ ਕੁਛ ਤੋ ਕਹੋ**
**ਕਹੀਂ ਤੋਂ ਬਹਿਰੇ ਖ਼ੁਦਾ ਆਜ ਜ਼ਿਕਰੇ ਯਾਰ ਚਲੇ**
**(ਕਫ਼ਸ = ਜੇਲ੍ਹ ਦੀ ਕੋਠੜੀ)**

ਫ਼ੈਜ਼ ਦੇ ਬਹੁਤ ਸਾਰੇ ਸ਼ਿਅਰਾਂ ਵਿਚ ਇੱਕ ਇਸ ਤਰ੍ਹਾਂ ਦੀ ਖ਼ੂਬਸੂਰਤੀ ਹੈ ਜੋ ਉਸ ਤੋਂ ਪਹਿਲੋਂ ਦੇਖਣ ਵਿਚ ਨਹੀਂ ਆਈ। ਉਹ ਪਾਠਕ ਨੂੰ ਨਵਾਂ ਸੋਹਜ ਸੁਆਦ ਬਖਸ਼ਦੀ ਹੈ –

**ਦਿਲੋ ਜਾਂ ਫ਼ਿਦਾਏ ਰਾਹੇ ਕਭੀ ਆ ਕੇ ਦੇਖ ਹਮਦਮ**
**ਸਰੇ ਕੂਏ ਦਿਲਫ਼ਗਾਰਾਂ ਸ਼ਬੇ ਆਰਜ਼ੂ ਕਾ ਆਲਮ**
**(ਦਿਲਫ਼ਗਾਰ = ਜ਼ਖ਼ਮੀ ਦਿਲਾਂ ਵਾਲੇ)**
**ਨਾ ਸਵਾਲੇ ਵਸਲ ਨਾ ਅਰਜ਼ੇ ਗ਼ਮ ਨਾ ਹਕਾਇਤੇਂ ਨਾ ਸ਼ਿਕਾਇਤੇਂ**
**ਤੇਰੇ ਅਹਿਦ ਮੇਂ ਦਿਲੇਜ਼ਾਰ ਕੇ ਸਭੀ ਅਖ਼ਤਿਆਰ ਚਲੇ ਗਏ।**

ਉਰਦੂ ਵਿਚ ਕਦੀ ਮੀਰ ਸਾਹਿਬ ਨੇ ਕਿਹਾ ਸੀ,

**ਹਮੇਂ ਇਸ਼ਕ ਮੇਂ ਮੀਰ ਚੁਪ ਲਗ ਗਈ ਹੈ**
**ਨਾ ਸ਼ਿਕਵਾ ਸ਼ਿਕਾਇਤ ਨਾ ਹਰਫ਼ੇ ਹਕਾਇਤ**

ਪਰ ਦਿਲ ਦੇ ਸਾਰੇ ਅਖ਼ਤਿਆਰ ਖੁਸ ਜਾਣ ਦਾ ਅਹਿਸਾਸ ਸਿਰਫ਼ ਫ਼ੈਜ਼ ਦੇ ਹਿੱਸੇ ਆਇਆ ਹੈ –

**ਦਿਲ ਨਾਉਮੀਦ ਤੋਂ ਨਹੀਂ ਨਾਕਾਮ ਹੀ ਤੋ ਹੈ**
**ਲੰਬੀ ਹੈ ਗ਼ਮ ਕੀ ਸ਼ਾਮ ਮਗਰ ਸ਼ਾਮ ਹੀ ਤੋ ਹੈ।**

**ਦਸਤੇ ਫਲਕ ਮੇਂ ਗ਼ਰਦਿਸ਼ੇਂ ਤਕਦੀਰ ਤੋ ਨਹੀਂ**
**ਦਸਤੇ ਫਲਕ ਮੇਂ ਗਰਦਿਸ਼ੇ ਅਇਆਮ ਹੀ ਤੋ ਹੈ**
**(ਗਰਦਿਸ਼ੇ ਅਇਆਮ – ਦਿਨਾਂ ਦੀ ਗਰਦਿਸ਼)**
**ਜਾਓ ਅਬ ਸੋ ਰਹੋ ਸਿਤਾਰੋ ਹਿਜਰ ਕੀ ਰਾਤ ਢਲ ਚਲੀ ਹੈ।**

ਫ਼ੈਜ਼ ਨੇ 'ਲੰਬੀ ਹੈ ਗ਼ਮ ਕੀ ਸ਼ਾਮ ਮਗਰ ਸ਼ਾਮ ਹੀ ਤੋ ਹੈ' ਕਹਿ ਕੇ ਗ਼ਮਾਂ ਵਾਲਿਆਂ ਲਈ ਗ਼ਮ ਦੀ ਸ਼ਾਮ ਛੋਟੀ ਕਰਨ ਦੀ ਮਿਹਰਬਾਨੀ ਕੀਤੀ ਹੈ। ਉਨ੍ਹਾਂ ਨੇ ਜ਼ਿੰਦਗੀ ਲਈ ਜਾਂ ਨਿਸਾਰ ਕਰਨ ਨੂੰ ਸਦਾ ਰਹਿਣ ਵਾਲੀ ਸ਼ਾਨ ਕਿਹਾ ਹੈ ਅਤੇ 'ਜਾਨ ਤੋਂ ਆਨੀ ਜਾਨੀ ਹੈ ਇਸ ਜਾਂ ਕੀ ਤੋ ਕੋਈ ਬਾਤ ਨਹੀਂ' ਕਹਿ ਕੇ ਮੌਤ ਨੂੰ ਮਾਮੂਲੀ ਗੱਲ ਬਣਾ ਦਿੱਤਾ ਹੈ। ਇਹ ਫ਼ੈਜ਼ ਹੀ ਹੈ ਜਿਸਨੂੰ ਦਰਦੇ ਜਿਗਰ ਦਾ ਫ਼ਿਕਰ ਹੋਇਆ ਹੈ –

**ਜਬ ਕੁੰਜੇ ਕਫ਼ਸ ਮਸਕਨ ਠਹਿਰਾ ਔਰ ਜੇਬੋਗ਼ਰੇਬਾਂ ਤੌਕੋਰਸਨ**
**ਆਏ ਕਿ ਨਾ ਆਏ ਮੌਸਮੇ ਗੁਲ ਇਸ ਦਰਦੇ ਜਿਗਰ ਕਾ ਕਿਆ ਹੋਗਾ**

ਅਤੇ ਫ਼ੈਜ਼ ਪਿੱਛੋਂ ਸਵੇਰਾਂ ਸ਼ਾਮਾਂ ਨੂੰ ਓਦਾਂ ਦਾ ਦਮਸਾਜ਼ ਮਿਲਣਾ ਮੁਸ਼ਕਿਲ ਹੈ–

**ਸੁਬਹੋ ਨਾਸ਼ਾਦ ਭੀ ਰੋਜ਼ੇ ਨਾਕਾਮ ਭੀ**
**ਉਨਕਾ ਦਮਸਾਜ਼ ਅਪਨੇ ਸਿਵਾ ਕੌਨ ਹੈ**

**ਰਖ਼ਤੇ ਦਿਲ ਬਾਂਧ ਲੋ ਦਿਲ ਫ਼ਗਾਰੋ ਚਲੇ**
**ਫਿਰ ਹਮੀਂ ਕਤਲ ਹੋ ਆਏਂ ਯਾਰੋ ਚਲੋ।**



ਜ਼ਿੰਦਗੀ ਲਈ ਫਿਰ ਕਤਲ ਹੋਣ ਵਾਲੇ ਫ਼ੈਜ਼ ਵਰਗੇ ਲੋਕਾਂ ਦੀ ਦਿਲਦਾਰੀ ਸਦਕਾ ਜ਼ਿੰਦਗੀ ਦਾ ਸਾਰਾ ਰਾਹ ਯਾਦਗਾਰਾਂ ਭਰਿਆ ਹੈ। ਕਿਤੇ ਜੰਮ ਕੇ ਹੋਈਆਂ ਲੜਾਈਆਂ ਦੀਆਂ ਯਾਦਗਾਰਾਂ ਜਦੋਂ ਦੁਸ਼ਮਣਾਂ ਲਈ ਲੋਕਾਂ ਨੂੰ ਠੱਲ ਪਾਉਣੀ ਮੁਸ਼ਕਿਲ ਹੋ ਗਈ ਅਤੇ ਕਿਤੇ ਕੁਰਬਾਨੀਆਂ ਦੀਆਂ ਯਾਦਗਾਰਾਂ

ਜੋ ਰੁਕੇ ਤੋ ਕੋਹੇਗਰਾਂ ਥੇ ਹਮ ਜੋ ਚਲੇ ਤੋ ਜਾਂ ਸੇ ਗੁਜ਼ਰ ਗਏ
ਰਾਹੇਯਾਰ ਤੁਝੇ ਕਦਮ–ਕਦਮ ਹਮਨੇ ਯਾਦਗਾਰ ਬਨਾ ਦੀਆ

ਜ਼ਿੰਦਗੀ ਦੀਆਂ ਜੱਦੋਜਹਿਦਾਂ ਵਿਚ ਫ਼ੈਜ਼ ਉੱਤੇ ਉਦਾਸੀ ਵੀ ਤਾਰੀ ਹੁੰਦੀ ਹੈ। ਮੈਂ ਇਸਦੇ ਜ਼ਿਕਰ ਨਾਲ ਆਪਣੀ ਗੱਲ ਖ਼ਤਮ ਕਰਦਾ ਹੈ –

ਮਿਸਲੇ ਤਸਵੀਰੇਯਾਸ ਹੈ ਦੁਨੀਆਂ ਹਾਏ ਕਿਤਨੀ ਉਦਾਸ ਹੈ ਦੁਨੀਆਂ

ਫੂਲ ਮੁਰਝਾ ਗਏ ਹੈਂ ਸਾਰੇ
ਥਮਤੇ ਨਹੀਂ ਹੈਂ ਫ਼ਲਕ ਕੇ ਆਂਸੂ
ਸ਼ਮੇਂ ਬੇਨੂਰ ਹੋ ਗਈ ਹੈਂ

ਹਮ ਤੇਰੇ ਪਾਸ ਆਏ
ਸਾਰੇ ਭਰਮ ਮਿਟਾ ਕਰ
ਸਭ ਚਾਹਤੇਂ ਭੁਲਾ ਕਰ
ਕਿਤਨੇ ਉਦਾਸ ਆਏ
ਹਮ ਤੇਰੇ ਪਾਸ ਜਾਕਰ

ਜਬ ਦੁਖ ਕੀ ਨਦੀਆ ਮੇਂ ਹਮਨੇ
ਜੀਵਨ ਕੀ ਨਈਆ ਡਾਲੀ ਥੀ
ਯੂੰ ਲਗਤਾ ਥਾ ਦੋ ਹਾਥ ਲਗੇ
ਔਰ ਨਾਓ ਪੂਰਮ ਪਾਰ ਲਗੀ
ਐਸਾ ਨਾ ਹੂਆ ਹਰ ਧਾਰੇ ਮੇਂ
ਕੁਛ ਅਨਦੇਖੀ ਮੰਝਧਾਰੇ ਥੀਂ
ਅਬ ਤੁਮ ਹੀ ਕਹੋ ਕਿਆ ਕਰਨਾ ਹੈ
ਅਬ ਕੈਸੇ ਪਾਰ ਉਤਰਨਾ ਹੈ।

ਹੁਣ ਅਸੀਂ ਦੇਖਣਾ ਹੈ ਕਿ ਕੀ ਕਰਨਾ ਹੈ ਅਤੇ ਇਸ ਸਿਤਮ ਦੀ ਝਨਾਂ ਨੂੰ ਕਿਵੇਂ ਪਾਰ ਕਰਨਾ ਹੈ ?

**ਪਿੰਡ ਤੇ ਡਾਕ. ਰੇਸ਼ਮ ਮਾਜਰੀ, ਵਾਇਆ ਡੋਈਵਾਲਾ, ਜ਼ਿਲ੍ਹਾ ਦੇਹਰਾਦੂਨ, ਉੱਤਰਾਖੰਡ**

ਵਿਚਾਰ ਚਰਚਾ

# ਸੰਘਰਸ਼ ਤੇ ਦ੍ਰਿੜ ਆਸ਼ਾਵਾਦ ਦੀ ਸ਼ਾਇਰੀ

**ਪਰੇਮ ਸਿੰਘ (ਡਾ.)**

ਫ਼ੈਜ਼ ਅਹਿਮਦ ਫ਼ੈਜ਼ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਉਨ੍ਹਾਂ ਦੀ ਸ਼ਾਇਰੀ ਬਾਰੇ ਪੰਜਾਬੀ ਲੇਖਕਾਂ ਤੇ ਚਿੰਤਕਾਂ ਵਿਚਕਾਰ ਵਿਚਾਰ ਚਰਚਾ ਦਾ ਤੁਰਨਾ ਵੱਡੀ ਮਹੱਤਤਾ ਵਾਲੀ ਗੱਲ ਹੈ। ਉਂਝ ਇਹ ਬਿਲਕੁਲ ਕੁਦਰਤੀ ਵੀ ਸੀ ਕਿਉਂਕਿ ਪੰਜਾਬੀ ਜ਼ੁਬਾਨ ਦੀ ਜੋ ਨੇੜਤਾ ਉਰਦੂ ਨਾਲ ਰਹੀ ਹੈ, ਉਹ ਦੂਜੀਆਂ ਜ਼ੁਬਾਨਾਂ ਨਾਲ ਨਹੀਂ ਰਹੀ। ਉਪਰੰਤ ਇਹ ਗੱਲ ਵੀ ਇਸ ਦਾ ਕਾਰਨ ਹੋ ਸਕਦੀ ਹੈ ਕਿ ਫ਼ੈਜ਼ ਖ਼ੁਦ ਵੀ ਪੰਜਾਬੀ ਸਨ। ਭਾਵੇਂ ਉਹਨਾਂ ਦੀ ਪੰਜਾਬੀ ਸ਼ਾਇਰੀ ਉਨ੍ਹਾਂ ਦੀ ਉਰਦੂ ਸ਼ਾਇਰੀ ਜਿੰਨੀ ਉਚਪਾਏ ਦੀ ਨਹੀਂ। ਫ਼ੈਜ਼ ਦੀ ਸਾਹਿਤਕ ਦੇਣ ਬਾਰੇ ਇਹ ਚਰਚਾ ਇਸ ਕਾਰਨ ਵੀ ਹੈ ਕਿ ਉਹ ਪਾਕਿਸਤਾਨ ਵਿਚ ਅਗਾਂਹਵਧੂ ਵਿਚਾਰਾਂ ਦੇ ਮੋਹਰੀ ਘੁਲਾਟੀਆਂ ਵਿਚੋਂ ਸਨ ਤੇ ਪੰਜਾਬੀ ਸੋਚਵਾਨਾਂ ਦਾ ਵੱਡਾ ਹਿੱਸਾ ਖ਼ੁਦ ਪ੍ਰਗਤੀਵਾਦ ਵੱਲ ਰਜੂਅ ਰੱਖਦਾ ਹੈ। ਨਿਸ਼ਚੇ ਹੀ ਚਿਰਾਗ਼ ਤੇ ਹੋਰ ਲੇਖਕ ਤੇ ਚਿੰਤਕ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇਸ ਮੌਕੇ ਉੱਤੇ ਆਪਣੀਆਂ ਪੱਤਰਕਾਵਾਂ ਦੇ ਵਿਸ਼ੇਸ਼ ਅੰਕ ਕੱਢੇ ਹਨ ਜਾਂ ਵਿਉਂਤੇ ਹਨ।

ਫ਼ੈਜ਼ ਦੀ ਸ਼ਾਇਰੀ ਉਨ੍ਹਾਂ ਦੇ ਅੱਠਾਂ ਕਾਵਿ ਸੰਗ੍ਰਹਿਆਂ ਵਿਚ ਛਪਣ ਤੋਂ ਬਾਅਦ ਮਕਤਬਾ-ਏ-ਕਾਰਵਾਂ, ਲਾਹੌਰ ਵਲੋਂ 'ਨੁਸਖਾਹਾ-ਏ-ਵਫ਼ਾ' ਨਾਮੀ ਵਡ-ਆਕਾਰੀ ਸੰਗ੍ਰਹਿ ਵਿਚ ਛਾਪੀ ਗਈ ਹੈ। ਇਸ ਮਜਮੂਏ ਕਾਰਨ ਪਾਠਕ ਲਈ ਇਹ ਸੰਭਵ ਹੈ ਕਿ ਉਹ ਸ਼ਾਇਰ ਦੇ ਸਮੁੱਚੇ ਕਲਾਮ ਵਿਚ ਅੰਕਿਤ ਉਨ੍ਹਾਂ ਦੇ ਵਿਚਾਰਾਂ ਤੇ ਅਹਿਸਾਸਾਂ, ਉਨ੍ਹਾਂ ਦੇ ਫਲਸਫੇ, ਉਰਦੂ ਜ਼ੁਬਾਨ ਦੀ ਅਮੀਰ ਵਿਰਾਸਤ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਤੇ ਇਸ ਵਿਰਾਸਤ ਨੂੰ ਆਪਣੇ ਸਮਿਆਂ ਅਨੁਸਾਰ ਅੱਗੇ ਤੋਰਨ ਦੀ ਉਨ੍ਹਾਂ ਦੀ ਚੇਸ਼ਟਾ ਨੂੰ ਸਮਝ ਸਕੇ।

ਇਸ ਸ਼ਾਇਰੀ ਦੇ ਦੋ ਮੀਰੀ ਗੁਣ ਤਾਂ ਸੁਤੇ ਸਿੱਧ ਹੀ ਪ੍ਰਤੱਖ ਹਨ। ਇਹ ਸੰਘਰਸ਼ ਦੀ ਸ਼ਾਇਰੀ ਹੈ ਅਤੇ ਪਰੰਤੂ ਅਤੇ ਨਿਰੰਤਰ ਆਸ਼ਾਵਾਦ ਇਸ ਦਾ ਆਧਾਰ ਹੈ। ਸ਼ਾਇਰ ਦੀ ਆਪਣੀ ਜ਼ਿੰਦਗੀ ਪਾਕਿਸਤਾਨ ਦੀਆਂ ਪਿਛਾਂਹ-ਖਿਚੂ ਹੁਕਮਰਾਨ ਤਾਕਤਾਂ ਵਿਰੁੱਧ ਲਗਾਤਾਰ ਸੰਘਰਸ਼ ਕਰਦਿਆਂ ਗੁਜ਼ਰੀ ਸੀ। ਉਨ੍ਹਾਂ ਦੀ ਸ਼ਾਇਰੀ ਵੀ ਉਨ੍ਹਾਂ ਦੇ ਜੀਵਨ ਦਾ ਹੀ ਅਕਸ ਹੈ। ਉਹ ਜੱਦੋ-ਜ਼ਹਿਦ ਦੀਆਂ ਕਠਿਨਾਈਆਂ ਨੂੰ ਘਟਾ ਕੇ ਨਹੀਂ ਵੇਖਦੇ। ਜ਼ਾਲਮ ਹੁਕਮਰਾਨਾਂ ਦੀਆਂ ਬੇਜ਼ਾਬਤਗੀਆਂ ਤੇ ਉਨ੍ਹਾਂ ਦੀ ਬੇਰਹਿਮੀ ਦੇ ਵਿਕਰਾਲ ਰੂਪ ਨੂੰ ਪੂਰੀ ਤਰ੍ਹਾਂ ਸਾਹਮਣੇ ਲਿਆਉਂਦੇ ਹਨ। ਨਾਲ ਹੀ ਪੈਰ-ਪੈਰ ਉੱਤੇ ਜਿੱਤ ਵੱਲ ਵੱਧਣ ਦਾ ਆਪਣਾ ਅਹਿਦ ਦੁਹਰਾਉਂਦੇ ਹਨ। ਪਰ ਉਨ੍ਹਾਂ ਦੀ ਸ਼ਾਇਰੀ ਕੇਵਲ ਪਾਕਿਸਤਾਨ ਦੀ ਫੌਜੀ ਡਿਕਟੇਟਰਸ਼ਿਪ ਵਿਰੁੱਧ ਰੋਸ ਦੀ ਪੇਸ਼ਕਾਰੀ ਨਹੀਂ ਕਰਦੀ। ਇਹ ਕੁਲ ਆਲਮ ਦੀਆਂ ਪਿਛਾਂਹ-ਖਿਚੂ ਸ਼ਕਤੀਆਂ ਵਿਰੁੱਧ ਚੱਲਦੇ ਵਿਸ਼ਾਲ ਜਨ ਸੰਗਰਾਮ ਦੀ ਆਵਾਜ਼ ਹੋ ਨਿਬੜਦੀ ਹੈ। ਉਨ੍ਹਾਂ ਦੀਆਂ ਕਈ ਨਜ਼ਮਾਂ ਵਿਚ ਫਲਸਤੀਨੀ ਲੋਕਾਂ ਦੇ ਕਠਿਨ ਘੋਲਾਂ ਦੀ ਹਮਾਇਤ ਕੀਤੀ ਗਈ ਹੈ। ਉਨ੍ਹਾਂ ਦੀ ਇੱਕ ਨਜ਼ਮ ਵਿਚ ਈਰਾਨੀ ਵਿਦਿਆਰਥੀਆਂ ਨਾਲ ਇਕਮੁੱਠਤਾ



ਪ੍ਰਗਟਾਈ ਗਈ ਹੈ। ਉਨ੍ਹਾਂ ਅਫ਼ਰੀਕਾ ਵਿਚ ਆਈ ਜਾਗ੍ਰਿਤੀ ਨੂੰ ਜੀ ਆਇਆਂ ਕਿਹਾ ਹੈ। ਕੀਨੀਆ, ਮਲਾਇਆ, ਮਾਰਕਸ਼ ਤੇ ਟਿਊਨੇਸ਼ੀਆ ਦੇ ਲੋਕਾਂ ਵਲੋਂ ਸਾਮਰਾਜ ਦੇ ਵਿਰੋਧ ਦੀ ਹਮਾਇਤ ਕੀਤੀ ਹੈ। ਉਨ੍ਹਾਂ ਨੇ ਦੁਨੀਆਂ ਦੀਆਂ ਅਮਨ-ਪਸੰਦ ਸ਼ਕਤੀਆਂ ਦੀ ਤਰਜਮਾਨੀ ਕਰਦੀ ਸੰਸਾਰ ਅਮਨ ਲਹਿਰ ਦੇ ਉਦੇਸ਼ਾਂ ਦੀ ਪ੍ਰੋੜ੍ਹਤਾ ਕੀਤੀ ਹੈ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਫ਼ੈਜ਼ ਸੰਸਾਰ ਅਮਨ ਕੌਂਸਲ ਦੇ ਇਕ ਸਰਕਾਰੀ ਅਹੁਦੇਦਾਰ ਸਨ ਤੇ ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਵਿਚ ਇਸ ਲਹਿਰ ਨੂੰ ਜਥੇਬੰਦ ਕਰਦਿਆਂ ਵੱਡੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ ਹਨ।

ਫ਼ੈਜ਼ ਦੇ ਪਹਿਲੇ ਕਾਵਿ ਸੰਗ੍ਰਹਿ 'ਨਕਸ਼-ਏ-ਫੁਰਬਾਦੀ' ਦੀਆਂ ਵਧੇਰੇ ਨਜ਼ਮਾਂ ਤੇ ਗ਼ਜ਼ਲਾਂ ਵਿਚ ਮੁਹੱਬਤ ਦੇ ਜਜ਼ਬੇ ਪੂਰੀ ਸ਼ਿੱਦਤ ਨਾਲ ਬਿਆਨ ਕੀਤੇ ਗਏ ਹਨ। ਇਹ ਬਹੁਤ ਹੱਦ ਤੱਕ ਉਰਦੂ-ਫਾਰਸੀ ਦੀ ਇਸ਼ਕੀਆ ਸ਼ਾਇਰੀ ਨਾਲ ਮੇਲ ਖਾਂਦੇ ਹਨ। 'ਆਖ਼ਰੀ ਖ਼ਤ' ਨਾਮੀ ਨਜ਼ਮ ਵਿਚ ਸ਼ਾਇਰ ਲੁਕੇ ਹੋਏ ਸਦਮੇ ਦੀ ਗੱਲ ਕਰਦਿਆਂ ਆਉਣ ਵਾਲੇ ਉਸ ਸਮੇਂ ਵੱਲ ਸੰਕੇਤ ਕਰਦਾ ਹੈ ਜਦ ਦਰਦ ਹੱਦ ਤੋਂ ਗੁਜ਼ਰ ਜਾਵੇਗਾ ਤੇ ਉਸ ਦੀ ਜਵਾਨੀ ਜਿਹੜੀ ਬੇਕਾਰ ਲੰਘੀ ਹੈ, ਉਸ ਕੋਲੋਂ ਖੁਸ ਜਾਵੇਗੀ। ਉਸਨੂੰ ਯਕੀਨ ਤਾਂ ਨਹੀਂ ਪਰ ਉਸ ਦੀ ਆਸ ਕਾਇਮ ਹੈ ਕਿ ਮਹਿਬੂਬ ਵਲੋਂ ਉਸ ਨੂੰ ਯਾਦ ਕੀਤਾ ਜਾਵੇਗਾ। ਉਹ ਉਸ ਦੀ ਕਬਰ ਉੱਤੇ ਅੱਥਰੂ ਵਗਾਵੇਗੀ ਤੇ ਕਈਆਂ ਬਹਾਰਾਂ ਦੇ ਫੁੱਲ ਚੜ੍ਹਾਵੇਗੀ। ਪਰ ਨਾਲ ਹੀ ਉਸ ਨੂੰ ਇਹ ਸ਼ੰਕਾ ਵੀ ਹੈ ਕਿ ਉਸ ਦੀ ਕਬਰ ਨੂੰ ਠੋਕਰ ਮਾਰੇਗੀ ਅਤੇ ਉਸ ਦੀ ਵਫ਼ਾ ਉੱਤੇ ਹੱਸੇਗੀ ਪਰ ਸ਼ਾਇਦ ਉਹ ਫਿਰ ਵੀ ਮੁਹੱਬਤ ਦਾ ਮਾਰਿਆ ਖਾਮੋਸ਼ ਪਿਆ ਰਹੇਗਾ। ਇਸ ਸੰਗ੍ਰਹਿ ਵਿਚ ਫ਼ੈਜ਼ ਦੀ ਇੱਕ ਪ੍ਰਸਿੱਧ ਗ਼ਜ਼ਲ ਹੈ ਜਿਸਦਾ ਪਹਿਲਾ ਸ਼ਿਅਰ ਹੀ ਭਾਵ ਦੀ ਗਹਿਰਾਈ ਕਾਰਨ ਸਦਾ ਯਾਦ ਕੀਤਾ ਜਾਂਦਾ ਰਹੇਗਾ। ਇਹ ਇਉਂ ਹੈ -

"ਕਈ ਬਾਰ ਇਸ ਕਾ ਦਾਮਨ ਭਰ ਦੀਆ,
ਹੁਸਨ-ਏ-ਦੋ ਆਲਮ ਸੇ,
ਮਗਰ ਦਿਲ ਹੈ ਕਿ ਇਸ ਕੀ,
ਖਾਨਾ ਵੀਰਾਨੀ ਨਹੀਂ ਜਾਤੀ।"

ਇਹ ਸ਼ਾਇਰ ਦੀ ਅੰਤਰੀਵ ਉਦਾਸੀ ਦਾ ਰੌਂਅ ਹੈ। ਉਸਨੇ ਦਿਲ ਨੂੰ ਦੁਨੀਆਂ ਜਹਾਨ ਦੀ ਖੂਬਸੂਰਤੀ ਨਾਲ ਕਈ ਵਾਰ ਭਰਿਆ ਹੈ ਪਰ ਫਿਰ ਵੀ ਉਹ ਸੱਖਣਾ ਹੀ ਰਿਹਾ ਹੈ। ਅਜਿਹੀ ਸਥਿਤੀ ਵਿਚ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ। ਅਕਲ ਦੀ ਗੱਲ ਮੰਨੀ ਨਹੀਂ ਜਾ ਰਹੀ ਇਸ ਲਈ ਦੀਵਾਨਗੀ ਦੀ ਓਟ ਲੈਣੀ ਹੀ ਯੋਗ ਹੈ। ਵਤਨ ਉੱਤੇ ਪਿਛਾਂਹ-ਖਿਚੂ ਸ਼ਕਤੀਆਂ ਦੇ ਕਬਜ਼ੇ ਦਾ ਵਿਰੋਧ ਕਰਦਿਆਂ ਉਹ ਆਪਣੀ ਇੱਕ ਗ਼ਜ਼ਲ ਵਿਚ ਇਥੋਂ ਤੱਕ ਮੰਨਦਾ ਹੈ ਕਿ ਵਾਸਤਵ ਵਿਚ ਅਕਲ ਦਾ ਬਾਜ਼ਾਰ ਉਨ੍ਹਾਂ ਲੋਕਾਂ ਦੀ ਮਿਹਰਬਾਨੀ ਨਾਲ ਜਗਮਗ ਕਰਦਾ ਹੈ ਜਿਹੜੇ ਕਦੇ ਕਦੇ ਜਨੂੰਨ ਦੇ ਰਾਹ ਤੁਰਦੇ ਹਨ। ਭਾਵ ਅਕਲ ਖ਼ੁਦ ਜਨੂੰਨ ਦੇ ਜਜ਼ਬੇ ਦੇ ਸਿਰ ਤੇ ਵਿਕਾਸ ਕਰਦੀ ਹੈ।

ਇਸੇ ਅੰਦਾਜ਼ ਵਿਚ ਉਸਨੇ 'ਮੌਜ-ਏ-ਸੁਖ਼ਨ' ਨਾਮੀ ਨਜ਼ਮ ਵਿਚ ਸ਼ਾਮ ਨੂੰ ਗ਼ਮਗੀਨ

ਤੇ ਬਲਦੀ ਹੋਈ ਕਿਹਾ ਹੈ ਜਿਹੜੀ ਗੁੱਲ ਹੋ ਜਾਵੇਗੀ ਤੇ ਫਿਰ ਚੰਨ ਦੇ ਚਸ਼ਮੇ ਵਿਚੋਂ ਰਾਤ ਧੁਲ ਕੇ ਨਿਕਲੇਗੀ। ਫਿਰ ਸ਼ਾਇਰ ਮਹਿਬੂਬ ਦੇ ਰੁਖ਼ਸਾਰ ਤੇ ਪਹਿਰਾਵੇ ਦੀ, ਉਸ ਦੀਆਂ ਨੀਂਦਰ ਨਾਲ ਭਰੀਆਂ ਅੱਖਾਂ ਵਿਚ ਕਾਜਲ ਦੀ ਲਕੀਰ ਦੀ, ਉਸਦੇ ਸੰਦਲੀ ਹੱਥਾਂ ਉੱਤੇ ਲੱਗੀ ਮਹਿੰਦੀ ਦੀ ਗੱਲ ਕਰਦਾ ਹੈ ਤੇ ਇਸ ਸਭ ਕੁਝ ਨੂੰ ਆਪਣੇ ਵਿਚਾਰਾਂ ਤੇ ਆਪਣੇ ਸ਼ਿਅਰਾਂ ਦੀ ਵਸਤੂ ਦੱਸਦਾ ਹੈ। ਸ਼ਾਇਰ ਲਈ ਮਜ਼ਮੂਨ ਤਾਂ ਹੋਰ ਬਹੁਤ ਹਨ ਪਰ ਉਹ ਮਹਿਬੂਬ ਦੇ ਸਹਿਜ ਨਾਲ ਖੁੱਲ੍ਹਦੇ ਹੋਠਾਂ ਤੇ ਉਸਦੇ ਸਰੀਰ ਦੇ ਹੁਸਨ ਨੂੰ ਬਿਆਨ ਕਰਨ ਤੱਕ ਆਪਣੇ ਕਲਾਮ ਨੂੰ ਸੀਮਿਤ ਕਰਦਾ ਹੈ।

ਗ਼ਮ-ਏ-ਜਾਨਾਂ ਦੀ ਅਜਿਹੀ ਸ਼ਕਤੀਸ਼ਾਲੀ ਗਰਿਫ਼ਤ ਵਿਚੋਂ ਨਿਕਲਣ ਦਾ ਪਹਿਲਾ ਪ੍ਰਗਟਾਵਾ ਇਸ ਸੰਗ੍ਰਹਿ ਦੀ ਨਜ਼ਮ 'ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ' ਦੇ ਰੂਪ ਵਿਚ ਹੋਇਆ। ਇਸ ਵਿਚ ਸ਼ਾਇਰ ਮੁਹੱਬਤ ਦੇ ਦੁੱਖ ਨਾਲੋਂ ਵਡੇਰੇ ਦੁੱਖ ਦੀ ਤੇ ਵਸਲ ਦੀ ਰਾਹਤ ਤੋਂ ਇਲਾਵਾ ਹੋਰਨਾਂ ਰਾਹਤਾਂ ਦੀ ਗੱਲ ਕਰਦਿਆਂ ਇੱਕ ਤਰ੍ਹਾਂ ਨਾਲ ਜਾਤੀ ਦੁੱਖਾਂ ਨੂੰ ਸਮਕਾਲੀ ਸਮਾਜ ਦੇ ਵਿਆਪਕ ਦੁੱਖਾਂ ਦੇ ਮੁਕਾਬਲੇ ਉੱਤੇ ਮਾਮੂਲੀ ਮੰਨਦਾ ਹੈ। ਸ਼ਾਇਰ ਨੂੰ ਮਹਿਬੂਬ ਦਾ ਹੁਸਨ ਤਾਂ ਖਿੱਚ ਪਾਉਂਦਾ ਹੈ ਪਰ ਉਸਦੀ ਨਜ਼ਰ ਉਸਨੂੰ ਮਾਣ ਨਹੀਂ ਸਕਦੀ ਕਿਉਂਕਿ ਉਸਦੇ ਸਾਹਮਣੇ ਸਮਾਜ ਦਾ ਕਠੋਰ ਯਥਾਰਥ ਹੈ। ਜਿਸ ਵਿਚ ਥਾਂ-ਥਾਂ ਜਿਸਮਫਰੋਸ਼ੀ ਹੋ ਰਹੀ ਹੈ ਅਤੇ ਕਿਉਂਕਿ ਉਸਦੀ ਨਜ਼ਰ ਇਸ ਦੁਖਾਂਤਕ ਦ੍ਰਿਸ਼ ਨੂੰ ਅੱਖੋਂ-ਪਰੋਖਾ ਨਹੀਂ ਕਰ ਸਕਦੀ। ਉਹ ਮਹਿਬੂਬ ਤੋਂ ਹੀ ਮੰਗ ਕਰਦਾ ਹੈ ਕਿ ਉਹ ਉਸ ਤੋਂ ਪਹਿਲਾਂ ਵਰਗੀ ਮੁਹੱਬਤ ਦੀ ਆਸ ਨਾ ਰੱਖੇ। ਇਸੇ ਤਰ੍ਹਾਂ ਦੇ ਭਾਵ ਦਾ ਪ੍ਰਗਟਾਵਾ 'ਨਕਸ਼-ਏ-ਫੁਰਯਾਦੀ' ਵਿਚਲੀ ਉਸਦੀ 'ਦੋਨੋ ਜਹਾਨ ਤੇਰੀ ਮੁਹੱਬਤ ਮੇਂ ਹਾਰ ਕੇ ਸ਼ੁਰੂ ਹੁੰਦੀ ਗ਼ਜ਼ਲ' ਵਿਚ ਹੈ ਜਿਸ ਵਿਚ ਉਹ ਮਹਿਬੂਬ ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ ਕਿ ਦੁਨੀਆਂ ਨੇ ਤੇਰੀ ਯਾਦ ਤੋਂ ਮੈਨੂੰ ਬੇਗਾਨਾ ਕਰ ਦਿੱਤਾ ਹੈ ਤੇ ਤੇਰੇ ਨਾਲੋਂ ਵੀ ਜ਼ਮਾਨੇ ਦੇ ਗ਼ਮ ਮੈਨੂੰ ਵੱਡੀ ਖਿੱਚ ਪਾਉਣ ਲੱਗ ਪਏ ਹਨ। ਇਸੇ ਗ਼ਜ਼ਲ ਵਿਚ ਮਹਿਬੂਬ ਦੇ ਚਲੇ ਜਾਣ ਕਾਰਨ ਬਹਾਰ ਦੇ ਦਿਨਾਂ ਦੀ ਰੁੱਸ ਜਾਣ ਦੀ ਗੱਲ ਤੇ ਮੈਕ ਦੇ ਵੀਰਾਨ ਹੋ ਜਾਣ ਤੇ ਸੁਰਾਹੀ ਤੇ ਪਿਆਲੇ ਦੇ ਉਦਾਸ ਹੋਣ ਦਾ ਜ਼ਿਕਰ ਹੈ। ਇਹੋ ਰੰਗ ਇਸ ਸੰਗ੍ਰਹਿ ਦੀ 'ਸੋਚ' ਨਾਮੀ ਨਜ਼ਮ ਵਿਚ ਹੈ। ਸ਼ਾਇਰ ਅਨੁਸਾਰ ਉਸ ਦੇ ਦਿਲ ਦਾ ਗ਼ਮਗੀਨ ਹੋਣ ਕੋਈ ਵੱਡੀ ਗੱਲ ਨਹੀਂ। ਕਿਉਂਕਿ ਦੁਨੀਆਂ ਸਾਰੀ ਗ਼ਮਗੀਨ ਹੈ। ਆਪਣੇ ਗ਼ਮ ਦੀ ਸੀਮਾ ਦਰਸਾਉਂਦਿਆਂ ਉਹ ਮਹਿਬੂਬ ਨੂੰ ਏਥੋਂ ਤੱਕ ਕਹਿੰਦਾ ਹੈ ਕਿ ਜੇ ਤੂੰ ਮੈਨੂੰ ਮਿਲ ਵੀ ਜਾਵੇਂ ਤਦ ਵੀ ਦੁਨੀਆਂ ਦੇ ਦੁੱਖ-ਦਰਦ ਤਾਂ ਇਵੇਂ ਜਿਵੇਂ ਬਣੇ ਹੀ ਰਹਿਣਗੇ।

ਪਰ ਗ਼ਮ-ਏ-ਦੌਰਾਂ ਨੂੰ ਗ਼ਮ-ਏ-ਜਾਨਾਂ ਉੱਤੇ ਇਉਂ ਤਰਜੀਹ ਦੇਣ ਦੇ ਬਾਵਜੂਦ ਸ਼ਾਇਰ 'ਦਸਤ-ਏ-ਸਬਾ' ਨਾਮੀ ਨਜ਼ਮ ਵਿਚ ਇਹ ਗੱਲ ਨਿਖੇੜ ਕੇ ਕਹਿੰਦਾ ਹੈ ਕਿ ਗ਼ਮ-ਏ-ਜਾਨਾਂ ਬਾਰੇ ਉਸਨੂੰ ਕੋਈ ਪਸ਼ਤਾਵਾ ਨਹੀਂ ਹੁੰਦਾ। ਮਹਿਬੂਬ ਦੇ ਪਿਆਰ ਵਿਚ ਤੇ ਵਤਨ ਦੇ ਪਿਆਰ ਵਿਚ ਉਸਨੂੰ ਕੋਈ ਵਿਰੋਧ ਨਜ਼ਰ ਨਹੀਂ ਆਉਂਦਾ।

ਉਸਨੇ ਵਤਨ ਨੂੰ ਓਨੀ ਹੀ ਸ਼ਿੱਦਤ ਨਾਲ ਪਿਆਰ ਕੀਤਾ ਹੈ ਜਿੰਨੀ ਨਾਲ ਮਹਿਬੂਬ



ਨੂੰ। ਉਸਨੇ ਵਤਨ ਦੇ ਪਿਆਰ ਦੇ ਹਰ ਤਕਾਜ਼ੇ ਨੂੰ ਪੂਰਾ ਕੀਤਾ ਹੈ ਤੇ ਇਉਂ ਕਰਦਿਆਂ ਸਭ ਤਰ੍ਹਾਂ ਦੀਆਂ ਅਸਲੀਅਤਾਂ ਨੂੰ ਭੁਲਾ ਦਿੱਤਾ ਹੈ। ਉਸਨੂੰ ਉਹ ਸਭ ਕੁਝ ਸਹਿਣਾ ਪਿਆ ਹੈ ਜਿਸ ਨਾਲ ਵਾਸਤਾ ਇਸ ਰਾਹੇ ਤੁਰਨ ਵਾਲੇ ਹਰ ਇਕ ਦਾ ਪੈਂਦਾ ਹੈ। ਉਸਨੇ ਜੇਲ੍ਹ ਵਿਚ ਇਕੱਲ ਭੋਗੀ ਹੈ ਤੇ ਜੇਲ੍ਹ ਤੋਂ ਬਾਹਰ ਵਿਰੋਧੀਆਂ ਵਲੋਂ ਬਦਨਾਮ ਕਰਨ ਦੀਆਂ ਕਾਰਵਾਈਆਂ ਦਾ ਸਾਹਮਣਾ ਕੀਤਾ ਹੈ। ਉਸਦਾ ਵਿਰੋਧ ਧਾਰਮਿਕ ਆਗੂਆਂ ਵਲੋਂ ਵੀ ਹੋਇਆ ਤੇ ਸਰਕਾਰੀ ਹਾਕਮਾਂ ਵਲੋਂ ਵੀ। ਪਰ ਸਭ ਤਰ੍ਹਾਂ ਦੇ ਜ਼ਖ਼ਮ ਸਹਿੰਦਿਆਂ ਹੋਇਆਂ ਉਸ ਦੀ ਆਪਣੀ ਭਾਵਨਾ ਜੇਤੂਆਂ ਵਾਲੀ ਹੈ। ਉਸ ਦੇ ਦਿਲ ਉੱਤੇ ਭਾਵੇਂ ਕਿੰਨੇ ਵੀ ਦਾਗ਼ ਹੋਣ ਪਰ ਹਾਰ ਜਾਣ ਦੇ ਅਹਿਸਾਸ ਦਾ ਦਾਗ਼ ਉਨ੍ਹਾਂ ਵਿਚ ਨਹੀਂ।

ਫ਼ੈਜ਼ ਦਾ ਆਸ਼ਾਵਾਦ ਜਿਹੜਾ ਉਸਦੀ ਸ਼ਾਇਰੀ ਦੀ ਹਰ ਰਮਜ਼ ਓਤਪੋਤ ਹੈ 'ਦਸਤੇ-ਏ-ਸਬਾ' ਦੀ ਨਜ਼ਮ 'ਨਿਸਾਰ ਮੈਂ ਤਿਰੀ ਗਲੀਓਂ ਕੇ.....' ਵਿਚ ਬਹੁਤ ਉੱਘਰਵੇਂ ਰੂਪ ਵਿਚ ਅੰਕਿਤ ਹੈ। ਆਪਣੇ ਵਤਨ ਦੀ ਅਵਸਥਾ ਬਿਆਨ ਕਰਨ ਲਈ ਉਹ ਉਸੇ ਨੂੰ ਸੰਬੋਧਨ ਕਰਦਿਆਂ ਕਟਾਖ਼ਸ਼ ਨਾਲ ਕਹਿੰਦਾ ਹੈ ਕਿ ਮੈਂ ਤੇਰੇ ਉੱਤੇ ਕੁਰਬਾਨ ਹਾਂ ਕਿ ਜਿੱਥੇ ਕੋਈ ਵੀ ਸਿਰ ਉਠਾ ਕੇ ਨਹੀਂ ਤੁਰ ਸਕਦਾ। ਜੇ ਕੋਈ ਤੇਰੇ ਬਾਰੇ ਆਪਣੀ ਅਕੀਦਤ ਵੀ ਪੇਸ਼ ਕਰਨਾ ਚਾਹੇ ਤਾਂ ਉਸਨੂੰ ਨਾ ਕੇਵਲ ਨਜ਼ਰ ਚੁਰਾ ਕੇ ਇਹ ਕੰਮ ਕਰਨਾ ਪਵੇਗਾ। ਉਸਨੂੰ ਆਪਣੇ ਸਰੀਰ ਤੇ ਆਪਣੀ ਜਾਨ ਵੀ ਬਚਾ ਕੇ ਰੱਖਣੀ ਪਵੇਗੀ। ਇਥੇ ਪੱਥਰ ਰੋੜੇ ਕੈਦ ਹਨ ਪਰ ਕੁੱਤੇ ਆਜ਼ਾਦ ਹਨ। ਇਥੇ ਉਹ ਲੋਕ ਮੁਦੱਈ ਤੇ ਜੱਜ ਬਣ ਬੈਠੇ ਹਨ ਜਿਹੜੇ ਜ਼ਾਤੀ ਗਰਜ਼ਾਂ ਪੂਰੀਆਂ ਕਰਨ ਤੋਂ ਬਿਨਾਂ ਕੁਝ ਜਾਣਦੇ ਨਹੀਂ। ਇਹੋ ਜਿਹੀ ਹਾਲਤ ਵਿਚ ਇਨਸਾਨ ਕਿਸ ਤੋਂ ਮੰਗੀਏ ਤੇ ਆਪਣੇ ਹੱਕ ਵਿਚ ਵਕਾਲਤ ਲਈ ਵਕੀਲ ਕਿਸਨੂੰ ਕਰੀਏ? ਪਰ ਇਸ ਸਭ ਕੁਝ ਦੇ ਬਾਵਜੂਦ ਸ਼ਾਇਰ ਨੂੰ ਵਤਨ ਲਈ ਚੰਗੇਰੇ ਭਵਿੱਖ ਦੀ ਉਡੀਕ ਹੈ ਤੇ ਇਸ ਉਡੀਕ ਦੇ ਕਸ਼ਟ ਨੂੰ ਉਹ ਝੱਲ ਸਕਣ ਦਾ ਅਹਿਦ ਕਰਦਾ ਹੈ। ਉਸਦਾ ਇਹ ਆਸ਼ਾਵਾਦ ਇਸ ਹੱਦ ਤੱਕ ਹੈ ਕਿ ਉਹ ਜੇਲ੍ਹ ਦੇ ਦੀਵੇ ਦੇ ਬੁਝ ਜਾਣ ਨੂੰ ਵਤਨ ਦੀ ਮਾਂਗ ਦਾ ਤਾਰਿਆਂ ਨਾਲ ਭਰ ਜਾਣਾ ਕਹਿੰਦੇ ਹਨ ਤੇ ਜ਼ੰਜੀਰਾਂ ਦੇ ਚਮਕਣ ਨੂੰ ਵਤਨ ਦੇ ਚਿਹਰੇ ਉੱਤੇ ਸਵੇਰ ਹੋਣ ਦੀ ਸ਼ਕਲ ਵਿਚ ਵੇਖਣਾ ਹੈ। ਫਿਰ ਉਹ ਜ਼ੁਲਮ ਵਿਰੁੱਧ ਖ਼ਲਕਤ ਦੀ ਅਜ਼ਲਾਂ ਤੋਂ ਚੱਲੀ ਆ ਰਹੀ ਜੱਦੋ-ਜਹਿਦ ਦਾ ਜ਼ਿਕਰ ਕਰਦਿਆਂ ਮੌਜੂਦਾ ਸਥਿਤੀ ਨੂੰ ਰਾਤ ਭਰ ਦੀ ਜੁਦਾਈ ਕਹਿ ਕੇ ਵਤਨ ਨਾਲ ਵਫ਼ਾ ਨਿਭਾਉਣ ਵਾਲਿਆਂ ਨੂੰ ਕਿਸਮਤ ਬਦਲ ਦੇਣ ਦੇ ਸਮਰੱਥ ਮੰਨਦਾ ਹੈ।

ਫ਼ੈਜ਼ ਦੀਆਂ ਵਧੇਰੇ ਚਰਚਿਤ ਨਜ਼ਮਾਂ ਵਿਚ 'ਦਸਤ-ਏ-ਤਹਿ ਏ ਸੰਗ' ਦੀ ਨਜ਼ਮ 'ਆਜ ਬਾਜ਼ਾਰ ਮੇਂ ਪਾਬਜੋਲਾਂ ਚਲੋ' ਹੈ। ਇਸ ਵਿਚ ਸ਼ਾਇਰ ਪੁਰਾਣੇ ਸਮਿਆਂ ਦੀ ਇਕ ਰਵਾਇਤ ਦੇ ਹਵਾਲੇ ਨਾਲ, ਜਿਸ ਵਿਚ ਦੋਸ਼ੀ ਨੂੰ ਫਾਹੇ ਲਾਉਣ ਤੋਂ ਪਹਿਲਾਂ ਖੁੱਲ੍ਹੇ ਆਮ ਬਾਜ਼ਾਰ ਵਿਚੋਂ ਲੰਘਾਇਆ ਜਾਂਦਾ ਸੀ, ਕਹਿੰਦਾ ਹੈ ਕਿ ਹੁਣ ਉਹ ਵਕਤ ਨਹੀਂ ਰਹੇ ਕਿ ਇਸ਼ਕ ਦਾ ਇਲਜ਼ਾਮ ਲੁਕਾ ਕੇ ਰੱਖਿਆ ਜਾਵੇ ਤੇ ਦੋਸ਼ੀ ਨੂੰ ਮਕਤਿਲ ਤੱਕ ਖਿੱਚ ਕੇ ਲੈ ਜਾਇਆ ਜਾ ਰਿਹਾ ਹੋਵੇ। ਹੁਣ ਜ਼ੰਜੀਰਾਂ ਸਮੇਤ ਬਾਜ਼ਾਰ ਵਿਚੋਂ ਲੰਘੋ, ਹੱਥ ਉਠਾ ਕੇ ਚਲੋ

ਤੇ ਨੱਚਦੇ ਹੋਏ ਮਸਤੀ ਦੇ ਅੰਦਾਜ਼ ਵਿਚ ਚਲੋ। ਸਿਰ ਵਿਚ ਮਿੱਟੀ ਪਈ ਹੋਵੇ ਤੇ ਕੱਪੜੇ ਲਹੂ ਨਾਲ ਲਿੱਬੜੇ ਹੋਣ ਤੇ ਇਉਂ ਚੱਲਦਿਆਂ ਸਾਰਾ ਸ਼ਹਿਰ ਤੁਹਾਨੂੰ ਵੇਖ ਰਿਹਾ ਹੋਵੇ। ਸ਼ਾਇਰ ਲਈ ਇਹੋ ਤਰੀਕਾ ਯੋਗ ਹੈ ਕਿਉਂਕਿ ਉਸ ਦੇ ਆਖੇ ਅਨੁਸਾਰ, ਹੁਣ ਮਹਿਬੂਬ ਦੇ ਸ਼ਹਿਰ, ਭਾਵ ਵਤਨ ਵਿਚ, ਕੋਈ ਵੀ ਉੱਚੇ ਇਖ਼ਲਾਕ ਵਾਲਾ ਨਹੀਂ ਰਿਹਾ, ਕੋਈ ਵੀ ਕਾਤਿਲ ਦੇ ਜ਼ੁਲਮਾਂ ਦੇ ਹਾਣ ਦਾ ਨਹੀਂ ਰਿਹਾ। ਇਸ ਲਈ ਹੁਣ ਦਿਲ ਦੀ ਦੌਲਤ ਨੂੰ ਸੰਭਾਲਦਿਆਂ ਆਪ ਹੀ ਜਾ ਕੇ ਕਤਲ ਹੋਣ ਦਾ ਸਮਾਂ ਆ ਗਿਆ ਹੈ।

ਇਥੇ ਸ਼ਾਇਰ ਆਪਣੇ ਵਤਨੀਆਂ ਨੂੰ ਬਾਗ਼ੀਆਨਾ ਅੰਦਾਜ਼ ਅਪਨਾਉਣ ਲਈ ਵੰਗਾਰ ਰਿਹਾ ਹੈ। ਇਸੇ ਤਰ੍ਹਾਂ ਦਾ ਪ੍ਰਗਟਾਵਾ ਉਸ ਨੇ 'ਜ਼ਿੰਦਾਨਾਮਾ' ਦੀ ਇਕ ਗ਼ਜ਼ਲ ਵਿਚ ਕੀਤਾ ਹੈ। ਸੰਬੰਧਿਤ ਸ਼ਿਅਰ ਇਉਂ ਹੈ –

ਜਿਸ ਧਜ ਸੇ ਕੋਈ ਮਕਤਿਲ ਮੇਂ ਗਯਾ,
ਵੋਹ ਸ਼ਾਨ ਸਲਾਮਤ ਰਹਿਤੀ ਹੈ,
ਯਿਹ ਜਾਨ ਤੋਂ ਆਨੀ ਜਾਨੀ ਹੈ,
ਇਸ ਜਾਂ ਕੀ ਤੋਂ ਕੋਈ ਬਾਤ ਨਹੀਂ।"

ਇਸ ਗ਼ਜ਼ਲ ਦੇ ਬਾਕੀ ਚਾਰ ਸ਼ਿਅਰਾਂ ਦੇ ਅਰਥ ਇਉਂ ਹਨ –

– ਯਾਦਾਂ ਵਿਚ ਕਦੋਂ ਤੇਰਾ ਸਾਥ ਨਹੀਂ ਮਾਣਿਆ, ਕਦੋਂ ਹੱਥਾਂ ਵਿਚ ਤੇਰਾ ਹੱਥ ਨਹੀਂ ਸੀ ? ਸੋ ਸ਼ੁਕਰ ਹੈ ਕਿ ਸਾਡੀਆਂ ਰਾਤਾਂ ਵਿਚ ਹੁਣ ਜੁਦਾਈ ਦੀ ਕੋਈ ਗੱਲ ਨਹੀਂ।

– ਜੇ ਸੰਘਰਸ਼ ਦੇ ਹਾਲਾਤ ਮੁਸ਼ਕਿਲ ਹਨ ਤਾਂ ਜਾਨ ਦੇ ਦੇਣੀ ਚਾਹੀਦੀ ਹੈ ਤੇ ਦਿਲ ਨੂੰ ਤਬਾਹ ਹੋਣ ਦੇਣਾ ਚਾਹੀਦਾ ਹੈ। ਦਿਲ ਵਾਲਿਉਂ ਕੀ ਮਹਿਬੂਬ ਦੀ ਗਲੀ ਵਿਚ ਅਜਿਹੇ ਹਾਲਾਤ ਵੀ ਨਹੀਂ ਹਨ ?

– ਵਫ਼ਾ ਦਾ ਮੈਦਾਨ ਦਰਬਾਰ ਵਾਂਗ ਨਹੀਂ ਕਿ ਇਸ ਵਿਚ ਕਿਸੇ ਦੇ ਨਾਂਅ ਤੇ ਉਸਦੇ ਕੁਨਬੇ ਦੀ ਪੁੱਛ-ਗਿੱਛ ਹੋਵੇ। ਆਸ਼ਿਕ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਂਅ ਨਹੀਂ ਤੇ ਇਸ਼ਕ ਕਿਸੇ ਇਕ ਜ਼ਾਤ ਨਾਲ ਬੱਝਾ ਹੋਇਆ ਨਹੀਂ।

– ਜੇ ਇਸ਼ਕ ਦੀ ਖੇਡ ਖੇਡ ਰਹੇ ਹੋ ਤਾਂ ਫਿਰ ਦਾਅ ਉੱਤੇ ਕੁਝ ਵੀ ਲਾਇਆ ਜਾ ਸਕਦਾ ਹੈ। ਕਿਉਂਕਿ ਹਾਰ ਕੇ ਵੀ ਇਸ ਵਿਚ ਤੁਹਾਡੀ ਬਾਜ਼ੀ ਮਾਤ ਨਹੀਂ ਹੁੰਦੀ।

'ਮਿਰੇ ਦਿਲ ਮਿਰੇ ਮੁਸਾਫਿਰ' ਦੀ ਨਜ਼ਮ 'ਹਮ ਜੋ ਮਜ਼ਬੂਰ-ਏ-ਵਫ਼ਾ' ਹੈ ਵਿਚ ਫ਼ੈਜ਼ ਵਤਨ ਨੂੰ ਨਿਹੋਰਾ ਦਿੰਦਿਆਂ ਪੁੱਛਦਾ ਹੈ ਕਿ ਤੈਨੂੰ ਕਿੰਨੀਆਂ ਹੋਰ ਕੁਰਬਾਨੀਆਂ ਦੀ ਲੋੜ ਹੈ। ਉਹ ਆਸ ਨਹੀਂ ਕਰਦਾ ਕਿ ਵਤਨ ਉਸ ਵੱਲ ਬੇਰੁਖ਼ੀ ਅਖ਼ਤਿਆਰ ਕਰੇਗਾ। ਪਰ ਫਿਰ ਉਹ ਆਪਣੀ ਬੇਬਸੀ ਦੱਸਦਿਆਂ ਹੋਇਆ ਵੀ ਵਤਨ ਦੀ ਖ਼ੈਰ ਮੰਗਦਾ ਹੈ।

ਫ਼ੈਜ਼ ਦੀ 'ਜ਼ਿੰਦਾਨਾਮਾ' ਦੀ ਨਜ਼ਮ 'ਮੁਲਾਕਾਤ' ਬਾਰੇ ਕਿਹਾ ਗਿਆ ਹੈ ਕਿ ਇਹ ਅਤਿ ਦੀ ਪੀੜ ਦੇ ਨਾਲ-ਨਾਲ ਡਾਢੀ ਤਸੱਲੀ ਦੇ ਰੌਅ ਦੀ ਪੇਸ਼ਕਾਰੀ ਕਰਦੀ ਹੈ। ਇਸ ਵਿਚ ਵਿਸ਼ਵਾਸ, ਹੌਂਸਲਾ ਤੇ ਇਰਾਦਾ ਦ੍ਰਿੜਾਏ ਗਏ ਹਨ। ਇਹ ਅਜਿਹੇ ਅੰਦਾਜ਼ ਦਾ ਹੌਂਸਲਾ ਹੈ ਕਿ ਇਸ ਵਿਚ ਚੰਨ ਤਾਰਿਆਂ ਤੱਕ ਪਰਵਾਜ਼ ਕਰਨ ਦਾ ਦਾਈਆ ਨਜ਼ਰ



ਆਉਂਦਾ ਹੈ। ਸ਼ਾਇਰ ਰਾਤ ਦਾ ਜ਼ਿਕਰ ਕਰਦਿਆਂ ਇਸਨੂੰ ਉਸ ਦਰਦ ਦਾ ਦਰਖ਼ਤ ਕਹਿੰਦਾ ਹੈ, ਜਿਹੜਾ ਉਸਦੇ ਆਖਣ ਅਨੁਸਾਰ ਉਸਦੇ ਆਪਣੇ ਤੇ ਮਹਿਬੂਬ ਦੋਹਾਂ ਨਾਲੋਂ ਵੱਡਾ ਹੈ। ਮਹਿਬੂਬ ਨੂੰ ਉਸਦਾ ਕਹਿਣਾ ਇਹ ਹੈ ਕਿ ਇਹੋ ਗ਼ਮ ਆਹਾਂ ਦੀ ਅੱਗ ਵਿਚ ਤਪ ਜਾਣ ਨਾਲ ਖ਼ੁਦ ਇਕ ਚੰਗਿਆੜਾ ਬਣ ਜਾਵੇਗਾ। ਸ਼ਾਇਰ ਦੇ ਸ਼ਬਦਾਂ ਵਿਚ ਉਸਨੇ ਆਪਣੇ ਜਿਗਰ ਨੂੰ ਲੱਗੇ ਹਰ ਤੀਰ ਨੂੰ ਤੇਸਾ ਭਾਵ ਹਥਿਆਰ ਬਣਾ ਲਿਆ ਹੈ। ਮਹਿਬੂਬ ਦੇ ਨਾਲ ਉਸ ਦੀ ਸਾਂਝੀ ਸਵੇਰ ਅਸਮਾਨਾਂ ਉੱਤੇ ਨਹੀਂ, ਸਗੋਂ ਇਸ ਧਰਤੀ ਉੱਤੇ ਹੈ ਜਿੱਥੇ ਦੋਵੇਂ ਖੜ੍ਹੇ ਹਨ। ਇਹ ਗ਼ਮ ਜਿਹੜਾ ਰਾਤ ਨੇ ਦਿੱਤਾ ਹੈ, ਸਵੇਰ ਦਾ ਯਕੀਨ ਬਣ ਗਿਆ ਹੈ। ਯਕੀਨ ਗ਼ਮ ਨਾਲੋਂ ਉੱਚਾ ਹੈ ਉਵੇਂ ਹੀ ਜਿਵੇਂ ਸਵੇਰ ਸਭ ਤੋਂ ਉੱਚੀ ਹੈ।

ਫ਼ੈਜ਼ ਦੀ ਪ੍ਰਸਿੱਧ ਨਜ਼ਮ 'ਹਮ ਤੋ ਤਾਰੀਕ ਰਾਹੋਂ ਮੇਂ ਮਾਰੇ ਗਏ' ਉਸਦੀ ਸੰਵੇਦਨਸ਼ੀਲ ਤੇ ਉਸ ਦੀ ਵਚਨਬੱਧਤਾ ਦੀ ਇਕ ਉਦਾਹਰਣ ਹੈ। ਇਹ ਈਥਲ ਤੇ ਜੂਲੀਅਸ ਰੋਜ਼ਨਬਰਗ ਜੋੜੇ ਦੇ ਖ਼ਤਾਂ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਸੀ। ਇਹ ਜੋੜੀ ਅਮਰੀਕਾ ਦੇ ਐਟਮ ਬੰਬ ਦੇ ਪ੍ਰਾਜੈਕਟ ਵਿਚ ਮੋਹਰੀ ਵਿਗਿਆਨੀਆਂ ਦੀ ਹੈਸੀਅਤ ਵਿਚ ਨਿਯੁਕਤ ਸੀ। ਉਸ ਸਮੇਂ ਅਮਰੀਕਾ ਕੋਲ ਇਸ ਬੰਬ ਦੀ ਟੈਕਨੀਕ ਦੀ ਅਜਾਰੇਦਾਰੀ ਸੀ। ਸੰਸਾਰ ਦੀਆਂ ਅਮਨ ਪਸੰਦ ਤਾਕਤਾਂ ਦਾ ਇਹ ਤਕਾਜ਼ਾ ਸੀ ਕਿ ਇਹ ਅਜਾਰੇਦਾਰੀ ਖ਼ਤਮ ਹੋਵੇ ਕਿਉਂਕਿ ਇਸਦੀ ਧੌਂਸ ਦੇ ਕੇ ਅਮਰੀਕਾ, ਦੁਨੀਆਂ ਦੇ ਵੱਡੇ ਹਿੱਸੇ ਉੱਤੇ ਆਪਣਾ ਗ਼ਲਬਾ ਸਥਾਪਤ ਕਰਨ ਦੀ ਨੀਤੀ ਉੱਤੇ ਚਲ ਰਿਹਾ ਹੈ। ਇਸ ਜੋੜੀ ਵਲੋਂ ਸੋਵੀਅਤ ਯੂਨੀਅਨ ਨੂੰ ਮੁਹੱਈਆ ਕੀਤੇ ਗਏ ਦਸਤਾਵੇਜ਼ਾਂ ਕਾਰਨ ਉਹ ਦੇਸ਼ ਵੀ ਐਟਮ ਬੰਬ ਬਣਾਉਣ ਦੇ ਸਮਰੱਥ ਹੋਇਆ। ਇਸ ਗੱਲ ਦਾ ਪਤਾ ਲੱਗਣ ਉੱਤੇ ਅਮਰੀਕੀ ਹਾਕਮ ਡਾਢੇ ਪ੍ਰੇਸ਼ਾਨ ਹੋਏ ਤੇ ਸੀ.ਆਈ.ਏ. ਨੇ ਇਸ ਜੋੜੀ ਨੂੰ ਸਜ਼ਾ ਦੇ ਦਿੱਤੀ। ਉਸ ਸਮੇਂ ਸੰਸਾਰ ਭਰ ਵਿਚ ਇਕ ਸ਼ਕਤੀਸ਼ਾਲੀ ਜਨਤਕ ਲਹਿਰ ਇਨ੍ਹਾਂ ਦੀ ਰਿਹਾਈ ਲਈ ਚੱਲੀ ਸੀ। ਫ਼ੈਜ਼ ਦੀ ਇਹ ਨਜ਼ਮ ਉਸੇ ਮੁਹਿੰਮ ਦਾ ਹਿੱਸਾ ਸੀ। ਦੋਹਾਂ ਦੀਆਂ ਚਿੱਠੀਆਂ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਆਪਸੀ ਵਾਰਤਾਲਾਪ ਹੈ ਤੇ ਸ਼ਾਇਰ ਨੇ ਉਨ੍ਹਾਂ ਦੀ ਮੁਹੱਬਤ ਤੇ ਆਪਣੇ ਨਿਸ਼ਾਨੇ ਪ੍ਰਤੀ ਉਨ੍ਹਾਂ ਦੀ ਤਸੱਲੀ ਦੀ ਭਾਵਨਾ ਨੂੰ ਜ਼ੁਬਾਨ ਦਿੱਤੀ ਹੈ। ਕਾਲ ਕੋਠੜੀ ਵਿਚ ਬਿਜਲੀ ਨਾਲ ਫਾਂਸੀ ਲੱਗਣ ਨੂੰ ਸ਼ਾਇਰ ਨੇ ਹਨ੍ਹੇਰੇ ਵਿਚ ਮਾਰੇ ਜਾਣਾ ਕਿਹਾ ਹੈ। ਸ਼ਾਇਰ ਦਾ ਨਾਇਕ ਇਸ ਕੁਰਬਾਨੀ ਨੂੰ ਮਹਿਬੂਬ ਦੇ ਹੁਸਨ ਦੀ ਗਵਾਹੀ ਕਹਿੰਦਾ ਹੈ। ਉਸਦਾ ਆਪਣੇ ਇਸ਼ਟ ਪ੍ਰਤੀ ਨਿਸ਼ਚਾ ਉਸਦੇ ਕਥਨ ਤੋਂ ਪ੍ਰਤੱਖ ਹੈ। ਉਹ ਕਹਿੰਦਾ ਹੈ ਕਿ ਉਸਦੀ ਕਤਲਗਾਹ ਵਿਚੋਂ ਉਸ ਦੇ ਝੰਡਿਆਂ ਨੂੰ ਚੁਣ ਕੇ ਅੱਗੇ ਤੁਰਨ ਵਾਲੇ ਆਸ਼ਕਾਂ ਦੇ ਕਾਫਲੇ ਆਉਣਗੇ। ਉਨ੍ਹਾਂ ਦੀ ਘਾਲਣਾ ਦੇ ਨਤੀਜੇ ਵਜੋਂ ਦਰਦ ਦੇ ਫ਼ਾਸਲੇ ਛੋਟੇ ਹੋ ਜਾਣਗੇ।

ਫ਼ੈਜ਼ ਨੇ ਫ਼ਲਸਤੀਨੀ ਅਵਾਮ ਦੇ ਸੰਘਰਸ਼ ਵਿਚ ਸ਼ਹੀਦ ਹੋਏ ਦੇਸ਼ ਭਗਤਾਂ ਨਾਲ ਯਕਜਹਿਤੀ ਪ੍ਰਗਟ ਕੀਤੀ। ਉਸਨੇ ਫ਼ਲਸਤੀਨੀਆਂ ਨੂੰ ਉਨ੍ਹਾਂ ਦੇ ਜਾਇਜ਼ ਹੱਕ, ਉਨ੍ਹਾਂ ਦੇ ਆਪਣੇ ਵਤਨ ਦੇ ਨਾ ਮਿਲਣ ਦਾ ਨਿਰਾਦਰ ਮਹਿਸੂਸ ਕੀਤਾ ਤੇ ਉਨ੍ਹਾਂ ਦੀ ਬਹਾਦਰੀ ਦੀ ਸ਼ਲਾਘਾ ਕੀਤੀ। ਉਸਨੇ ਆਪਣੇ ਹੱਥ ਨੂੰ ਫ਼ਲਸਤੀਨੀਆਂ ਦੇ ਅਨੇਕ ਹੱਥਾਂ ਨਾਲ

ਗਲਵਕੜੀ ਪਾਉਣਾ ਮਹਿਸੂਸ ਕੀਤਾ ਤੇ ਹਰ ਥਾਂ ਜਿੱਥੇ ਕਿਤੇ ਲੋਕ ਆਜ਼ਾਦੀ ਲਈ ਲੜ ਰਹੇ ਸਨ ਉਥੇ ਉਸਨੂੰ ਫ਼ਲਸਤੀਨੀ ਲੋਕਾਂ ਦੀ ਆਜ਼ਾਦੀ ਦੀ ਲੜਾਈ ਲੜੀ, ਜਾਂਦੀ ਮਹਿਸੂਸ ਹੋਈ। 'ਫ਼ਲਸਤੀਨੀ ਬੱਚੇ ਕੇ ਲੀਏ ਲੋਰੀ' ਨਾਮੀ ਆਪਣੀ ਨਜ਼ਮ ਵਿਚ ਉਸਨੇ ਬੱਚੇ ਨੂੰ ਲੋਰੀ ਦੇਣ ਦੇ ਰੂਪ ਵਿਚ ਉਸ ਦਾ ਦੁਖਾਂਤ ਸੁਣਾਇਆ ਹੈ। ਬੱਚੇ ਦੇ ਮਾਂ, ਬਾਪ ਸ਼ਹੀਦ ਹੋ ਚੁੱਕੇ ਹਨ ਤੇ ਭਰਾ ਕਿਤੇ ਦੁਰਾਡੇ ਸੰਘਰਸ਼ ਵਿਚ ਗੁਆਚਿਆ ਹੋਇਆ ਹੈ। ਉਹ ਬੱਚੇ ਦੇ ਮਾਂ, ਬਾਪ, ਭੈਣ ਤੇ ਭਰਾ ਦੇ ਨਾਂਅ ਉੱਤੇ ਉਸਨੂੰ ਰੋਣ ਤੋਂ ਇਹ ਕਹਿ ਕੇ ਵਰਜਦਾ ਹੈ ਕਿ ਜੇ ਤੂੰ ਰੋਵੇਂਗਾ ਤਾਂ ਤੇਰੇ ਇਨ੍ਹਾਂ ਆਪਣਿਆਂ ਦੀ ਯਾਦ ਤੈਨੂੰ ਹੋਰ ਵੀ ਰੁਆਵੇਗੀ ਪਰ ਜੇ ਤੂੰ ਮੁਸਕਰਾਏਂਗੇ ਤਾਂ ਇਹ ਸ਼ਾਇਦ ਇਕ ਦਿਨ ਭੇਸ ਬਦਲ ਕੇ ਆ ਕੇ ਤੇਰੇ ਨਾਲ ਖੇਡਣ ਲੱਗ ਜਾਣਗੇ।

'ਗੁਬਾਰ-ਏ-ਅਲਾਮ' ਦੀ ਇਕ ਨਜ਼ਮ 'ਇਕ ਤਰਾਨਾ ਮੁਜਾਹਿਦੀਨ-ਏ-ਫ਼ਲਸਤੀਨ ਕੇ ਲੀਏ' ਵਿਚ ਫ਼ੈਜ਼ ਨੇ ਫ਼ਲਸਤੀਨੀ ਲੋਕਾਂ ਦੀ ਜਿੱਤ ਵਿਚ ਅਟੁੱਟ ਵਿਸ਼ਵਾਸ ਜਤਾਇਆ ਹੈ। ਸ਼ਾਇਰ ਅਨੁਸਾਰ ਉਨ੍ਹਾਂ ਦੇ ਪੈਰਾਂ ਹੇਠ ਜੰਨਤ ਹੈ ਤੇ ਸਿਰ ਉੱਤੇ ਮਿਹਰ ਦਾ ਸਾਇਆ ਹੈ। ਇਸ ਲਈ ਡਰ ਦੀ ਕੋਈ ਲੋੜ ਨਹੀਂ। ਆਖ਼ਿਰ ਜਿੱਤ ਉਨ੍ਹਾਂ ਦੀ ਹੋਵੇਗੀ। ਫ਼ਲਸਤੀਨੀ ਲੋਕਾਂ ਪ੍ਰਤੀ ਆਪਣੀ ਅਕੀਦਤ ਪੇਸ਼ ਕਰਦਿਆਂ ਫ਼ੈਜ਼ ਨੇ 'ਸ਼ਾਮ-ਏ-ਸ਼ਹਿਰਯਾਰਾਂ' ਨੂੰ ਉਨ੍ਹਾਂ ਦੇ ਆਗੂ ਸ਼ਾਸਕ ਅਰਫ਼ਾਤ ਦੇ ਨਮਿਤ ਕੀਤਾ ਹੈ। ਉਨ੍ਹਾਂ ਨੇ ਇੱਕ ਨਜ਼ਮ ਤੁਰਕੀ ਦੇ ਪ੍ਰਸਿੱਧ ਸ਼ਾਇਰ ਨਾਜ਼ਮ ਹਿਕਮਤ ਬਾਰੇ ਲਿਖੀ। ਉਹ ਪਹਿਲੀ ਸੰਸਾਰ ਜੰਗ ਵੇਲੇ ਤੁਰਕੀ ਦੀ ਆਜ਼ਾਦੀ ਦੇ ਸੰਗਰਾਮ ਦਾ ਮੁਜਾਹਿਦ ਸੀ। ਮਗਰੋਂ ਉਸਦਾ ਵਧੇਰੇ ਸਮਾਂ ਤੁਰਕੀ ਦੇ ਪਿਛਾਂਹ-ਖਿਚੂ ਹਾਕਮਾਂ ਦੀ ਜੇਲ੍ਹ ਵਿਚ ਗੁਜ਼ਾਰਿਆ। ਉਨ੍ਹਾਂ ਇਕ ਨਜ਼ਮ 'ਵੇਰਾ ਕੇ ਨਾਮ' ਨਾਜ਼ਮ ਹਿਕਮਤ ਦੀ ਰੂਸੀ ਪਤਨੀ ਦੇ ਨਾਂ ਲਿਖੀ। ਇਹ ਡਾਢੀ ਸੰਖੇਪ ਹੈ ਕਿ ਇਸ ਵਿਚ ਉਸਦੀ ਆਪਣੇ ਪਤੀ ਵੱਲ ਵਫ਼ਾਦਾਰੀ ਦਾ ਹੀ ਕੇਵਲ ਸੰਕੇਤ ਹੈ।

ਫ਼ੈਜ਼ ਦੀ ਪੰਜਾਬੀ ਸ਼ਾਇਰੀ ਦੀ ਉਦਾਹਰਣ ਵਜੋਂ 'ਸ਼ਾਮ-ਏ-ਸ਼ਹਿਰਯਾਰਾਂ' ਦੀ ਨਜ਼ਮ 'ਰੱਬਾ ਸੱਚਿਆ' ਨੂੰ ਲਿਆ ਜਾ ਸਕਦਾ ਹੈ। ਸ਼ਾਇਰ ਰੱਬ ਨੂੰ ਮੁਖ਼ਾਤਬ ਹੋ ਕੇ ਪੁੱਛਦਾ ਹੈ ਕਿ ਤੂੰ ਤਾਂ ਬੰਦੇ ਨੂੰ ਇਹ ਕਹਿ ਕੇ ਦੁਨੀਆਂ ਵਿਚ ਭੇਜਿਆ ਸੀ ਕਿ ਤੂੰ ਦੁਨੀਆਂ ਦਾ ਬਾਦਸ਼ਾਹ ਹੈ ਤੇ ਸਾਰੀਆਂ ਦੌਲਤਾਂ ਤੇਰੀਆਂ ਹਨ ਪਰ ਕਦੇ ਇਹ ਪੁੱਛਿਆ ਵੀ ਨਹੀਂ ਕਿ ਉਸ ਨਾਲ ਇਸ ਦੁਨੀਆਂ ਵਿਚ ਕੀ ਬੀਤ ਰਹੀ ਹੈ ? ਇਸ ਦੁਨੀਆਂ ਵਿਚ ਤਾਂ ਪੁਲਿਸ ਤੇ ਸਰਕਾਰ ਦੀ ਧੌਂਸ ਚੱਲਦੀ ਹੈ ਤੇ ਮਾਲ ਦੇ ਪਟਵਾਰੀ ਵੀ ਅਵਾਮ ਨੂੰ ਲੁੱਟੀ ਜਾ ਰਹੇ ਹਨ। ਲੋਕਾਂ ਦੀ ਬੇ-ਇੱਜ਼ਤੀ ਹੋ ਰਹੀ ਹੈ। ਸ਼ਾਇਰ ਰੱਬ ਨੂੰ ਕਹਿੰਦਾ ਹੈ ਕਿ ਮੈਨੂੰ ਕੁਝ ਵੀ ਨਹੀਂ ਚਾਹੀਦਾ, ਮੈਨੂੰ ਕੇਵਲ ਇੱਜ਼ਤ ਦੀ ਰੋਟੀ ਚਾਹੀਦੀ ਹੈ। ਪਰ ਜੇ ਤੂੰ ਇਹ ਮੰਗ ਪੂਰੀ ਨਹੀਂ ਕਰ ਸਕਦਾ ਤਾਂ ਫਿਰ ਮੈਂ ਹੋਰ ਕਿਸੇ ਰੱਬ ਦੀ ਤਲਾਸ਼ ਵਿਚ ਤੁਰਾਂਗਾ।

ਫ਼ੈਜ਼ ਦੀ ਜਨਮ ਸ਼ਤਾਬਦੀ ਦੇ ਮੌਕੇ ਉੱਤੇ ਇਹ ਯੋਗ ਹੋਵੇਗਾ ਕਿ ਇਥੇ ਸੰਖੇਪ ਰੂਪ ਵਿਚ ਉਨ੍ਹਾਂ ਦੇ ਨਜ਼ਦੀਕੀ ਹਲਕੇ ਦੇ ਕੁਝ ਸਾਥੀਆਂ ਦੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ



ਵਿਚਾਰਾਂ ਦਾ ਹਵਾਲਾ ਦਿੱਤਾ ਜਾਵੇ। ਉਨ੍ਹਾਂ ਦੇ ਬਹੁਤ ਨਜ਼ਦੀਕੀ ਸਾਥੀ ਅਤੇ ਰਾਵਲਪਿੰਡੀ ਸਾਜ਼ਿਸ਼ ਕੇਸ ਵਿਚ ਉਨ੍ਹਾਂ ਦੇ ਮੁਕੱਦਮੇ ਨਾਲ, ਪਾਕਿਸਤਾਨ ਕਮਿਊਨਿਸਟ ਪਾਰਟੀ ਦੇ ਉਸ ਸਮੇਂ ਦੈ ਸੈਕਟਰੀ ਸੱਯਦ ਸਜ਼ਾਦ ਜ਼ਹੀਰ ਅਨੁਸਾਰ ਫ਼ੈਜ਼ ਨੇ ਉਹੋ ਕਦਰਾਂ ਆਪਣੀ ਸ਼ਾਇਰੀ ਵਿਚ ਪੇਸ਼ ਕੀਤੀਆਂ ਹਨ ਜਿਹੜੀਆਂ ਇਸ ਜ਼ਮਾਨੇ ਵਿਚ ਸਮੁੱਚੀ ਅਗਾਂਹਵਧੂ ਮਨੁੱਖਤਾ ਦੀਆਂ ਕਦਰਾਂ ਹਨ। ਪਰ ਫ਼ੈਜ਼ ਨੇ ਉਨ੍ਹਾਂ ਨੂੰ ਏਡੀ ਖ਼ੂਬੀ ਨਾਲ ਅਪਣਾਇਆ ਹੈ ਕਿ ਉਹ ਨਾ ਤਾਂ ਸਾਡੀ ਤਹਿਜੀਬ ਤੇ ਸਭਿਆਚਾਰ ਦੀਆਂ ਸਭ ਤੋਂ ਵਧੀਆ ਰਵਾਇਤਾਂ ਤੋਂ ਵੱਖਰੀਆਂ ਨਜ਼ਰ ਆਉਂਦੀਆਂ ਹਨ ਤੇ ਨਾ ਹੀ ਸ਼ਾਇਰ ਦਾ ਵਿਅਕਤਿਤਵ ਅਤੇ ਉਸ ਦਾ ਨਰਮ, ਮਿੱਠਾ ਤੇ ਸੰਗੀਤਮਈ ਅੰਦਾਜ਼ ਹੀ ਇਨ੍ਹਾਂ ਨਾਲੋਂ ਵੱਖਰਾ ਹੁੰਦਾ ਹੈ। ਉਸਦੇ ਖ਼ਿਆਲਾਂ ਵਿਚ ਉਨ੍ਹਾਂ ਸੱਚਿਆਈਆਂ ਅਤੇ ਉਨ੍ਹਾਂ ਜਮਹੂਰੀ ਮਕਸਦਾਂ ਦੀ ਚਮਕ ਹੈ। ਜਿਨ੍ਹਾਂ ਕਾਰਨ ਸਾਡੀ ਮਹਾਨ ਕੌਮ ਦੀ ਵੱਡੀ ਬਹੁਗਿਣਤੀ ਦੇ ਦਿਲ ਰੌਸ਼ਨ ਹਨ। ਜੇ ਸਭਿਆਚਾਰਕ ਵਿਕਾਸ ਦਾ ਭਾਵ ਇਹ ਹੈ ਕਿ ਮਨੁੱਖ ਆਪਣੀ ਸੋਚ ਵਿਚ ਸੱਚ ਨੂੰ ਲੱਭਣ ਦੇ ਯੋਗ ਹੋਵੇ, ਉਸਦੇ ਵਰਤਾਓ ਵਿਚ ਸਥਿਰਤਾ ਹੋਵੇ ਤੇ ਸਾਡੀ ਜ਼ਿੰਦਗੀ ਅੰਦਰੋਂ ਤੇ ਬਾਹਰੋਂ ਸਾਫ ਹੋਵੇ ਤੇ ਇਸ ਵਿਚੋਂ ਖ਼ੁਸ਼ਬੂ ਵੀ ਆਵੇ ਤਾਂ ਫ਼ੈਜ਼ ਦਾ ਸ਼ਿਅਰ ਇਨ੍ਹਾਂ ਸਭਨਾਂ ਸਭਿਆਚਾਰਕ ਮਕਸਦਾਂ ਨੂੰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਸੱਜਾਦ ਜ਼ਹੀਰ ਅਨੁਸਾਰ ਪਾਕਿਸਤਾਨ ਅਤੇ ਹਿੰਦੁਸਤਾਨ ਵਿਚ ਉਸਦੇ ਅਸਾਧਾਰਨ ਤੌਰ ਉੱਤੇ ਹਰਮਨ ਪਿਆਰੇ ਹੋਣ ਦਾ ਕਾਰਨ ਵੀ ਇਹੋ ਹੈ ਅਤੇ ਫ਼ੈਜ਼ ਨੂੰ ਚਾਹੁਣ ਵਾਲੇ 'ਨਕਸ਼ੇ-ਏ-ਫ਼ੁਰਯਾਦੀ', 'ਦਸਤੇ-ਏ-ਸਬਾ' ਤੇ 'ਜ਼ਿੰਦਾਨਾਮਾ' ਦੇ ਭਾਵੇਂ ਕਿੰਨੇ ਵੀ ਸ਼ੈਦਾਈ ਕਿਉਂ ਨਾ ਹੋਣ, ਉਨ੍ਹਾਂ ਨੂੰ ਇਹ ਉਮੀਦ ਹੈ ਕਿ ਫ਼ੈਜ਼ ਦੀਆਂ ਆਉਣ ਵਾਲੇ ਸਮੇਂ ਦੀਆਂ ਰਚਨਾਵਾਂ ਉਨ੍ਹਾਂ ਵਲੋਂ ਹੁਣ ਤੱਕ ਕੀਤੀਆਂ ਗਈਆਂ ਰਚਨਾਵਾਂ ਨਾਲੋਂ ਵਧੇਰੇ ਕੀਮਤੀ ਹੋਣਗੀਆਂ।"

ਸੱਜਾਦ ਜ਼ਹੀਰ ਨੇ ਇਹ ਸ਼ਬਦ 1956 ਵਿਚ ਕਹੇ ਸਨ। ਫ਼ੈਜ਼ ਨੇ ਉਸ ਤੋਂ ਤਿੰਨ ਦਹਾਕੇ ਬਾਅਦ ਤੱਕ ਰਚਨਾ ਜਾਰੀ ਰੱਖੀ। ਬਾਅਦ ਦੀਆਂ ਇਹ ਰਚਨਾਵਾਂ ਇਸ ਪੇਸ਼ੀਨਗੋਈ ਉੱਤੇ ਪੂਰੀਆਂ ਉਤਰਦੀਆਂ ਹਨ।

ਫ਼ੈਜ਼ ਦੇ ਇਕ ਹੋਰ ਮੁਕੱਦਮੇ ਵਾਲੇ ਸਾਥੀ ਮੇਜਰ ਮੁਹੰਮਦ ਇਸਹਾਕ ਅਨੁਸਾਰ ਉਸਨੂੰ ਚਾਰ ਸਾਲ ਲਗਾਤਾਰ ਫ਼ੈਜ਼ ਸਾਹਿਬ ਨਾਲ ਜੇਲ੍ਹ ਵਿਚ ਰਹਿਣ ਦਾ ਮੌਕਾ ਮਿਲਿਆ।? ਉਸ ਨੇ ਲਿਖਿਆ ਕਿ ਜਦੋਂ ਉਹ ਸ਼ਿਅਰ ਲਿਖਣ ਦੇ ਮੂਡ ਵਿਚ ਹੁੰਦੇ ਤਾਂ ਖਾਮੋਸ਼ ਹੋ ਜਾਂਦੇ। ਉੱਠਦਿਆਂ-ਬਹਿੰਦਿਆਂ ਗੁਣਗੁਣਾਉਣ ਤੋਂ ਬਾਅਦ ਇਧਰ-ਉਧਰ ਵੇਖਣ ਲੱਗਦੇ। ਅਸੀਂ ਸਮਝ ਜਾਂਦੇ ਸਾਂ ਕਿ ਹੁਣ ਉਨ੍ਹਾਂ ਨੂੰ ਸਰੋਤਿਆਂ ਦੀ ਲੋੜ ਹੈ। ਅਸੀਂ ਉਨ੍ਹਾਂ ਕੋਲ ਜਾ ਕੇ ਗ਼ਜ਼ਲ ਜਾਂ ਨਜ਼ਮ ਦੀ ਮੰਗ ਕਰਦੇ। ਉਨ੍ਹਾਂ ਦੇ ਨੇੜੇ-ਤੇੜੇ ਹਰ ਤਰ੍ਹਾਂ ਦੇ ਰੌਲੇ ਨੂੰ ਬੰਦ ਕਰਵਾ ਦਿੱਤਾ ਜਾਂਦਾ। ਮੇਜਰ ਨੇ ਲਿਖਿਆ ਕਿ ਉਨ੍ਹਾਂ ਦੀ ਸ਼ਾਇਰੀ ਦੇ ਚਾਰ ਰੰਗ ਜਾਂ ਮੂਡ ਹਨ। ਪਹਿਲਾਂ ਰੰਗ ਸਰਗੋਧਾ ਤੇ ਲਾਇਲਪੁਰ ਦੀਆਂ ਜੇਲ੍ਹਾਂ ਦਾ ਹੈ। ਇਥੇ ਉਨ੍ਹਾਂ ਤਿੰਨ ਮਹੀਨੇ ਇਕੱਲਿਆਂ ਕੱਟੇ, ਜਿਹੜੇ ਬਹੁਤ ਔਖੇ ਸਨ। ਇਥੇ ਕਾਗਜ਼, ਕਲਮ, ਦਵਾਤ,

ਅਖ਼ਬਾਰਾਂ, ਖ਼ਤ ਸਭ ਚੀਜ਼ਾਂ ਦੀ ਮਨਾਹੀ ਸੀ। 'ਮਤਾ-ਏ-ਲੋਹ-ਓ ਕਲਮ ਛਿਨ ਗਿਈ ਤੋ ਕਿਆ ਗ਼ਮ ਹੈ' ਵਿਚ ਇਸੇ ਵਲ ਇਸ਼ਾਰਾ ਹੈ। ਇਸ ਇਕੱਲ ਦੇ ਅਸਰ ਕਾਰਨ ਉਹ ਹੈਦਰਾਬਾਦ ਜੇਲ੍ਹ ਵਿਚ ਪਹੁੰਚ ਕੇ ਵੀ, ਇਕੱਲੇ ਨਹੀਂ ਰਹਿਣਾ ਚਾਹੁੰਦੇ ਸਨ। 'ਦਸਤ-ਏ-ਸਬਾ' ਦੀਆਂ ਕਈ ਨਜ਼ਮਾਂ ਤੇ ਗ਼ਜ਼ਲਾਂ ਉਨ੍ਹਾਂ ਇਥੇ ਹੀ ਲਿਖੀਆਂ। ਇਥੇ ਉਨ੍ਹਾਂ ਦੀ ਸ਼ਾਇਰੀ ਦਾ ਦੂਜਾ ਰੰਗ ਸਾਹਮਣੇ ਆਇਆ। ਇਥੇ ਹਰ ਉਹ ਆਰਾਮ ਮਿਲਿਆ ਜਿਹੜਾ ਜੇਲ੍ਹ ਵਿਚ ਮਿਲ ਸਕਦਾ ਸੀ। ਪਰ ਇਸ ਜ਼ਾਹਿਰੀ ਆਰਾਮ ਦੇ ਪਰਦੇ ਹੇਠ ਹਜ਼ਾਰਾਂ ਖਾਹਿਸ਼ਾਂ ਦਾ ਕਬਰਸਤਾਨ ਲੁਕਿਆ ਹੋਇਆ ਸੀ। ਸਾਡੇ ਉੱਤੇ ਡੰਡਾਵਲੀ ਦੀਆਂ ਕਈ ਮੱਦਾਂ ਹੇਠ ਮੁਕੱਦਮਾ ਚੱਲ ਰਿਹਾ ਸੀ। ਇਨ੍ਹਾਂ ਦੀ ਸਜ਼ਾ ਮੌਤ ਸੀ। ਸਫ਼ਾਈ ਦੀਆਂ ਸਹੂਲਤਾਂ ਪ੍ਰਾਪਤ ਨਹੀਂ ਸਨ। ਪਰ ਅਸੀਂ ਰਾਮਰੌਲਾ ਪਾਈ ਰੱਖਦੇ ਸਾਂ ਤੇ ਇਉਂ ਇਸ ਰੌਲੇ ਵਿਚ ਆਉਣ ਵਾਲੇ ਖ਼ਤਰੇ ਨੂੰ ਦਬਾਈ ਰੱਖਦੇ ਸਾਂ। ਹਾਰ ਦਾ ਕਦੇ ਜ਼ਿਕਰ ਤੱਕ ਨਹੀਂ ਹੁੰਦਾ ਸੀ। ਅਸੀਂ ਫ਼ੈਜ਼ ਦੇ ਇਕ ਕਥਨ ਉੱਤੇ ਚੱਲਦੇ ਸਾਂ ਕਿ ਜਦੋਂ ਡਿਫੈਂਸ ਦਾ ਰਾਹ ਨਾ ਹੋਵੇ ਤਾਂ ਹੱਲਾ ਬੋਲ ਦੇਵੋ।

ਮੇਜਰ ਅਨੁਸਾਰ ਫ਼ੈਜ਼ ਸਾਹਿਬ ਦੀ ਸ਼ਾਇਰੀ ਦਾ ਤੀਜਾ ਰੰਗ ਕਰਾਂਚੀ ਦੀ ਜੇਲ੍ਹ ਦਾ ਹੈ। ਇਥੇ ਉਹ ਦੋ ਮਹੀਨੇ ਰਹੇ। ਕਰਾਚੀ ਹਸਪਤਾਲ ਵਿਚ ਭੇਜੇ ਜਾਣ ਕਾਰਨ ਉਨ੍ਹਾਂ ਦੀ ਮੁਲਾਕਾਤ ਦੋਸਤਾਂ ਨਾਲ ਹੋ ਜਾਂਦੀ ਸੀ। ਕਰਾਚੀ ਵਿਚ ਹੀ ਉਨ੍ਹਾਂ ਆਪਣੀ ਕਮਾਲ ਦੀ ਨਜ਼ਮ 'ਮੁਲਾਕਾਤ' ਲਿਖੀ। ਚੌਥਾ ਰੰਗ ਮਿੰਟਗੁਮਰੀ ਜੇਲ੍ਹ ਦਾ ਹੈ। ਇਥੇ ਸਹੂਲਤਾਂ ਹੈਦਰਬਾਦ ਵਰਗੀਆਂ ਹੀ ਸਨ। ਇਥੇ ਉਨ੍ਹਾਂ ਨੂੰ ਆਪਣੀ ਬੀਵੀ, ਬੇਟੀਆਂ ਤੇ ਹੋਰ ਰਿਸ਼ਤੇਦਾਰਾਂ ਨਾਲ ਮੁਲਾਕਾਤ ਕਰਨ ਵਿਚ ਵੀ ਆਸਾਨੀ ਸੀ। ਇਥੇ ਦਿਲ ਪ੍ਰਚਾਉਣ ਲਈ ਅਸਾਂ ਫੁੱਲ ਉਗਾ ਲਏ। ਫ਼ੈਜ਼ ਸਾਹਿਬ ਨੂੰ ਫੁੱਲਾਂ ਦਾ ਸ਼ੌਕ ਸੀ। ਇਥੇ ਰਹਿੰਦਿਆਂ ਉਨ੍ਹਾਂ ਦੀ ਕਲਪਨਾ ਜੇਲ੍ਹ ਤੋਂ ਬਾਹਰ ਦੀ ਦੁਨੀਆਂ ਨਾਲ ਬੱਝੀ ਰਹੀ। ਇਸੇ ਜੇਲ੍ਹ ਦੇ ਸਮੇਂ ਵਿਚ ਹੀ ਸਾਨੂੰ ਈਰਾਨੀ ਵਿਦਿਆਰਥੀਆਂ ਉੱਤੇ ਜੇਲ੍ਹ ਅੰਦਰ ਗੋਲੀ ਚੱਲਣ ਦੀ ਘਟਨਾ ਦਾ ਵਿਸਥਾਰ ਅਮਰੀਕੀ ਰਸਾਲੇ 'ਟਾਈਮ' ਰਾਹੀਂ ਮਿਲਿਆ। ਫ਼ੈਜ਼ ਸਾਹਿਬ ਦੀ ਨਜ਼ਮ 'ਦਰੀਚਾ' ਉਨ੍ਹਾਂ ਦੀਆਂ ਉਸ ਸਮੇਂ ਦੀਆਂ ਭਾਵਨਾਵਾਂ ਨੂੰ ਪੇਸ਼ ਕਰਦੀ ਹੈ।

ਰੂਸੀ ਲੇਖਕ ਅਲੈਗਜ਼ਾਂਡਰ ਸਰਕੋਫ ਨੇ 1958 ਵਿਚ ਫ਼ੈਜ਼ ਨਾਲ ਹੋਈ ਇਕ ਮੁਲਾਕਾਤ ਬਾਰੇ ਲਿਖਿਆ ਹੈ। ਉਸ ਮੌਕੇ ਤਾਸ਼ਕੰਦ ਵਿਚ ਐਫ਼ਰੋ-ਏਸ਼ੀਅਨ ਲੇਖਕਾਂ ਦਾ ਇਕ ਸਮਾਗਮ ਹੋਇਆ ਸੀ। ਜਿਸ ਵਿਚ ਫ਼ੈਜ਼ ਨੇ ਮੋਹਰੀ ਰੋਲ ਅਦਾ ਕੀਤਾ ਸੀ। ਪਾਕਿਸਤਾਨ ਵਿਚ ਗ਼ੈਰ-ਜਮਹੂਰੀ ਤਾਕਤਾਂ ਨੇ ਸੱਤਾ ਸੰਭਾਲ ਲਈ ਸੀ। ਇਸ ਲਈ ਫ਼ੈਜ਼ ਸਾਹਿਬ ਲਈ ਪਾਕਿਸਤਾਨ ਪਰਤਣ ਦੇ ਹਾਲਾਤ ਸਾਜਗਾਰ ਨਹੀਂ ਰਹੇ ਸਨ। ਉਨ੍ਹਾਂ ਦਾ ਫਿਰ ਜੇਲ੍ਹ ਜਾਣਾ ਨਿਸ਼ਚਿਤ ਸੀ। ਸਰਕੋਫ਼ ਨੇ ਉਨ੍ਹਾਂ ਨੂੰ ਪੁੱਛਿਆ ਕਿ ਆਉਣ ਵਾਲੇ ਸਮੇਂ ਵਿਚ ਤਸੀਂ ਕੀ ਕਰਨ ਦਾ ਇਰਾਦਾ ਰੱਖਦੇ ਹੋ ? ਉਨ੍ਹਾਂ ਦੇ ਚਿਹਰੇ ਉੱਤੇ ਹਲਕੀ ਜਿਹੀ ਮੁਸਕਰਾਹਟ ਆਈ ਤੇ ਉਨ੍ਹਾਂ ਕਿਹਾ ਕਿ ਪਹਿਲਾਂ ਮੈਂ ਲੰਦਨ ਜਾਵਾਂਗਾ ਤੇ ਆਪਣੇ ਉਨ੍ਹਾਂ ਦੋਸਤਾਂ ਨੂੰ



ਮਿਲਾਂਗਾ ਜਿਹੜੇ ਹੁਣੇ-ਹੁਣੇ ਪਾਕਿਸਤਾਨ ਤੋਂ ਆਏ ਹਨ। ਫਿਰ ਮੈਂ ਕਰਾਂਚੀ, ਲਾਹੌਰ ਆਪਣੇ ਵਤਨ ਵਾਪਿਸ ਜਾਵਾਂਗਾ। ਸਰਕੋਫ਼ ਨੇ ਕਿਹਾ ਕਿ ਤੁਹਾਨੂੰ ਪਤਾ ਹੈ ਕਿ ਹੁਣ ਉਥੇ ਤੁਹਾਡੇ ਜਾਣ ਦੇ ਹਾਲਾਤ ਨਹੀਂ ਹਨ। ਉਨ੍ਹਾਂ ਅੱਗੋਂ ਜੁਆਬ ਦਿੱਤਾ ਕਿ ਇਸੇ ਲਈ ਤਾਂ ਮੈਨੂੰ ਵਤਨ ਵਾਪਿਸ ਜਾਣਾ ਚਾਹੀਦਾ ਹੈ। ਸਰਕੋਫ਼ ਨੇ ਕਿਹਾ ਕਿ ਫਿਰ ਤਾਂ ਜੇਲ੍ਹ ਯਕੀਨੀ ਹੈ। ਫ਼ੈਜ਼ ਹੋਰਾਂ ਕਿਹਾ ਕਿ "ਸ਼ਾਇਦ..... ਜੇ ਕਿਸੇ ਵੱਡੇ ਮਕਸਦ ਲਈ ਜੇਲ੍ਹ ਜਾਣਾ ਪਏ ਤਾਂ ਜ਼ਰੂਰ ਜਾਣਾ ਚਾਹੀਦਾ ਹੈ।" ਸਰਕੋਫ਼ ਨੇ ਕਿਹਾ ਕਿ ਜੇਲ੍ਹ ਤੋਂ ਵੀ ਮਾੜੀ ਹਾਲਤ ਹੋਣੀ ਹੋਵੇ ਤਾਂ ਕੀ ਫਿਰ ਵੀ ਜਾਣਾ ਚਾਹੋਗੇ ? ਉਨ੍ਹਾਂ ਅੱਗੋ ਜੁਆਬ ਦਿੱਤਾ ਕਿ ਜੇ ਜੇਲ੍ਹ ਤੋਂ ਵੀ ਮਾੜੀ ਹਾਲਤ ਵਾਪਰਨੀ ਹੋਵੇ ਤਾਂ ਇਹ ਮਾੜਾ ਹੋਵੇਗਾ, ਪਰ ਤੁਹਾਨੂੰ ਪਤਾ ਹੈ ਕਿ ਜੱਦੋ-ਜਹਿਦ ਆਖ਼ਰ ਜੱਦੋ-ਜਹਿਦ ਹੈ।" ਸਰਕੋਫ਼ ਅਨੁਸਾਰ ਇਹ ਉਨ੍ਹਾਂ ਦਾ ਆਤਮ-ਵਿਸ਼ਵਾਸੀ ਜੁਆਬ ਸੀ। ਸਰਕੋਫ਼ ਨੇ ਲਿਖਿਆ ਕਿ ਮੁਸੀਬਤਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਦੀ ਜੋ ਜੁਰਅਤ ਫ਼ੈਜ਼ ਵਿਚ ਸੀ ਉਸਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ।

ਮੈਨੂੰ ਫ਼ੈਜ਼ ਸਾਹਿਬ ਦੇ ਦਰਸ਼ਨ ਕਰਨ ਦਾ ਇਕ ਵਾਰ ਮੌਕਾ ਮਿਲਿਆ ਜਦੋਂ ਉਹ ਬੈਰੂਤ ਵਿਚ ਆਪਣੇ ਕਿਆਮ ਦੇ ਦੌਰਾਨ ਭਾਰਤ ਆਏ ਹੋਏ ਸਨ। ਸੋਵੀਅਤ ਯੂਨੀਅਨ ਵਿਭਾਗ ਦੇ ਦਫ਼ਤਰ ਜਿੱਥੇ ਮੈਂ ਨੌਕਰੀ ਕਰਦਾ ਸਾਂ, ਦੇ ਨਾਲ ਲੱਗਦੀ ਇਮਾਰਤ ਵਿਚ ਐਫ਼ਰੋ-ਏਸ਼ੀਅਨ ਪੀਸ ਐਂਡ ਸਾਲਿਡੈਰਿਟੀ ਜਥੇਬੰਦੀ ਦਾ ਦਫ਼ਤਰ ਸੀ। ਇਥੇ ਉਨ੍ਹਾਂ ਦੇ ਸਨਮਾਨ ਵਿਚ ਇੱਕ ਇਕੱਤਰਤਾ ਕੀਤੀ ਗਈ। ਜਿਸ ਵਿਚ ਇਸ ਜਥੇਬੰਦੀ ਨਾਲ ਜੁੜੇ ਹੋਏ ਲੋਕ ਹਾਜ਼ਰ ਸਨ। ਫ਼ੈਜ਼ ਸਾਹਿਬ ਨੇ ਆਪਣੀਆਂ ਕਈ ਗ਼ਜ਼ਲਾਂ ਤੇ ਨਜ਼ਮਾਂ ਸੁਣਾਈਆਂ। ਮੈਂ ਪੰਜਾਬੀ ਦੀਆਂ ਨਜ਼ਮਾਂ ਦੀ ਫਰਮਾਇਸ਼ ਕੀਤੀ। ਉਨ੍ਹਾਂ ਦੋ ਜਾਂ ਤਿੰਨ ਪੰਜਾਬੀ ਨਜ਼ਮਾਂ ਸੁਣਾਈਆਂ।

ਉਸ ਸਮੇਂ ਹੋਰਨਾਂ ਸਾਥੀਆਂ ਤੋਂ ਪਤਾ ਲੱਗਾ ਕਿ ਫ਼ੈਜ਼ ਸਾਹਿਬ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਦਫ਼ਤਰ ਵੀ ਗਏ ਸਨ। ਉਨ੍ਹਾਂ ਹਾਲਾਤ ਵਿਚ ਇਹ ਉਨ੍ਹਾਂ ਦੀ ਬੇਖ਼ੌਫੀ ਦਾ ਪੂਰਾ ਦਾਅਵਾ ਸੀ ਤੇ ਇਸ ਗੱਲ ਦਾ ਪੂਰਾ ਸੰਕੇਤ ਕਿ ਉਹ ਕਿਸੇ ਵੀ ਸਜ਼ਾ ਲਈ ਤਿਆਰ ਸਨ। ਜਦੋਂ ਉਹ ਹਾਈ ਕਮਿਸ਼ਨ ਤੋਂ ਵਾਪਸ ਮੁੜੇ ਤਾਂ ਹਾਈ ਕਮਿਸ਼ਨ ਵਲੋਂ ਸਕਾਚ ਵਿਸਕੀ ਦੀ ਇੱਕ ਪੇਟੀ ਉਨ੍ਹਾਂ ਦੀ ਕਾਰ ਵਿਚ ਰਖਵਾ ਦਿੱਤੀ ਗਈ। ਉਸ ਦੇਸ਼ ਦੇ ਰਾਜਦੂਤਕ ਪ੍ਰਤੀਨਿਧਾਂ ਨੇ ਜਿੱਥੇ ਜ਼ਿਆ-ਉਲ-ਹੱਕ ਦੀ ਸਰਕਾਰ ਅਧੀਨ ਸ਼ਰਾਬ ਮਨ੍ਹਾ ਸੀ, ਫੈਜ਼ ਸਾਹਿਬ ਦੀ ਆਮਦ ਦੇ ਸਨਮਾਨ ਵਿਚ ਇਉਂ ਕੀਤਾ। ਜ਼ਾਹਿਰ ਸੀ ਕਿ ਫ਼ੈਜ਼ ਸਾਹਿਬ ਨੂੰ, ਉਨ੍ਹਾਂ ਦੀ ਨਾਬਰੀ ਦੇ ਬਾਵਜੂਦ ਅਪਨਾਉਣ ਤੋਂ ਬਿਨਾਂ ਪਾਕਿਸਤਾਨ ਕੋਲ ਕੋਈ ਚਾਰਾ ਨਹੀਂ ਸੀ। ਅਜਿਹੀ ਸੀ ਫ਼ੈਜ਼ ਦੀ ਮਹਾਨ ਸ਼ਖ਼ਸੀਅਤ ਜਿਸ ਪ੍ਰਤੀ ਸ਼ਰਧਾ ਪ੍ਰਗਟ ਕਰਕੇ ਪੰਜਾਬੀ ਲੇਖਕਾਂ ਤੇ ਚਿੰਤਕਾਂ ਨੇ ਆਪਣਾ ਫਰਜ਼ ਪੂਰਾ ਕੀਤਾ ਹੈ। ●

# ਵਿਚਾਰਧਾਰਾ ਤੋਂ ਬਗ਼ੈਰ ਨਹੀਂ ਸਮਝਿਆ ਜਾ ਸਕਦਾ ਫ਼ੈਜ਼ ਨੂੰ

**- ਪ੍ਰਣਯ ਕ੍ਰਿਸ਼ਣ**

ਫ਼ੈਜ਼ ਦਾ ਸਾਹਿਤ ਦੀ ਦੁਨੀਆਂ ਵਿਚ ਸਾਡੇ ਭਾਰਤੀ ਉਪ ਮਹਾਂਦੀਪ ਲਈ ਉਹੀ ਮਹੱਤਵ ਹੈ ਜੋ ਦੱਖਣੀ ਅਮਰੀਕਾ ਲਈ ਨੈਰੂਦਾ ਦਾ। ਇਸਦਾ ਕਾਰਣ ਇਹ ਨਹੀਂ ਕਿ ਇਹ ਦੋਨੋਂ ਸਮਕਾਲੀ ਰਾਜਨੀਤੀ ਅਤੇ ਸਾਹਿਤਕ ਖੇਤਰ ਦੀਆਂ ਸ਼ਖ਼ਸੀਅਤਾਂ ਸਨ ਸਗੋਂ ਇਸਦਾ ਕਾਰਣ ਇਹ ਹੈ ਕਿ ਇਹ ਦੋਨੋਂ ਆਪਣੇ-ਆਪਣੇ ਮਹਾਂਦੀਪ /ਉਪ ਮਹਾਂਦੀਪ ਦੀ ਸਭਿਅਤਾ ਨਾਲ ਜੁੜੀ ਭਾਵ-ਸੰਰਚਨਾ ਦੀ ਵਿਸ਼ੇਸ਼ਤਾ ਨੂੰ ਸਭ ਤੋਂ ਵੱਧ ਪ੍ਰਗਟਾਵਾ ਦੇ ਸਕੇ। ਰਾਜਨੀਤਿਕ ਅਤੇ ਇਤਿਹਾਸਕ ਕਾਰਨਾਂ ਕਰਕੇ ਆਜ਼ਾਦੀ ਤੋਂ ਬਾਅਦ ਉਰਦੂ ਭਾਸ਼ਾ ਨੂੰ ਭਾਰਤ ਵਿਚ ਬਹੁਤ ਨੁਕਸਾਨ ਉਠਾਉਣਾ ਪਿਆ। ਜਿਸ ਕਾਰਣ ਫਾਰਸੀ ਲਿਪੀ ਜਾਨਣ ਵਾਲਿਆਂ ਦੀ ਗਿਣਤੀ ਘੱਟ ਹੁੰਦੀ ਗਈ। ਇਸਦੇ ਬਾਵਜੂਦ ਮੁਸ਼ਾਇਰਿਆਂ ਦੇ ਜਾਰੀ ਰਹਿਣ ਕਾਰਣ ਉਰਦੂ ਦੀ ਮਕਬੂਲੀਅਤ ਬਣੀ ਰਹੀ। ਹੌਲੀ-ਹੌਲੀ ਸੀਮਾ ਪਾਰ ਦੇ ਸ਼ਾਇਰਾਂ ਦੀ ਸ਼ਾਇਰੀ ਦਾ ਲਿਪੀਆਂਤਰਣ ਵੀ ਹਿੰਦੀ ਪਾਠਕਾਂ ਤੱਕ ਪਹੁੰਚਣ ਲੱਗਾ। ਫ਼ੈਜ਼ ਦਾ ਕਲਾਮ ਬੇਗਮ ਅਖ਼ਤਰ ਤੋਂ ਲੈ ਕੇ ਇਕਬਾਲ ਬਾਨੋ, ਨੈਯਾਰਾ ਨੂਰ, ਮਹਿੰਦੀ ਹਸਨ ਅਤੇ ਜ਼ਿਆ ਮੋਹਈਉਦੀਨ ਦੀਆਂ ਆਵਾਜ਼ਾਂ ਵਿਚ ਸੰਗੀਤ ਰਾਹੀਂ ਸਾਡੇ ਤੱਕ ਸਭ ਤੋਂ ਵੱਧ ਪਹੁੰਚਿਆ ਹੈ। ਅਨੇਕਾਂ ਜ਼ੁਬਾਨਾਂ ਵਿਚ ਫ਼ੈਜ਼ ਦਾ ਕਲਾਮ ਅਨੁਵਾਦ ਹੋ ਕੇ ਸਾਰੀ ਦੁਨੀਆਂ ਵਿਚ ਪਹੁੰਚਿਆ। ਸ਼ਾਇਦ ਸਾਡੇ ਉਪ ਮਹਾਂਦੀਪ ਦੇ ਕਿਸੇ ਸ਼ਾਇਰ / ਕਵੀ ਦੀ ਆਵਾਜ਼ ਪੂਰੀ ਦੁਨੀਆਂ ਵਿਚ ਐਨੇ ਵੱਡੇ ਪੱਧਰ ਤੱਕ ਨਹੀਂ ਪਹੁੰਚੀ, ਜਿੰਨੇ ਵੱਡੇ ਪੱਧਰ 'ਤੇ ਫ਼ੈਜ਼ ਦੀ ਆਵਾਜ਼ ਪਹੁੰਚੀ। ਇਸਦਾ ਕਾਰਣ ਸੂਚਨਾ ਦੀ ਸੰਚਾਰ ਕ੍ਰਾਂਤੀ ਨਹੀਂ ਸਗੋਂ ਇਹ ਇਕ ਦਰਦ ਦੇ ਰਿਸ਼ਤੇ ਰਾਹੀਂ ਪਹੁੰਚੀ ਜਿਸਨੂੰ ਦੁਨੀਆਂ ਦੇ ਕਈ ਉਪ-ਮਹਾਂਦੀਪਾਂ, ਕਈ ਕੌਮਾਂ, ਕਈ ਦੇਸ਼ਾਂ ਅਤੇ ਜ਼ਿਆਦਾਤਰ ਸਤਾਏ ਹੋਏ, ਵੰਚਿਤ ਲੋਕ ਮਹਿਸੂਸ ਕਰਦੇ ਹਨ। ਲਿਪੀ ਨਾ ਜਾਨਣ ਕਾਰਣ ਫ਼ੈਜ਼ ਦੀ ਸ਼ਾਇਰੀ ਬਾਰੇ ਜੋ ਕੁਝ ਵੀ ਕਿਹਾ ਗਿਆ ਹੈ ਉਸ ਤੋਂ ਵਾਂਝੇ ਰਹੇ ਬਹੁਤ ਸਾਰੇ ਲੋਕਾਂ ਕੋਲ ਫ਼ੈਜ਼ ਨੂੰ ਦੇਵਨਾਗਰੀ ਵਿਚ ਜਾਨਣ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਹੈ। ਅੱਜ ਵੀ ਕਈ ਲੋਕ ਕਹਿੰਦੇ ਹਨ ਕਿ ਜੇਕਰ ਉਰਦੂ ਭਾਸ਼ਾ ਦੇਵਨਾਗਰੀ ਵਿਚ ਲਿਖੀ ਜਾਵੇ ਤਾਂ ਉਸਦੀ ਉਮਰ ਲੰਮੇਰੀ ਹੋਵੇਗੀ। ਅਜਿਹੇ ਲੋਕਾਂ ਨੂੰ ਸਿਰਫ਼ ਏਨਾ ਹੀ ਯਾਦ ਰੱਖਣਾ ਚਾਹੀਦਾ ਹੈ ਕਿ ਜ਼ੁਬਾਨਾਂ ਖ਼ਤਮ ਹੋ ਜਾਂਦੀਆਂ ਹਨ ਪਰ ਲਿਪੀ ਜ਼ਿੰਦਾ ਰਹਿੰਦੀ ਹੈ। ਲਿਪੀ ਕਿਸੇ ਜ਼ੁਬਾਨ ਦੀ ਪਹਿਚਾਣ ਹੈ, ਉਸਦਾ ਚਿਹਰਾ-ਮੋਹਰਾ ਹੈ, ਉਸਦਾ ਸਮੁੱਚਾ ਇਤਿਹਾਸ ਹੈ। ਕਿਸੇ ਭਾਸ਼ਾ ਤੋਂ ਉਸਦੀ ਲਿਪੀ ਨੂੰ ਖੋਹਿਆ ਨਹੀਂ ਜਾ ਸਕਦਾ। (ਪੰਜਾਬੀ ਦੇ ਸੰਦਰਭ ਵਿਚ ਵੀ ਇਹੀ ਕਿਹਾ ਜਾ ਸਕਦਾ ਹੈ।)

ਫ਼ੈਜ਼ ਸਾਹਿਬ ਦੀ ਸ਼ਾਇਰੀ ਕੇਵਲ ਬਿਆਨ ਨਹੀਂ ਹੈ। ਇਹ ਸ਼ਾਇਰੀ ਆਪਣੇ ਪਾਠਕਾਂ ਅਤੇ ਸਰੋਤਿਆਂ ਦੇ ਅੰਦਰ ਪਹਿਲਾਂ ਤੋਂ ਮੌਜੂਦ ਜਜ਼ਬਾਤਾਂ, ਸੁਪਨਿਆਂ, ਯਾਦਾਂ ਅਤੇ ਰਿਸ਼ਤਿਆਂ ਨੂੰ ਜਗਾ ਦਿੰਦੀ ਹੈ। ਫ਼ੈਜ਼ ਦੀ ਕਾਵਿ ਭਾਸ਼ਾ ਲੋਕ-ਸਮੂਹ ਦੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਮੰਤਰਾਂ ਦੀ ਤਰ੍ਹਾਂ ਮੁਖਾਤਿਬ ਹੁੰਦੀ ਹੈ। ਇਹ ਭੁੱਲੇ ਹੋਏ ਅਹਿਸਾਸਾਂ ਨੂੰ ਜਗਾਉਂਦੀ ਹੈ, ਦਿਲ ਦੀਆਂ ਡੂੰਘਾਈਆਂ ਵਿਚ ਦੱਬੀਆਂ ਸੰਵੇਦਨਾਵਾਂ ਨੂੰ ਹੋਕਾ ਦਿੰਦੀ ਹੈ



ਅਤੇ ਉਨ੍ਹਾਂ ਨੂੰ ਇਕ ਅਜਿਹੀ ਕਾਵਿ-ਮਈ ਸੰਰਚਨਾ ਪ੍ਰਦਾਨ ਕਰਦੀ ਹੈ ਕਿ ਲੋਕਾਂ ਨੂੰ ਉਸ ਵਿਚ ਆਪਣੇ ਜੀਵਨ ਦੇ ਅਰਥ ਤੇ ਮੁੱਲ ਸਮਝ ਆਉਂਦੇ ਹਨ। ਉਨ੍ਹਾਂ ਦੀ ਸਾਰੀ ਦੀ ਸਾਰੀ ਸ਼ਾਇਰੀ ਲੋਕਾਂ ਨਾਲ ਅਜਿਹਾ ਸੰਵਾਦ ਹੈ ਜੋ ਅਵਾਮ ਦੀ ਚੇਤਨਾ ਦੇ ਦਬਾ ਦਿੱਤੇ ਗਏ ਹਿੱਸੇ ਦੇ ਆਹਮੋ-ਸਾਹਮਣੇ ਹੈ। ਫ਼ੈਜ਼ ਦਾ ਕੋਈ ਵੀ ਸਰੋਤਾ ਉਦਾਸੀਨ ਨਹੀਂ ਹੋ ਸਕਦਾ। ਉਸਨੂੰ ਸੁਣਨ ਵਾਲੀ ਲੋਕਾਈ ਉਸਦੀ ਸ਼ਾਇਰੀ ਵਿਚ ਮਾਅਨੇ / ਅਰਥ ਭਰਦੀ ਹੈ। ਇਹੀ ਉਹ ਚੀਜ਼ ਹੈ ਜਿਹੜੀ ਫ਼ੈਜ਼ ਦੀ ਸ਼ਾਇਰੀ ਦੇ ਅਵਾਮੀ ਤੇ ਜਮਹੂਰੀ ਚਰਿੱਤਰ ਨੂੰ ਸਮਝਣ ਲਈ ਮਹੱਤਵਪੂਰਨ ਹੈ। ਫ਼ੈਜ਼ ਦੀ ਸ਼ਾਇਰੀ ਇਕ ਚੁੰਬਕ ਹੈ ਜਿਸਦੀ ਖਿੱਚ ਨਾਲ ਪਤਾ ਨਹੀਂ ਕਿੰਨੇ ਅਨੁਭਵ ਆ ਜੁੜਦੇ ਹਨ। ਇਸ ਤਰ੍ਹਾਂ ਜੋ ਗੱਲ ਪੈਦਾ ਹੁੰਦੀ ਹੈ ਉਹ ਇਹ ਕਿ ਇਹ ਸਾਨੂੰ ਸੱਦਾ ਦਿੰਦੀ ਹੈ ਕਿ ਆਪਣੇ ਅਨੁਭਵ ਉਸ ਵਿਚ ਸ਼ਾਮਿਲ ਕਰ ਦੇਈਏ। ਫ਼ੈਜ਼ ਦਾ ਪਾਠਕ ਜਾਂ ਸਰੋਤਾ ਇਹ ਅਹਿਸਾਸ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਉਹ ਵੀ ਸ਼ਾਇਰੀ ਵਿਚ ਸ਼ਾਮਿਲ ਹੈ। ਫ਼ੈਜ਼ ਇਨਕਲਾਬ ਦੇ ਪ੍ਰਚਾਰਕ ਨਹੀਂ ਹਨ ਉਹ ਤਾਂ ਲੋਕਾਈ ਵਿਚ ਇਨਕਲਾਬ ਦੀ ਚਾਹਤ, ਹਾਸਲ ਨਾ ਹੋ ਸਕਣ ਦੀ ਮਾਯੂਸੀ ਅਤੇ ਅੰਤਹੀਣ ਉਮੀਦ ਦੇ ਸ਼ਾਇਰ ਹਨ। ਉਹ ਇਨ੍ਹਾਂ ਭਾਵਨਾਵਾਂ ਦਾ ਜਨਤਾ ਵਲੋਂ ਬਿਆਨ ਨਹੀਂ ਕਰਦੇ ਸਗੋਂ ਸ਼ਬਦਾਂ ਰਾਹੀਂ ਜਨਤਾ ਦੇ ਭਾਵ ਤੰਤਰ ਨੂੰ ਛੇੜ ਦਿੰਦੇ ਹਨ।

ਫ਼ੈਜ਼ ਨੇ ਭਾਰਤੀ ਢੰਗ ਦੀ ਫਾਰਸੀ ਸ਼ਾਇਰੀ ਦੀ ਸਮੁੱਚੀ ਪਰੰਪਰਾ ਨੂੰ ਆਤਮਸਾਤ ਕਰ ਲਿਆ ਅਤੇ ਨਾਲ ਹੀ ਨਾਲ ਸਥਾਨਕ ਬੋਲੀਆਂ ਦੇ ਰੰਗ ਵਿਚ ਰੰਗੇ ਕਈ ਸੁੰਦਰ ਗੀਤਾਂ ਦੀ ਸਿਰਜਣਾ ਕੀਤੀ। ਭੂਤਕਾਲ ਦੇ ਮਹਾਨ ਸ਼ਾਇਰਾਂ ਨੂੰ ਉਨ੍ਹਾਂ ਦੇ ਰੰਗ ਵਿਚ ਹੀ ਯਾਦ ਕੀਤਾ। ਸੌਦਾਅ, ਗ਼ਾਲਿਬ, ਅਮੀਰ ਖੁਸਰੋ, ਇਕਬਾਲ ਜਾਂ ਫਿਰ ਆਪਣੇ ਹਮਸਫ਼ਰਾਂ ਮਖਦੂਮ ਮੁਹੱਈਉਦੀਨ ਅਤੇ ਸੱਜਾਦ ਜ਼ਹੀਰ ਨੂੰ ਵੀ ਉਨ੍ਹਾਂ ਦੇ ਰੰਗ ਵਿਚ ਹੀ ਯਾਦ ਕੀਤਾ ਗਿਆ ਹੈ। ਫ਼ੈਜ਼ ਜਿਸ ਦੇਸ਼ ਵਿਚ ਪੈਦਾ ਹੋਏ ਉਹ ਇਕ ਹੀ ਸੀ ਸੋ ਉਨ੍ਹਾਂ ਦੇ ਜਿਉਂਦੇ ਜੀਅ ਤਿੰਨਾਂ ਹਿੱਸਿਆਂ ਵਿਚ ਵੰਡਿਆ ਗਿਆ ਹੈ। ਐਜਾਜ਼ ਅਹਿਮਦ ਨੇ ਇਕ ਥਾਂ ਲਿਖਿਆ ਹੈ ਕਿ ਸਾਡਾ ਰਾਸ਼ਟਰਵਾਦ ਰੰਗ ਵਿਚ ਡੁੱਬਿਆ ਜਾਂ ਗ਼ਮਜ਼ਦਾ ਰਾਸ਼ਟਰਵਾਦ ਹੈ। ਇਕ ਤੋਂ ਬਣੇ ਤਿੰਨ ਦੇਸ਼ਾਂ ਦਾ ਇਹੀ ਪ੍ਰਮਾਣਿਕ ਰਾਸ਼ਟਰਵਾਦ ਹੈ ਅਤੇ ਬਿਨਾਂ ਸ਼ੱਕ ਉਸਦੇ ਸਭ ਤੋਂ ਵੱਡੇ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਹਨ। ਬਹੁਤ ਵਾਰੀ ਫ਼ੈਜ਼ ਦੀ ਸ਼ਾਇਰੀ ਰਾਸ਼ਟਰ-ਗੀਤ ਜਾਂ ਪ੍ਰਾਰਥਨਾ ਵਰਗਾ ਸਾਮੂਹਿਕ ਪ੍ਰਗਟਾ ਹੈ। ਫ਼ੈਜ਼ ਸਾਹਿਬ ਦੀ ਇਕ ਖਾਸ ਨਜ਼ਮ ਤਾਂ ਇਕੋ ਵੇਲੇ ਰਾਸ਼ਟਰ-ਗੀਤ ਅਤੇ ਵਿਰੋਧ ਦੀ ਨਜ਼ਮ ਹੈ। ਇਹ ਵੱਖਰੀ ਗੱਲ ਹੈ ਕਿ ਕਥਿਤ ਇਸਲਾਮਿਕ ਰਾਸ਼ਟਰਵਾਦ ਦੇ ਅੱਤਿਆਚਾਰ ਦੇ ਖ਼ਿਲਾਫ ਆਮ ਜਨਤਾ ਨੂੰ ਇਕ ਰਾਸ਼ਟਰ ਦੇ ਤੌਰ ਤੇ ਉੱਠ ਖੜ੍ਹੇ ਹੋਣ ਦੀ ਲਲਕਾਰ ਵੀ ਇਸ ਵਿਚ ਹੈ। ਸੰਨ 1967 ਵਿਚ ਪਾਕਿਸਤਾਨ ਦੇ ਆਜ਼ਾਦੀ ਦਿਹਾੜੇ ਤੇ ਲਿਖੀ ਨਜ਼ਮ ਦੀਆਂ ਕੁਝ ਪੰਗਤੀਆਂ ਇਉਂ ਹਨ-

ਆਈਏ ਹਾਥ ਉਠਾਏਂ ਹਮ ਭੀ
ਹਮ ਜਿਨ੍ਹੇਂ ਰਸਮੇ-ਦੁਆ ਯਾਦ ਨਹੀਂ
ਹਨ ਜਿਨ੍ਹੇਂ ਸੋਜ਼ੇ-ਮੁਹੱਬਤ ਕੇ ਸਿਵਾ

ਕੋਈ ਬੁੱਤ, ਕੋਈ ਖ਼ੁਦਾ ਯਾਦ ਨਹੀਂ
ਆਈਏ ਅਰਜ਼ ਗੁਜ਼ਾਰੇ ਕਿ ਨਿਗਾਰੇ-ਹਸਤੀ
ਜ਼ਹਿਰੇ-ਇਮਰੋਜ਼ ਮੇਂ ਸ਼ੀਰੀਨੀ-ਏ-ਫਾਰਦਾ ਭਰਦੇਂ

(ਨਿਗਾਰੇ ਹਸਤੀ-ਜੀਵਨ ਦਾ ਸੁਹਜ, ਜ਼ਹਿਰੇ-ਇਮਰੋਜ਼-ਵਰਤਮਾਨ ਦਾ ਜ਼ਹਿਰ, ਸ਼ੀਰਨੀ-ਏ-ਫਰਦਾ- ਭਵਿੱਖ ਦੀ ਮਿਠਾਸ)

ਕਿਹਾ ਜਾਂਦਾ ਹੈ ਕਿ ਹਰ ਵੱਡੇ ਸ਼ਾਇਰ ਨੂੰ ਸਮਝਣ ਲਈ ਇਕ ਵੱਖਰੇ ਕਾਵਿ-ਸ਼ਾਸਤਰ ਦੀ ਲੋੜ ਹੁੰਦੀ ਹੈ। ਰੁਮਾਂਸਵਾਦੀ ਕਾਵਿ ਸ਼ਾਸਤਰ ਫ਼ੈਜ਼ ਨੂੰ ਸਮਝਣ ਲਈ ਨਾਕਾਫ਼ੀ ਹੈ। ਉਂਵੇਂ ਵੀ ਰੁਮਾਂਸਵਾਦ ਨਾਲ ਆਜ਼ਾਦੀ, ਖੁਦਮੁਖਤਾਰੀ ਅਤੇ ਇਨਸਾਫ ਦੀ ਕਲਪਨਾ ਜੁੜੀ ਹੋਈ ਹੈ। ਡਾ. ਰਾਮ ਵਿਲਾਸ ਸ਼ਰਮਾ ਨੇ ਤਾਂ ਸ਼ੈਲੇ ਤੋਂ ਵੀ ਪਹਿਲਾਂ ਸੰਪੂਰਣ ਸਮਾਜਵਾਦ ਦਾ ਅਕਸ ਦੇਖ ਲਿਆ ਹੈ। ਪਰੰਤੂ ਫ਼ੈਜ਼ ਦੀ ਸ਼ਾਇਰੀ ਰੁਮਾਂਸਵਾਦ ਵਾਂਗ ਇਨਕਲਾਬ, ਰੋਹ ਜਾਂ ਇਨਸਾਫ ਦੇ ਦਸਤਾਵੇਜ਼ ਦੇ ਰੂਪ ਵਿਚ ਨਹੀਂ ਪੜ੍ਹੀ ਜਾ ਸਕਦੀ। ਉਹ ਰੁਮਾਂਸਵਾਦੀ ਕਵੀ ਨਹੀਂ ਹੈ। ਇਸ ਗੱਲ ਨੂੰ ਸਮਝਣ ਲਈ 18ਵੀਂ ਸਦੀ ਦੀ ਉਰਦੂ ਗਜ਼ਲ ਦੇ ਕਾਵਿ-ਸ਼ਾਸਤਰ ਨੂੰ ਸਮਝਣਾ ਪਵੇਗਾ। ਇਸ ਸ਼ਾਇਰੀ ਵਿਚ ਜ਼ਰੂਰੀ ਨਹੀਂ ਕਿ ਆਸ਼ਿਕ ਸ਼ਾਇਰ ਖ਼ੁਦ ਹੀ ਹੋਵੇ। ਇਸੇ ਤਰ੍ਹਾਂ ਮਾਸ਼ੂਕ ਵੀ ਜ਼ਰੂਰੀ ਨਹੀਂ ਕਿ ਕੋਈ ਅਸਲੀ ਮਨੁੱਖ ਹੀ ਹੋਵੇ। ਆਸ਼ਕ ਅਤੇ ਮਸ਼ੂਕ ਦੇ ਰਵਾਇਤੀ ਇਸ਼ਕ ਰਾਹੀਂ ਜ਼ਿੰਦਗੀ ਦੀਆਂ ਤਮਾਮ ਗੁੰਝਲਾਂ ਉਜਾਗਰ ਕੀਤੀਆਂ ਜਾਂਦੀਆਂ ਸਨ। ਗ਼ਜ਼ਲ ਕੋਈ ਲਿਰਕਿ ਜਾਂ ਪ੍ਰਗੀਤ ਨਹੀਂ ਜਿਸ ਵਿਚ ਸ਼ਾਇਰ ਆਪਣੀ ਵਿਅਕਤੀਗਤ ਭਾਵਨਾਵਾਂ ਅਤੇ ਅਨੁਭਵਾਂ ਨੂੰ ਰਚਨਾਤਮਕ ਦਬਾਅ ਹੇਠ ਬਿਆਨ ਕਰਦਾ ਸੀ। ਆਮ ਤੌਰ ਤੇ ਰੁਮਾਂਸਵਾਦੀ ਗੀਤ ਵਿਚ ਕਵੀ ਦੀਆਂ ਆਪਣੀਆਂ ਭਾਵਨਾਵਾਂ ਦਾ ਦਬਾਅ ਹੀ ਵਧੇਰੇ ਹੁੰਦਾ ਸੀ ਤੇ ਇਸ ਤਰ੍ਹਾਂ ਦੇ ਕਲਾਮ ਉੱਤੇ ਪਾਠਕਾਂ ਜਾਂ ਸਰੋਤਿਆਂ ਨਾਲ ਸੰਵਾਦ ਬਣਾਉਣ ਦਾ ਕੋਈ ਦਬਾਅ ਨਹੀਂ ਸੀ ਹੁੰਦਾ। ਇਸ ਤਰ੍ਹਾਂ ਦੇ ਕਾਵਿ-ਸ਼ਾਸਤਰੀ ਏਨਾ ਤਾਂ ਸਹੀ ਕਹਿੰਦੇ ਹਨ ਕਿ ਗ਼ਜ਼ਲ ਦੇ ਆਸ਼ਕ ਅਤੇ ਮਸ਼ੂਕ ਨੂੰ ਗ਼ਜ਼ਲ ਕਹਿਣ ਵਾਲੇ ਦੀ ਜ਼ਾਤੀ ਜ਼ਿੰਦਗੀ ਵਿਚ ਲੱਭਣ ਦੀ ਕੋਸ਼ਿਸ਼ ਬੇਕਾਰ ਹੈ। ਪਰੰਤੂ ਜਦੋਂ ਉਹ ਪੂਰੇ ਕਾਵਿ-ਸ਼ਾਸਤਰ ਨੂੰ ਯਥਾਰਥਵਾਦ ਦੇ ਖ਼ਿਲਾਫ ਖੜ੍ਹਾ ਕਰ ਦਿੰਦੇ ਹਨ ਤਾਂ ਉਹ ਠੀਕ ਨਹੀਂ ਹੁੰਦੇ। ਅਸਲ ਵਿਚ ਆਸ਼ਕ ਅਤੇ ਮਸ਼ੂਕ ਦੇ ਸੰਬੰਧਾਂ ਰਾਹੀਂ ਦਰਦ-ਵਿਯੋਗ-ਮਿਲਣ, ਕੁਝ ਖੁੱਸ ਜਾਣ ਦਾ ਅਹਿਸਾਸ, ਬੇਚਾਰਗੀ, ਸਮਰਪਣ, ਸੋਗ ਅਤੇ ਇਸ਼ਕ ਦੀਆਂ ਜਿਨ੍ਹਾਂ ਭਾਵਨਾਵਾਂ ਨੂੰ ਪ੍ਰਗਟਾਇਆ ਜਾਂਦਾ ਹੈ ਉਹ ਕਿੰਨਾ ਸਮਾਜਿਕ ਸੱਚਾਈਆਂ ਦੇ ਦਬਾਅ ਹੇਠ ਪੈਦਾ ਹੁੰਦੀਆਂ ਹਨ? ਇਹ ਇਕ ਪੂਰੀ ਭਾਵ-ਸੰਰਚਨਾ ਹੈ ਜੋ ਰਵਾਇਤ ਵਿਚ ਢਲ ਜਾਂਦੀ ਹੈ ਅਤੇ ਵੱਖ-ਵੱਖ ਪ੍ਰਸਥਿਤੀਆਂ ਵਿਚ ਆਪਣਾ ਵੱਖ-ਵੱਖ ਅਰਥ ਦਿੰਦੀ ਹੈ।

ਫ਼ੈਜ਼ ਨੇ ਸ਼ਾਇਰੀ ਦੇ ਇਸ ਢਾਂਚੇ ਨੂੰ ਅਤੇ ਉਸਦੀ ਰਵਾਇਤ ਦੀ ਪੂਰੀ ਤਾਕਤ ਨੂੰ ਆਪਣੇ ਦੇਸ਼ ਸਮੇਂ ਅਤੇ ਸਮਾਜ ਦੇ ਗੰਭੀਰ ਸਵਾਲਾਂ ਨੂੰ ਸੰਬੋਧਿਤ ਕਰਨ ਲਈ ਇਸਤੇਮਾਲ ਕੀਤਾ ਹੈ। ਗੱਲ ਸਿਰਫ਼ ਇੰਨੀ ਹੀ ਨਹੀਂ ਹੈ ਕਿ ਉਹ ਉਦਾਸੀ, ਬੇਬਸੀ, ਤਕਲੀਫ, ਅਸਫਲਤਾ, ਇੰਤਜ਼ਾਰ, ਉਮੀਦ ਅਤੇ ਨਿਰਾਸ਼ਾ ਦੀਆਂ ਅਤਿਅੰਤ ਡੂੰਘੀਆਂ ਭਾਵਨਾਵਾਂ



ਜਿਨ੍ਹਾਂ ਨੂੰ ਉਹ ਪੇਸ਼ ਕਰਦੇ ਹਨ, ਉਹ ਸਭ ਇਤਿਹਾਸ ਅਤੇ ਸਮਾਜ ਨੇ ਅਤੇ ਪੂਰੇ ਉਪ-ਮਹਾਂਦੀਪ ਨੇ ਪੈਦਾ ਕੀਤੀਆਂ ਸਨ। ਫ਼ੈਜ਼ ਦੀ ਸ਼ਾਇਰੀ ਇਕ ਖ਼ਾਸ ਦੇਸ਼ ਕਾਲ ਵਿਚ ਪੈਦਾ ਹੋਈਆਂ ਭਾਵ-ਸੰਰਚਨਾਵਾਂ ਨੂੰ ਜ਼ੁਬਾਨ ਦਿੰਦੀ ਹੈ। ਸ਼ਾਇਰੀ ਦਾ ਉਪਰੋਕਤ ਭਾਵਾਤਮਕ ਢਾਂਚਾ ਪਰੰਪਰਾਗਤ ਲੱਗ ਸਕਦਾ ਹੈ ਪਰੰਤੂ ਉਸਦੀ ਪੂਰੀ ਬੁਨਿਆਦ ਉਸਨੂੰ ਖ਼ਾਸ ਦੇਸ਼-ਕਾਲ ਵਿਚ ਰੱਖ ਦਿੰਦੀ ਹੈ। ਫ਼ੈਜ਼ ਦੀ ਸ਼ਾਇਰੀ ਪਾਠ ਪੁਸਤਕਾਂ ਵਿਚ ਦੱਸੇ ਕਾਵਿ ਦੇ ਕਲਾਸਕੀ, ਰੁਮਾਂਟਿਕ ਜਾਂ ਆਧੁਨਿਕ ਪਰੰਪਰਾਗਤ ਵਰਗੀਕਰਣਾਂ ਵਿਚ ਪੂਰੀ ਤਰ੍ਹਾਂ ਨਹੀਂ ਸਮਾਉਂਦੀ। ਸ਼ਾਇਦ ਇਸੇ ਲਈ ਹਿੰਦੀ ਉਰਦੂ ਦੇ ਪੁਰਾਣੇ ਕਲਾਸਕੀ ਸਕੂਲ ਉੱਤਰ-ਆਧੁਨਿਕ ਰੂਪ ਦੀ ਅੱਧ-ਪਚੱਧੀ ਉੱਤਰ-ਸੰਰਚਨਾਵਾਦੀ ਪਾਠ-ਪੱਧਤੀ ਨੂੰ ਫ਼ੈਜ਼ ਦੀ ਸ਼ਾਇਰੀ ਉੱਪਰ ਅਜ਼ਮਾਇਆ ਗਿਆ ਹੈ। ਉਰਦੂ ਦੇ ਪ੍ਰਸਿੱਧ ਆਲੋਚਕ ਗੋਪੀ ਚੰਦ ਨਾਰੰਗ ਲੇਖ 'ਫ਼ੈਜ਼ ਨੂੰ ਕਿਵੇਂ ਨਾ ਪੜ੍ਹੀਏ' ਇਸੇ ਦਾ ਉਦਾਹਰਣ ਹੈ। ਇਹ ਲੇਖ ਹਿੰਦੀ ਪੱਤ੍ਰਿਕਾ 'ਕਸੌਟੀ' ਦੇ ਪੰਜਵੇਂ ਅੰਕ ਵਿਚ ਛਪਿਆ ਹੈ। ਨਾਰੰਗ ਸਾਹਿਬ ਫ਼ੈਜ਼ ਦੀ ਸ਼ਾਇਰੀ ਬਾਰੇ ਲਿਖਦੇ ਹਨ, "ਪ੍ਰਸਿੱਧੀ ਵਿਚ ਅਨੇਕਾਂ-ਅਨੇਕ ਪ੍ਰਕਿਰਿਆਵਾਂ ਸ਼ਾਮਿਲ ਹੁੰਦੀਆਂ ਹਨ। ਜਿਵੇਂ ਸ਼ਖ਼ਸੀਅਤਾਂ ਦੀ ਜਾਦੂਗਰੀ, ਜੀਵਨ ਦੀਆਂ ਪ੍ਰਸਥਿਤੀਆਂ (ਖ਼ਾਸ ਤੌਰ 'ਤੇ ਜੇਲ੍ਹ ਜਾਂ ਹੋਰ ਪ੍ਰਕਿਰਿਆਵਾਂ ਵੀ ਜਿਸ ਵਿਚ ਸ਼ਾਮਿਲ ਹੋਣ) ਸਮਾਜਿਕ ਸਥਿਤੀ, ਕਿਸੇ ਖੇਮੇ ਜਾਂ ਵਿਚਾਰਧਾਰਾ ਨਾਲ ਸੰਬੰਧ ਅਤੇ ਰਚਨਾ ਦਾ ਗਾਇਕਾਂ ਦੁਆਰਾ ਗਾਏ ਜਾਣਾ ਆਦਿ। ਪਰੰਤੂ ਜਦੋਂ ਇਤਿਹਾਸ ਦਾ ਜ਼ਾਲਮ ਹੱਥ ਦੂਰੀ ਪੈਦਾ ਕਰਦਾ ਹੈ ਤਾਂ ਬਰਸਾਤਾਂ ਤੋਂ ਬਾਅਦ ਸਾਰੇ ਦਾਗ-ਧੱਬੇ ਧੋਤੇ ਜਾਂਦੇ ਹਨ ਅਤੇ ਬਾਕੀ ਰਹਿ ਜਾਂਦੀ ਹੈ, ਰਚਨਾ ਦੇ ਪਾਠ ਦੀ ਬੇਦਾਗ ਹਰਿਆਲੀ ਦੀ ਬਹਾਰ ਅਤੇ ਇਹੀ ਉਹ ਧਰਾਤਲ ਹੈ ਜਿਸਦੀ ਯਾਤਰਾ ਫ਼ੈਜ਼ ਦੇ ਸੱਚੇ ਚਾਹਵਾਨਾਂ ਨੇ ਘੱਟ ਕੀਤੀ ਹੈ।" (ਪੰਨਾ-49)

ਨਾਰੰਗ ਨੇ ਅਲਥਿਊਜ਼ਰ ਮਾਰਲੋ ਪੋਂਟੀ ਅਤੇ ਰੋਲਾਂ ਬਾਰਥ ਦੇ ਪਾਠ-ਸੰਦਾਂ ਅਤੇ ਸਿਧਾਂਤਾਂ ਨੂੰ ਜੋੜ-ਤੋੜ ਕੇ ਫ਼ੈਜ਼ ਦੇ ਕਾਵਿ-ਪਾਠ ਨੂੰ ਇਕ ਅਜਿਹੀ ਬਦਲਵੀਂ ਪੱਧਤੀ ਦੀ ਸਿਫਾਰਸ਼ ਕੀਤੀ ਹੈ ਕਿ ਜਿਸ ਵਿਚ ਪੰਗਤੀਆਂ, ਸ਼ਬਦਾਂ ਵਿਚਲੀ ਜਗ੍ਹਾ / ਸਮੇਂ ਅਤੇ ਚੁੱਪ ਰਾਹੀਂ ਉਨ੍ਹਾਂ ਦੀ ਸ਼ਾਇਰੀ ਦੇ ਡੂੰਘੇ, ਅਚੇਤਨ ਸੁਹਜਾਤਮਕ ਅਰਥਾਂ ਦੀਆਂ ਅਨੇਕਾਂ ਪਰਤਾਂ ਨੂੰ ਖੰਘਾਲਣ ਦੀ ਸਲਾਹ ਦਿੱਤੀ ਗਈ ਹੈ, ਉਨ੍ਹਾਂ ਅਨੁਸਾਰ ਜਿਹੜੀ ਦੱਬੀ ਰਹਿ ਗਈ ਹੈ। ਨਾਰੰਗ ਦਾ ਭਾਵ ਇਹ ਹੈ ਕਿ ਇਸ ਪਾਠ-ਢੰਗ ਰਾਹੀਂ ਅਰਥ ਦੇ ਦੱਬੇ ਹੋਏ ਭਾਵ ਸ਼ਾਇਰ ਦੇ ਕ੍ਰਾਂਤੀਕਾਰੀ ਉਦੇਸ਼ਾਂ ਦੀ ਬਾਹਰੀ ਸਤਰ ਨੂੰ ਤੋੜ ਕੇ ਉਭਰ ਆਉਂਦੇ ਹਨ। ਨਾਰੰਗ ਨੂੰ ਦੁੱਖ ਹੈ ਕਿ ਉਰਦੂ ਦੀ ਮੁੱਖ-ਧਾਰਾ ਫ਼ੈਜ਼ ਦੀ ਸ਼ਾਇਰੀ ਦੇ ਸਤਹੀ ਰਾਜਨੀਤਿਕ-ਵਿਚਾਰਧਾਰਕ ਪਾਠ ਤੋਂ ਅਗਾਂਹ ਨਹੀਂ ਜਾਂਦੀ। ਨਾਰੰਗ ਸਾਹਿਬ ਦੇ ਸੁਝਾਏ ਢੰਗ ਦੀ ਮੈਰਿਟ ਉੱਪਰ ਵਿਚਾਰ ਕਰਨ ਦੀ ਇਸ ਲੇਖ ਵਿਚ ਥਾਂ ਨਹੀਂ ਹੈ। ਉਸ ਤੋਂ ਮਹੱਤਵਪੂਰਨ ਇਹ ਜਾਨਣਾ ਹੈ ਕਿ ਫ਼ੈਜ਼ ਦੇ ਪਾਠ ਲਈ ਅਜਿਹੀ ਪੱਧਤੀ ਦੀ ਵਕਾਲਤ ਕਿਉਂ ਕੀਤੀ ਜਾ ਰਹੀ ਹੈ ਤੇ ਇਸ ਤੋਂ ਨਾਰੰਗ ਸਾਹਿਬ ਹਾਸਲ ਕੀ ਕਰਨਾ ਚਾਹ ਰਹੇ ਹਨ? ਨਾਰੰਗ ਸਾਹਿਬ ਸੁਹਜ-ਸ਼ਾਸਤਰ ਨੂੰ ਮਾਰਕਸਵਾਦ ਅਤੇ ਅਰਥ ਨੂੰ ਵਿਚਾਰਧਾਰਾ ਦੇ ਖਿਲਾਫ਼ ਲਿਆ ਖੜ੍ਹਾ ਕਰਦੇ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਵੀ ਫ਼ੈਜ਼ ਦੀ ਬਹੁ-ਪੱਧਤੀ ਸ਼ਾਇਰੀ

ਦਾ ਇਕ ਪੱਧਰ ਉਪਨਿਵੇਸ਼ ਵਿਰੋਧੀ ਰਾਜਨੀਤੀ ਨੂੰ ਮੰਨਣਾ ਪੈਂਦਾ ਹੈ। ਇਸਦਾ ਸ਼ਾਇਦ ਇਹ ਕਾਰਣ ਹੈ ਕਿ ਉੱਤਰ-ਸੰਰਚਨਾਵਾਦੀ ਢੰਗ ਦੀ ਉੱਤਰ-ਉਪਨਿਵੇਸ਼ਕਤਾ ਵੀ ਪੂਰੀ ਤਰ੍ਹਾਂ ਸੁਹਜਮਈ ਨਹੀਂ ਕੀਤੀ ਜਾ ਸਕਦੀ। ਉਸ ਵਿਚ ਰਾਜਨੀਤੀ ਦਾ ਨਾ ਚਾਹੁੰਦੇ ਹੋਏ ਵੀ ਦਾਖਲ ਮੰਨਣਾ ਹੀ ਪੈਂਦਾ ਹੈ। ਫ਼ੈਜ਼ ਦੇ ਪਾਠ ਦੀ ਜਿਸ ਪੱਧਤੀ ਦਾ ਸੁਭਾਅ ਨਾਰੰਗ ਸਾਹਿਬ ਦਿੰਦੇ ਹਨ ਉਹ ਫ਼ੈਜ਼ ਦੀ ਸ਼ਾਇਰੀ ਦੇ ਅਰਥ ਨੂੰ ਨਜ਼ਰ ਅੰਦਾਜ਼ ਕਰਨ ਦੀ ਹੀ ਸਿਫਾਰਸ਼ ਕਰਦਾ ਹੈ। ਫ਼ੈਜ਼ ਦੀ ਸ਼ਾਇਰੀ ਵਿਚਾਰਕ-ਰਾਜਨੀਤਿਕ ਤਹਿ ਹੇਠ ਦੱਬੇ ਹੋਏ ਸੁਹਜਾਤਮਕ ਅਤੇ ਆਨੰਦਪੂਰਨ ਉਦੇਸ਼ਾਂ ਨੂੰ ਪੁੱਟ ਕੇ ਕੱਢਣ ਦੀ ਚੀਜ਼ ਨਹੀਂ ਹੈ। ਜਿਸਦੇ ਪਾਠ ਦੀ ਸਤਹ ਤੇ ਹੀ ਸਵਾਦ ਸੰਭਵ ਹੋਵੇ ਕਿਉਂਕਿ ਇਸ ਸ਼ਾਇਰੀ ਦੀ ਰਚਨਾ ਪ੍ਰਕਿਰਿਆ ਅਤੇ ਕਾਵਿ-ਸ਼ਾਸਤਰ ਹੀ ਵੱਖਰਾ ਹੈ।

ਫ਼ੈਜ਼ ਦੇ ਪਾਠਕਾਂ ਤੇ ਸਰੋਤਿਆਂ ਨੂੰ ਕੋਈ ਸ਼ੱਕ ਨਹੀਂ ਰਹਿੰਦਾ ਜਦੋਂ ਉਨ੍ਹਾਂ ਦੀਆਂ ਅਨੇਕ ਗ਼ਜ਼ਲਾਂ ਵਿਚ ਦੇਸ਼ ਵੰਡ ਦੀ ਰਾਜਨੀਤਿਕ ਭਿਆਨਕਤਾ ਤੋਂ ਪੈਦਾ ਹੋਈ ਮਾਨਵੀ ਤ੍ਰਾਸਦੀ ਦੇ ਬਿੰਬ ਉਭਰਦੇ ਹਨ। ਭਾਵੇਂ ਗ਼ਜ਼ਲ ਪਰੰਪਰਾਗਤ ਤੌਰ 'ਤੇ ਪ੍ਰੇਮ ਦੀ ਕਵਿਤਾ ਸਮਝੀ ਜਾਂਦੀ ਹੈ। ਜਦੋਂ ਅਸੀਂ ਬੇਗਮ ਅਖ਼ਤਰ ਦੀ ਸੰਨਾਟੇ ਨੂੰ ਚੀਰਦੀ ਹੋਈ ਗ਼ਮਜ਼ਦਾ ਅਤੇ ਤੜਪਦੀ ਹੋਈ ਆਵਾਜ਼ ਸੁਣਦੇ ਹਾਂ "ਅਖੀਰ-ਏ-ਸ਼ਬ ਕੇ ਹਮ ਸਫ਼ਰ ਫ਼ੈਜ਼ ਨਾ ਜਾਨੇ ਕਿਆ ਹੁਏ / ਕਿਸ ਜਗ੍ਹਾ ਰੁਕ ਗਈ ਸਬਾ, ਸੁਬਹੋ ਕਿਧਰ ਨਿਕਲ ਗਈ" ਤਾਂ ਇਹ ਸਾਨੂੰ ਜਾਂ ਇਸ ਉਪ-ਮਹਾਂਦੀਪ ਦੇ ਕਿਸੇ ਵਿਅਕਤੀ ਨੂੰ 'ਰੁਮਾਂਟਿਕ ਐਗਨੀ' ਦੀ ਸੁਰ ਨਹੀਂ ਲੱਗੇਗੀ। ਇਨ੍ਹਾਂ ਪੰਗਤੀਆਂ ਵਿਚ ਅਸੀਂ ਉਨ੍ਹਾਂ ਦੋਸਤਾਂ, ਪਿਆਰਿਆਂ ਦੇ ਗੁਆਚ ਜਾਣ ਦਾ ਦਰਦ ਸੁਣਦੇ ਹਾਂ, ਜਦੋਂ ਰਾਤ ਦਾ ਅੰਤ ਅਤੇ ਸਵੇਰ ਹੋਣ ਨੂੰ ਸੀ ਤੇ ਇਹ ਸਵੇਰ ਕਿਸੇ ਅਗਿਆਤ ਦਿਸ਼ਾ ਵੱਲ ਮੁੜ ਗਈ ਸੀ, ਸਵੇਰ ਦੀ ਖ਼ੁਸ਼ਨੁਮਾ ਹਵਾ ਬੰਦ ਹੋ ਗਈ ਸੀ। ਇਹ ਸਾਰੇ ਬਿੰਬ ਉਸ ਭਿਆਨਕ ਘਾਟੇ ਦੇ ਅਤੇ ਉਸ ਜਨਤਾ ਦੀ ਅਕਹਿ ਵੇਦਨਾ ਦੇ ਬਿੰਬ ਹਨ, ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਖੋਹਿਆ ਸੀ। ਜਿਸਨੇ ਚਿਰਾਂ ਤੋਂ ਇੰਤਜ਼ਾਰ ਕਰਕੇ ਆਜ਼ਾਦੀ ਦੀ ਠੰਡੀ ਹਵਾ ਨੂੰ ਮਹਿਸੂਸ ਹੀ ਨਹੀਂ ਕੀਤਾ, ਸਗੋਂ ਜਿਸਨੂੰ ਆਪਣੇ ਹਾਲ 'ਤੇ ਛੱਡ ਕੇ ਇਹ ਆਜ਼ਾਦੀ ਭਵਿੱਖ ਵੱਲ ਅਗਾਂਹ ਵੱਧ ਗਈ ਸੀ ਅਤੇ ਜਿਸ ਲਈ ਹੋਣੀ ਨਾਲ ਭੇੜ ਅਤੇ ਸ਼ੁੱਧ ਪੀੜ ਤੋਂ ਇਲਾਵਾ ਕੁਝ ਵੀ ਨਹੀਂ ਸੀ। ਇਹੀ ਉਹ ਜ਼ਖਮ ਸੀ ਜੋ ਫ਼ੈਜ਼ ਦੀ ਸ਼ਾਇਰੀ ਦੇ ਸਾਰੇ ਰੂਪਾਂ ਅਤੇ ਵਿਸ਼ਿਆਂ ਵਿਚ ਲਗਾਤਾਰ ਪ੍ਰਵਾਹਮਾਨ ਸੀ, ਉਨ੍ਹਾਂ ਦੇ ਕਵੀ ਜੀਵਨ ਦੇ ਅੰਤ ਤੱਕ। ਫ਼ੈਜ਼ ਦੀ ਸ਼ਾਇਰੀ ਕੇਵਲ ਦੁੱਖ ਦੀਆਂ ਯਾਦਾਂ ਨੂੰ ਨਹੀਂ ਉਭਾਰਦੀ ਬਲਕਿ ਇਹ ਜ਼ਖਮੀ ਦਿਲਾਂ, ਰੂਹਾਂ ਨੂੰ ਦਿਲਾਸਾ ਦੇਣ, ਉਨ੍ਹਾਂ ਨੂੰ ਦੁੱਖ ਤੋਂ ਉਭਾਰਨ ਦੀ ਜ਼ਿੰਮੇਵਾਰੀ ਵੀ ਨਿਭਾਉਂਦੀ ਹੈ।

ਸ਼ਾਮ-ਏ-ਫ਼ਿਰਾਕ ਅਬ ਨਾ ਪੂਛ  
ਆਈ ਔਰ ਆ ਕੇ ਟਲ ਗਈ  
ਦਿਲ ਥਾ ਕਿ ਫਿਰ ਬਹਿਲ ਗਯਾ  
ਜਾਂ ਥੀ ਕਿ ਫਿਰ ਸੰਭਲ ਗਈ।

ਦੇਸ਼ ਵੰਡ ਦੀ ਰਾਜਨੀਤਕ ਭਿਆਨਕਤਾ ਨੂੰ ਕਵਿਤਾ ਵਿਚ ਕਹਿਣ ਦੀ ਸ਼ੁਰੂਆਤ



'ਸੁਬ੍ਹਾ-ਏ-ਆਜ਼ਾਦੀ' ਅਗਸਤ 1947' ਕਵਿਤਾ ਨਾਲ ਹੋਈ। ਮਸ਼ਹੂਰ ਮਾਰਕਸਵਾਦੀ ਵਿਦਵਾਨ ਇਕਬਾਲ ਅਹਿਮਦ ਦੇ ਸ਼ਬਦਾਂ ਵਿਚ, "ਫ਼ੈਜ਼ ਨੇ ਅਦਭੁਤ ਪੂਰਵ ਅਨੁਮਾਨ ਨਾਲ ਸੁਤੰਤਰ ਹੋਏ ਉਪਨਿਵੇਸ਼ ਦੀ ਜਨਤਾ ਦੇ ਉੱਤਰ-ਉਪਨਿਵੇਸ਼ਕ ਸਰਕਾਰਾਂ ਪ੍ਰਤੀ ਮੋਹ ਭੰਗ ਦੇ ਮੂਲ ਨੂੰ ਫੜ ਲਿਆ ਸੀ। ਸੁਬਹ-ਏ-ਆਜ਼ਾਦੀ ਸੀਰਸ਼ਕ ਕਵਿਤਾ ਉਨ੍ਹਾਂ ਦੇ ਭਾਰਤ ਅਤੇ ਪਾਕਿਸਤਾਨ ਦੇ ਆਜ਼ਾਦ ਹੋਣ ਤੋਂ ਲਗਭਗ ਛੇ ਮਹੀਨੇ ਬਾਅਦ ਲਿਖੀ। ਉਸ ਜ਼ਮਾਨੇ ਵਿਚ ਜਿਸ ਚੀਜ਼ ਨੂੰ ਆਜ਼ਾਦੀ ਕਿਹਾ ਕਰਦੇ ਸਨ, ਉਸਦੇ ਗੜਬੜ ਵਾਲੇ ਚਰਿੱਤਰ ਨੂੰ ਉਨ੍ਹਾਂ ਦੇ ਜ਼ਬਰਦਸਤ ਸਪੱਸ਼ਟਤਾ ਨਾਲ ਪਹਿਚਾਣ ਲਿਆ ਸੀ।" ਇਕਬਾਲ ਅਹਿਮਦ ਨੇ ਸੁਬਹ-ਏ-ਆਜ਼ਾਦੀ ਕਵਿਤਾ ਦੀ ਤੁਲਨਾ ਫਰਾਨਜ਼-ਫੈਨਨ ਦੀ ਅਮਰ ਰਚਨਾ 'ਦਾ ਰੈਚਿਤ ਆਫ਼ ਦਾ ਅਰਥ' ਨਾਲ ਕਰਦੇ ਹੋਏ ਕਿਹਾ ਸੀ ਕਿ ਫੈਨਨ ਨੂੰ ਆਜ਼ਾਦੀ ਦੀ ਲੜਾਈ ਦੀ ਅਸਫਲਤਾ ਦਾ ਖਾਸਾ ਅਨੁਭਵ ਸੀ। ਉਹ ਘਾਨਾ ਵਿਚ ਅਲਜੀਰੀਆ ਦੇ ਰਾਜਦੂਤ ਰਹੇ ਸਨ। ਉਨ੍ਹਾਂ ਨੇ ਨਾਸਿਰ ਦੇ ਮਿਸਰ ਨੂੰ ਵੀ ਦੇਖਿਆ ਸੀ ਅਤੇ ਅਲਜੀਰੀਆ ਦੀ ਆਜ਼ਾਦੀ ਨੂੰ ਵੀ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਉੱਤਰ-ਉਪਨਿਵੇਸ਼ਵਾਦੀ ਸੱਤਾ ਅਸਲ ਵਿਚ ਕਿੰਨੀ ਉਪਨਿਵੇਸ਼ਕ ਤੇ ਸੜੀ ਹੋਈ ਸੀ। ਪਰੰਤੂ ਸੁਬਹ-ਏ-ਆਜ਼ਾਦੀ ਦੇ ਕਵੀ ਨੂੰ ਅਜਿਹਾ ਕੋਈ ਵਿਸ਼ੇਸ਼ ਅਨੁਭਵ ਨਹੀਂ ਸੀ। ਪਰੰਤੂ ਸ਼ਾਇਦ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਫ਼ੈਜ਼ ਦਾ ਜ਼ਿੰਦਗੀ ਵਿਚ ਭੋਗਿਆ ਹੋਇਆ ਅਨੁਭਵ ਹੀ ਇਸ ਕਵਿਤਾ ਵਿਚ ਪੇਸ਼ ਕੀਤਾ ਹੋਇਆ ਹੈ। ਦਰਅਸਲ 1857 ਤੋਂ ਲੈ ਕੇ ਨੌਂ-ਸੈਨਿਕ ਵਿਦਰੋਹ ਅਤੇ ਤੇਲੰਗਾਨਾ ਤੱਕ ਭਾਰਤੀ ਮੁਕਤੀ ਸੰਗਠਨ ਵਿਚ ਇਹ ਬਾਰ-ਬਾਰ ਹੋਇਆ ਕਿ ਜਦੋਂ ਵੀ ਇਤਿਹਾਸ ਵਿਚ ਕੋਈ ਨਵੀਂ ਚੀਜ਼ ਪੈਦਾ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ ਉਦੋਂ ਹੀ ਉਸ ਸੰਭਾਵਨਾ ਦਾ ਗਲਾ ਘੁੱਟ ਹੋ ਜਾਂਦਾ ਹੈ। ਉਸਦੀ ਭਰੂਣ ਹੱਤਿਆ ਹੋ ਜਾਂਦੀ ਹੈ। ਇਹ ਅਨੁਭਵ ਤਾਨਾਸ਼ਾਹੀ ਦੇ ਖਿਲਾਫ਼ ਲੋਕਤੰਤਰ ਲਈ ਆਜ਼ਾਦ ਪਾਕਿਸਤਾਨ ਵਿਚ ਵੀ ਵਾਰ-ਵਾਰ ਦੁਹਰਾਏ ਗਏ। ਇਨਕਲਾਬ ਲਈ ਕੀਤੇ ਗਏ ਯਤਨਾਂ ਦੀ ਅਸਫਲਤਾ, ਮਿਹਨਤਕਸ਼ ਲੋਕਾਂ ਦੇ ਅੰਦਰ ਜਿਸ ਤਰ੍ਹਾਂ ਦੀ ਉਦਾਸੀ ਭਰ ਦਿੰਦੀ ਹੈ ਉਹ ਉਪ-ਮਹਾਂਦੀਪ ਦੇ ਦੋਹਾਂ ਦੇਸ਼ਾਂ ਦੀ ਇਕ ਮਹੱਤਵਪੂਰਨ ਭਾਵਨਾ ਹੈ। ਫ਼ੈਜ਼ ਬੀਰਤਾ ਨਾਲ ਲੜ ਕੇ ਹਾਰੇ ਹੋਏ ਲੋਕਾਂ ਦੇ ਜ਼ਖ਼ਮਾਂ ਉੱਪਰ ਮਰਹਮ ਲਗਾਉਣ ਵਾਲੇ, ਦਿਲਾਸਾ ਦੇਣ ਵਾਲੇ ਅਤੇ ਲੋਕਾਂ ਦੇ ਮਹਾਨ ਇਨਕਲਾਬੀ ਯਤਨਾਂ ਨੂੰ ਯਾਦ ਦੁਆ ਕੇ ਉਨ੍ਹਾਂ ਵਿਚ ਨਵੇਂ ਸਿਰੇ ਤੋਂ ਉਮੀਦ ਜਗਾਉਣ ਵਾਲੇ ਸ਼ਾਇਰ ਹਨ। ਉਨ੍ਹਾਂ ਦੀ ਕੋਈ ਖ਼ਾਸ ਨਜ਼ਮ ਜਾਂ ਗ਼ਜ਼ਲ ਚਾਹੇ ਉਮੀਦ ਉੱਪਰ ਖ਼ਤਮ ਹੋਵੇ ਜਾਂ ਉਦਾਸੀ ਉੱਪਰ ਉਸ ਵਿਚ ਉਦਾਸੀ ਬਹੁਤ ਹੀ ਗੂੜ੍ਹੇ ਰੰਗਾਂ ਵਿਚ ਉੱਭਰ ਕੇ ਆਉਂਦੀ ਹੈ। ਫ਼ੈਜ਼ ਦਾ ਇਹੀ ਭਾਰਤੀ ਅਨੁਭਵ ਹੀ ਉਨ੍ਹਾਂ ਨੂੰ ਫਲਿਸਤੀਨੀ, ਬੈਰੂਤ, ਈਰਾਨ, ਅਫਰੀਕੀ ਹਰ ਜਗ੍ਹਾ ਦੇ ਮੁਕਤੀ ਸੰਗਰਾਮ ਦੇ ਲੜਾਕੂਆਂ ਅਤੇ ਲੋਕਾਂ ਦੇ ਨਾਲ ਗਹਿਰੀ ਹਮਦਰਦੀ ਕਰਵਾਉਂਦਾ ਹੈ।

ਫ਼ੈਜ਼ ਦੀ ਸ਼ਾਇਰੀ ਵਿਚ ਆਪਣੇ ਬੱਚਿਆਂ ਦੇ ਦੁੱਖ ਝੱਲਦੀ ਅਤੇ ਉਨ੍ਹਾਂ ਦੀ ਸ਼ਹਾਦਤ ਦਾ ਸੋਗ ਮਨਾਉਂਦੀ ਮਾਂ ਦਾ ਚਿੱਤਰ ਬਹੁਤ ਵਾਰੀ ਆਇਆ ਹੈ। ਉਸਦੀ ਮਸ਼ਹੂਰ ਕਵਿਤਾ 'ਇੰਤਸਾਬ' ਦੀਆਂ ਪੰਗਤੀਆਂ ਹਨ -

ਉਨ ਦੁਖੀ ਮਾਉਂ ਕੇ ਨਾਮ
ਰਾਤ ਮੇਂ ਜਿਨਕੇ ਬੱਚੇ ਬਿਲਖਤੇ ਹੈਂ ਔਰ
ਨੀਂਦ ਕੀ ਮਾਰ ਖਾਏ ਹੁਏ ਬਾਜਉਂ ਮੇਂ ਸੰਭਲਤੇ ਨਹੀਂ
ਦੁੱਖ ਬਤਾਤੇ ਨਹੀਂ
ਮਿੰਨਤੋਂ ਜਾਰੀਉਂ ਸੇ ਬਹਲਤੇ ਨਹੀਂ

ਫਿਲਸਤੀਨੀ ਬੱਚਿਆਂ ਲਈ ਲਿਖੀ ਕਵਿਤਾ ਵਿਚ ਫ਼ੈਜ਼ ਕਹਿੰਦੇ ਹਨ –
ਮੱਤ ਰੋ ਬੱਚੇ ਮੱਤ ਰੋ, ਅਭੀ,
ਤੇਰੀ ਅੰਮੀ ਕੀ ਆਂਖ ਲਗੀ ਹੈ।

ਫ਼ੈਜ਼ ਦੀ ਸ਼ਾਇਰੀ ਵਿਚ ਜਿੱਥੇ ਵੀ ਮਾਂ ਦਾ ਜ਼ਿਕਰ ਆਇਆ ਹੈ ਉਹ ਡੂੰਘੇ ਦੁੱਖਾਂ ਦੇ ਪ੍ਰਸੰਗਾਂ ਵਿਚ ਹੀ ਆਇਆ ਹੈ। ਗ਼ਜ਼ਲ ਵਿਚ ਪਰੰਪਰਕ ਤੌਰ ਤੇ ਔਰਤ ਦਾ ਇਕ ਹੀ ਰੂਪ ਮਿਲਦਾ ਹੈ ਅਤੇ ਉਹ ਹੈ ਮਾਸ਼ੂਕ ਦਾ, ਜਿਸ ਰੂਪ ਵਿਚ ਤਮਾਮ ਸ਼ਾਇਰਾਂ ਨੇ ਢੇਰਾਂ ਪ੍ਰਤੀਕ ਅਰਥ ਕੱਢੇ ਹਨ। ਲੇਕਿਨ ਫ਼ੈਜ਼ ਦੀ ਸ਼ਾਇਰੀ ਵਿਚ ਇਕ ਮਾਂ ਦਾ ਤੜਪਦਾ ਹੋਇਆ ਦਿਲ ਅਨੇਕ ਰੂਪ ਵਿਚ ਲਗਾਤਾਰ ਮਿਲਦਾ ਹੈ। ਬੱਚਿਆਂ ਦੇ ਪ੍ਰਸੰਗ ਵੀ ਜਿੱਥੇ ਕਿਤੇ ਆਉਂਦੇ ਹਨ, ਚਾਹੇ ਅਲੰਕਾਰ ਦੇ ਤੌਰ ਤੇ ਹੀ ਸਹੀ ਉਨ੍ਹਾਂ ਦੇ ਦੁੱਖ ਨਾਲ ਵਿਲਕਦੇ ਤੇ ਜ਼ਿੱਦ ਕਰਦੇ ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਨੂੰ ਗੱਲਾਂ ਨਾਲ ਪ੍ਰਚਾਉਂਦੀ ਮਾਂ ਦਾ ਉਦਾਸ ਰੂਪ ਵੀ ਆਪਣੇ ਆਪ ਆ ਜਾਂਦਾ ਹੈ। 'ਪਾਸ ਰਹੋ' ਨਾਂ ਦੀ ਕਵਿਤਾ ਵਿਚ ਉਦਾਸੀ ਦਾ ਇਕ ਅਜਿਹਾ ਹੀ ਬਿੰਬ ਹੈ –

ਔਰ ਬੱਚੋਂ ਕੇ ਬਿਲਖਨੇ ਕੀ ਤਰਹ ਕੁਲਕੁਲੇ ਮਯ
ਬਹਿਰੇ-ਨਾਸੂਦਗੀ, ਮਚਲੇ ਤੋ ਮਨਾਏ ਨਾ ਬਨੇ
ਜਬ ਨਾ ਕੋਈ ਬਾਤ ਬਨਾਏ ਨਾ ਬਨੇ
ਜਬ ਨਾ ਕੋਈ ਬਾਤ ਚਲੇ
ਜਿਸ ਘੜੀ ਰਾਤ ਚਲੇ
ਜਿਸ ਘੜੀ ਮਾਤਮੀ ਸੁੰਨਸਾਨ, ਸਿਆਹ ਰਾਤ ਚਲੇ
ਪਾਸ ਰਹੋ ਮੇਰੇ ਕਾਤਿਲ, ਮੇਰੇ ਦਿਲਦਾਰ, ਮੇਰੇ ਪਾਸ ਰਹੋ।

ਫ਼ੈਜ਼ ਨੇ ਕਈ ਸੋਗ-ਗੀਤ ਲਿਖੇ ਹਨ। ਭਰਾ ਦੀ ਮੌਤ ਉਪਰ 'ਨੌਹਾ', 'ਮਰਸੀਆ-ਏ-ਇਮਾਮ' ਅਤੇ 'ਸਿਪਾਹੀ ਦਾ ਮਰਸੀਆ'। 'ਸਿਪਾਹੀ ਦੇ ਮਰਸੀਏ' ਦੀ ਮਾਰਮਿਕਤਾ ਇਸ ਗੱਲ ਵਿਚ ਹੈ ਕਿ ਇਹ ਸੋਗ-ਗੀਤ ਇਕ ਮਾਂ ਦੇ ਨਜ਼ਰੀਏ ਤੋਂ ਲਿਖਿਆ ਗਿਆ ਹੈ। ਪੂਰਾ ਮਰਸੀਆ ਦਿਲ ਛੋਹਣ ਵਾਲਾ ਉਸ ਮਾਂ ਦਾ ਵਿਰਲਾਪ ਹੈ ਜਿਸਦਾ ਪੁੱਤਰ ਅਨਿਆਂ ਦੇ ਖਿਲਾਫ਼ ਲੜਦਾ ਹੋਇਆ ਸ਼ਹੀਦ ਹੋ ਗਿਆ। ਮਾਂ ਨੂੰ ਆਪਣੇ ਬੇਟੇ ਦੀ ਮੌਤ ਦਾ ਇਤਬਾਰ ਨਹੀਂ ਆ ਰਿਹਾ, ਇਸ ਲਈ ਉਹ ਉਸਨੂੰ ਬਾਰ-ਬਾਰ ਉੱਠਣ ਲਈ ਕਹਿ ਰਹੀ ਹੈ।

ਬੈਰੀ ਬਿਰਾਜੇ ਰਾਜ ਸਿੰਘਾਸਨ



ਤੁਮ ਮਾਟੀ ਮੇਂ ਲਾਲ
ਉਠੋ ਅਬ ਮਾਟੀ ਸੇ ਉਠੋ, ਜਾਗੋ ਮੇਰੇ ਲਾਲ
ਹੱਠ ਨਾ ਕਰੋ, ਮਾਟੀ ਸੇ ਉਠੋ, ਜਾਗੋ ਮੇਰੇ ਲਾਲ
ਅਬ ਜਾਗੋ ਮੇਰੇ ਲਾਲ।

ਦਿਲ ਨੂੰ ਛੂਹਣ ਵਾਲੇ ਸ਼ਹਾਦਤ ਦੇ ਬਹੁਤ ਸਾਰੇ ਦ੍ਰਿਸ਼ ਅਤੇ ਭਾਵਨਾਵਾਂ ਆਰੰਭ ਤੋਂ ਅੰਤ ਤੱਕ ਫ਼ੈਜ਼ ਦੀ ਸ਼ਾਇਰੀ ਵਿਚ ਬਾਰ-ਬਾਰ ਪੇਸ਼ ਹੁੰਦੇ ਹਨ। 'ਮਕਾਮ ਫ਼ੈਜ਼ ਕੋਈ ਰਾਹ ਮੇਂ ਜ਼ਚਾ ਹੀ ਨਹੀਂ, ਜੋ ਕੂ-ਏ-ਯਾਰ ਸੇ ਨਿਕਲੇ ਤੋ ਸੂ-ਏ-ਦਾਰ ਚਲੇ'। ਇਸਲਾਮਿਕ ਇਤਿਹਾਸ ਵਿਚ ਕਰਬਲਾ ਦੀ ਸ਼ਹਾਦਤ, ਸੂਫ਼ੀ ਪਰੰਪਰਾ ਵਿਚ ਮਨਸੂਰ ਦੀ ਸ਼ਹਾਦਤ, ਕਾਵਿ ਪਰੰਪਰਾ ਵਿਚ ਆਸ਼ਕ ਮਸ਼ੂਕ ਦੀ ਸ਼ਹਾਦਤ ਜਾਂ ਫਿਰ ਅਜੋਕੀ ਦੁਨੀਆਂ ਵਿਚ ਯੁੱਧਾਂ ਵਿਚ ਇਨਕਲਾਬੀਆਂ ਅਤੇ ਦੇਸ਼ ਭਗਤਾਂ ਦੀ ਸ਼ਹਾਦਤ ਦੇ ਪ੍ਰਸੰਗ ਇਸ ਹੀ ਨਜ਼ਰੀਏ ਅਤੇ ਸੰਵੇਦਨਾ ਵਿਚ ਫੈਲ ਜਾਂਦੇ ਹਨ।

ਉਰਦੂ ਕਾਵਿ ਸ਼ਾਸਤਰ ਵਿਚ ਮਜ਼ਮੂਨ ਅਤੇ ਮਾਅਨੇ (ਕੰਟੈਂਟ ਅਤੇ ਮੀਨਿੰਗ) ਵਿਚ ਫ਼ਰਕ ਕੀਤਾ ਗਿਆ ਹੈ। ਇਸਨੂੰ ਸਮਝਣ ਵਾਸਤੇ ਸਾਨੂੰ 'ਗੁਬਾਰੇ ਅੱਯਾਮ' ਵਿਚ ਸੰਕਲਿਤ 'ਤਰਾਨਾ-2' ਸੁਣਨਾ ਅਤੇ ਪੜ੍ਹਨਾ ਚਾਹੀਦਾ ਹੈ, ਜਿਸਨੂੰ ਫ਼ੈਜ਼ ਨੇ ਜਨਰਲ ਜ਼ਿਆ-ਉਲ-ਹੱਕ ਦੀ ਸੈਨਿਕ ਤਾਨਾਸ਼ਾਹੀ ਸਮੇਂ ਲਿਖਿਆ। ਦੱਸਿਆ ਜਾਂਦਾ ਹੈ ਕਿ ਜ਼ਿਆ-ਉਲ-ਹੱਕ ਨੇ ਉਸ ਸਮੇਂ ਇਸਲਾਮੀਕਰਣ ਦੇ ਨਾਂ ਤੇ ਸਾੜ੍ਹੀ ਪਹਿਨਣ ਤੇ ਰੋਕ ਲਾ ਦਿੱਤੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਰੋਕ ਦੇ ਵਿਰੋਧ ਵਿਚ ਇਕਬਾਲ ਬਾਨੋ ਨੇ ਕਾਲੀ ਸਾੜ੍ਹੀ ਪਾ ਕੇ ਇਹ ਤਰਾਨਾ ਇਕ ਲੱਖ ਦੀ ਭੀੜ ਸਾਹਮਣੇ ਪੇਸ਼ ਕੀਤਾ। ਤਰਾਨਾ ਅਸਲ ਵਿਚ ਲੋਕਾਂ ਦਾ ਗੀਤ ਹੈ। ਫ਼ੈਜ਼ ਸਾਹਿਬ ਨੇ ਇਸ ਗੀਤ ਨੂੰ 'ਲੋਕਾਂ ਦਾ ਵਿਰੋਧ ਗੀਤ' ਬਣਾ ਦਿੱਤਾ। ਗੀਤ ਦੀ ਰਚਨਾ ਪ੍ਰਕਿਰਿਆ ਵਿਅਕਤੀਗਤ ਹੈ ਜਦਕਿ ਤਰਾਨਾ ਸਾਮੂਹਿਕ ਗੀਤ ਹੈ ਜੋ ਇੱਕ ਸਮੂਹ ਦੀ ਪੂਰਵ ਕਲਪਨਾ ਕਰਦਾ ਹੈ। ਇਸ ਲਈ ਆਪਣੀ ਰਚਨਾ ਪ੍ਰਕਿਰਿਆ ਦੇ ਆਰੰਭਿਕ ਛਿਣ ਤੋਂ ਹੀ ਇਸ ਵਿਚ ਸਮਾਜਿਕਤਾ ਆ ਜਾਂਦੀ ਹੈ। ਇਹ ਸਿੰਫਨੀ ਵਾਂਗ ਹੈ ਜੋ ਸ਼ੁਰੂ ਹੋ ਜਾਣ ਤੋਂ ਬਾਅਦ ਆਪਣੀ ਦੁਨੀਆਂ ਆਪ ਸਿਰਜ ਲੈਂਦੀ ਹੈ। ਬਾਨੋ ਜਦੋਂ ਇਹ ਗੀਤ ਗਾ ਰਹੀ ਹੈ ਤਾਂ ਕੈਸੇਟ ਵਿਚਲੇ ਗੀਤ ਵਿਚ ਪਿਛੋਕੜ ਵਿਚ ਸਰੋਤਿਆਂ ਵਲੋਂ ਦੋ ਨਾਅਰੇ ਲਗਾਏ ਜਾ ਰਹੇ ਹਨ। ਇਕ ਨਾਅਰਾ ਹੈ 'ਨਾਅਰਾ-ਏ-ਤਕਵੀਰ, ਅੱਲਾਹੂ ਅਕਬਰ' ਅਤੇ ਦੂਜਾ ਨਾਅਰਾ ਹੈ 'ਇੰਨਕਲਾਬ ਜ਼ਿੰਦਾਬਾਦ'। ਦੋਨੋਂ ਨਾਅਰੇ ਇਕ-ਦੂਜੇ ਵਿਚ ਘੁਲ-ਮਿਲ ਗਏ ਹਨ। ਪਰੰਤੂ ਇਹ ਘੁਲਣ ਮਿਲਣ ਨਾਅਰਿਆਂ ਦਾ ਹੀ ਘੁਲਣ-ਮਿਲਣ ਨਹੀਂ ਹੈ। ਸ਼ਬਦਾਂ ਦੇ ਬਾਦਸ਼ਾਹ ਨੂੰ ਇਹ ਸਮਝ ਹੈ ਕਿ ਸ਼ਬਦਾਂ, ਬਿੰਬਾਂ ਅਤੇ ਯਾਦਾਂ ਦਾ ਕਿਹੋ ਜਿਹਾ ਸੁਮੇਲ ਜਨਤਾ ਦੀਆਂ ਭਾਵਨਾਵਾਂ ਨੂੰ ਜਗਾਏਗਾ। ਦੋਨੋਂ ਨਾਅਰੇ ਲੋਕਾਂ ਦੀਆਂ ਵਿਰੋਧ ਦੀਆਂ ਭਾਵਨਾਵਾਂ ਨੂੰ ਹੀ ਪ੍ਰਗਟ ਨਹੀਂ ਕਰਦੇ ਸਗੋਂ ਉਹ ਇਸ ਚੀਜ਼ ਦਾ ਪ੍ਰਗਟਾਵਾ ਹਨ ਕਿ ਇਹ ਗੀਤ ਜਨਤਾ ਦੇ ਦਿਲ ਦਿਮਾਗ ਤੇ ਕਿਹੋ ਜਿਹਾ ਅਸਰ ਕਰੇਗਾ। ਜਿਸਨੂੰ ਇਹ ਸੰਬੋਧਿਤ ਹੁੰਦਾ ਹੈ। ਫ਼ੈਜ਼ ਨੇ ਇਸ ਤਰਾਨੇ ਵਿਚ ਇਸਲਾਮ ਸੂਫ਼ੀਵਾਦ ਅਤੇ ਵੇਦਾਂਤ ਦੇ ਸੂਤਰਾਂ, ਮਾਨਤਾਵਾਂ ਅਤੇ ਬਿੰਬਾਂ ਦਾ ਇਸਤੇਮਾਲ

ਕੀਤਾ ਹੈ ਪਰ ਇਹ ਤਰਾਨਾ ਨਾ ਇਸਲਾਮ ਬਾਰੇ ਹੈ, ਨਾ ਸੂਫ਼ੀਵਾਦ ਬਾਰੇ ਤੇ ਨਾ ਹੀ ਵੇਦਾਂਤ ਬਾਰੇ। ਇਹ ਤਰਾਨਾ ਜਨਤਾ ਦੀ ਖੁਦਮੁਖਤਾਰੀ, ਲੋਕਤੰਤਰ ਅਤੇ ਨਿਆਂ ਲਈ ਲੜਨ ਨਾਲ ਸੰਬੰਧਿਤ ਹੈ। ਕੰਟੈਂਟ (ਵਿਸ਼ੇ) ਅਤੇ ਮੀਨਿੰਗ (ਮਾਅਨੀ) ਦਾ ਇਹੀ ਅਰਥ ਹੈ।

ਗ਼ਜ਼ਬ ਦੀ ਗੱਲ ਇਹ ਹੈ ਕਿ ਜਦੋਂ ਇਸਲਾਮ ਦੇ ਨਾਂ ਤੇ ਇਕ ਤਾਨਾਸ਼ਾਹ ਜਨਤਾ ਦੀ ਛਾਤੀ ਤੇ ਚੜ੍ਹਿਆ ਬੈਠਾ ਹੈ ਤੇ ਜ਼ੁਲਮ ਢਾਹ ਰਿਹਾ ਹੈ। ਉਸ ਸਮੇਂ ਫ਼ੈਜ਼ ਨੇ ਇਸਲਾਮ ਦੇ ਅੰਦਰੋਂ ਹੀ ਲੋਕਾਈ ਦੀਆਂ ਆਪਣੀਆਂ ਵਿਰਾਸਤੀ ਸਿਮ੍ਰਤੀਆਂ ਨੂੰ ਜਗਾ ਕੇ ਵਿਰੋਧ ਪੈਦਾ ਕਰ ਦਿੱਤਾ ਹੈ। ਜਿਸ ਸਮੇਂ ਇਹ ਤਰਾਨਾ ਲਿਖਿਆ ਗਿਆ ਉਸ ਸਮੇਂ ਫ਼ੈਜ਼ ਮਸ਼ਹੂਰੀ ਦੇ ਸਿਖ਼ਰ ਤੇ ਸਨ ਅਤੇ ਉਹ ਜ਼ਿੰਦਗੀ ਦੇ ਆਖ਼ਰੀ ਮੁਕਾਮ ਤੇ ਵੀ ਪਹੁੰਚੇ ਹੋਏ ਸਨ। ਹਾਲਾਤ ਇਹ ਸੀ ਕਿ ਜ਼ਿਆ-ਉਲ-ਹੱਕ ਦੀ ਵੀ ਇਹ ਔਕਾਤ ਨਹੀਂ ਸੀ ਕਿ ਫ਼ੈਜ਼ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜ ਸਕੇ। ਸੰਨ 2002 ਵਿਚ ਏਜਾਜ਼ ਅਹਿਮਦ ਨੇ ਉਨ੍ਹਾਂ ਦਿਨਾਂ ਨੂੰ ਯਾਦ ਕਰਦਿਆਂ ਇੱਕ ਭਾਸ਼ਣ ਵਿਚ ਕਿਹਾ ਸੀ ਕਿ ਉਨ੍ਹਾਂ ਦੇ ਦੁਸ਼ਮਣਾਂ ਨੂੰ ਅਸੀਂ ਫ਼ੈਜ਼ ਸਾਹਿਬ ਦੇ ਪੈਰ ਛੂੰਹਦਿਆਂ ਦੇਖਿਆ ਹੈ। ਫ਼ੈਜ਼ ਸਾਹਿਬ ਪਹਿਲੀ ਕਤਾਰ ਵਿਚ ਬੈਠੇ ਸਨ। ਪਾਕਿਸਤਾਨ ਦੇ ਡਿਕਟੇਟਰ ਜਨਾਬ ਜਿਆ-ਉਲ-ਹੱਕ ਸਾਹਿਬ ਸਟੇਜ ਤੇ ਸਨ। ਉਹੋ ਜ਼ਿਆ ਜਿਨ੍ਹਾਂ ਦੇ ਹੁਕਮ ਨਾਲ ਫ਼ੈਜ਼ ਸਾਹਿਬ ਦੀ ਸ਼ਾਇਰੀ ਪਾਕਿਸਤਾਨੀ ਟੈਲੀਵਿਜ਼ਨ ਤੇ ਗਾਈ ਨਹੀਂ ਸੀ ਜਾ ਸਕਦੀ। ਉਨ੍ਹਾਂ ਨੇ ਦੇਖਿਆ ਕਿ ਫ਼ੈਜ਼ ਸਾਹਿਬ ਪਹਿਲੀ ਕਤਾਰ ਵਿਚ ਬੈਠੇ ਹੋਏ ਹਨ। ਉਨ੍ਹਾਂ ਹੇਠਾਂ ਆ ਕੇ ਫ਼ੈਜ਼ ਸਾਹਿਬ ਨੂੰ ਸਲਾਮ ਕੀਤਾ। ਜ਼ਾਹਿਰ ਹੈ ਕਿ ਫ਼ੈਜ਼ ਸਾਹਿਬ ਦਾ ਇਕ ਖ਼ਾਸ ਤਰ੍ਹਾਂ ਦਾ ਰੁਤਬਾ ਸੀ। ਲੋਕਾਂ ਵਿਚ ਵੀ ਅਤੇ ਸਾਹਿਤ ਦੇ ਮੈਦਾਨ ਵਿਚ ਵੀ ..... (ਜਨਮਤ, ਸਾਲ-31, ਅੰਕ-2, ਪੰਨਾ-70)

ਫ਼ੈਜ਼ ਸਾਹਿਬ ਦੀ ਬੇਹੱਦ ਲੋਕਪ੍ਰਿਯਤਾ ਨੇ ਉਨ੍ਹਾਂ ਦੇ ਗੋਪੀ ਚੰਦ ਨਾਰੰਗ ਵਰਗੇ ਅਨੇਕਾਂ ਪ੍ਰਸ਼ੰਸਕ ਪੈਦਾ ਕੀਤੇ ਜੋ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਫ਼ੈਜ਼ ਦੀ ਵਿਚਾਰਧਾਰਾ ਨੂੰ ਉਨ੍ਹਾਂ ਦੀ ਸ਼ਾਇਰੀ ਨਾਲੋਂ ਵੱਖ ਕਰ ਦਿੱਤਾ ਜਾਵੇ। ਫ਼ੈਜ਼ ਦੀ ਸ਼ਾਇਰੀ ਦੀ ਉਹ ਵਿਸ਼ੇਸ਼ਤਾ ਜਿਸ ਕਰਕੇ ਉਨ੍ਹਾਂ ਦੇ ਵਿਚਾਰਕ ਵਿਰੋਧੀ ਵੀ ਉਨ੍ਹਾਂ ਦੇ ਕਾਇਲ ਹੋ ਜਾਂਦੇ ਹਨ। ਕਾਫੀ ਸਮੇਂ ਤੋਂ ਆਲੋਚਕਾਂ ਵਲੋਂ ਪ੍ਰਭਾਵਿਤ ਹਨ। ਆਪਣੇ-ਆਪਣੇ ਪੱਧਰ 'ਤੇ ਉਹ ਇਸ ਦਾ ਕਾਰਣ ਵੀ ਤਲਾਸ਼ਦੇ ਹਨ ਜਿਵੇਂ ਪ੍ਰੋਫੈਸਰ ਸਈਯਦ ਇਹਤੇਸ਼ਾਮ ਹੁਸੈਨ ਨੇ "ਉਰਦੂ ਸਾਹਿਤ ਦੇ ਆਲੋਚਨਾਤਮਕ ਇਤਿਹਾਸ" ਵਿਚ ਲਿਖਿਆ ਹੈ ਕਿ "ਫ਼ੈਜ਼ ਦੀ ਕਾਵਿ-ਸ਼ੈਲੀ ਪ੍ਰਤੀਕਾਂ ਅਤੇ ਬਿੰਬਾਂ ਵਿਚ ਪਈ ਸ਼ਕਤੀ ਨੂੰ ਝੱਲਦਿਆਂ ਹੋਇਆਂ ਹੌਲੀ-ਹੌਲੀ ਪ੍ਰਵਾਹਮਾਨ ਹੁੰਦੀ ਹੈ। ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਉਨ੍ਹਾਂ ਦੇ ਪਾਠਕਾਂ ਨੂੰ ਵੀ। ਉਨ੍ਹਾਂ ਨੂੰ ਵੀ ਜੋ ਉਨ੍ਹਾਂ ਦੀ ਸਮਾਜਿਕ ਦ੍ਰਿਸ਼ਟੀ ਦਾ ਵਿਰੋਧ ਕਰਦੇ ਹਨ।" (ਪੰਨਾ-253, ਸੰਸਕਰਣ-1984, ਲੋਕ ਭਾਰਤੀ, ਇਲਾਹਾਬਾਦ)

ਫ਼ੈਜ਼ ਦੇ ਗ਼ੈਰ-ਰਾਜਨੀਤਿਕ ਗ਼ੈਰ-ਵਿਚਾਰਕ ਪਾਠ ਦੀ ਜ਼ਿੱਦ ਕਰਨ ਵਾਲਿਆਂ ਲਈ ਤਾਂ ਉਨ੍ਹਾਂ ਦੀ ਸ਼ਾਇਰੀ ਵਿਚ ਆਉਣ ਵਾਲੇ ਅਨੇਕਾਂ ਅਜਿਹੇ ਧਾਰਮਿਕ, ਦਾਰਸ਼ਨਿਕ ਸੰਦਰਭ ਜਿਵੇਂ ਇਸ ਤਰਾਨੇ ਵਿਚ ਹਨ - ਜਾਂ ਫਿਰ ਤਮਾਮ ਸੁਹਜਾਤਮਕ ਅਤੇ ਕਾਵਿਕ ਪ੍ਰੰਪਰਾਵਾਂ, ਮਿੱਥਾਂ ਆਦਿ ਜਿਨ੍ਹਾਂ ਵਿਚ ਉਨ੍ਹਾਂ ਦੀ ਸ਼ਾਇਰੀ ਸਮਕਾਲੀਨ ਅਰਥ ਭਰ ਦਿੰਦੀ



ਹੈ, ਬੜੇ ਕੰਮ ਦੀਆਂ ਚੀਜ਼ਾਂ ਹਨ। ਅਜਿਹੇ ਲੋਕਾਂ ਦਾ ਕਿਹਾ ਮੰਨ ਕੇ ਜੇ ਅਸੀਂ ਫ਼ੈਜ਼ ਦੀ ਵਿਚਾਰਧਾਰਾ, ਉਨ੍ਹਾਂ ਦੀ ਰਾਜਨੀਤੀ ਭੁੱਲ ਕੇ ਉਨ੍ਹਾਂ ਦਾ ਪਾਠ ਕਰੀਏ ਤਾਂ ਅਜਿਹੇ ਪਾਠ ਦੇ ਕੋਈ ਅਰਥ ਹੀ ਨਹੀਂ ਨਿਕਲ ਸਕਣਗੇ। (ਅਸੀਂ ਅੱਗੇ ਤਰਾਨਾ-2 ਦਾ ਪਾਠ ਇਸ ਗੱਲ ਨੂੰ ਰੇਖਾਂਕਿਤ ਕਰਨ ਲਈ ਪੇਸ਼ ਕਰਾਂਗੇ) ਫ਼ੈਜ਼ ਅਜਿਹੇ ਸਾਰੇ ਲੋਕਾਂ ਦੇ ਯਤਨਾਂ ਤੋਂ ਜਾਣੂ ਸਨ ਜੋ ਉਨ੍ਹਾਂ ਦੀ ਸ਼ਾਇਰੀ ਦੇ ਪ੍ਰਸ਼ੰਸਕ ਤਾਂ ਸਨ ਪਰ ਉਨ੍ਹਾਂ ਦੀ ਵਿਚਾਰਧਾਰ ਦੇ ਵਿਰੋਧੀ ਲੋਕਾਂ ਵਲੋਂ ਉਨ੍ਹਾਂ ਵਰਤਿਆ ਜਾ ਰਿਹਾ ਸੀ। ਆਪਣੇ ਵਲੋਂ ਫ਼ੈਜ਼ ਨੇ ਕਿਸੇ ਨੂੰ ਕੋਈ ਮੌਕਾ ਨਹੀਂ ਦਿੱਤਾ। 1982 ਵਿਚ ਇਹ ਤਰਾਨਾ ਲਿਖਿਆ ਗਿਆ ਤੇ 1982 ਵਿਚ ਹੀ ਜ਼ਿੰਦਗੀ ਦੇ ਆਖ਼ਰੀ ਮੁਕਾਮ ਉੱਪਰ ਪਹੁੰਚੇ ਹੋਏ ਬੀ.ਬੀ. ਸੀ. ਨੂੰ ਦਿੱਤੇ ਇੱਕ ਇੰਟਰਵਿਊ ਵਿਚ ਇਹ ਗੱਲ ਦੁਹਰਾਉਣਾ ਨਹੀਂ ਭੁੱਲੇ ਕਿ "ਮੈਂ ਮਾਰਕਸਵਾਦੀ ਹਾਂ ਅਤੇ ਰੱਬ ਨੂੰ ਨਹੀਂ ਮੰਨਦਾ।" ਫ਼ੈਜ਼ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪਾਕਿਸਤਾਨ ਧਾਰਮਿਕ ਮੂਲਵਾਦ ਵੱਲ ਵੱਧ ਰਿਹਾ ਹੈ। 'ਤਰਾਨਾ' ਸਿਰਲੇਖ ਵਾਲੇ ਘੱਟ ਤੋਂ ਘੱਟ ਤਿੰਨ ਤਰਾਨੇ ਫ਼ੈਜ਼ ਦੀ ਸੰਪੂਰਨ ਸ਼ਾਇਰੀ ਵਿਚ ਮਿਲਦੇ ਹਨ। "ਦਸਤੇ-ਸਬਾ" (1953) ਵਿਚ ਪਹਿਲਾ ਤਰਾਨਾ 'ਸਰੇ-ਵਾਦੀਏ-ਸੀਨਾ' (1971), ਤਰਾਨਾ-1 ਅਤੇ "ਗੁਬਾਰੇ-ਅੱਯਾਮ" (1982) 'ਤਰਾਨਾ-2' ਸ਼ਾਮਿਲ ਹਨ। ਇਹ ਤਿੰਨੋਂ ਤਰ੍ਹਾਂ ਦੇ ਬੇਹੱਦ ਮਸ਼ਹੂਰ ਹਨ। 'ਦਸਤੇ-ਸਬਾ ਤਰਾਨਾ' ਅਤੇ 'ਗੁਰਾਬੇ ਅੱਯਾਮ' ਵਿਚ ਤਰਾਨਾ-2 ਦੀ ਇਕ ਪੰਗਤੀ ਸਾਂਝੀ ਹੈ। "ਜਬ ਤਖ਼ਤ ਗਿਰਾਏ ਜਾਏਂਗੇ, ਤਬ ਤਾਜ ਉਛਾਲੇ ਜਾਏਂਗੇ।" 1953 ਤੋਂ ਲੈ ਕੇ 1982 ਤੱਕ ਕਵੀ ਦੀ ਇਹ ਇੱਛਾ ਲਗਾਤਾਰ ਬਣੀ ਰਹਿੰਦੀ ਹੈ। ਇਕ ਪੰਗਤੀ ਦਾ ਦੁਹਰਾ ਇਨ੍ਹਾਂ ਤਰਾਨਿਆਂ ਦੇ ਅਰਥ ਤੇ ਉਦੇਸ਼ ਨੂੰ ਵੀ ਬਿਆਨ ਕਰਦਾ ਹੈ। ਗੁਬਾਰੇ-ਅੱਯਾਮ ਵਿਚ ਸੰਕਲਿਤ 'ਤਰਾਨਾ-2' ਇਸ ਤਰ੍ਹਾਂ ਹੈ -

ਹਮ ਦੇਖੇਂਗੇ
ਲਾਜ਼ਿਮ ਹੈ ਕਿਹ ਹਮ ਭੀ ਦੇਖੇਂਗੇ
ਵੋਹ ਦਿਨ ਕੇਹ ਜਿਸਕਾ ਵਾਅਦਾ ਹੈ
ਜੋ ਲੌਹੇ-ਅਜ਼ਲ ਮੈਂ ਲਿਖਾ ਹੈ
ਜਬ ਜ਼ੁਲਮੋ-ਸਿਤਮ ਕੇ ਕੋਹੇ-ਗਰਾਂ
ਰੂਈ ਕੀ ਤਰ੍ਹਾਂ ਉੱਡ ਜਾਏਂਗੇ।
ਹਮ ਮਹਿਕੂਮੋਂ ਕੇ ਪਾਂਵ-ਤਲੇ
ਜਬ ਧਰਤੀ ਧੜ-ਧੜ ਧੜਕੇਗੀ
ਔਰ ਅਹਿਲੇ-ਹਿਕਮ ਕੇ ਸਰ ਊਪਰ
ਜਬ ਬਿਜਲੀ ਕੜ-ਕੜ ਕੜਕੇਗੀ
ਜਬ ਅਰਜ਼-ਏ-ਖ਼ੁਦਾ ਕੇ ਕਾਬੇ ਸੇ
ਸਭ ਬੁੱਤ ਉਠਵਾਏ ਜਾਏਂਗੇ
ਹਮ ਅਹਿਲੇ-ਸਫ਼ਾ ਮਰਦੂਦ-ਏ-ਹਰਮ
ਮਸਨਦ ਪੇ ਬਿਠਾਏ ਜਾਏਂਗੇ

ਸਭ ਤਾਜ ਉਛਾਲੇ ਜਾਏਂਗੇ
ਸਭ ਤਖ਼ਤ ਗਿਰਾਏ ਜਾਏਂਗੇ
ਬਸ ਨਾਮ ਰਹੇਗਾ ਅੱਲ੍ਹਾ ਕਾ
ਜੋ ਗਾਇਬ ਭੀ ਹੈ ਹਾਜ਼ਿਰ ਭੀ
ਜੋ ਮੰਜਰ ਭੀ ਤੋ ਨਾਜ਼ਿਰ ਭੀ
ਉੱਠੇਗਾ 'ਅਨ-ਅਲ-ਹਕ' ਕਾ ਨਾਅਰਾ
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ
ਔਰ ਰਾਜ ਕਰੇਗੀ ਖ਼ਲਕੇ-ਖ਼ੁਦਾ
ਜੋ ਮੈਂ ਭੀ ਹੂੰ ਔਰ ਤੁਮ ਭੀ। ('ਤਰਾਨਾ-2' ਸਾਰੇ ਸੁਖ਼ਨ ਹਮਰੇ, ਸਫ਼ਾ-322)

ਦੇਖੇਂਗੇ 'ਕਿਰਿਆ' ਇਸ ਤਰਾਨੇ ਵਿਚ ਟੇਕ ਵਾਂਗ ਦੁਹਰਾਈ ਗਈ ਹੈ। ਇਥੇ ਇਹ ਕਿਰਿਆ ਮੁਹਾਵਰੇ ਵਾਂਗ ਵਰਤੋਂ ਵਿਚ ਆਈ ਹੈ। ਦੇਖੇਂਗੇ ਜਾਂ ਦੇਖ ਲਵਾਂਗੇ ਹਿੰਦੀ ਦਾ ਆਮ ਮੁਹਾਵਰਾ ਹੈ (ਪੰਜਾਬੀ ਦਾ ਵੀ)। ਜਿਸਦੀ ਵਰਤੋਂ ਚੁਣੌਤੀ ਦੇਣ ਜਾਂ ਕਬੂਲ ਕਰਨ ਦੇ ਅਰਥ ਵਿਚ ਹੁੰਦੀ ਹੈ। ਧਰਮ ਅਧਾਰਿਤ ਰਾਜ ਵਿਵਸਥਾ ਦੇ ਵਿਚਾਰਕ ਤੌਰ ਤਰੀਕਿਆਂ ਨਾਲ ਵੀ ਜਨਤਾ ਨੂੰ ਵੱਸ ਵਿਚ ਕਰਦੀ ਹੈ। ਧਾਰਮਿਕ ਮਾਨਤਾਵਾਂ ਅਜਿਹਾ ਹੀ ਹਥਿਆਰ ਹਨ। ਸਾਰਿਆਂ ਦੇ ਫੈਸਲੇ ਦਾ ਦਿਨ ਇਸਲਾਮੀ ਕਲਪਨਾ ਹੈ। ਜ਼ਾਹਿਰ ਹੈ ਕਿ ਇਸ ਅੰਤਿਮ ਫੈਸਲੇ ਜਾਂ ਭਾਗਾਂ ਵਿਚ ਲਿਖੇ ਦੀ ਵਰਤੋਂ ਲੋਕਾਂ ਨੂੰ ਧਰਮ ਦਾ ਡਰ ਦਿਖਾ ਕੇ ਕਿਸਮਤਵਾਦੀ ਬਣੇ ਰਹਿਣ ਲਈ ਬੇਵੱਸ ਬਣਾਉਣ ਲਈ ਹੁੰਦਾ ਹੈ। ਇਸ ਤਰਾਨੇ ਵਿਚ ਦੇਖੇਂਗੇ ਦਾ ਅਰਥ ਫੈਸਲੇ ਦੇ ਇਸੇ ਆਖ਼ਰੀ ਘੜੀ ਜਾਂ ਕਿਸਮਤ ਵਿਚ ਲਿਖੇ ਫੈਸਲੇ ਦਾ ਸਾਹਮਣਾ ਕਰਨਾ ਹੈ। ਜੇਕਰ ਇਸ ਦਿਨ ਇਨਸਾਫ ਹੋਣਾ ਹੈ ਤਾਂ ਇਹ ਸਿਰਫ਼ ਜਨਤਾ ਦਾ ਹੀ ਨਹੀਂ ਹੋਵੇਗਾ ਸਗੋਂ ਹੁਕਮਰਾਨਾ ਦਾ ਵੀ ਹੋਵੇਗਾ। ਜੇਕਰ ਸਾਰਿਆਂ ਦੇ ਚੰਗੇ ਭੈੜੇ ਕਰਮਾਂ ਦਾ ਇਨਸਾਫ ਹੋਣਾ ਹੈ ਤਾਂ ਫਿਰ ਉਸ ਦਿਨ ਤੋਂ ਹੁਕਮਰਾਨਾਂ ਨੂੰ ਵੀ ਡਰਨਾ ਚਾਹੀਦਾ ਹੈ, ਜਨਤਾ ਨੂੰ ਨਹੀਂ। ਇਸੇ ਲਈ ਇਹ ਚੁਣੌਤੀ ਜਨਤਾ ਨੂੰ ਕਬੂਲ ਹੈ। 'ਹਮ ਦੇਖੇਂਗੇ' ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ ਇਕ ਤਰ੍ਹਾਂ ਦੀ ਲਲਕਾਰ ਹੈ। ਜਿੱਥੇ ਅੰਤਿਮ ਫੈਸਲੇ ਦੇ ਦਿਨ ਦੇ ਡਰ ਦੀ ਜਗ੍ਹਾ ਉਸ ਦਿਨ ਦੀ ਤਿਆਰੀ ਨੇ ਲੈ ਲਈ। ਹੁਕਮਰਾਨ ਹੀ ਨਹੀਂ ਬਲਕਿ ਜਨਤਾ ਵੀ ਇਸ ਦਿਨ ਲਈ ਤਿਆਰ ਹੈ। ਇਥੋਂ ਹੀ ਅੰਤਿਮ ਫੈਸਲੇ ਦੀ ਕਲਪਨਾ ਦਾ ਅਰਥ-ਪਰਿਵਰਤਨ ਸ਼ੁਰੂ ਹੁੰਦਾ ਹੈ। ਇਹ ਧਾਰਮਿਕ ਦਾਇਰੇ ਦੇ ਬਾਹਰ ਸਮਾਜਿਕ, ਰਾਜਨੀਤਿਕ ਹੱਕ ਅਤੇ ਇਨਸਾਫ ਦੀ ਧੁਨੀ ਦੇਣ ਲੱਗਦੀ ਹੈ। ਅੰਤਿਮ ਫੈਸਲੇ ਦੀ ਕਲਪਨਾ ਤੇ ਸੱਤਾਧਾਰੀ ਵਰਗ ਦੀ ਕਿਸਮਤ ਅਤੇ ਵਰਤੋਂ ਨੂੰ ਇਹ ਤਰਾਨਾ ਉਨ੍ਹਾਂ ਦੇ ਹੀ ਖਿਲਾਫ਼ ਸ਼ਬਦ-ਦਰ-ਸ਼ਬਦ ਪੰਗਤੀ-ਦਰ-ਪੰਗਤੀ ਉਲਟਾਉਣਾ ਸ਼ੁਰੂ ਕਰਦਾ ਹੈ। ਵਿਰੋਧੀ ਵਿਚਾਰਾਂ ਤੇ ਬਿੰਬਾਂ ਦੀ ਇਕ ਲੜੀ ਤਿਆਰ ਹੁੰਦੀ ਚਲੀ ਆਈ ਹੈ। ਜ਼ੁਲਮੋ-ਸਿਤਮ ਦੇ ਪਹਾੜਾਂ ਦਾ ਰੂੰ ਵਾਂਗ ਉੱਡ ਜਾਣ ਦੇ ਬਿੰਬ ਦਾ ਸਰੋਤ ਇਸਲਾਮਕ ਪਾਠ ਹੈ। ਪਰ ਫ਼ੈਜ਼ ਸਾਹਿਬ ਦੀ ਵਿਚਾਰਧਾਰਾ ਇਸਲਾਮ ਦੀ ਨਹੀਂ,ਰ ਉਹ ਤਾਂ ਕਮਿਊਨਿਸਟ ਸਨ।

ਜ਼ੁਲਮ ਦੇ ਵਿਨਾਸ਼ ਦੇ ਇਸ ਬਿੰਬ ਦੇ ਬਰਾਬਰ ਪੁਰਾਣੇ ਸਮਿਆਂ ਦੇ ਚੀਨ ਵਿਚ



ਪ੍ਰਚਲਿਤ ਇਕ ਨੀਤੀ-ਕਥਾ ਯਾਦ ਆਉਂਦੀ ਹੈ। ਜਿਸ ਨੂੰ ਮਾਓ ਚੀਨ ਦੇ ਕਿਸਾਨਾਂ ਨੂੰ ਸਾਮੰਤਵਾਦ ਅਤੇ ਸਾਮਰਾਜਵਾਦ ਦੇ ਵਿਰੁੱਧ ਲਗਾਤਾਰ ਸੰਘਰਸ਼ ਦਾ ਮਹੱਤਵ ਸੁਣਾਇਆ ਕਰਦੇ ਸਨ। ਇਸ ਨੀਤੀ-ਕਥਾ ਦਾ ਸਿਰਲੇਖ ਹੈ 'ਇਕ ਮੂਰਖ ਬੁੱਢਾ ਆਦਮੀ ਜਿਸਨੇ ਪਹਾੜਾਂ ਨੂੰ ਹੀ ਹਟਾ ਦਿੱਤਾ'। ਇਸ ਨੀਤੀ-ਕਥਾ ਵਿਚ ਪੁਰਾਣੇ ਜ਼ਮਾਨੇ ਦੇ ਇਕ ਬੁੱਢੇ ਆਦਮੀ ਨੂੰ ਬਿਆਨ ਕੀਤਾ ਗਿਆ ਹੈ ਜੋ ਉੱਤਰੀ ਚੀਨ ਵਿਚ ਰਹਿੰਦਾ ਸੀ। ਉਸਦੇ ਘਰ ਦਾ ਦਰਵਾਜ਼ਾ ਦੱਖਣ ਵੱਲ ਸੀ ਜਿਸਦੇ ਸਾਹਮਣੇ ਦੋ ਵੱਡੇ ਪਹਾੜ ਸਨ ਜੋ ਉਸਦੇ ਲਈ ਰੁਕਾਵਟ ਸਨ। ਬੁੱਢੇ ਨੇ ਆਪਣੇ ਪੁੱਤਰਾਂ ਨੂੰ ਬੁਲਾਇਆ ਅਤੇ ਉਨ੍ਹਾਂ ਨਾਲ ਮਿਲ ਕੇ ਦ੍ਰਿੜ ਇਰਾਦੇ ਨਾਲ ਪਹਾੜਾਂ ਨੂੰ ਪੁੱਟਣਾ ਸ਼ੁਰੂ ਕਰ ਦਿੱਤਾ ਤੇ ਇਕ ਦੂਸਰਾ ਬੁੱਢਾ ਆਦਮੀ ਜੋ ਆਪਣੇ-ਆਪ ਨੂੰ 'ਬੁੱਧੀਮਾਨ ਬੁੱਢਾ ਆਦਮੀ' ਅਖਵਾਉਂਦਾ ਸੀ, ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦਾ ਮਜ਼ਾਕ ਉਡਾਉਂਦਿਆਂ ਬੋਲਿਆ, "ਤੁਸੀਂ ਲੋਕ ਕਿੰਨੇ ਮੂਰਖ ਹੋ ਜੋ ਇਹ ਸਭ ਕੁਝ ਕਰ ਰਹੇ ਹੋ। ਇਹਨਾਂ ਦੋ ਪਹਾੜਾਂ ਨੂੰ ਪੁੱਟਣਾ ਤੁਹਾਡੇ ਪਿਉ-ਪੁੱਤਰਾਂ ਲਈ ਬਿਲਕੁਲ ਅਸੰਭਵ ਹੈ।" ਮੂਰਖ ਬੁੱਢੇ ਆਦਮੀ ਨੇ ਉੱਤਰ ਦਿੱਤਾ, "ਮੇਰੀ ਮੌਤ ਤੋਂ ਬਾਅਦ ਮੇਰੇ ਪੁੱਤਰ ਇਹ ਕੰਮ ਜਾਰੀ ਰੱਖਣਗੇ, ਪੁੱਤਰਾਂ ਤੋਂ ਬਾਅਦ ਪੋਤੇ, ਪੋਤਿਆਂ ਤੋਂ ਬਾਅਦ ਪੜਪੋਤੇ ਤੇ ਪੀੜ੍ਹੀ-ਦਰ-ਪੀੜ੍ਹੀ ਇਸ ਕੰਮ ਨੂੰ ਜਾਰੀ ਰੱਖਣਗੇ। ਭਾਵੇਂ ਕਿ ਪਹਾੜ ਬਹੁਤ ਉੱਚੇ ਸਨ ਪਰ ਇੰਨੇ ਜ਼ਿਆਦਾ ਤਾਂ ਉੱਚੇ ਨਹੀਂ ਹੋ ਸਕਦੇ। ਫਿਰ ਅਸੀਂ ਇਨ੍ਹਾਂ ਨੂੰ ਜਿੰਨਾ ਪੁੱਟਦੇ ਜਾਵਾਂਗੇ ਇਹ ਉਨੇ ਹੀ ਛੋਟੇ ਹੁੰਦੇ ਜਾਣਗੇ। ਫਿਰ ਅਸੀਂ ਇਨ੍ਹਾਂ ਨੂੰ ਕਿਉਂ ਨਹੀਂ ਹਟਾ ਸਕਦੇ।" ਬੁੱਧੀਮਾਨ ਬੁੱਢੇ ਆਦਮੀ ਦੇ ਗਲਤ ਵਿਚਾਰ ਦਾ ਖੰਡਨ ਕਰਨ ਤੋਂ ਬਾਅਦ ਉਨ੍ਹਾਂ ਪਹਾੜਾਂ ਨੂੰ ਕੱਟਣਾ ਜਾਰੀ ਰੱਖਿਆ ਅਤੇ ਆਪਣੇ ਵਿਸ਼ਵਾਸ ਵਿਚ ਕਿਤੇ ਵੀ ਢਿੱਲ ਨਹੀਂ ਆਉਣ ਦਿੱਤੀ। ਇਸ ਤੋਂ ਰੱਬ ਬੜਾ ਪ੍ਰਭਾਵਿਤ ਹੋਇਆ ਤੇ ਉਸਨੇ ਦੋ ਦੇਵਦੂਤਾਂ ਨੂੰ ਭੇਜਿਆ ਜੋ ਇਨ੍ਹਾਂ ਦੋਹਾਂ ਪਹਾੜਾਂ ਨੂੰ ਆਪਣੀ ਪਿੱਠ ਉੱਤੇ ਚੁੱਕ ਕੇ ਲੈ ਗਏ। ਮਾਓ ਕਿਸਾਨਾਂ ਨੂੰ ਕਹਿੰਦੇ ਸਨ, "ਅੱਜ ਚੀਨੀ ਜਨਤਾ ਦੇ ਉੱਤੇ ਵੀ ਦੋ ਬਹੁਤ ਭਾਰੇ-ਭਾਰੇ ਪਹਾੜ ਮੌਜੂਦ ਹਨ। ਇਨ੍ਹਾਂ ਵਿਚੋਂ ਇੱਕ ਦਾ ਨਾਂ ਸਾਮਰਾਜਵਾਦ ਹੈ ਅਤੇ ਦੂਜੇ ਦਾ ਨਾਂ ਸਾਮੰਤਵਾਦ ਹੈ। ਪਾਕਿਸਤਾਨ, ਹਿੰਦੁਸਤਾਨ ਤੇ ਬੰਗਲਾ ਦੇਸ਼ ਲਈ ਜ਼ੁਲਮੋਂ ਸਿਤਮ ਦੇ ਕੋਹੇ ਗਰਾਂ ਸਾਮੰਤਵਾਦ ਤੇ ਸਾਮਰਾਜਵਾਦ ਤੋਂ ਇਲਾਵਾ ਹੋਰ ਭਲਾ ਕੀ ਹੋ ਸਕਦਾ ਹੈ। ਇਨ੍ਹਾਂ ਨੂੰ ਰੂੰ ਵਾਂਗ ਉਡਾ ਦੇਣਾ ਹੀ ਇਨਕਲਾਬ ਦਾ ਸੁਪਨਾ ਹੈ। ਸਾਡੇ ਲੋਕਾਂ ਦਾ ਜਮਹੂਰੀ ਇਨਕਲਾਬ ਦਾ ਸੁਪਨਾ ਹੈ। 'ਤਰਾਨਾ-2' ਵਿਚ ਜ਼ੁਲਮ ਸਿਤਮ ਦੇ ਪਹਾੜਾਂ ਦਾ ਰੂੰ ਵਾਂਗ ਉੱਡ ਜਾਣਾ ਦਾ ਬਿੰਬ ਅਤੇ ਮਾਓ ਵਲੋਂ ਸੁਣਾਈ ਜਾਣ ਵਾਲੀ ਕਥਾ ਵਿਚ ਮਹਿਜ਼ ਏਨੀ ਹੀ ਬਰਾਬਰੀ ਨਹੀਂ ਹੈ ਕਿ ਦੋਨੋਂ ਜ਼ੁਲਮ, ਸ਼ੋਸ਼ਣ ਜਾਂ ਸਾਮੰਤਵਾਦ ਅਤੇ ਸਾਮਰਾਜਵਾਦ ਦੇ ਪ੍ਰਤੀਕ ਹਨ। ਸਗੋਂ ਉਨ੍ਹਾਂ ਪਹਾੜਾਂ ਦਾ ਉੱਡ ਜਾਣਾ ਕ੍ਰਾਂਤੀ ਦੀ ਜਿੱਤ ਹੈ। ਵਧੇਰੇ ਏਕਤਾ ਇਸ ਗੱਲ ਦੀ ਮਹੱਤਵਪੂਰਨ ਹੈ ਕਿ ਫ਼ੈਜ਼ ਅਤੇ ਮਾਓ ਦੋਨੋਂ ਮਾਰਕਸਵਾਦੀ ਹਨ ਅਤੇ ਦੋਨਾਂ ਨੂੰ ਹੀ ਪਰੰਪਰਾ ਤੋਂ ਵਿਰੋਧ ਦੀ ਤਾਕਤ ਅਤੇ ਪ੍ਰਤੀਕ ਗ੍ਰਹਿਣ ਕਰਨ ਤੋਂ ਕੋਈ ਗੁਰੇਜ਼ ਨਹੀਂ ਅਤੇ ਪਰੰਪਰਾ ਦੇ ਇਹ ਤੱਤ ਧਾਰਮਿਕ ਮਿੱਥਾਂ ਦੇ ਵੀ ਹੋ ਸਕਦੇ ਹਨ ਜਿਨ੍ਹਾਂ ਦਾ ਇਹ ਲੌਕੀਕਰਣ ਉਨ੍ਹਾਂ ਨੂੰ ਵਰਤਣ ਵਾਲੇ ਦੀ ਕਾਬਲੀਅਤ ਉੱਪਰ ਨਿਰਭਰ ਕਰਦਾ ਹੈ। ਫ਼ੈਜ਼ ਮਾਰਕਸਵਾਦੀ

ਇਤਿਹਾਸ ਦ੍ਰਿਸ਼ਟੀ ਕਾਰਣ ਹੀ ਵਿਰੋਧ ਦੇ ਜਜ਼ਬੇ ਨੂੰ ਉਨ੍ਹਾਂ ਅਨੇਕ ਪਰੰਪਰਾਵਾਂ ਤੋਂ ਗ੍ਰਹਿਣ ਕਰਦੇ ਹਨ ਜਿਨ੍ਹਾਂ ਵਿਚ ਜਨਤਾ ਇਤਿਹਾਸਿਕ ਦੌਰਾਂ ਵਿਚ ਵਿਚਰਦੀ ਆਈ ਅਤੇ ਇਕ ਕੌਮ ਦਾ ਰੂਪ ਵਿਚ ਹੋਂਦ ਗ੍ਰਹਿਣ ਕਰਦੀ ਹੈ। ਮਾਓ ਜਦੋਂ ਮੂਰਖ ਬੁੱਢੇ ਦੀ ਕਹਾਣੀ ਸੁਣਾਉਂਦੇ ਹਨ ਤਾਂ ਉਹ ਵੀ ਚੀਨ ਦੀ ਲੋਕ-ਪਰੰਪਰਾ ਨਾਲ ਉਸੇ ਤਰ੍ਹਾਂ ਦਾ ਸੰਬੰਧ ਸਥਾਪਿਤ ਕਰਦੇ ਹਨ ਜਿਸ ਤਰ੍ਹਾਂ ਦਾ ਫ਼ੈਜ਼ ਇਸ ਤਰਾਨੇ ਵਿਚ ਇਸਲਾਮ ਨਾਲ। ਫ਼ੈਜ਼ ਦੀ ਇਤਿਹਾਸ ਦ੍ਰਿਸ਼ਟੀ ਵਿਚ ਇਹ ਗੱਲ ਸਾਫ਼ ਹੈ ਕਿ ਇਸਲਾਮ ਮਹਿਜ਼ ਆਸਥਾ ਦਾ ਵਿਸ਼ਾ ਨਹੀਂ ਹੈ। ਬਲਕਿ ਉਸਦਾ ਇਕ ਇਤਿਹਾਸ ਵੀ ਹੈ। ਇਹ ਜੀਵਨ ਅਤੇ ਚਿੰਤਨ ਦਾ ਇਕ ਢੰਗ ਵੀ ਹੈ। ਦੂਸਰੇ ਉਨ੍ਹਾਂ ਦੇ ਕਵੀ ਸਾਹਮਣੇ ਇਕ ਅਜਿਹੇ ਦੇਸ਼ ਵਿਚ ਧਰਮ ਅਧਾਰਿਤ ਰਾਜਸੱਤਾ ਦੇ ਅੱਤਿਆਚਾਰਾਂ ਦੇ ਖਿਲਾਫ਼ ਜਮਹੂਰੀਅਤ ਅਤੇ ਬਰਾਬਰੀ ਦੇ ਸੰਘਰਸ਼ ਨੂੰ ਤਿਆਰ ਕਰਨ ਦੀ ਔਖੀ ਚੁਣੌਤੀ ਦੀ, ਜੋ ਇਸਲਾਮ ਦੇ ਨਾਂ 'ਤੇ ਹੀ ਹੋਂਦ ਵਿਚ ਆਇਆ ਅਤੇ ਉਸਦੇ ਨਾਂ 'ਤੇ ਹੀ ਰਾਜਸੱਤਾ ਚਲਾਈ ਜਾ ਰਹੀ ਸੀ। ਮਿਲਦੀਆਂ-ਜੁਲਦੀਆਂ ਸਥਿਤੀਆਂ ਤੀਸਰੀ ਦੁਨੀਆਂ ਦੇ ਦੇਸ਼ਾਂ ਦੀਆਂ ਹਨ। ਉਨ੍ਹਾਂ ਸਾਰੇ ਦੇਸ਼ਾਂ ਨੂੰ ਫ਼ੈਜ਼ ਵਰਗੇ ਵਿਲੱਖਣ ਸਾਹਿਤਕਾਰ ਅਤੇ ਵਿਚਾਰਕ ਨਾ ਮਿਲ ਸਕੇ। ਤਰਾਨਾ-2 ਇਸ ਗੱਲ ਦਾ ਬਿਹਤਰੀਨ ਉਦਾਹਰਣ ਹੈ ਕਿ ਜਿੱਥੇ ਰਾਜਨੀਤੀ, ਇਤਿਹਾਸ ਅਤੇ ਸਮਾਜ ਦੀਆਂ ਮਿਲਦੀਆਂ ਸਥਿਤੀਆਂ ਰਚਨਾਸ਼ੀਲਤਾ ਦੇ ਸਾਹਮਣੇ ਅਭੂਤਪੂਰਵ ਵਿਰੋਧ ਉਤਪੰਨ ਕਰ ਰਹੀਆਂ ਹੋਣ, ਜਿੱਥੇ ਤੁਹਾਡੇ ਹੱਥ ਇਸ ਤਰ੍ਹਾਂ ਬੰਨ੍ਹੇ ਹੋਣ ਉਥੇ ਵਿਰੋਧ ਦੀ ਕਲਾ ਕਿਵੇਂ ਵਿਕਸਿਤ ਹੋਵੇ। ਇਸੇ ਤਰਾਨੇ ਵਿਚ 'ਝੂਠੇ ਦੇਵਤਾਵਾਂ' (ਬੁੱਤਾਂ) ਦੇ ਵਿਰੁੱਧ ਇਸਲਾਮ ਦੇ ਇਤਿਹਾਸਿਕ ਸੰਘਰਸ਼ ਦੇ ਚਿੱਤਰਾਂ ਨੂੰ ਕਾਬ੍ਹੇ ਤੋਂ ਚੁੱਕ ਕੇ ਲੋਕ-ਇਨਕਲਾਬ ਦੇ ਉਤਸਵ ਦੀ ਹੁਲਾਸਮਈ ਕਲਪਨਾ ਵਿਚ ਇਸ ਸਲੀਕੇ ਨਾਲ ਸਥਾਨਾਂਤ੍ਰਿਤ ਕਰ ਦਿੱਤਾ ਗਿਆ ਹੈ ਕਿ ਪੂਰਾ ਦ੍ਰਿਸ਼-ਵਿਧਾਨ ਹੁਕਮਰਾਨਾਂ ਨੂੰ ਉਲਟਾ ਦੇਣ ਅਤੇ ਜਨਤਾ ਦੀ ਖੁਦਮੁਖਤਾਰੀ ਦਾ ਰੂਪਕ ਬਣ ਜਾਂਦਾ ਹੈ।

ਪ੍ਰਸੰਗ ਅਨੁਸਾਰ ਇਹ ਯਾਦ ਆਉਣਾ ਸੁਭਾਵਿਕ ਹੈ ਕਿ ਪਾਕਿਸਤਾਨ ਵਿਚ ਇਸਲਾਮ ਅਤੇ ਖ਼ੁਦਾ ਦੇ ਨਾਂ ਤੇ ਤਾਨਾਸ਼ਾਹ ਵਲੋਂ ਖ਼ੁਦਾ ਦੀ ਸਰਵ-ਸ਼ਕਤੀ ਬਣ ਬੈਠਣਾ ਇੱਕ ਅਜਿਹਾ ਯਥਾਰਥ ਹੈ ਜਿਸਦੇ ਖਿਲਾਫ਼ ਪਾਕਿਸਤਾਨ ਦੇ ਕਈ ਸਮਕਾਲੀਨ ਕਵੀ ਪ੍ਰਤੀਕਾਂ ਰਾਹੀਂ ਵਾਰ ਕਰਦੇ ਸਨ। ਜ਼ਿਆ ਦੇ ਸ਼ਾਸਨ ਦੇ ਖਿਲਾਫ਼ ਹਬੀਬ ਜਾਲਿਬ ਦੀ ਮਸ਼ਹੂਰ ਪੰਗਤੀ ਹੈ "ਜ਼ੁਲਮਤ ਕੋ ਜ਼ਿਆ ਸਬਸਰ ਕੋ ਸਬਾ ਬੰਦੇ ਕੋ ਖ਼ੁਦਾ ਕਿਆ ਲਿਖਨਾ' ਇਥੋਂ ਤੱਕ ਕਿ ਗੈਰ ਰਾਜਨੀਤਕ ਸ਼ਾਇਰੀ ਵਿਚ ਵੀ ਅਜਿਹੇ ਬਿੰਬ ਆ ਜਾਂਦੇ ਹਨ। ਖ਼ਾਤਿਰ ਦਾ ਮਸ਼ਹੂਰ ਸ਼ਿਅਰ ਹੈ "ਬੰਦੇ ਭੀ ਹੋ ਗਏ ਹੈਂ ਖ਼ੁਦਾ ਤੇਰੇ ਸ਼ਹਿਰ ਮੇਂ' ਜਾਂ ਫਿਰ ਸ਼ਾਹਜ਼ਾਦ ਕਹਿੰਦੇ ਹਨ, 'ਮੈਂਨੇ ਜੋ ਸੰਗ ਤਰਾਸ਼ਾ ਵੋ ਖ਼ੁਦਾ ਹੋ ਬੈਠਾ' ਕੌਣ ਕਹਿ ਸਕਦਾ ਹੈ ਕਿ ਇਸ਼ਕ ਦੇ ਪ੍ਰਸੰਗ ਵਿਚ ਹੀ ਸਹੀ, ਇਹ ਸ਼ਿਅਰ ਲਿਖਦੇ ਸਮੇਂ ਸ਼ਾਇਰ ਦੇ ਅਵਚੇਤਨ ਵਿਚ ਉਹ ਪ੍ਰਸਥਿਤੀ ਕੰਮ ਨਹੀਂ ਕਰ ਰਹੀ ਜਿਸ ਵਿਚ ਬੁੱਤ (ਤਾਨਾਸ਼ਾਹ) ਹੀ ਖ਼ੁਦਾ ਬਣ ਬੈਠੇ ਹਨ। 'ਤਰਾਨਾ-2' ਵਿਚ ਦ੍ਰਿਸ਼ ਵਿਧਾਨ ਦੀ ਤਾਕਤ ਅਤੇ ਉਸਦਾ ਸੰਦਰਭ ਸਫਲਤਾਪੂਰਵਕ ਬੁੱਤਾਂ ਨੂੰ ਤਾਨਾਸ਼ਾਹੀ ਨਿਜ਼ਾਮ ਦੇ ਪ੍ਰਤੀਕ ਵਿਚ ਬਦਲ ਦਿੰਦਾ ਹੈ। ਇਕ ਹੀ ਸਾਹ ਵਿਚ,



ਇਕ ਹੀ ਲੈਅ-ਤਾਲ ਵਿਚ ਜਦੋਂ ਕਾਅਬੇ ਤੋਂ ਬੁੱਤ ਉਠਵਾਉਣ ਅਤੇ ਤਖ਼ਤ-ਓ-ਤਾਜ਼ ਗਿਰਾਏ ਜਾਣ ਦਾ ਦ੍ਰਿਸ਼ ਉਭਰਦਾ ਹੈ ਤਾਂ ਕਿਸੇ ਵੀ ਪਾਠਕ ਜਾਂ ਸ਼ਰੋਤਾ ਨੂੰ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਬੁੱਤ ਕੌਣ ਹਨ। ਇਹ ਉਹੀ ਹਨ ਜੋ ਇਸਲਾਮ ਦੇ ਨਾਂ 'ਤੇ ਝੂਠੇ ਖ਼ੁਦਾ ਬਣ ਕੇ ਤਾਨਾਸ਼ਾਹੀ ਕਰ ਰਹੇ ਹਨ। ਅੰਤਿਮ ਫੈਸਲੇ ਦਾ ਦਿਨ ਲੋਕ-ਇਨਕਲਾਬ ਦਾ ਦਿਨ ਹੋਵੇਗਾ ਜਦੋਂ ਉਨ੍ਹਾਂ ਨੂੰ ਜ਼ਮੀਨ ਉੱਪਰ ਵਿਛਾ ਦਿੱਤਾ ਜਾਵੇਗਾ ਅਤੇ ਜਨਤਾ ਦਾ ਰਾਜ ਹੋਵੇਗਾ -

ਜਬ ਅਰਜ਼-ਏ-ਖ਼ੁਦਾ ਕੇ ਕਾਅਬੇ ਸੇ
ਸਬ ਬੁੱਤ ਉਠਵਾਏ ਜਾਏਂਗੇ
ਹਮ ਅਹਿਲ-ਏ-ਸਫ਼ਾ, ਮਰਦੂਦ-ਏ-ਹਰਮ
ਮਸਨਦ ਪੇ ਬਿਠਾਏ ਜਾਏਂਗੇ
ਸਬ ਤਾਜ ਉਛਾਲੇ ਜਾਏਂਗੇ
ਸਬ ਤਖਤ ਗਿਰਾਏ ਜਾਏਂਗੇ।

ਬੜੀ ਖ਼ੂਬਸੂਰਤੀ ਨਾਲ ਸ਼ਾਇਰ ਸ਼ਾਸਕ ਵਰਗਾਂ ਦੇ ਤਮਾਮ ਪ੍ਰਤੀਕ ਖੋਹ ਲੈਂਦਾ ਹੈ ਅਤੇ ਉਨ੍ਹਾਂ ਦਾ ਅਰਥ ਪਰਿਵਰਤਨ ਕਰਕੇ ਉਨ੍ਹਾਂ ਉੱਪਰ ਹੀ ਉਲਟਾ ਵਾਰ ਕਰ ਦਿੰਦਾ ਹੈ। ਲੌਹੇ-ਅਜ਼ਲ, ਖ਼ੁਦਾ, ਬੁੱਤ, ਕਾਅਬਾ ਸਭ ਦੇ ਅਰਥ ਜਨਤਾ ਦੀਆਂ ਇੱਛਾਵਾਂ ਨਾਲ ਜੁੜ ਕੇ ਬਦਲ ਜਾਂਦੇ ਹਨ। ਕਵੀ ਕਲਪਨਾ ਦੀ ਰਸਾਇਣਿਕ ਕਿਰਿਆ ਪਰੰਪਰਿਕ ਪ੍ਰਤੀਕਾਂ ਦੀ ਕਾਇਆ ਕਲਪ ਕਰ ਦਿੰਦੀ ਹੈ। ਇਸਲਾਮ ਦੀਆਂ ਪਰੰਪਰਿਕ ਸਿਮ੍ਰਤੀਆਂ ਅਤੇ ਤਾਨਾਸ਼ਾਹੀ ਦੇ ਖਿਲਾਫ਼ ਵਿਰੋਧ ਦੋਨਾਂ ਵਿਚ ਕਿਤੇ ਵੀ ਕੋਈ ਜੋੜ ਜਾਂ ਟਾਕੀ ਨਹੀਂ। ਉਸ ਵਿਰੋਧ ਤੋਂ ਵੱਧ ਵਾਰ ਕਰਨ ਵਾਲਾ ਹੋਰ ਕੀ ਹੋਵੇਗਾ ਜੋ ਇਸਲਾਮ ਦੇ ਅੰਦਰੋਂ ਹੀ ਆਵੇ। ਕਾਵਿ ਦੀ ਪ੍ਰਕਿਰਿਆ ਵਿਚ ਪਰੰਪਰਾ ਦਾ ਲੌਕਿਕ ਤੇ ਸਮਕਾਲੀਕਰਣ ਇਕੋ ਵੇਲੇ ਵਾਪਰਦਾ ਹੈ।

ਪਰੰਤੂ ਕਲਾਸੀਕਲ ਇਸਲਾਮੀ ਪਰੰਪਰਾ ਤੋਂ ਇਲਾਵਾ ਵੀ ਪਰੰਪਰਾਵਾਂ ਹਨ ਜਿਨ੍ਹਾਂ ਨੂੰ ਇਹ ਤਰਾਨਾ ਸੰਬੋਧਿਤ ਹੁੰਦਾ ਹੈ। ਅਖੀਰਲੀਆਂ ਪੰਗਤੀਆਂ ਵਿਚ ਸ਼ਾਇਰ ਸੂਫੀਵਾਦ ਅਤੇ ਵੇਦਾਂਤ ਦੇ ਪ੍ਰਤੀਕਾਂ ਅਤੇ ਸੂਤਰਾਂ ਵੱਲ ਆਉਂਦਾ ਹੈ। ਜਮਹੂਰੀਅਤ ਮਾਨਵਤਾਵਾਦ ਅਤੇ ਕੱਟੜਪੰਥ ਦੀ ਮੁਖਾਲਿਫਤ ਨੂੰ ਲੰਬਾ ਜੀਵਨ ਪ੍ਰਦਾਨ ਕਰਨ ਲਈ ਉਹ ਵਿਰੋਧ ਦੀ ਪੂਰੀ ਧਾਰਨਾ ਨੂੰ ਉਪ-ਮਹਾਂਦੀਪ ਦੀਆਂ ਸਾਰੀਆਂ ਸਭਿਆਚਾਰਕ ਸਿਮਰਤੀਆਂ ਵਿਚੋਂ ਗੁਜ਼ਾਰ ਲੈਂਦਾ ਹੈ। ਤਰਾਨੇ ਦਾ ਆਖ਼ਰੀ ਬੰਦ ਸ਼ੁਰੂ ਹੁੰਦਾ ਹੈ, "ਬਸ ਨਾਮ ਰਹੇਗਾ ਅੱਲ੍ਹਾ ਕਾ" ਇਸ ਪੰਗਤੀ ਦਾ ਪਾਠ ਬੜੀ ਸਾਵਧਾਨੀ ਦੀ ਮੰਗ ਕਰਦਾ ਹੈ। ਜੇਕਰ ਇਸ ਪੰਗਤੀ ਨੂੰ ਪੜ੍ਹਦੇ ਹੋਏ 'ਨਾਮ' ਸ਼ਬਦ ਉੱਪਰ ਜ਼ੋਰ ਦੇਵਾਂਗੇ ਤਾਂ ਇਸਦਾ ਅਰਥ ਹੋਵੇਗਾ ਰਾਜਨੀਤੀ ਸਹਿਤ ਤਮਾਮ ਦੁਨੀਆਂਦਾਰੀ ਵਿਚ ਅੱਲ੍ਹਾ ਦਾ ਨਾਮ ਬਾਕੀ ਰਹੇਗਾ ਜਦ ਕਿ ਇਸ ਦੁਨੀਆਂ ਨੂੰ ਚਲਾਉਣਗੇ ਇਨਸਾਨ ਹੀ ਅਤੇ ਖ਼ੁਦਾ ਦੀ ਖਲਕਤ ਰਾਜ ਕਰੇਗੀ। ਇਸ ਤਰ੍ਹਾਂ ਦਾ ਪਾਠ ਕਰਨਾ ਇਸਲਾਮ ਦੇ ਖਿਲਾਫ਼ ਹੀ ਨਹੀਂ ਹੈ ਬਲਕਿ ਅਲਾਮਾ ਇਕਬਾਲ ਨੇ ਯੂਰਪ ਦੇ ਪੁਨਰ-ਜਾਗਰਣ ਨੂੰ ਇਸਲਾਮ ਦੇ ਯੋਗਦਾਨ ਕਰਨ ਉੱਪਰ ਵਿਚਾਰ ਕਰਦਿਆਂ

ਹੋਇਆਂ ਕਿਹਾ ਸੀ ਕਿ ਇਸਲਾਮ ਉਹ ਪਹਿਲਾ ਮਜ਼ਹਬ ਸੀ, ਜਿਸਨੇ ਮਾਨਵਵਾਦ ਨੂੰ ਜਨਮ ਦਿੱਤਾ ਕਿਉਂਕਿ ਪੈਗੰਬਰ ਮੁਹੰਮਦ ਆਖ਼ਰੀ ਪੈਗੰਬਰ ਮੰਨੇ ਗਏ। ਇਨ੍ਹਾਂ ਤੋਂ ਬਾਅਦ ਇਨਸਾਨਾਂ ਲਈ ਕਿਸੇ ਵੀ ਈਸ਼ਵਰ ਦੇ ਸੰਦੇਸ਼ ਦੀ ਇਸਲਾਮ ਵਿਚ ਕੋਈ ਲੋੜ ਨਹੀਂ ਸਮਝੀ ਗਈ। ਜਾਹਰ ਹੈ ਕਿ ਮੰਨਿਆ ਇਹ ਗਿਆ ਕਿ ਆਖ਼ਰੀ ਪੈਗੰਬਰ ਤੋਂ ਬਾਅਦ ਇਨਸਾਨੀ ਸ਼ਿਸ਼ਟੀ ਆਪਣੇ ਪੈਰਾਂ 'ਤੇ ਖੜ੍ਹੀ ਹੋ ਜਾਵੇਗੀ ਅਤੇ ਹਰ ਦੁਨਿਆਵੀਂ ਮਸਲੇ ਵਿਚ ਅੱਲ੍ਹਾ ਦੇ ਵਿਸ਼ੇਸ਼ ਅਧਿਕਾਰ ਦੀ ਹਰ ਪਲ ਦੁਹਾਈ ਦੇਣ ਦੀ ਜ਼ਰੂਰਤ ਨਹੀਂ ਰਹੇਗੀ। ਇਸ ਪੰਗਤੀ ਦਾ ਦੂਸਰਾ ਪਾਠ ਇਸ ਤਰ੍ਹਾਂ ਹੋ ਸਕਦਾ ਹੈ ਕਿ ਅਸੀਂ 'ਬਸ' ਸ਼ਬਦ ਉੱਪਰ ਜ਼ੋਰ ਦੇਈਏ ਤਾਂ ਇਸਦਾ ਅਰਥ ਇਹ ਹੋਵੇਗਾ ਕਿ ਬਸ ਅੱਲ੍ਹਾ ਦਾ ਹੀ ਨਾਂ ਰਹੇਗਾ ਜਾਣੀ ਝੂਠੇ ਖ਼ੁਦਾਵਾਂ ਦਾ ਨਾਂ ਨਹੀਂ ਰਹੇਗਾ। ਧੁਨੀ ਇਹ ਹੈ ਕਿ ਉਸਦੇ ਨਾਮ 'ਤੇ ਕਿਸੇ ਹੋਰ ਨੂੰ ਰਾਜ ਕਰਨ ਦੀ ਖੁੱਲ੍ਹ ਨਹੀਂ ਹੋਵੇਗਾ। ਦੋਨਾਂ ਵਿਚੋਂ ਕੋਈ ਵੀ ਪਾਠ ਕਰੋ ਉਹ ਧਾਰਮਿਕ ਤਾਨਾਸ਼ਾਹੀ ਦੇ ਖਿਲਾਫ਼ ਜਾਂਦੇ ਹਨ।

ਇਸ ਇਕ ਪੰਗਤੀ ਤੋਂ ਬਾਅਦ ਅੱਲ੍ਹਾ ਦੀਆਂ ਜਿਹੜੀਆਂ ਵਿਸ਼ੇਸ਼ਤਾਵਾਂ ਦੱਸੀਆਂ ਗਈਆਂ ਹਨ, ਉਨ੍ਹਾਂ ਦਾ ਸੰਬੰਧ ਓਨਾ ਕਲਾਸੀਕਲ ਇਸਲਾਮ ਨਾਲ ਨਹੀਂ ਜਿੰਨਾ ਸੂਫੀਵਾਦ ਤੇ ਵੇਦਾਂਤ ਦੀ ਰਹੱਸਵਾਦੀ ਵਿਚਾਰਧਾਰਾ ਨਾਲ ਹੈ। ਰਹੱਸਵਾਦੀ ਧਾਰਾਵਾਂ ਵਿਚ ਬੰਦੇ ਅਤੇ ਖੁਦਾ ਦਾ ਰਿਸ਼ਤਾ ਮਾਲਕ ਅਤੇ ਖਾਦਿਮ ਦਾ ਨਹੀਂ ਬਲਕਿ ਆਸ਼ਿਕ ਅਤੇ ਮਸ਼ੂਕ ਦਾ ਹੈ। ਇਥੇ ਬਰਾਬਰੀ ਦਾ ਆਧਾਰ ਮਿਲਦਾ ਹੈ ਇਸੇ ਵਿਚ ਸ਼ਾਇਰ ਨੂੰ ਬਰਾਬਰੀ ਅਤੇ ਜਮਹੂਰੀਅਤ ਦੀ ਕਲਪਨਾ ਕਰਨ ਵਿਚ ਇਹ ਰਿਸ਼ਤਾ ਕੰਮ ਆਉਂਦਾ ਹੈ। ਖ਼ੁਦਾ ਦੀ ਕਲਪਨਾ ਵੀ ਇਥੇ ਵੱਖਰੀ ਹੈ। ਸੂਫੀਆਂ ਦਾ ਖ਼ੁਦਾ ਗਾਇਬ ਵੀ ਹੈ ਅਤੇ ਹਾਜ਼ਰ ਵੀ। ਉਹ ਦ੍ਰਿਸ਼ ਵੀ ਹੈ ਤੇ ਦਰਸ਼ਕ ਵੀ। ਉਹ ਨਿਰਗੁਣ ਵੀ ਹੈ ਅਤੇ ਸਰਗੁਣ ਵੀ। ਕੁਝ ਲੋਕ ਸੂਫੀਆਂ ਦੀ ਵਿਚਾਰਧਾਰਾ ਨੂੰ ਗੈਰ-ਇਸਲਾਮੀ ਮੰਨਦੇ ਹਨ। ਪਰੰਤੂ ਸਾਡੇ ਸਾਂਝੇ ਸਭਿਆਚਾਰ ਵਿਚ ਇਸਲਾਮ ਦਾ ਇਹੀ ਰੂਪ ਸਾਹਮਣੇ ਆਇਆ ਹੈ। ਕਲਾਸੀਕਲ ਇਸਲਾਮ ਵਿਚ ਖ਼ੁਦਾ ਸਭ ਤੋਂ ਪਰ੍ਹੇ ਤਾਂ ਹੈ ਪਰੰਤੂ ਸਾਰਿਆਂ ਵਿਚ ਵਿਆਪਤ ਨਹੀਂ। ਸਾਡੇ ਉਪ-ਮਹਾਂਦੀਪ ਵਿਚ ਇਸਲਾਮ ਨੂੰ ਮੰਨਣ ਵਾਲੇ ਖ਼ੁਦਾ ਦੀ ਉਸ ਕਲਪਨਾ ਨੂੰ ਮੰਨਦੇ ਹਨ ਜੋ ਸੂਫੀਆਂ ਤੋਂ ਆਈ ਤੇ ਵੇਦਾਂਤ ਵਿਚ ਵੀ ਪਾਈ ਜਾਂਦੀ ਹੈ। ਖ਼ੁਦਾ ਦੀ ਕਣ-ਕਣ ਵਿਚ ਨਿਵਾਸ ਦੀ ਧਾਰਨਾ ਸਦੀਆਂ ਤੋਂ ਇਨਸਾਨ ਅਤੇ ਇਨਸਾਨ ਵਿਚ ਪਈ ਖਾਈ, ਵਿਰੋਧ ਅਤੇ ਈਰਖਾ ਨੂੰ ਮਿਟਾਉਣ ਵਿਚ ਤਮਾਮ ਰਹੱਸਵਾਦੀਆਂ ਸੰਤਾਂ-ਸੂਫੀਆਂ ਵਲੋਂ ਲਿਆਂਦੀ ਗਈ। ਫ਼ੈਜ਼ ਦੇ ਦੇਸ਼ ਕਾਲ ਵਿਚ ਵੀ ਇਸ ਤਰ੍ਹਾਂ ਦੇ ਉਪਯੋਗ ਦੀ ਸੰਭਾਵਨਾ ਖ਼ਤਮ ਨਹੀਂ ਸੀ ਹੋਈ। 'ਤਰਾਨਾ-2' ਦੀਆਂ ਆਖਰੀ ਪੰਕਤੀਆਂ ਵਿਚ ਅਨ-ਅਲ-ਹੱਕ ਦਾ ਨਾਅਰਾ ਗੂੰਜਦਾ ਹੈ ਤਾਂ ਜਨਤਾ ਦੀ ਖ਼ੁਦਮੁਖਤਾਰੀ ਦਾ ਦ੍ਰਿਸ਼ ਵੀ ਉਭਰਦਾ ਹੈ। ਅਨ-ਅਲ-ਹੱਕ ਦਾ ਨਾਅਰਾ ਮਹਾਨ ਸੂਫ਼ੀ ਸੰਤ ਹਜ਼ਰਤ ਮਨਸੂਰ ਦਾ ਸੀ ਜਿਸਦੇ ਚਰਣ ਇਸ ਉਪ-ਮਹਾਂਦੀਪ ਦੀ ਧਰਤੀ ਤੇ ਵੀ ਪਏ ਸਨ। ਅਨ-ਅਲ-ਹੱਕ ਦਾ ਉਹੀ ਅਰਥ ਹੈ ਜੋ ਵੇਦਾਂਤ ਵਿਚ 'ਅਹੰਬ੍ਰਹਮਾਸਮੀ' ਦਾ ਹੈ। ਭਾਵ ਮੈਂ ਹੀ ਸੱਚ ਹਾਂ ਜਾਂ ਮੈਂ ਹੀ ਬ੍ਰਹਮ ਹਾਂ। ਤਰਾਨੇ ਦੀਆਂ ਆਖ਼ਰੀ ਪੰਗਤੀਆਂ ਹਨ –

ਉੱਠੇਗਾ ਅਨ-ਅਲ-ਹੱਕ ਕਾ ਨਾਅਰਾ
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ
ਔਰ ਰਾਜ ਕਰੇਗੀ ਖ਼ਲਕ-ਏ-ਖ਼ੁਦਾ
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ।

'ਜੋ ਮੈਂ ਭੀ ਹੂੰ ਔਰ ਤੁਮ ਭੀ ਹੋ' ਨੂੰ ਜੋ ਵੇਦਾਂਤੀ ਸੂਤਰ ਵਿਚ ਅਨੁਵਾਦ ਕਰੀਏ ਤਾਂ ਅਰਥ ਬਣਦਾ ਹੈ 'ਸਰਬਖਲੋ ਈਦੰਬ੍ਰਹਮੰਮ' ਫਿਰ ਕੌਣ ਵੱਡਾ ਕੌਣ ਛੋਟਾ, ਕੌਣ ਸ਼ਾਸਕ, ਕੌਣ ਪਰਜਾ ਇਉਂ ਅੰਤਿਮ ਫੈਸਲੇ ਵਾਲੇ ਦਿਨ ਲੋਕਾਂ ਦਾ ਰਾਜ ਹੋਵੇਗਾ। ਤਰਾਨੇ ਦੀ ਹਰ ਪਮਗਤੀ ਆਪਣੇ ਪਰੰਪਰਕ ਤੇ ਅਧਿਆਤਮਿਕ ਅਰਥਾਂ ਦੇ ਉਲਟ ਬਿਲਕੁਲ ਵੱਖਰੇ ਸਮਕਾਲੀ ਅਤੇ ਦੁਨਿਆਵੀਂ ਅਰਥ ਦੇਣ ਲੱਗਦੀ ਹੈ। ਇਸੇ ਪ੍ਰਕਿਰਿਆ ਵਿਚ ਸਾਰੀ ਕਵਿਤਾ ਪਾਕਿਸਤਾਨ ਦੀਆਂ ਸਮਕਾਲੀਨ ਪ੍ਰਸਥਿਤੀਆਂ ਵਿਚ ਜਨਤਾ ਦੀਆਂ ਖ਼ੁਦਮੁਖਤਾਰੀ, ਲੋਕਤੰਤਰ ਅਤੇ ਨਿਆਂ-ਦੀ ਜਬਰਦਸਤ ਇੱਛਾ ਦਾ ਤਰਾਨਾ ਬਣ ਗਈ ਹੈ। ਕਵਿਤਾ ਜਿਨ੍ਹਾਂ ਲੋਕਾਂ ਅਤੇ ਜਿਨ੍ਹਾਂ ਸਥਿਤੀਆਂ ਨਾਲ ਸੰਵਾਦ ਰਚਾ ਰਹੀ ਹੈ ਉਸ ਰਾਹੀਂ ਇਕ ਵੱਖਰੀ ਅਰਥ-ਧੁਨੀ ਉਭਰਦੀ ਹੈ। ਇਥੇ ਅਨ-ਅਲ-ਹੱਕ ਦਾ ਅਰਥ ਹੈ ਖ਼ੁਦਮੁਖਤਾਰੀ। ਇਕ ਆਮ ਨਾਗਰਿਕ ਉੱਪਰ ਸੱਤਾਧਾਰੀ ਉਹ ਹਰ ਕੋਈ ਹੋ ਸਕਤਾ ਹੈ "ਜੋ ਮੈਂ ਭੀ ਹੂੰ ਔਰ ਤੁਮ ਭੀ ਹੋ।" ਅਨ-ਅਲ-ਹੱਕ ਦਾ ਇਥੇ ਮਤਲਬ ਹੈ ਪ੍ਰਤੀਰੋਧ ਪ੍ਰੋਟੈਸਟ। ਤਰਾਨੇ ਦਾ ਵਿਸ਼ਾ ਬਣਿਆ ਹੈ ਅਧਿਆਤਮਕ ਰਵਾਇਤਾਂ ਤੋਂ ਪਰੰਤੂ ਅਰਥ ਨਿਕਲਦੇ ਹਨ ਆਮ ਦੁਨਿਆਵੀ ਤੇ ਸਮਕਾਲੀ। ਕੀ ਇਹ ਚਮਤਕਾਰ ਬਿਨਾਂ ਵਿਚਾਰਧਾਰਾ ਤੋਂ ਹੋ ਗਿਆ? ਇਸ ਕਵਿਤਾ ਦੀ ਵਿਚਾਰਧਾਰਾ ਕੀ ਹੈ ?ਕੀ ਇਹ ਕਵਿਤਾ ਇਸਲਾਮ ਬਾਰੇ ਹੈ ?ਕੀ ਇਸਦੀ ਵਿਚਾਰਧਾਰਾ ਸੂਫੀਵਾਦ ਹੈ ਜਾਂ ਵੇਦਾਂਤ ਹੈ? ਇਸ ਕਵਿਤਾ ਦੀ ਵਿਚਾਰਧਾਰਾ ਉਹੀ ਹੈ, ਜਿਸਨੂੰ ਫ਼ੈਜ਼ ਨੇ ਜਨਤਾ ਨੂੰ ਬੇਹੱਦ ਪਿਆਰ ਕਰਨ, ਜੇਲ੍ਹ ਦੀਆਂ ਲੰਬੀਆਂ ਇਕੱਲ ਭਰੀਆਂ ਰਾਤਾਂ ਵਿਚ ਆਪਣੇ ਸਮਾਜ ਅਤੇ ਇਤਿਹਾਸ ਦੀਆਂ ਘੋਰ ਉਦਾਸੀਆਂ ਵਿਚ ਹਾਸਿਲ ਕੀਤਾ ਸੀ। ਮਾਰਕਸ ਅਤੇ ਭਗਤ ਸਿੰਘ ਦੇ ਸ਼ਬਦਾਂ ਵਿਚ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਲਈ ਸਾਰੇ ਰੂਪਾਂ ਦਾ ਅੰਤ। ਵਿਸ਼ੇ ਅਤੇ ਅਰਥ ਦਾ ਇਹ ਬਾਰੀਕ ਅੰਤਰ ਹੈ। ਜੇਕਰ ਨਾਰੰਗ ਸਾਹਿਬ ਦੀ ਸਲਾਹ ਮੰਨ ਕੇ ਇਸ ਤਰਾਨੇ ਨੂੰ ਪੜ੍ਹਦੇ ਜਾਂ ਸੁਣਦੇ ਸਮੇਂ ਅਸੀਂ ਫ਼ੈਜ਼ ਸਾਹਿਬ ਦੀ ਜ਼ਿੰਦਗੀ ਦੀਆਂ ਪ੍ਰਸਥਿਤੀਆਂ ਪਾਕਿਸਤਾਨ ਦੀ ਸਮਾਜਿਕ ਅਤੇ ਰਾਜਨੀਤਿਕ ਸਮਾਜਿਕ ਸਥਿਤੀ ਇਕਬਾਲ ਬਾਨੋ ਦੀ ਆਵਾਜ਼ ਫ਼ੈਜ਼ ਦੀ ਧਾਰਾ ਸਭ ਭੁੱਲ ਕੇ ਇਸਦਾ ਪਾਠ ਕਰੀਏ ਤਾਂ ਵੀ ਇਹ ਜਨਤਾ ਨੂੰ ਖ਼ੁਦਮੁਖਤਾਰੀ, ਲੋਕਤੰਤਰ ਅਤੇ ਨਿਆਂ ਲਈ ਵਿਰੋਧ ਤੋਂ ਵੱਧ ਇਸਦਾ ਕੋਈ ਹੋਰ ਅਰਥ ਹੋ ਸਕਤਾ ਹੈ? ਪਰੰਤੂ ਇਹ ਸਭ ਕੁਝ ਭੁੱਲ ਕੇ ਇਸਦਾ ਪਾਠ ਕਰਨ 'ਤੇ ਇਸਦੇ ਅਰਥ ਨੂੰ ਖੁੱਲਾ ਕੀਤਾ ਜਾ ਸਕਦਾ ਹੈ। ਉਸਨੂੰ ਅਮੂਰਤ ਅਤੇ ਸਨਾਤਨ ਬਣਾਇਆ ਜਾ ਸਕਦਾ ਹੈ। ਯਥਾਰਥ ਅਤੇ ਉਸਦੇ ਸੰਬੰਧਾਂ ਨੂੰ ਕੱਟਿਆ ਜਾ ਸਕਦਾ ਹੈ। ਦਾਰਸ਼ਨਿਕ ਰੋਲ-ਘਚੋਲਾ ਪਾਇਆ ਜਾ ਸਕਦਾ ਹੈ। ਸੰਖੇਪ ਵਿਚ ਇਸ ਉਪ-ਮਹਾਂਦੀਪ ਦੇ ਇਕ ਮਹਾਨ ਕਵੀ ਦਾ ਪਾਠ ਨਹੀਂ ਕੁਪਾਠ ਕੀਤਾ ਜਾ ਸਕਦਾ ਹੈ। ਜ਼ਾਹਿਰ ਹੈ ਕਿ ਫ਼ੈਜ਼ ਨੂੰ ਚਾਹੁਣ ਵਾਲੇ ਅਜਿਹਾ ਨਹੀਂ ਹੋਣ ਦੇਣਗੇ।

ਅਨੁਵਾਦ – ਡਾ. ਕਰਮਜੀਤ ਸਿੰਘ

| | |
|---|---|
| ਸੰਪਾਦਕੀ ਟਿੱਪਣੀ | ਫ਼ੈਜ਼ ਜਨਮ ਸ਼ਤਾਬਦੀ ਵਿਸ਼ੇਸ਼ ਅੰਕ |
| ਸੁਹਜ ਤੇ ਸੰਘਰਸ਼ ਦਾ ਸੁਮੇਲ ਫ਼ੈਜ਼ | ਹਰਭਜਨ ਸਿੰਘ ਹੁੰਦਲ |
| ਮੌਲਿਕ ਪੰਜਾਬੀ ਕਵਿਤਾਵਾਂ | |
| ਉਰਦੂ ਤੋਂ ਪੰਜਾਬੀ ਅਨੁਵਾਦ | |
| ਉਰਦੂ ਕਵਿਤਾਵਾਂ / ਗ਼ਜ਼ਲਾਂ ਦਾ ਲਿੱਪੀ – ਰੂਪਾਂਤਰਣ | |
| ਸ਼ਰਧਾਂਜਲੀ (ਦੋ ਕਵਿਤਾਵਾਂ) | ਮਹਿਮੂਦ ਦਰਵੇਸ਼ ਅਤੇ ਹਰਭਜਨ ਸਿੰਘ ਹੁੰਦਲ |
| ਇੰਟਰਵਿਊ ਫ਼ੈਜ਼ ਨਾਲ | ਖਾਲਦ ਸੁਹੇਲ ਤੇ ਅਸ਼ਫਾਕ ਹੁਸੈਨ, ਮੁਜੱਫਰ |
| ਮੇਰਾ ਹਮਸਫ਼ਰ ਫ਼ੈਜ਼ | ਐਲਿਸ ਫ਼ੈਜ਼ |
| ਫ਼ੈਜ਼ ਦੀ ਗਵਰਨਰ ਨਾਲ ਯਾਰੀ | |
| ਉਸਤਾਦ ਦਾਮਨ ਤੇ ਫ਼ੈਜ਼ | ਡਾ. ਅਯੂਬ ਮਿਰਜ਼ਾ |
| ਯਾਦਾਂ ਫ਼ੈਜ਼ ਦੀਆਂ | ਇੰਤਜ਼ਾਰ ਹੁਸੈਨ, ਅਬਦੁਲ ਕਦੀਰ ਹਸਨ, ਬੇਗ਼ਮ ਤਾਸੀਰ |
| ਲੈਨਿਨ ਪੁਰਸਕਾਰ ਸਮੇਂ ਦਾ ਭਾਸ਼ਣ | ਫ਼ੈਜ਼ ਅਹਿਮਦ ਫ਼ੈਜ਼ |
| ਨਵੇਂ ਪਾਠਕਾਂ ਲਈ ਫ਼ੈਜ਼ | ਗੁਰਦੀਪ (ਡੇਹਰਾਦੂਨ) |
| ਸੰਘਰਸ਼ ਤੇ ਆਸ਼ਾਵਾਦ ਦੀ ਸ਼ਾਇਰੀ | ਡਾ. ਪ੍ਰੇਮ ਸਿੰਘ |
| ਵਿਚਾਰ ਧਾਰਾ ਤੋਂ ਬਗ਼ੈਰ ਨਹੀਂ ਸਮਝਿਆ ਨਹੀਂ ਜਾ ਸਕਦਾ ਫ਼ੈਜ਼ | ਪ੍ਰਣਯ ਕ੍ਰਿਸ਼ਣ |